**Reo-Bankowned Properties**
From San Jose to Sacramento
JASSI GILL Broker/Owner
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969

Jassi Gill
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Thirteenth Year in Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 13, Issue 46, November 17, 2012
20451 N Plum Grove Rd. Palatine, IL 60074
Ph:847-359-0746, Fax:847-705-9388

## ਮਨਪ੍ਰੀਤ ਬਾਦਲ ਦੇ ਸਿਆਸੀ ਰਾਹ ਬੰਦ?

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋ ਕੇ 'ਪੀਪਲਜ਼ ਪਾਰਟੀ ਆਫ਼ ਪੰਜਾਬ' ਬਣਾਉਣ ਵਾਲੇ ਸ. ਮਨਪ੍ਰੀਤ ਸਿੰਘ ਬਾਦਲ ਦੇ ਪੈਰ ਸਿਆਸੀ ਪਿੜ ਵਿਚ ਲੱਗ ਨਹੀਂ ਰਹੇ ਹਨ। ਉਸ ਵੱਲੋਂ ਵਿੱਢੀ ਮੁਹਿੰਮ ਕੋਈ ਅਸਰਦਾਰ ਪੈੜ ਪਾਏ ਬਗੈਰ ਹੀ ਦਮ ਤੋੜਨ ਲੱਗੀ ਹੈ। ਮਨਪ੍ਰੀਤ ਬਾਦਲ ਆ ਰਹੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਨਾਲ ਹੱਥ ਮਿਲਾਉਣ ਲਈ ਕਾਹਲਾ ਹੈ ਪਰ ਸਾਂਝੇ ਮੋਰਚੇ ਦੇ ਆਗੂ ਅਤੇ ਉਸ ਦੀ ਆਪਣੀ ਪਾਰਟੀ ਦਾ ਇਕ ਧੜਾ ਉਸ ਖ਼ਿਲਾਫ਼ ਡਟ ਗਿਆ ਹੈ।

ਸ. ਮਨਪ੍ਰੀਤ ਬਾਦਲ ਨੇ ਸ਼ਹੀਦ ਭਗਤ ਸਿੰਘ ਅਤੇ ਆਜ਼ਾਦੀ ਦੇ ਹੋਰ ਪਰਵਾਨਿਆਂ ਦਾ ਨਾਂ ਲੈ ਕੇ ਨਿਜ਼ਾਮ ਬਦਲਣ ਦਾ ਹੋਕਾ ਦਿੱਤਾ ਸੀ ਜਿਸ ਨੂੰ ਪੰਜਾਬੀਆਂ ਨੇ ਗਰਮਜੋਸ਼ੀ ਨਾਲ ਹੁੰਗਾਰਾ ਭਰਿਆ ਸੀ। ਖਟਕੜ ਕਲਾਂ ਵਿਚ ਹੋਏ ਇਕੱਠ ਨੇ ਤਾਂ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਅਤੇ ਵਿਰੋਧੀ ਧਿਰ ਕਾਂਗਰਸ ਦੀ ਵੀ ਨੀਂਦ ਉਡਾ ਦਿੱਤੀ ਸੀ। ਇਕ ਸਮਾਂ ਉਹ ਵੀ ਸੀ ਜਦੋਂ ਸੂਬੇ ਦੀਆਂ ਦੋਵੇਂ ਵੱਡੀਆਂ ਪਾਰਟੀਆਂ ਆਪਣੀ ਮੁੱਖ ਵਿਰੋਧੀ ਧਿਰ ਮਨਪ੍ਰੀਤ ਬਾਦਲ ਦੀ ਪੀਪਲਜ਼ ਪਾਰਟੀ ਆਫ਼ ਪੰਜਾਬ ਨੂੰ ਮੰਨਣ ਲੱਗ ਪਈਆਂ ਸਨ ਪਰ ਵਿਧਾਨ ਸਭਾ ਚੋਣਾਂ ਵਿਚ ਮਿਲੇ ਨਾਂ-ਮਾਤਰ ਹੁੰਗਾਰੇ ਤੋਂ ਬਾਅਦ ਮਨਪ੍ਰੀਤ ਬਾਦਲ ਦਾ ਸਿਆਸੀ ਭਵਿੱਖ ਹੀ ਦਾਅ ਉਤੇ ਲੱਗ ਗਿਆ। ਇਸ ਦੌਰਾਨ ਇਹ ਗੱਲ ਵੀ ਉਭਰ ਕੇ ਸਾਹਮਣੇ ਆਈ ਕਿ ਉਸ ਦਾ ਮੁੱਖ ਨਿਸ਼ਾਨਾ ਨਿਜ਼ਾਮ ਨੂੰ ਬਦਲਣਾ ਨਹੀਂ, ਸਗੋਂ ਆਪਣੇ ਤਾਏ ਦੇ ਪੁੱਤ ਸੁਖਬੀਰ ਸਿੰਘ ਬਾਦਲ ਨੂੰ ਠਿੱਬੀ ਲਾਉਣਾ ਹੈ। ਇਸ ਮਾਮਲੇ 'ਤੇ ਮਨਪ੍ਰੀਤ ਅਤੇ ਕਾਂਗਰਸ ਵਿਚਕਾਰ ਹੌਲੀ ਹੌਲੀ ਸਾਂਝ ਵੀ ਬਣ ਗਈ ਅਤੇ ਹੁਣ ਕਾਂਗਰਸ, ਮਨਪ੍ਰੀਤ ਨਾਲ ਰਲ ਕੇ ਬਾਦਲਾਂ ਖਿਲਾਫ ਪਿੜ ਬੰਨ੍ਹਣ ਲਈ ਕਾਹਲੀ ਹੈ। ਸਿਆਸੀ ਮਾਹਿਰ ਤਾਂ ਅਜੇ ਤੱਕ ਕਹਿ ਰਹੇ ਹਨ ਕਿ ਜੇ ਵਿਧਾਨ ਸਭਾ ਚੋਣਾਂ 'ਚ ਮਨਪ੍ਰੀਤ ਬਾਦਲ ਕਾਂਗਰਸ ਨਾਲ ਹੱਥ ਮਿਲਾ ਲੈਂਦਾ ਤਾਂ ਹਾਲਾਤ ਵੱਖਰੇ ਹੋਣੇ ਸਨ।

### ਕਾਂਗਰਸ ਨਾਲ ਸਾਂਝ ਤੋਂ ਸਾਂਝੇ ਮੋਰਚੇ ਵਿਚ ਰੱਫੜ



ਉਧਰ, ਮਨਪ੍ਰੀਤ ਬਾਦਲ ਦੀ ਕਾਂਗਰਸ ਨਾਲ ਨੇੜਤਾ ਵਿਰੁਧ ਪੀਪਲਜ਼ ਪਾਰਟੀ ਆਫ਼ ਪੰਜਾਬ 'ਚ ਅੰਦਰੂਨੀ ਵਿਰੋਧ ਹੋਰ ਤੇਜ਼ ਹੋ ਗਿਆ ਹੈ। ਪਾਰਟੀ ਦੇ ਦੋ ਸੀਨੀਅਰ ਮੀਤ ਪ੍ਰਧਾਨਾਂ ਸਮੇਤ ਕਈ ਹੋਰ ਅਹੁਦੇਦਾਰਾਂ ਨੇ ਉਨ੍ਹਾਂ ਨੂੰ ਕਾਂਗਰਸ ਨਾਲ 'ਹੱਥ ਮਿਲਾਉਣ' ਤੋਂ ਵਰਜ ਦਿੱਤਾ ਹੈ। ਪਾਰਟੀ ਦੇ ਉੱਚ ਨੇਤਾਵਾਂ ਨੇ ਉਨ੍ਹਾਂ ਨਾਲ ਗੁਪਤ ਮੀਟਿੰਗ ਕੀਤੀ ਹੈ। ਸੂਤਰਾਂ ਅਨੁਸਾਰ ਸ਼ਹੀਦ ਭਗਤ ਸਿੰਘ ਸੰਧੂ ਦੇ ਭਤੀਜੇ ਤੇ ਸੀਨੀਅਰ ਮੀਤ ਪ੍ਰਧਾਨ ਅਭੈ ਸਿੰਘ ਸੰਧੂ ਨੇ ਸ. ਮਨਪ੍ਰੀਤ ਬਾਦਲ ਨੂੰ ਸਪੱਸ਼ਟ ਕਹਿ ਦਿੱਤਾ ਹੈ ਕਿ ਉਹ ਕਾਂਗਰਸ ਸਮੇਤ ਹਾਕਮ ਪਾਰਟੀ ਨਾਲ ਗੱਠਜੋੜ ਕਰਨ 'ਤੇ ਭਵਿੱਖ ਵਿਚ ਉਨ੍ਹਾਂ ਨਾਲ ਨਹੀਂ ਚੱਲ ਸਕਣਗੇ।

ਇਸ ਦੀ ਪੁਸ਼ਟੀ ਕਰਦਿਆਂ ਅਭੈ ਸੰਧੂ ਨੇ ਕਿਹਾ ਹੈ ਕਿ ਉਹ ਮਨਪ੍ਰੀਤ ਵੱਲੋਂ ਕਾਂਗਰਸ ਨਾਲ ਸਾਂਝ ਪਾਉਣ ਦੇ ਖਿਲਾਫ ਹਨ। ਉਹ ਹੋਰ ਕਈ ਅਹੁਦੇਦਾਰਾਂ ਸਮੇਤ ਆਪਣਾ ਵਿਰੋਧ ਪਾਰਟੀ ਪ੍ਰਧਾਨ ਕੋਲ ਪਹੁੰਚਾ ਚੁੱਕੇ ਹਨ। ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਨੇ ਮਨਪ੍ਰੀਤ ਬਾਦਲ ਨੂੰ ਮਿਲ ਕੇ ਸ਼ਹੀਦਾਂ ਦੇ ਨਾਂ ਨਾਲ ਦਗ਼ਾ ਨਾ ਕਰਨ ਦੀ ਨਸੀਹਤ ਵੀ ਦਿੱਤੀ ਹੈ। ਮੀਟਿੰਗ ਵਿਚ ਸ. ਬਾਦਲ ਦੇ ਨਜ਼ਦੀਕੀ ਸਾਥੀ ਅਤੇ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਸਮੇਤ ਕੇਂਦਰੀ ਕਮੇਟੀ ਦੇ ਮੈਂਬਰ ਭਾਰਤ ਭੂਸ਼ਣ ਥਾਪਰ ਵੀ ਮੌਜੂਦ ਸਨ। ਥਾਪਰ ਸ਼ਹੀਦ ਸੁਖਦੇਵ ਦੇ ਭਤੀਜੇ ਹਨ।

ਇਨ੍ਹਾਂ ਨੇਤਾਵਾਂ ਨੇ ਮਨਪ੍ਰੀਤ ਨੂੰ ਇਹ ਵੀ ਕਹਿ ਦਿੱਤਾ ਹੈ ਕਿ ਉਹ ਪਾਰਟੀ ਵੱਲੋਂ 20 ਨਵੰਬਰ ਦੀ ਆਲ ਪਾਰਟੀ ਕਨਵੈਨਸ਼ਨ ਸੱਦਣ ਦੇ ਵੀ ਹੱਕ ਵਿਚ ਨਹੀਂ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਕਾਂਗਰਸ ਤੇ ਬਸਪਾ ਕਦੇ ਵੀ ਕਨਵੈਨਸ਼ਨ ਵਿਚ ਸ਼ਾਮਲ ਹੋਣ ਲਈ ਰਾਜ਼ੀ ਨਹੀਂ ਹੋਣਗੀਆਂ ਜਦੋਂਕਿ ਖੱਬੀਆਂ ਪਾਰਟੀਆਂ ਤੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਪਹਿਲਾਂ ਹੀ ਨਾਲ ਚੱਲ ਰਹੀਆਂ ਹਨ। ਇਨ੍ਹਾਂ ਨੇਤਾਵਾਂ ਨੇ ਮਨਪ੍ਰੀਤ ਨੂੰ ਖਟਕੜ ਕਲਾਂ ਦੀ ਮਿੱਟੀ ਦੀ ਸਹੁੰ ਖਾਣ ਦਾ ਵਾਅਦਾ ਵੀ ਚੇਤਾ ਕਰਾਇਆ।

ਇਸ ਤੋਂ ਪਹਿਲਾਂ ਪਿਛਲੀ ਮੀਟਿੰਗ ਦੌਰਾਨ ਸਾਂਝੇ ਮੋਰਚੇ ਵਿਚ ਸ਼ਾਮਲ ਖੱਬੇ ਪੱਖੀ ਪਾਰਟੀਆਂ ਨੇ ਵੀ ਮਨਪ੍ਰੀਤ ਨੂੰ ਕਾਂਗਰਸ ਜਾਂ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਦੇ ਲਗਦੇ ਦੋਸ਼ਾਂ ਕਰ ਕੇ ਘੇਰ ਲਿਆ ਸੀ। ਸਾਂਝੇ ਮੋਰਚੇ ਦੀ ਮੀਟਿੰਗ ਵਿਚ ਮਨਪ੍ਰੀਤ ਨੇ ਇਹ ਸਾਰੇ ਦੋਸ਼ ਰੱਦ ਕਰ ਦਿੱਤੇ ਸਨ। ਸੂਤਰਾਂ ਅਨੁਸਾਰ ਪੀਪਲਜ਼ ਪਾਰਟੀ ਦੇ ਕਈ ਉੱਚ ਨੇਤਾਵਾਂ ਨੇ ਮਨਪ੍ਰੀਤ ਬਾਦਲ ਨਾਲ ਜਲੰਧਰ ਵਿਚ ਮੀਟਿੰਗ ਕਰ ਕੇ ਉਸ ਤੋਂ ਕਾਂਗਰਸ ਨਾਲ ਚੋਣ ਗੱਠਜੋੜ ਕਰਨ ਦਾ ਵਾਅਦਾ ਲਿਆ ਹੈ।

*(ਬਾਕੀ ਸਫਾ 6 ਉਤੇ)*




*ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੂੰ ਕਿਰਪਾਨ ਭੇਟ ਕਰਦੇ ਹੋਏ।*

## ਖਾਲਿਸਤਾਨ ਬਾਰੇ ਕਸੂਤੇ ਫਸੇ ਕੈਨੇਡਾ ਦੇ ਪ੍ਰਧਾਨ ਮੰਤਰੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** 'ਖਿਆਲਾਂ ਦੀ ਆਜ਼ਾਦੀ' ਦੀ ਹਾਮੀ ਭਰਨ ਵਾਲਾ ਮੁਲਕ ਕੈਨੇਡਾ ਸਿੱਖਾਂ ਦੇ ਇਕ ਧੜੇ ਵੱਲੋਂ ਕੀਤੀ ਜਾ ਰਹੀ ਵੱਖਰੇ ਮੁਲਕ 'ਖਾਲਿਸਤਾਨ' ਦੀ ਮੰਗ ਬਾਰੇ ਕੋਈ ਵੀ ਫੈਸਲਾਕੁਨ ਕੂਟਨੀਤਕ ਅਤੇ ਸਿਆਸੀ ਪੈਂਤੜਾ ਨਹੀਂ ਲੈ ਸਕਿਆ। ਇਹ ਗੱਲ ਦੇਸ਼ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਅਤੇ ਇਸ ਤੋਂ ਪਹਿਲਾਂ ਵਿਦੇਸ਼ ਮੰਤਰੀ ਜਾਹਨ ਬੇਅਰਡ ਦੇ ਭਾਰਤ ਦੌਰੇ ਦੌਰਾਨ ਖੁੱਲ੍ਹ ਕੇ ਸਾਹਮਣੇ ਆ ਗਈ ਹੈ। ਇਨ੍ਹਾਂ ਦੋਵਾਂ ਆਗੂਆਂ ਨੇ ਭਾਰਤ ਵਿਚ ਆ ਕੇ ਸਿੱਧੇ ਰੂਪ 'ਚ ਖਾਲਿਸਤਾਨ ਦੀ ਮੰਗ ਦਾ ਵਿਰੋਧ ਕੀਤਾ ਪਰ ਦੇਸ਼ ਪਰਤ ਕੇ ਇਨ੍ਹਾਂ ਬਿਆਨਾਂ ਦੀ ਵੱਖਰੇ ਢੰਗ ਨਾਲ ਵਿਆਖਿਆ ਕੀਤੀ।

ਦੋਵਾਂ ਆਗੂਆਂ ਵੱਲੋਂ ਭਾਰਤੀ ਦੌਰੇ ਦੌਰਾਨ ਅਤੇ ਕੈਨੇਡਾ ਪਰਤ ਕੇ ਕੀਤੀ ਬਿਆਨਬਾਜ਼ੀ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਕੈਨੇਡਾ ਸਰਕਾਰ ਦਾ ਸਿਰਫ ਤੇ ਸਿਰਫ ਸਿੱਖ ਭਾਈਚਾਰੇ ਦੀ ਵੋਟ ਬੈਂਕ ਨਾਲ ਸਰੋਕਾਰ ਹੈ। ਉਂਜ ਵੀ ਕੈਨੇਡਾ ਸਰਕਾਰ ਦੀ ਨੀਅਤ ਉਸ ਦੇ ਆਪਣੇ ਸੂਬੇ ਕਿਊਬਿਕ ਬਾਰੇ ਪਹੁੰਚ ਤੋਂ ਸਪਸ਼ਟ ਹੋ ਜਾਂਦੀ ਹੈ। ਕੈਨੇਡਾ ਸਰਕਾਰ ਸਿੱਖਾਂ ਨੂੰ ਸਹਿੰਦਾ-ਸਹਿੰਦਾ ਬੋਲਣ ਦਾ ਹੱਕ ਦੇਣ ਲਈ ਤਾਂ ਰਾਜ਼ੀ ਹੈ ਪਰ ਖਾਲਿਸਤਾਨ ਦੇ ਮੁੱਦੇ 'ਤੇ ਉਹ ਕਦੇ ਵੀ ਸਿੱਖ ਗਰਮਖਿਆਲੀਆਂ ਨਾਲ ਨਹੀਂ ਖੜ੍ਹੇਗੀ।

ਅਸਲ ਵਿਚ ਭਾਰਤੀ ਦੌਰੇ ਦੌਰਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਹਾਰਪਰ ਮੁਲਕ ਵਿਚ ਸਿੱਖ ਗਰਮਖਿਆਲੀਆਂ ਬਾਰੇ ਸਵਾਲਾਂ ਨੂੰ ਲੈ ਕੇ

*(ਬਾਕੀ ਸਫਾ 6 ਉਤੇ)*

**REAL ESTATE & HOME LOANS**

ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre–Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ਼ ਤੇ ਸਿਰਫ਼ Shortsale Certified ਅਤੇ ਤਜ਼ਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
MBA • SFR • CDPE
Century 21
M&M and Associates
209.918.6464
ahundal@c21mm.com
605 Standiford Ave, Ste D • Modesto, CA 95350
SFR SHORT SALES & FORECLOSURE RESOURCE
CDPE CERTIFIED DISTRESSED PROPERTY EXPERT
MASTERS emerald

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Follow us on:
**Raja™ SWEETS & CATERING®**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਯੂਨਾਈਟਿਡ ਸਿੱਖਸ ਵਲੋਂ ਸੈਂਡੀ ਤੂਫਾਨ ਪੀੜਤਾਂ ਦੀ ਮਦਦ

**ਨਿਊ ਯਾਰਕ (ਬਿਊਰੋ):** ਅਮਰੀਕਾ ਦੇ ਉਤਰ-ਪੂਰਬੀ ਤਟ ਦੇ ਨਿਵਾਸੀ ਕੁਦਰਤੀ ਆਫਤ ਸੈਂਡੀ ਤੂਫਾਨ ਦੀ ਤਬਾਹੀ ਨਾਲ ਅਜੇ ਵੀ ਜੂਝ ਰਹੇ ਹਨ। ਸਿੱਖ ਮਾਨਵ ਸਹਾਇਤਾ ਜਥੇਬੰਦੀ ਯੂਨਾਈਟਿਡ ਸਿੱਖਸ ਨੇ ਕੌਮੀ ਫ਼ਰਜ਼ ਪਛਾਣਦਿਆਂ ਇਨ੍ਹਾਂ ਪੀੜਤ ਪਰਿਵਾਰਾਂ ਨੂੰ ਹਰ ਸੰਭਵ ਮਦਦ ਪਹੁੰਚਾਉਣ ਲਈ ਵੱਡਾ ਉਪਰਾਲਾ ਅਰੰਭਿਆ ਹੈ। ਇਸ ਵਲੋਂ ਸਥਾਨਕ ਸਿੱਖਾਂ ਦੀ ਮਦਦ ਨਾਲ ਪੀੜਤਾਂ ਵਾਸਤੇ ਲੰਗਰ, ਪਾਣੀ, ਗਰਮ ਕੱਪੜੇ, ਰਿਹਾਇਸ਼ੀ ਆਸਰੇ ਅਤੇ ਸਭ ਤੋਂ ਵੱਧ ਜ਼ਰੂਰੀ ਮਾਨਸਿਕ ਤਣਾਅ ਦੂਰ ਕਰਨ 'ਚ ਲੋੜੀਂਦੀ ਮਦਦ ਦਿੱਤੀ ਜਾ ਰਹੀ ਹੈ।

ਜਥੇਬੰਦੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਹੁਣ ਤੱਕ ਇਸ ਵਲੋਂ 24,000 ਤੋਂ ਵੱਧ ਤਾਜ਼ਾ ਭੋਜਨ ਦੇ ਪੈਕਟ 29 ਪਨਾਹ ਘਰਾਂ ਵਿਚ ਵੰਡੇ ਗਏ ਹਨ। ਉਤਸ਼ਾਹਜਨਕ ਗੱਲ ਇਹ ਹੈ ਕਿ ਸਿੱਖ ਭਾਈਚਾਰੇ ਵਲੋਂ ਬੜੀ ਖੁਲਦਿਲੀ ਨਾਲ ਇਸ ਕਾਰਜ ਲਈ ਨਕਦ ਸਹਾਇਤਾ, ਕੰਬਲ, ਭੋਜਨ, ਤੌਲੀਏ, ਗਰਮ ਕੱਪੜੇ ਅਤੇ ਬੱਚਿਆਂ ਲਈ ਲੋੜੀਂਦਾ ਸਮਾਨ ਦਾਨ ਵਿਚ ਦਿੱਤੇ ਜਾ ਰਹੇ ਹਨ।

ਇਸ ਉਪਰਾਲੇ ਵਿਚ ਨਿਊ ਜਰਸੀ ਦੇ ਅਸੈਂਬਲੀਮੈਨ ਅਲਬਰਟ ਕੱਟੀਨੋ ਖੁਦ ਸ਼ਾਮਿਲ ਹੋਏ ਅਤੇ ਯੂਨਾਈਟਿਡ ਸਿੱਖਸ ਦੇ ਇਨ੍ਹਾਂ ਸਹਾਇਤਾ ਪ੍ਰੋਗਰਾਮਾਂ ਦੀ ਉਚੇਚੀ ਸ਼ਲਾਘਾ ਕਰਦਿਆਂ ਕਿਹਾ ਕਿ ਯੂਨਾਈਟਿਡ ਸਿੱਖਸ ਵਲੋਂ ਭਾਈਚਾਰੇ ਦੀ ਮਦਦ ਨਾਲ ਤੂਫ਼ਾਨ ਪੀੜਤਾਂ ਦੀ ਇਹ ਸਹਾਇਤਾ ਇਕ ਵੱਡਾ ਮਾਨਵੀ ਕਾਰਜ ਹੈ। ਇਸ ਨੇ ਲੋੜੀਂਦੀ ਸਹਾਇਤਾ ਸਮੇਂ ਸਿਰ ਪੁਚਾ ਕੇ ਬਹੁਤ ਵੱਡਾ ਕਾਰਜ ਕੀਤਾ ਹੈ ਅਤੇ ਲੋਕਾਂ ਦੀ ਤਕਲੀਫ਼ ਦੂਰ ਕਰਨ ਵਿਚ ਕਾਫ਼ੀ ਮਦਦ ਕੀਤੀ ਹੈ।

ਯੂਨਾਈਟਿਡ ਸਿੱਖਸ ਦੇ ਇਨ੍ਹਾਂ ਸਹਾਇਤਾ ਪ੍ਰੋਗਰਾਮਾਂ ਨੂੰ ਨੇੜਿਓਂ ਵੇਖਣ ਅਤੇ ਇਸ ਵਿਚ ਹਿੱਸਾ ਲੈਣ ਵਾਲੇ ਹੇਮੰਤ ਕੇ ਵਧਵਾਨੀ ਨੇ ਕਿਹਾ ਕਿ ਸਰਦੀ ਵਿਚ ਬਿਜਲੀ ਬਗੈਰ ਰਹਿ ਰਹੇ ਲੋਕਾਂ ਦੀ ਮਦਦ ਕਰਨਾ ਯੂਨਾਈਟਿਡ ਸਿੱਖਸ ਦਾ ਇਕ ਸ਼ਲਾਘਾਯੋਗ ਕਾਰਜ ਹੈ। ਤੂਫਾਨ ਦੇ ਦਿਨ ਤੋਂ ਹੁਣ ਤਕ ਬਗੈਰ ਬਿਜਲੀ ਅਤੇ ਹੋਰ ਜ਼ਰੂਰੀ ਸਹੂਲਤਾਂ ਦੇ ਨਿਊ ਯਾਰਕ ਦੇ ਆਵੀ ਹਿੱਲ ਐਲੀਮੈਂਟਰੀ ਸਕੂਲ ਸਹਾਇਤਾ ਕੇਂਦਰ ਵਿਚ ਰਹਿ ਰਹੀ ਤੁਫਾਨ ਪੀੜਤ ਇਕ ਸਥਾਨਕ ਬੀਬੀ ਨੇ ਕਿਹਾ ਕਿ ਉਹ ਯੂਨਾਈਟਿਡ ਸਿੱਖਸ ਦੇ ਇਨ੍ਹਾਂ ਮਾਨਵੀ ਸਹਾਇਤਾ ਕਾਰਜਾਂ ਲਈ ਕੇਵਲ ਧੰਨਵਾਦ ਹੀ ਕਰ ਸਕਦੀ ਹੈ।









ਜਥੇਬੰਦੀ ਅਨੁਸਾਰ ਵਧ ਰਹੀ ਸਰਦੀ ਨੂੰ ਮੁੱਖ ਰੱਖਦਿਆਂ ਆਉਣ ਵਾਲੇ ਦਿਨਾਂ ਵਿਚ ਇਸ ਕੁਦਰਤੀ ਆਫਤ ਕਰਕੇ ਲੋਕਾਂ ਲਈ ਮੁਸ਼ਕਿਲਾਂ ਹੋਰ ਵੀ ਵਧ ਸਕਦੀਆਂ ਹਨ। ਇਸ ਲਈ ਵੱਡੇ ਪੱਧਰ ਉਤੇ ਸਹਾਇਤਾ ਦੀ ਲੋੜ ਹੈ। ਯੂਨਾਈਟਿਡ ਸਿੱਖਸ ਦਾਨੀ ਸੱਜਣਾਂ ਅਤੇ ਸੰਸਥਾਵਾਂ ਤੋਂ ਆਸ ਕਰਦੀ ਹੈ ਕਿ ਉਹ ਆਪਣਾ ਫ਼ਰਜ਼ ਪਛਾਣਦਿਆਂ ਵੱਧ ਤੋਂ ਵੱਧ ਮਦਦ ਦੇ ਕੇ ਇਸ ਉਪਰਾਲੇ ਵਿਚ ਆਪਣਾ ਯੋਗਦਾਨ ਪਾਉਣ।

ਜਥੇਬੰਦੀ ਵਲੋਂ ਜਾਰੀ ਬਿਆਨ ਵਿਚ ਇਸ ਕੁਦਰਤੀ ਆਫਤ ਦਾ ਸ਼ਿਕਾਰ ਹੋਏ ਲੋਕਾਂ ਦੀ ਮਦਦ ਲਈ ਭਾਈਚਾਰੇ ਨੂੰ ਅਪੀਲ ਕੀਤੀ ਗਈ ਹੈ ਅਤੇ ਕਿਹਾ ਗਿਆ ਹੈ ਕਿ ਇਸ ਕਾਰਜ ਵਿਚ ਨਕਦ ਸਹਾਇਤਾ, ਲੋੜੀਂਦੀਆਂ ਚੀਜ਼ਾਂ-ਕੰਬਲ, ਕਪੜੇ, ਰੋਜ ਵਰਤੋਂ ਦਾ ਸਾਮਾਨ ਦੇ ਕੇ ਅਤੇ ਪੀੜਤ ਲੋਕਾਂ ਨੂੰ ਮਦਦ ਪਹੁੰਚਾਉਣ ਲਈ ਵਾਲੰਟੀਅਰ ਬਣ ਕੇ ਹਿੱਸਾ ਪਾਇਆ ਜਾ ਸਕਦਾ ਹੈ। ਇਸ ਤੋਂ ਬਿਨਾ ਖੂਨਦਾਨ ਵੀ ਕੀਤਾ ਜਾ ਸਕਦਾ ਹੈ।

ਯੂਨਾਈਟਿਡ ਸਿੱਖਸ ਦੇ ਨੈਸ਼ਨਲ ਡਾਇਰੈਕਟਰ ਗੁਰਵਿੰਦਰ ਸਿੰਘ ਨੇ ਜਾਰੀ ਬਿਆਨ ਵਿਚ ਉਨ੍ਹਾਂ ਸਮੂਹ ਸੱਜਣਾਂ ਦਾ ਧੰਨਵਾਦ ਕੀਤਾ ਹੈ ਜਿਨ੍ਹਾਂ ਨੇ ਗੁਰੂ ਵਲੋਂ ਦਰਸਾਏ ਮਾਰਗ 'ਤੇ ਚਲਦਿਆਂ ਲੋੜਵੰਦਾਂ ਦੀ ਮਦਦ ਵਿਚ ਆਪਣੇ ਵਿਤ ਅਨੁਸਾਰ ਹਿੱਸਾ ਪਾਇਆ ਹੈ। ਹੋਰ ਜਾਣਕਾਰੀ ਲਈ ਯੂਨਾਈਟਿਡ ਸਿੱਖਸ ਨਾਲ ਫੋਨ 1-888-243-1690, 646-688-3525, 516-698-8546 ਜਾਂ ਵੈਬਸਾਈਟ unitedsikhs.org/sandy ਤੇ www.sevainmotion.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਨਾਜਾਇਜ਼ ਸਬੰਧਾਂ ਕਰਕੇ ਸੀ.ਆਈ.ਏ. ਮੁਖੀ ਨੇ ਦਿੱਤਾ ਅਸਤੀਫ਼ਾ

**ਵਾਸ਼ਿੰਗਟਨ:** ਅਮਰੀਕਾ ਦੇ ਫੌਜੀ ਜਰਨੈਲ ਡੇਵਿਡ ਪੀਟਰਜ਼ ਦੇ ਸ਼ਾਨਦਾਰ ਕਰੀਅਰ ਦਾ ਉਦੋਂ ਅਣਕਿਆਸਾ ਅੰਤ ਹੋ ਗਿਆ ਜਦੋਂ ਉਨ੍ਹਾਂ ਆਪਣੇ ਨਾਜਾਇਜ਼ ਸਬੰਧਾਂ ਦੇ ਮਾਮਲੇ ਕਾਰਨ ਮੁਲਕ ਦੀ ਖੁਫੀਆ ਏਜੰਸੀ ਸੀ.ਆਈ.ਏ. ਦੇ ਮੁਖੀ ਦੇ ਅਹੁਦੇ ਤੋਂ ਅਚਾਨਕ ਅਸਤੀਫਾ ਦੇ ਦਿੱਤਾ। ਜਨਰਲ ਪੀਟਰਸ ਸੀ.ਆਈ.ਏ. ਦੇ ਡਾਇਰੈਕਟਰ ਦਾ ਅਹੁਦਾ ਸੰਭਾਲਣ ਤੋਂ ਪਹਿਲਾਂ ਕਈ ਸਾਲ ਇਰਾਕ ਤੇ ਅਫਗਾਨਿਸਤਾਨ ਜੰਗਾਂ ਵਿਚ ਅਮਰੀਕੀ ਤੇ ਨਾਟੋ ਫੌਜਾਂ ਦੀ ਅਗਵਾਈ ਕਰਦੇ ਰਹੇ ਹਨ।

ਜਨਰਲ ਪੀਟਰਸ (60 ਸਾਲ) ਨੇ ਵ੍ਹਾਈਟ ਹਾਊਸ ਵਿਚ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਮਿਲ ਕੇ ਅਸਤੀਫਾ ਸੌਂਪ ਦਿੱਤਾ ਜੋ ਤੁਰੰਤ ਮਨਜ਼ੂਰ ਕਰ ਲਿਆ ਗਿਆ। ਸ੍ਰੀ ਓਬਾਮਾ ਨੇ ਇਸ ਬਾਰੇ ਕਿਹਾ ਕਿ ਉਹ ਸੀ.ਆਈ.ਏ. ਦੇ ਡਾਇਰੈਕਟਰ ਦੇ ਅਹੁਦੇ ਤੋਂ ਉਨ੍ਹਾਂ ਦਾ ਅਸਤੀਫਾ ਮਨਜ਼ੂਰ ਕਰਦੇ ਹਨ। ਸ੍ਰੀ ਓਬਾਮਾ ਨੇ ਕਿਹਾ ਕਿ ਡੇਵਿਡ ਪੀਟਰਸ ਨੇ ਦਹਾਕਿਆਂ ਤੱਕ ਸੰਯੁਕਤ ਰਾਜ (ਅਮਰੀਕਾ) ਦੀ ਸ਼ਾਨਦਾਰ ਸੇਵਾ ਕੀਤੀ ਹੈ। ਉਹ ਹਰ ਪੱਖ ਤੋਂ ਆਪਣੇ ਦੌਰ ਦੇ ਲਾਸਾਨੀ ਫੌਜੀ ਜਰਨੈਲ ਸਨ ਜੋ ਹਮੇਸ਼ਾ ਵੰਗਾਰਾਂ ਦਾ ਟਾਕਰਾ ਕਰਨ ਲਈ ਤਿਆਰ ਰਹਿੰਦੇ ਸਨ ਜਿਨ੍ਹਾਂ ਅਫ਼ਗਾਨ ਤੇ ਇਰਾਕ ਜੰਗਾਂ ਨੂੰ ਅੰਤ ਤੱਕ ਪਹੁੰਚਾਇਆ। ਇਸ ਤੋਂ ਪਹਿਲਾਂ ਜਨਰਲ ਪੀਟਰਸ ਨੇ ਇਕ ਈਮੇਲ 'ਚ ਲਿਖਿਆ ਕਿ ਵਿਆਹ ਦੇ 37 ਸਾਲਾਂ ਪਿਛੋਂ ਨਾਜਾਇਜ਼ ਰਿਸ਼ਤਾ ਕਾਇਮ ਕਰਕੇ ਗਲਤ ਕੰਮ ਕੀਤਾ ਹੈ ਜੋ ਨਾ ਇਕ ਪਤੀ ਵਜੋਂ ਤੇ ਨਾ ਸੰਸਥਾ ਦੇ ਮੁਖੀ ਵਜੋਂ ਬਰਦਾਸ਼ਤ ਕੀਤਾ ਜਾ ਸਕਦਾ ਹੈ।


## Pacific Coast Law Firm P.C.

**A Professional Corporation**

2351 W. March Lane, Ste A, Stockton, CA 95207
704 I Street, Ste B, Modesto, CA 95253

**(209) 475-6001**

**DIVORCE/FAMILY LAW (ਡਿਵੋਰਸ ਅਤੇ ਫੈਮਿਲੀ ਲਾਅ)**
* Child Custody/Visitation
* Child Support
* Spousal Support/Alimony
* Property Division
* Restraining Orders
* Guardianships

**IMMIGRATION LAW (ਇਮੀਗਰੇਸ਼ਨ ਲਾਅ)**
* Family/Fiancee Visa
* Citizenship
* Removal/Deportation Defense
* Asylum
* Adjustment of Status
* Waivers (UP/Criminal)
* International Visas
* Passport Applications
* Power of Attorney
* Religious Visa/Adjustment
* EB-5/Investor Visas
* VAWA
* U/T Visas
* Green Card
* DACA
* OCI
* Passport/Identity Card

**BANKRUPTCY (ਬੈਂਕਰਪਸੀ)**
* Chapter 7
* Credit Card Bills
* Medical Bills
* Wage Garnishments



Harleen Wahid-Dail
Attorney at Law

**WILLS, TRUSTS & ESTATES (ਵਿਰਾਸਤ, ਟਰਸਟ ਅਤੇ ਐਸਟੇਟਸ)**
· Document Creation
· Inter Vivos Trusts
· Direction for Res Funding
· Notary on Site
· Durable Power of Attorney
· Power of Attorney

**TAX LAW (ਟੈਕਸ ਲਾਅ)**
* Offers In Compromise * Payment Plans

**SOCIAL SECURITY & VETERAN DISABILITY (ਸੋਸ਼ਲ ਸਿਕਿਉਰਿਟੀ ਅਤੇ ਵੈਟਰਨ ਡਿਸਏਬਲਿਟੀ)**
* Initial Applications
* SSDI / SSI
* Hearings / Appeals
* Survivor & Disabled
* Widower Benefit
* EDD Claims / Appeals



*Kiran Sihota*
*Attorney at Law*

# ਨਵੰਬਰ 1984 ਦੇ ਸ਼ਹੀਦਾਂ ਦੀ ਯਾਦ ਵਿਚ ਸੈਨ ਹੋਜ਼ੇ ਗੁਰੂ ਘਰ ‘ਚ ਕੈਂਡਲ ਲਾਈਟ ਵਿਜ਼ਿਲ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਵਿਚ ਲੰਘੇ ਐਤਵਾਰ ਨੂੰ ਸ਼ਾਮੀਂ ਨਵੰਬਰ 1984 ਦੇ ਸਿੱਖ ਕਤਲੇਆਮ ਵਿਚ ਵਿਛੜੀਆਂ ਰੂਹਾਂ ਨੂੰ ਨਮਿਤ ਅਰਦਾਸ ਕੀਤੀ ਗਈ ਅਤੇ ਇਕ ਮੋਨ ਕੈਂਡਲ ਲਾਈਟ ਵਿਜ਼ਿਲ ਕੀਤਾ ਗਿਆ। ਭਾਈ ਮਨਮੋਹਨ ਸਿੰਘ ਨੇ ਸ਼ਬਦ ਗਾਇਨ ਕੀਤਾ। ਭਾਰੀ ਗਿਣਤੀ ’ਚ ਪੁਜੀਆਂ ਸੰਗਤਾਂ ਨੇ ਹੱਥਾਂ ਵਿਚ ਬਲਦੀਆਂ ਮੋਮਬਤੀਆਂ ਲੈ ਕੇ ਮਨਾਂ ਵਿਚ ਸ਼ਹੀਦਾਂ ਦਾ ਸਤਿਕਾਰ ਤੇ ਹਿੰਦ ਦੀ ਹਕੂਮਤ ਪ੍ਰਤੀ ਗੁੱਸਾ ਲੈ ਕੇ ਇਸ ਵਿਜ਼ਿਲ ਵਿਚ ਹਿੱਸਾ ਲਿਆ।






ਇਸ ਮੌਕੇ ਬੋਲਦਿਆਂ ਭਾਈ ਸੁਖਦੇਵ ਸਿੰਘ ਬੈਣੀਵਾਲ ਨੇ ਕਿਹਾ ਕਿ 28 ਸਾਲ ਬੀਤਣ ਪਿਛੋਂ ਵੀ ਕਾਤਲਾਂ ਨੂੰ ਸਜ਼ਾਵਾਂ ਨਾ ਦਿੱਤੀਆਂ ਜਾਣਾ ਭਾਰਤ ਉਤੇ ਇਕ ਕਲੰਕ ਹੈ। ਭਾਈ ਪ੍ਰੀਤਮ ਸਿੰਘ ਜੋਗਾ ਨੰਗਲ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਹਕੂਮਤ ਵਲੋਂ ਸਿੱਖ ਕੌਮ ਨਾਲ ਕੀਤੇ ਗਏ ਇਸ ਘਿਨਾਉਣੇ ਜੁਰਮ ਦੀ ਕਹਾਣੀ ਜਿਥੇ ਅਸੀਂ ਦੁਨੀਆਂ ਦੇ ਲੋਕਾਂ ਨੂੰ ਦੱਸ ਰਹੇ ਹਾਂ, ਉਥੇ ਆਪਣੇ ਬੱਚਿਆਂ ਨੂੰ ਵੀ ਦੱਸਣਾ ਜਰੂਰੀ ਹੈ ਕਿ ਭਾਰਤ ਦੀ ਹਕੂਮਤ ਨੇ ਸਾਡੇ ਨਾਲ ਕੀ ਕੀਤਾ ਹੈ। ਇਸ ਸਮਾਗਮ ਵਿਚ ਗੁਰਦੁਆਰਾ ਕਮੇਟੀ ਤੋਂ ਇਲਾਵਾ ਭੁਪਿੰਦਰ ਸਿੰਘ ਪਰਮਾਰ, ਰਾਜਿੰਦਰਪਾਲ ਸਿੰਘ, ਰਾਜਾ ਸਿੰਘ, ਅਵਤਾਰ ਸਿੰਘ, ਜਸਵਿੰਦਰ ਸੋਹਲ, ਰਾਜੂ ਪਵਾਰ, ਸਰਬਜੋਤ ਸਿੰਘ ਸਵੱਦੀ ਨੇ ਵੀ ਹਾਜ਼ਰੀ ਭਰੀ।

# ਮੇਅਰ ਹੈਰੀਸਨ ਦੀ ਸ਼ਾਨਦਾਰ ਜਿੱਤ ’ਤੇ ਵਧਾਈ

**ਫਰੀਮਾਂਟ (ਬਿਊਰੋ):** ਡੈਮੋਕਰੈਟਿਕ ਉਮੀਦਵਾਰ ਬਿਲ ਹੈਰੀਸਨ ਫਰੀਮਾਂਟ ਸਿਟੀ ਦੇ ਮੇਅਰ ਦੀ ਚੋਣ ਜਿੱਤ ਗਏ ਹਨ। ਉਨ੍ਹਾਂ ਆਪਣੇ ਵਿਰੋਧੀ ਉਮੀਦਵਾਰ ਸਟੀਵ ਚੋ ਅਤੇ ਭਾਰਤੀ ਮੂਲ ਦੀ ਬੀਬੀ ਅਨੂ ਨਟਰਾਜਨ ਨੂੰ ਵੱਡੇ ਫ਼ਰਕ ਨਾਲ ਹਰਾਇਆ ਹੈ। ਸ੍ਰੀ ਹੈਰੀਸਨ ਨੂੰ 35 ਫੀਸਦੀ, ਸਟੀਵ ਚੋ ਨੂੰ 30 ਫੀਸਦੀ ਅਤੇ ਅਨੁ ਨਟਰਾਜਨ ਨੂੰ 25 ਫੀਸਦੀ ਵੋਟਾਂ ਮਿਲੀਆਂ। ਇਸ ਚੋਣ ਵਿਚ ਬਹੁਤੇ ਸਿੱਖ ਸ੍ਰੀ ਹੈਰੀਸਨ ਦੇ ਹੱਕ ਵਿਚ ਸਨ ਜਦੋਂਕਿ ਕੁਝ ਲੋਕ ਅੰਦਰਖਾਤੇ ਜਾਂ ਜਾਹਰਾ ਤੌਰ ਉਤੇ ਭਾਰਤੀ ਮੂਲ ਦੀ ਉਮੀਦਵਾਰ ਦੀ ਹਮਾਇਤ ’ਤੇ ਸਨ।



*ਫਰੀਮਾਂਟ ਸਿਟੀ ਦੇ ਨਵੇਂ ਚੁਣੇ ਗਏ ਮੇਅਰ ਬਿਲ ਹੈਰੀਸਨ ਨਾਲ ਸਿੱਖ ਭਾਈਚਾਰੇ ਦੇ ਲੋਕ*



ਫਰੀਮਾਂਟ ਦੇ ਜਿਆਦਾਤਰ ਸਿੱਖਾਂ ਨੇ ਆਪਣੀ ਵੋਟ ਦਾ ਇਸਤੇਮਾਲ ਮੇਅਰ ਹੈਰੀਸਨ ਦੇ ਹੱਕ ਵਿਚ ਕੀਤਾ। ਚੋਣ ਤੋਂ ਪਹਿਲਾਂ ਸਿੱਖ ਭਾਈਚਾਰੇ ਵਲੋਂ ਉਨ੍ਹਾਂ ਦੇ ਹੱਕ ਵਿਚ ਕਈ ਫੰਡਰੇਜ਼ਰ ਕੀਤੇ ਗਏ ਅਤੇ ਘਰ ਘਰ ਜਾ ਕੇ ਵੋਟਾਂ ਵੀ ਮੰਗੀਆਂ ਗਈਆਂ। ਸ੍ਰੀ ਹੈਰੀਸਨ ਨੂੰ ਇਸ ਜਿੱਤ ਉਤੇ ਫਰੀਮਾਂਟ ਤੇ ਆਸ ਪਾਸ ਦੇ ਸਿੱਖ ਆਗੂਆਂ ਨੇ ਵਧਾਈ ਦਿੱਤੀ ਹੈ। ਇਨ੍ਹਾਂ ਵਿਚ ਹੋਰਨਾਂ ਤੋਂ ਇਲਾਵਾ ਹਰਪ੍ਰੀਤ ਸਿੰਘ ਢਿੱਲੋਂ, ਪ੍ਰੀਤਮ ਸਿੰਘ ਜੋਗਾ ਨੰਗਲ, ਰਾਜਿੰਦਰ ਪਾਲ ਸਿੰਘ, ਰਾਜਿੰਦਰ ਸਿੰਘ ਰਾਜਾ, ਭੁਪਿੰਦਰ ਸਿੰਘ ਪਰਮਾਰ, ਅਵਤਾਰ ਸਿੰਘ, ਕਮਲਜੀਤ ਸਿੰਘ ਅਟਵਾਲ, ਬਲਵਿੰਦਰ ਬਰਾੜ, ਸੰਤੋਖ ਸਿੰਘ ਤੱਖਰ, ਮਹਿੰਗਾ ਸਿੰਘ ਸਰਪੰਚ, ਸੁਖਵੰਤ ਸਿੰਘ, ਅਵਨਿੰਦਰ ਸਿੰਘ ਅਤੇ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਸੁਖਦੇਵ ਸਿੰਘ ਬੈਣੀਵਾਲ ਦੇ ਨਾਂ ਸ਼ਾਮਲ ਹਨ।

# ਸਿੱਖ ਬੁਆਏ ਸਕਾਊਟਸ ਪ੍ਰੋਗਰਾਮ ਨੂੰ ਚੰਗਾ ਹੁੰਗਾਰਾ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਵਲੋਂ ਸਾਲ 2008 ਵਿਚ ਕੀਤੇ ਗਏ ਉਪਰਾਲੇ ਸਦਕਾ ਸਿੱਖ ਬੁਆਇਜ਼ ਸਕਾਊਟਸ ਦਾ ਇਕ ਹੋਰ ਦਸਤਾ ਤਿਆਰ ਹੋ ਗਿਆ ਹੈ। ਕਮੇਟੀ ਵਲੋਂ ਸਕਾਊਟ ਬਣਾਉਣ ਦਾ ਇਹ ਉਪਰਾਲਾ ਬੁਆਏ ਸਕਾਊਟਸ ਆਫ ਅਮਰੀਕਾ ਪ੍ਰੋਗਰਾਮ ਦੀ ਤਰਜ ’ਤੇ ਕੀਤਾ ਗਿਆ ਹੈ। ਸੈਨ ਹੋਜ਼ੇ ਗੁਰੂ ਘਰ ’ਚ ਇਹ ਪ੍ਰੋਗਰਾਮ ਸਿੱਖ ਬੁਆਇਜ਼ ਸਕਾਊਟਸ ਦੇ ਨਾਂ ਹੇਠ ਅਰਵਿੰਦ ਸਿੰਘ ਦੀ ਦੇਖ ਰੇਖ ਹੇਠ ਸ਼ੁਰੂ ਕੀਤਾ ਗਿਆ ਸੀ ਜਿਸ ਵਿਚ ਅਨੇਕਾਂ ਬੱਚੇ ਹੁਣ ਤੱਕ ਟਰੇਨਿੰਗ ਲੈ ਚੁਕੇ ਹਨ ਜਿਨ੍ਹਾਂ ਵਿਚ ਸਿੱਖ ਆਗੂ ਭੁਪਿੰਦਰ ਸਿੰਘ ਪਰਮਾਰ ਦੇ ਹੋਣਹਾਰ ਗੁਰਸਿੱਖ ਬੇਟੇ-ਅਜੀਤ ਸਿੰਘ ਅਤੇ ਜੁਝਾਰ ਸਿੰਘ ਵੀ ਸ਼ਾਮਲ ਹਨ। ਇਹ ਪ੍ਰੋਗਰਾਮ ਇੰਡੀਆ ’ਚ ਐਨ ਸੀ ਸੀ ਦੀ ਟਰੇਨਿੰਗ ਜਿਹਾ ਹੈ।

ਬੱਚਿਆਂ ਦੀ ਇਹ ਟਰੇਨਿੰਗ ਪੂਰੀ ਹੋਣ ਉਤੇ ਅਜੀਤ ਸਿੰਘ ਅਤੇ ਜੁਝਾਰ ਸਿੰਘ ਨੂੰ ਸਕਾਊਟਸ ਦਾ ਸਭ ਤੋਂ ਵੱਡਾ ਰੈਂਕ ਦੇ ਕੇ ਈਗਲ ਸਕਾਊਟਸ ਬਣਾ ਦਿੱਤਾ ਗਿਆ। ਇਸ ਸਬੰਧੀ ਹੋਏ ਸਮਾਗਮ ਵਿਚ ਸਥਾਨਕ ਅਮਰੀਕੀ ਆਗੂ ਰੋਜ਼ ਹਰੇਰਾ ਤੋਂ ਇਲਾਵਾ ਪ੍ਰੀਤਮ ਸਿੰਘ ਜੋਗਾ ਨੰਗਲ, ਰਾਜਿੰਦਰਪਾਲ ਸਿੰਘ, ਅਵਤਾਰ ਸਿੰਘ, ਜਸਵਿੰਦਰ ਸਿੰਘ ਸੋਹਲ, ਰਾਜਿੰਦਰ ਸਿੰਘ ਰਾਜਾ, ਭੁਪਿੰਦਰ ਸਿੰਘ ਢਿੱਲੋਂ, ਸਰਬਜੋਤ ਸਿੰਘ ਸਵੱਦੀ, ਨੀਤੂ ਸਿੰਘ, ਰਾਜੂ ਪਾਵਰ, ਸੁਰਿੰਦਰ ਸਿੰਘ, ਜਸਵਿੰਦਰ ਕੌਰ ਧਨੋਆ, ਸੁਖਦੇਵ ਸਿੰਘ ਬੈਣੀਵਾਲ ਅਤੇ ਆਏ ਹੋਰ ਸਿੱਖ ਆਗੂਆਂ ਨੇ ਸ. ਭੁਪਿੰਦਰ ਸਿੰਘ ਪਰਮਾਰ ਨੂੰ ਉਨ੍ਹਾਂ ਦੇ ਬੱਚਿਆਂ ਦੀ ਇਸ ਪ੍ਰਾਪਤੀ ਉਤੇ ਵਧਾਈ ਦਿਤੀ।









# ਰੇਡੀਓ ਚੜ੍ਹਦੀ ਕਲਾ ਵਲੋਂ ਫਰੀਮਾਂਟ ਦੇ ਮੇਅਰ ਬਿਲ ਹੈਰੀਸਨ ਨੂੰ ਜਿੱਤ ਦੀ ਵਧਾਈ

**ਯੂਨੀਅਨ ਸਿਟੀ (ਬਿਊਰੋ):** 24 ਘੰਟੇ ਚੱਲਦੇ ਪੰਜਾਬੀ ਰੇਡੀਓ ਦੇ ਮਾਲਕ ਗੁਰਚਰਨ ਸਿੰਘ ਮਾਨ ਅਤੇ ਲਖਵੀਰ ਸਿੰਘ ਤੇ ਰੇਡੀਓ ਦੇ ਸਮੁਚੇ ਸਟਾਫ਼ ਨੇ ਸ੍ਰੀ ਬਿਲ ਹੈਰੀਸਨ ਨੂੰ ਜਿੱਤ ਦੀ ਮੁਬਾਰਕ ਦਿੱਤੀ ਹੈ।




ਯਾਦ ਰਹੇ ਇਸ ਵਾਰ ਚੋਣਾਂ ਸਮੇਂ ਰੇਡੀਓ ਚੜ੍ਹਦੀ ਕਲਾ ਵਲੋਂ ਸਿੱਖ ਵੋਟਰਾਂ ਨੂੰ ਚੰਗੇ ਉਮੀਦਵਾਰਾਂ ਨੂੰ ਵੋਟਾਂ ਪਾਉਣ ਲਈ ਅਪੀਲ ਕੀਤੀ ਗਈ ਸੀ ਜਿਨ੍ਹਾਂ ਵਿਚ ਬਿਲ ਹੈਰੀਸਨ ਵੀ ਸ਼ਾਮਲ ਸਨ। ਰੇਡੀਓ ਵਲੋਂ ਸਮੁਚੇ ਸਰੋਤਿਆਂ ਦਾ ਇਸ ਦੀ ਅਪੀਲ ਨੂੰ ਹੁੰਗਾਰਾ ਦੇਣ ਲਈ ਵੀ ਧੰਨਵਾਦ ਕੀਤਾ ਗਿਆ ਹੈ।

## ਰਾਜੇਸ਼ ਖੰਨਾ ਨੂੰ ਪਦਮ ਵਿਭੂਸ਼ਣ ਦੇਣ ਦੀ ਸਿਫਾਰਸ਼

**ਨਵੀਂ ਦਿੱਲੀ:** ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਾਰਲੇ ਨੇ ਬਾਲੀਵੁਡ ਦੇ ਪਹਿਲੇ ਸੁਪਰ ਸਟਾਰ ਸਵ. ਰਾਜੇਸ਼ ਖੰਨਾ ਨੂੰ ਪਦਮ ਵਿਭੂਸ਼ਣ ਦੇਣ ਦੀ ਸਿਫਾਰਸ਼ ਕੀਤੀ ਹੈ।

ਪ੍ਰਸਾਰਣ ਮੰਤਰਾਲੇ ਦੇ ਸੂਤਰਾਂ ਅਨੁਸਾਰ ਗ੍ਰਹਿ ਮੰਤਰਾਲੇ ਨੂੰ ਸਿਫਾਰਸ਼ ਕੀਤੀ ਗਈ ਹੈ ਕਿ ਕਲਾ ਸ਼੍ਰੇਣੀ ਵਿਚ ਸਵਰਗੀ ਰਾਜੇਸ਼ ਖੰਨਾ ਨੂੰ ਪਦਮ ਵਿਭੂਸ਼ਣ ਦਿੱਤਾ ਜਾਵੇ। ਇਸ ਤੋਂ ਇਲਾਵਾ ਫਿਲਮ ਨਿਰਮਾਤਾ ਰਾਮੇਸ਼ ਸਿੱਪੀ ਤੇ ਗਾਇਕ ਕੈਲਾਸ਼ ਖੇਰ ਨੂੰ ਵੀ ਪਦਮ ਵਿਭੂਸ਼ਣ ਦੇਣ ਦੀ ਸਿਫਾਰਸ਼ ਕੀਤੀ ਗਈ ਹੈ।

# ਹਰਿਮੰਦਰ ਸਾਹਿਬ 'ਚ ਨਹੀਂ ਵੱਜਣਗੇ ਮੋਬਾਈਲ ਫੋਨ

**ਅੰਮ੍ਰਿਤਸਰ:** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਤੇ ਇਸ ਦੀ ਪਹਿਲੀ ਮੰਜ਼ਲ 'ਤੇ ਦੋ ਜੈਮਰ ਲਾ ਕੇ ਮੋਬਾਈਲ ਫੋਨ ਦੀਆਂ ਸਰਗਰਮੀਆਂ 'ਤੇ ਰੋਕ ਲਾ ਦਿੱਤੀ ਗਈ ਹੈ ਤਾਂ ਜੋ ਗੁਰੂ ਘਰ ਵਿਖੇ ਗੁਰਬਾਣੀ ਦੇ ਕੀਰਤਨ ਤੇ ਪਾਠ ਦੌਰਾਨ ਕੋਈ ਵਿਘਨ ਨਾ ਪਵੇ। ਇਸ ਤੋਂ ਪਹਿਲਾਂ ਸੁਰੱਖਿਆ ਦੇ ਮੱਦੇਨਜ਼ਰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਸੀ.ਸੀ.ਟੀ.ਵੀ. ਕੈਮਰੇ ਲਾਏ ਜਾ ਚੁੱਕੇ ਹਨ।



ਪਹਿਲੇ ਪੜਾਅ ਹੇਠ ਇਥੇ ਦੋ ਜੈਮਰ ਲਾਏ ਗਏ ਹਨ ਜਿਸ ਨਾਲ 15 ਮੀਟਰ ਦੇ ਘੇਰੇ ਹੇਠ ਮੋਬਾਈਲ ਫੋਨ ਕੰਮ ਨਹੀਂ ਕਰਨਗੇ। ਇਕ ਜੈਮਰ ਸੱਚਖੰਡ ਦੇ ਅੰਦਰ ਤੇ ਦੂਜਾ ਜੈਮਰ ਇਸ ਇਮਾਰਤ ਦੀ ਪਹਿਲੀ ਮੰਜ਼ਲ 'ਤੇ ਲਾਇਆ ਗਿਆ ਹੈ। ਇਥੇ ਜੈਮਰ ਲੱਗਣ ਨਾਲ ਸੰਗਤਾਂ ਤੇ ਕਰਮਚਾਰੀਆਂ ਦੇ ਅਕਸਰ ਵੱਜਦੇ ਮੋਬਾਈਲ ਫੋਨ ਹੁਣ ਬੰਦ ਹੋ ਗਏ। ਇਸ ਤੋਂ ਪਹਿਲਾਂ ਮੋਬਾਈਲ ਫੋਨ ਦੀ ਘੰਟੀ ਵੱਜਣ ਤੇ ਗੱਲਾਂ ਹੋਣ ਨਾਲ ਇੱਥੇ ਧਾਰਮਿਕ ਕਾਰਜਾਂ ਵਿਚ ਵਿਘਨ ਪੈਂਦਾ ਸੀ।

ਭਾਵੇਂ ਸ਼੍ਰੋਮਣੀ ਕਮੇਟੀ ਵੱਲੋਂ ਕਈ ਥਾਵਾਂ 'ਤੇ ਸੂਚਨਾ ਤਖ਼ਤੀਆਂ ਲਾਈਆਂ ਹੋਈਆਂ ਹਨ ਜਿਨ੍ਹਾਂ ਰਾਹੀਂ ਹਦਾਇਤ ਕੀਤੀ ਹੋਈ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਵਿਚ ਦਾਖਲ ਹੋਣ ਸਮੇਂ ਸੰਗਤਾਂ ਆਪਣੇ ਮੋਬਾਈਲ ਫੋਨ ਬੰਦ ਕਰ ਲੈਣ ਪਰ ਇਨ੍ਹਾਂ ਹਦਾਇਤਾਂ 'ਤੇ ਕੋਈ ਵੀ ਧਿਆਨ ਨਹੀਂ ਦਿੰਦਾ ਸੀ।

ਕਰਮਚਾਰੀ ਖ਼ੁਦ ਵੀ ਇਨ੍ਹਾਂ ਹਦਾਇਤਾਂ ਨੂੰ ਅਣਦੇਖਿਆਂ ਕਰਦੇ ਹਨ ਤੇ ਇਸ ਦਾ ਵਧੇਰੇ ਪ੍ਰਭਾਵ ਸੱਚਖੰਡ ਦੇ ਅੰਦਰ ਗੁਰਬਾਣੀ ਦੇ ਕੀਰਤਨ ਤੇ ਪਾਠ ਦੇ ਪ੍ਰਵਾਹ 'ਤੇ ਪੈਂਦਾ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਨੇ ਜੈਮਰ ਲਾਏ ਜਾਣ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਇਹ ਜੈਮਰ ਧਾਰਮਿਕ ਕਾਰਜਾਂ ਨੂੰ ਨਿਰਵਿਘਨ ਜਾਰੀ ਰੱਖਣ ਲਈ ਲਾਏ ਗਏ ਹਨ। ਉਨ੍ਹਾਂ ਆਖਿਆ ਕਿ ਜਿਨ੍ਹਾਂ ਦੋ ਥਾਵਾਂ 'ਤੇ ਜੈਮਰ ਸਥਾਪਤ ਕੀਤੇ ਹਨ, ਇਹ ਦੋਵੇਂ ਅਹਿਮ ਹਨ। ਸੱਚਖੰਡ ਵਿਖੇ ਗੁਰਬਾਣੀ ਦਾ ਕੀਰਤਨ ਤੇ ਪਾਠ ਨਿਰੰਤਰ ਚਲਦਾ ਹੈ ਤੇ ਸੰਗਤਾਂ ਨਤਮਸਤਕ ਹੁੰਦੀਆਂ ਹਨ। ਜਦੋਂਕਿ ਪਹਿਲੀ ਮੰਜ਼ਲ 'ਤੇ ਕੀਰਤਨ ਸੁਣਨ ਵਾਲੇ ਸ਼ਰਧਾਲੂ ਧਿਆਨ ਲਾ ਕੇ ਬੈਠਦੇ ਹਨ ਪਰ ਇਨ੍ਹਾਂ ਥਾਵਾਂ 'ਤੇ ਅਕਸਰ ਮੋਬਾਈਲ ਫੋਨ ਦੀ ਵਰਤੋਂ ਕਾਰਨ ਧਿਆਨ ਭੰਗ ਹੁੰਦਾ ਸੀ ਤੇ ਧਾਰਮਿਕ ਕਾਰਜਾਂ ਵਿਚ ਵੀ ਵਿਘਨ ਪੈਂਦਾ ਸੀ।

ਹੁਣ ਅਗਲੇ ਪੜਾਅ ਵਿਚ ਹਰਿ ਕੀ ਪਉੜੀ ਤੇ ਸੱਚਖੰਡ ਦੇ ਅਗਲੇ ਪਾਸੇ ਪੁਲ ਵਾਲੀ ਦਿਸ਼ਾ ਵਿਚ ਜੈਮਰ ਲਾਉਣ ਦੀ ਯੋਜਨਾ ਹੈ ਤਾਂ ਜੋ ਸੱਚਖੰਡ ਦੀ ਇਮਾਰਤ ਦੇ ਆਲੇ-ਦੁਆਲੇ ਤੇ ਘੱਟੋ-ਘੱਟ ਪੁਲ ਦੇ ਅੱਧੇ ਰਸਤੇ ਤਕ ਮੋਬਾਈਲ ਫੋਨ ਕੰਮ ਨਾ ਕਰਨ। ਪਹਿਲਾਂ ਇਹ ਜੈਮਰ ਦਰਸ਼ਨੀ ਡਿਉਢੀ ਤਕ ਲਾਉਣ ਦੀ ਯੋਜਨਾ ਸੀ ਪਰ ਇਥੇ ਗੁਰਬਾਣੀ ਦਾ ਕੀਰਤਨ ਪ੍ਰਸਾਰਣ ਕਰਨ ਵਾਲੇ ਟੀ.ਵੀ. ਚੈਨਲ ਦੇ ਅਮਲੇ ਦਾ ਕਮਰਾ ਹੋਣ ਕਾਰਨ ਇਸ ਖੇਤਰ ਨੂੰ ਯੋਜਨਾ ਵਿ ਚੋਂ ਕੱਢ ਦਿੱਤਾ ਗਿਆ ਹੈ।

# ਸਰਕਾਰ ਵੱਲੋਂ 'ਕੈਗ' ਦੇ ਪਰ ਕੁਤਰਨ ਦੀ ਕੋਸ਼ਿਸ਼

**ਨਵੀਂ ਦਿੱਲੀ:** ਸਰਕਾਰ ਮਹਾਲੇਖਾਕਾਰ (ਕੈਗ) ਨੂੰ ਬਹੁ-ਮੈਂਬਰ ਸੰਸਥਾ ਬਣਾਉਣ ਦੀ ਤਜਵੀਜ਼ 'ਤੇ ਗੌਰ ਕਰ ਰਹੀ ਹੈ। ਉਂਜ ਸਰਕਾਰ ਦੇ ਇਸ ਹੁਕਮ ਦੀ ਵਿਰੋਧੀ ਧਿਰ ਤੇ ਸਿਵਲ ਸੁਸਾਇਟੀ ਨੇ ਤਿੱਖੀ ਨੁਕਤਾਨਚੀਨੀ ਕੀਤੀ ਹੈ। ਪ੍ਰਧਾਨ ਮੰਤਰੀ ਦੇ ਦਫਤਰ ਵਿਚ ਰਾਜ ਮੰਤਰੀ ਵੀ. ਨਰਾਇਣਸਾਮੀ ਦਾ ਕਹਿਣਾ ਹੈ ਕਿ ਕੈਗ ਵਿਚ ਤਬਦੀਲੀਆਂ ਬਾਰੇ ਸ਼ੁੰਗਲੂ ਕਮੇਟੀ ਦੇ ਸੁਝਾਵਾਂ 'ਤੇ ਸਰਗਰਮੀ ਨਾਲ ਗੌਰ ਕੀਤਾ ਜਾ ਰਿਹਾ ਹੈ।

ਸ੍ਰੀ ਸ਼ੁੰਗਲੂ ਨੇ ਸੁਝਾਅ ਦਿੱਤਾ ਸੀ ਕਿ ਤਿੰਨ ਮੈਂਬਰੀ ਸੰਸਥਾ ਬਣਨ ਨਾਲ ਇਸ ਦੇ ਕੰਮਕਾਜ ਵਿਚ ਵਧੇਰੇ ਪਾਰਦਰਸ਼ਤਾ ਆਵੇਗੀ। ਇਕ ਮੈਂਬਰ ਦੀ ਚਾਰਟਰਡ ਅਕਾਊਂਟੈਂਟ ਜਾਂ ਇਸ ਦੇ ਬਰਾਬਰ ਪੇਸ਼ੇਵਰ ਅਕਾਊਂਟਿੰਗ ਯੋਗਤਾ ਹੋਣੀ ਚਾਹੀਦੀ ਹੈ। ਸ੍ਰੀ ਨਰਾਇਣਸਾਮੀ ਨੇ ਇਹ ਵੀ ਕਿਹਾ ਸੀ ਕਿ ਕੈਗ ਬੇਸਬਰਾ ਹੁੰਦਾ ਜਾ ਰਿਹਾ ਹੈ ਤੇ ਉਸ ਦੀ ਇੱਛਾ ਹੈ ਕਿ ਸਾਰੀਆਂ ਸੰਵਿਧਾਨਕ ਸੰਸਥਾਵਾਂ ਉਸ ਦੇ ਦਾਇਰਿਆਂ ਵਿਚ ਕੰਮ ਕਰਨ।

ਉਧਰ, ਭਾਜਪਾ ਆਗੂ ਯਸ਼ਵੰਤ ਸਿਨਹਾ ਨੇ ਇਸ ਪ੍ਰਸਤਾਵ ਨੂੰ ਇੱਕ ਬੁਰਾ ਖ਼ਿਆਲ ਤੇ ਗੈਰ ਸੰਵਿਧਾਨਕ ਕਹਿ ਕੇ ਭੰਡਿਆ ਹੈ। ਚੋਣ ਕਮਿਸ਼ਨ ਤੇ ਕੈਗ ਵਿਚਕਾਰ ਭਿੰਨਤਾ ਦਰਸਾਉਂਦਿਆਂ ਉਨ੍ਹਾਂ ਕਿਹਾ ਕਿ ਸਰਕਾਰੀ ਲੇਖਾਕਾਰ ਨੂੰ ਕਮਿਸ਼ਨ ਨਹੀਂ ਸਮਝਿਆ ਜਾਣਾ ਚਾਹੀਦਾ ਤੇ ਇਸ ਨੂੰ ਬਹੁ-ਮੈਂਬਰੀ ਸੰਸਥਾ ਨਹੀਂ ਬਣਾਇਆ ਜਾ ਸਕਦਾ। ਜਨਤਾ ਪਾਰਟੀ ਦੇ ਮੁਖੀ ਸੁਬਰਾਮਣੀਅਮ ਸਵਾਮੀ ਨੇ ਕਿਹਾ ਕਿ ਸਰਕਾਰ ਕੈਗ ਦੀਆਂ ਰਿਪੋਰਟਾਂ ਕਰਕੇ ਇਸ ਦੀ ਖ਼ੁਦਮੁਖਤਾਰੀ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਹੀ ਹੈ।

## ਤਿੱਬਤੀ ਨੌਜਵਾਨਾਂ ਵੱਲੋਂ ਆਤਮਦਾਹ ਦਾ ਸਿਲਸਿਲਾ ਜਾਰੀ

**ਪੇਇਚਿੰਗ:** ਉੱਤਰੀ ਪੱਛਮੀ ਚੀਨ ਵਿਚ ਸਰਕਾਰ ਵਿਰੋਧੀ ਅੰਦੋਲਨ ਤਹਿਤ ਇਕ ਹੋਰ ਤਿੱਬਤੀ ਨੌਜਵਾਨ ਨੇ ਆਤਮਦਾਹ ਕਰ ਲਿਆ। ਪਿਛਲੇ ਪੰਦਰਾਂ ਦਿਨਾਂ ਦੌਰਾਨ ਤਿੱਬਤੀ ਅੰਦੋਲਨਕਾਰੀਆਂ ਵੱਲੋਂ ਆਤਮਦਾਹ ਦੀ ਇਹ ਸਤਵੀਂ ਘਟਨਾ ਹੈ। ਦੱਖਣੀ ਸੂਬੇ ਗਨਸੂ ਦੇ ਤਿੱਬਤੀ ਬਹੁ-ਗਿਣਤੀ ਵਾਲੇ ਇਲਾਕੇ ਦੇ ਸ਼ਹਿਰ ਹੀਜ਼ੂ ਵਿਖੇ ਤਿੱਬਤੀ ਨੌਜਵਾਨ ਨੇ ਆਪਣੇ ਆਪ ਨੂੰ ਅੱਗ ਲਾ ਲਈ। ਇਸ ਨੌਜਵਾਨ ਦੀ ਸ਼ਨਾਖਤ 18 ਸਾਲਾ ਗੋਨਪੋ ਸੇਰਿੰਗ ਵਾਸੀ ਲਿਸੂਆ ਵਜੋਂ ਹੋਈ।

# ਸੁਖਬੀਰ ਬਾਦਲ ਆਮ ਜਨਤਾ ਨੂੰ ਗੁੰਮਰਾਹ ਕਰ ਰਿਹੈ: ਮਾਨ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਪਾਕਿਸਤਾਨ ਸਰਕਾਰ ਨੂੰ ਹਿੰਦੁਸਤਾਨ ਅੰਦਰ ਆਪਣੀ ਪੂੰਜੀ ਲਾ ਕੇ ਕੱਪੜੇ ਦਾ ਵਪਾਰ ਕਰਨ ਲਈ ਕਹਿਣਾ ਹਾਸੋਹੀਣੀ ਗੱਲ ਹੈ ਜਦੋਂਕਿ ਬਾਦਲ ਪਰਿਵਾਰ ਤੇ ਕੈਪਟਨ ਅਮਰਿੰਦਰ ਸਿੰਘ ਤੇ ਬੀਬੀ ਰਾਜਿੰਦਰ ਕੌਰ ਭੱਠਲ ਵਰਗੇ ਸਿਆਸਤਦਾਨਾਂ ਨੇ ਬਾਹਰਲੇ ਮੁਲਕਾਂ ਵਿਚ ਪੈਸਾ ਲਾ ਕੇ ਕਾਰੋਬਾਰ ਤੋਰੇ ਹੋਏ ਹਨ। ਉਨ੍ਹਾਂ ਦੱਸਿਆ ਕਿ ਸੰਵਿਧਾਨ ਅਨੁਸਾਰ ਕੋਈ ਵੀ ਸੂਬਾ ਪੱਧਰੀ ਸਰਕਾਰ ਦਾ ਵਫ਼ਦ ਕਿਸੇ ਬਾਹਰਲੇ ਮੁਲਕ ਨਾਲ ਵਪਾਰ ਜਾਂ ਹੋਰ ਮਸਲੇ 'ਤੇ ਕੋਈ ਸਮਝੌਤਾ ਨਹੀਂ ਕਰ ਸਕਦਾ ਕਿਉਂਕਿ



ਉਸ ਦੇ ਸਾਰੇ ਹੱਕ ਤੇ ਹਕੂਕ ਸਿਰਫ ਤੇ ਸਿਰਫ ਕੇਂਦਰ ਸਰਕਾਰ ਕੋਲ ਹੀ ਹਨ ਜਿਸ ਕਾਰਨ ਸੁਖਬੀਰ ਸਿੰਘ ਬਾਦਲ ਪਾਕਿਸਤਾਨ ਨਾਲ ਵਪਾਰ ਦਾ ਅਦਾਨ ਪ੍ਰਦਾਨ ਕਰਨਾ ਕਹਿ ਕੇ ਆਮ ਜਨਤਾ ਨੂੰ ਗੁੰਮਰਾਹ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨੀ ਸਰਕਾਰ ਕੋਲ ਸਰਬਜੀਤ ਸਿੰਘ ਦੀ ਰਿਹਾਈ ਲਈ ਬੇਨਤੀਆਂ ਕਰਨ ਵਾਲੇ ਬਾਦਲ ਪਰਿਵਾਰ ਨੂੰ ਭਾਰਤ ਦੀਆਂ ਜ਼ੇਲ੍ਹਾਂ ਵਿਚ ਬੰਦ ਬਲਵੰਤ ਸਿੰਘ ਰਾਜੋਆਣਾ ਤੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਵਰਗੇ ਕਿਉਂ ਨਹੀਂ ਦਿੱਸਦੇ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਨੇਤਾਵਾਂ ਨੇ ਹੀ ਲੁੱਟ ਕੇ ਖਾ ਲਿਆ ਹੈ ਜਿਸ ਕਾਰਨ ਆਏ ਦਿਨ ਭਾਰਤ ਕੰਗਾਲੀ ਵੱਲ ਨੂੰ ਵਧਦਾ ਜਾ ਰਿਹਾ ਹੈ।

## ਟੀਮ ਅੰਨਾ ਵੱਲੋਂ ਮੁੜ ਅੰਦੋਲਨ ਦਾ ਐਲਾਨ

**ਨਵੀਂ ਦਿੱਲੀ:** ਭ੍ਰਿਸ਼ਟਾਚਾਰ ਖ਼ਿਲਾਫ਼ ਮੁਹਿੰਮ ਚਲਾਉਣ ਵਾਲੇ ਸਮਾਜ ਸੇਵੀ ਅੰਨਾ ਹਜ਼ਾਰੇ ਨੇ ਐਲਾਨ ਕੀਤਾ ਹੈ ਕਿ ਉਹ ਮਹਾਤਮਾ ਗਾਂਧੀ ਦੀ ਬਰਸੀ ਮੌਕੇ 30 ਜਨਵਰੀ ਤੋਂ ਭ੍ਰਿਸ਼ਟਾਚਾਰ ਖ਼ਿਲਾਫ਼ ਕੌਮੀ ਅੰਦੋਲਨ ਸ਼ੁਰੂ ਕਰਨਗੇ। ਟੀਮ ਅੰਨਾ ਦੇ 13 ਮੈਂਬਰਾਂ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ੍ਰੀ ਹਜ਼ਾਰੇ ਨੇ ਕਿਹਾ ਕਿ ਭ੍ਰਿਸ਼ਟਾਚਾਰ ਵਿਰੋਧੀ ਕੌਮੀ ਮੁਹਿੰਮ ਦੀ ਤਿਆਰੀ ਕਰ ਲਈ ਗਈ ਹੈ। ਮਹਾਤਮਾ ਗਾਂਧੀ ਦੀ ਬਰਸੀ ਮੌਕੇ ਇਹ ਮੁਹਿੰਮ ਆਰੰਭ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਪ੍ਰਚਾਰ ਬਹੁਤ ਜ਼ੋਰਸ਼ੋਰ ਨਾਲ ਕੀਤਾ ਗਿਆ ਕਿ ਟੀਮ ਅੰਨਾ ਖ਼ਤਮ ਹੋ ਗਈ ਹੈ, ਇਸ ਦੇ ਦਾਣੇ ਮੁੱਕ ਗਏ ਹਨ।

# ਨਛੱਤਰ ਸਿੰਘ ਸੁਰਗਵਾਸ

**ਮਨਟੀਕਾ (ਬਿਊਰੋ):** ਪੰਜਾਬੀ ਅਮੈਰਿਕਨ ਐਸੋਸੀਏਸ਼ਨ ਮਨਟੀਕਾ ਦੇ ਸੀਨੀਅਰ ਆਗੂ ਸ. ਨਛੱਤਰ ਸਿੰਘ ਬੀਤੀ 8 ਨਵੰਬਰ ਨੂੰ ਸਦੀਵੀ ਵਿਛੋੜਾ ਦੇ ਗਏ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ। ਉਹ 65 ਵਰ੍ਹਿਆਂ ਦੇ ਸਨ ਅਤੇ ਆਪਣੇ ਪਿਛੇ ਪਤਨੀ ਤੋਂ ਇਲਾਵਾ ਛੇ ਧੀਆਂ, ਇਕ ਪੁੱਤਰ ਅਤੇ ਪੋਤਰਿਆਂ-ਦੋਹਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।



ਸ. ਨਛੱਤਰ ਸਿੰਘ ਜਲੰਧਰ ਜ਼ਿਲੇ ਦੇ ਪਿੰਡ ਗੋਰਸਿਆਂ ਨਿਹਾਲ ਤੋਂ ਸਨ ਅਤੇ 2001 ਵਿਚ ਅਮਰੀਕਾ ਆਪਣੀ ਧੀ ਹਰਜਿੰਦਰ ਕੌਰ ਤੇ ਜਵਾਈ ਕਸ਼ਮੀਰ ਸਿੰਘ ਕੋਲ ਆ ਗਏ ਸਨ। ਉਨ੍ਹਾਂ ਦਾ ਅੰਤਿਮ ਸਸਕਾਰ ਪਾਰਕਵਿਊ ਫਿਊਨਰਲ ਹੋਮ (3661 ਈਸਟ ਫਰੈਂਚ ਕੈਂਪ ਰੋਡ, ਮਨਟੀਕਾ) ਵਿਖੇ 18 ਨਵੰਬਰ ਨੂੰ ਬਾਅਦ ਦੁਪਹਿਰ 12 ਵਜੇ ਹੋਵੇਗਾ ਅਤੇ ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਟਾਕਟਨ ਵਿਖੇ ਹੋਵੇਗੀ।

# ਸੁਪਰੀਮ ਕੋਰਟ ਨੇ ਸਿੱਖਾਂ ਦੀ ਨਿਆਰੀ ਹਸਤੀ ਬਾਰੇ ਪੁੱਛਿਆ ਸਵਾਲ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਇਕ ਪਟੀਸ਼ਨ ਉਤੇ ਸੁਣਵਾਈ ਦੌਰਾਨ ਭਾਰਤ ਸਰਕਾਰ ਅਤੇ ਅਟਾਰਨੀ ਜਨਰਲ ਨੂੰ ਨੋਟਿਸ ਜਾਰੀ ਕਰਨ ਤੋਂ ਪਹਿਲਾਂ ਪੁੱਛਿਆ ਹੈ ਕਿ, ਜੇ ਸਿੱਖ, ਬੁੱਧ ਜਾਂ ਜੈਨ ਧਰਮਾਂ ਦੀ ਨਿਆਰੀ ਹਸਤੀ ਹੈ ਤਾਂ ਕੀ ਇਨ੍ਹਾਂ ਦੇ ਪੈਰੋਕਾਰਾਂ ਦੇ ਮਾਮਲਿਆਂ ਨੂੰ ਹਿੰਦੂ ਪਰਸਨਲ ਲਾਅ ਤਹਿਤ ਵਿਚਾਰਿਆ ਜਾ ਸਕਦਾ ਹੈ?

ਯਾਦ ਰਹੇ ਕਿ ਸਿੱਖ ਵਿਦਵਾਨ ਬਰਿੰਦਰ ਕੌਰ ਨੇ ਪਟੀਸ਼ਨ ਪਾਈ ਸੀ ਕਿ ਇਨ੍ਹਾਂ ਤਿੰਨਾਂ ਧਰਮਾਂ ਨੂੰ ਹਿੰਦੂ ਧਰਮ ਨਾਲ ਬਰੈਕਟ ਕੀਤਾ ਗਿਆ ਹੈ ਜਦਕਿ ਸਭ ਦੀ ਹਸਤੀ ਵੱਖਰੀ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਹ ਪਟੀਸ਼ਨ ਰੱਦ ਕਰ ਦਿੱਤੀ ਸੀ। ਹੁਣ ਸੁਪਰੀਮ ਕੋਰਟ ਨੇ ਉਹੀ ਪਟੀਸ਼ਨ ਮਨਜ਼ੂਰ ਹੀ ਨਹੀਂ ਕੀਤੀ, ਸਗੋਂ ਇਸ ਬਾਰੇ ਫੈਸਲੇ ਲਈ ਸਵਾਲ ਵੀ ਬਣਾ ਧਰਿਆ ਹੈ।

ਸੀਨੀਅਰ ਵਕੀਲ ਕੋਲਿਨ ਗੋਂਜਾਲਵਜ਼ ਨੇ ਮੁੱਖ ਨੁਕਤਾ ਹੀ ਇਹ ਬਣਾਇਆ ਕਿ ਕੁਝ ਕਲਾਜਾਂ ਵਿਚ ਸਿੱਖਾਂ ਨੂੰ ਹਿੰਦੂਆਂ ਨਾਲ ਨੱਥੀ ਕਰਨ ਦੀ ਕਾਰਵਾਈ ਨੇ ਸਿੱਖਾਂ ਦੇ ਵੱਡੇ ਹਿੱਸੇ ਵਿਚ ਮਾਯੂਸੀ ਫੈਲਾਈ ਹੈ। ਚੀਫ ਜਸਟਿਸ ਅਲਤਮਸ ਕਬੀਰ, ਜਸਟਿਸ ਐੱਸ.ਐੱਸ. ਨਿੱਝਰ ਅਤੇ ਜਸਟਿਸ ਜੇ. ਚੇਲਮੇਸ਼ਵਰ 'ਤੇ ਅਧਾਰਤ ਬੈਂਚ ਨੇ ਉਂਜ ਇਹ ਸਵਾਲ ਤਾਂ ਬਣਾ ਦਿੱਤਾ ਹੈ ਪਰ ਨਾਲ ਹੀ ਇਸ ਦਾ ਘੇਰਾ ਵੀ ਮਿਥ ਦਿੱਤਾ ਹੈ। ਕਿਹਾ ਗਿਆ ਹੈ ਕਿ ਇਹ ਸੰਵਿਧਾਨ ਦੀ ਧਾਰਾ 25 (2) ਦੀ ਵਿਆਖਿਆ ਨੰਬਰ 2 ਤਹਿਤ ਹੋਵੇਗਾ। ਉਧਰ, ਪਟੀਸ਼ਨਰ ਬਰਿੰਦਰ ਕੌਰ ਨੇ ਇਸ ਵਿਆਖਿਆ ਨੂੰ ਭੰਬਲਭੂਸੇ ਵਾਲੀ ਆਖਿਆ ਹੈ।

## ਓਬਾਮਾ ਵੱਲੋਂ ਤੁਲਸੀ ਨੂੰ ਵਧਾਈ

**ਵਾਸ਼ਿੰਗਟਨ:** ਰਾਸ਼ਟਰਪਤੀ ਬਰਾਕ ਓਬਾਮਾ ਨੇ ਅਮਰੀਕੀ ਪ੍ਰਤੀਨਿਧੀ ਸਦਨ ਲਈ ਚੁਣੀ ਗਈ ਪਹਿਲੀ ਹਿੰਦੂ-ਅਮਰੀਕੀ ਤੁਲਸੀ ਗਾਬਾਰਡ ਨੂੰ ਵਧਾਈ ਦਿੱਤੀ ਹੈ। ਤੁਲਸੀ ਦਾ ਕਹਿਣਾ ਹੈ ਕਿ ਆਪਣੇ ਧਰਮ ਵਾਲੇ ਲੋਕਾਂ ਲਈ ਉਸ ਦੇ ਦਰ ਸਦਾ ਖੁੱਲ੍ਹੇ ਹਨ। ਵਾਈਟ ਹਾਊਸ ਦੇ ਤਰਜਮਾਨ ਸ਼ਿਨ ਇਨੋਯੂਏ ਨੇ ਦੱਸਿਆ ਕਿ ਰਾਸ਼ਟਰਪਤੀ ਨੇ ਤੁਲਸੀ ਗਾਬਾਰਡ ਨੂੰ ਉਸ ਦੀ ਪ੍ਰਾਪਤੀ 'ਤੇ ਵਧਾਈ ਦਿੱਤੀ ਹੈ। ਸ਼ਿਨ ਨੇ ਓਬਾਮਾ ਵੱਲੋਂ ਆਪਣੀ ਜਿੱਤ ਮੌਕੇ ਸ਼ਿਕਾਗੋ ਵਿਚ ਦਿੱਤੇ ਭਾਸ਼ਣ ਦਾ ਹਵਾਲਾ ਦਿੰਦਿਆਂ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਦਾ ਕਹਿਣਾ ਹੈ ਕਿ ਕੰਮ ਕਰਨ ਦੇ ਚਾਹਵਾਨਾਂ ਲਈ ਸਾਰਿਆਂ ਲਈ ਉਨ੍ਹਾਂ ਦੇ ਦਰ ਖੁੱਲ੍ਹੇ ਹਨ, ਉਹ ਭਾਵੇਂ ਕੋਈ ਵੀ ਹੋਵੇ।

UMA Disability Center
(A Not for Profit Organization)
SERVING THE DISABLED COMMUNITY SINCE 1999
97% SUCCESS RATE
500 ਤੋਂ 2800 ਡਾਲਰ ਮਹੀਨਾ ਡਿਸਏਬਿਲਟੀ ਲੈ ਸਕਦੇ ਹੋ
ਫੀਸ ਸਿਰਫ ਕੇਸ ਪਾਸ ਹੋ ਜਾਣ ਤੋਂ ਬਾਅਦ
ਸਿਰਫ ਮੁਢਲਾ ਡਿਪਾਜ਼ਿਟ ਦੇਣਾ ਪਵੇਗਾ

- ਸਟੇਟ ਡਿਸਏਬਿਲਟੀ (TANF)
- ਫੈਡਰਲ ਡਿਸਏਬਿਲਟੀ (SSI, SSDI)
- ਬਿਨਾ ਪ੍ਰੀਖਿਆ ਸਿਟੀਜ਼ਨਸ਼ਿਪ (N-648 Waiver)
- Member NOSSCR; NADR; ADRSA
- ਸਾਡੇ ਡਿਸਏਬਿਲਟੀ ਸਲਾਹਕਾਰਾਂ ਪਾਸ ਡਿਸਏਬਿਲਟੀ ਬਾਰੇ ਦੱਸਣ, ਇਸ ਦੇ ਮੁਲੰਕਣ ਅਤੇ ਇਲਾਜ ਬਾਰੇ 20 ਸਾਲ ਦਾ ਤਜ਼ਰਬਾ ਹੈ
- ਕੋਈ ਵੀ ਮੈਡੀਕਲ ਸਮੱਸਿਆ ਹੋਵੇ

ALL 50 STATES



Sharif Rahman, Sc.D.
Disability Consultant



Eric W. Frazier, Esq.
Attorney at Law

NEW YORK : 40-22 74th Street, Elmhurst, NY 11373
Tel: 718.290.6500, Fax: 718.732.1858, Cell: 718-280-6500
PENNSYLVANIA : 108 New Alexander St., Wilkes Barre, PA 18702, Tel: 570.606.3720
LOS ANGELES : 22156, Sherman Way, Suite C1, Canoga Park, CA 91303
Tel: 818-703-7000, Fax: 818-703-7003, Cell: 323-510-1100
SAN FRANCISCO: 170 A South Spruce Ave., South San Francisco, CA 94080
TEL: 650-952-6000, FAX: 650-873-5000
www.umadisabilitycenter.org

# ਗੁਰਦੁਆਰਾ ਟਾਇਰਾ ਬਿਊਨਾ ਵਿਚ ਜੰਮ ਕੇ ਲੜਾਈ, ਤਿੰਨ ਗੰਭੀਰ ਜ਼ਖਮੀ

**ਯੂਬਾ ਸਿਟੀ (ਬਿਊਰੋ):** ਲੰਘੇ ਸਨਿਚਰਵਾਰ ਨੂੰ ਇਥੇ ਗੁਰਦੁਆਰਾ ਟਾਇਰਾ ਬਿਊਨਾ ਵਿਚ ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਦੇ ਹਮਾਇਤੀਆਂ ਵਿਚਾਲੇ ਹੋਈ ਲੜਾਈ ਵਿਚ ਤਿੰਨ ਵਿਅਕਤੀ ਜ਼ਖਮੀ ਹੋ ਗਏ ਜਿਨ੍ਹਾਂ ਵਿਚੋਂ ਦੋ ਵਿਅਕਤੀਆਂ ਨੂੰ ਚਾਕੂ ਜਾਂ ਪੇਚਕਸ ਦੇ ਜ਼ਖਮ ਲੱਗੇ। ਤਿੰਨਾਂ ਨੂੰ ਐਂਬੂਲੈਂਸ ਵਿਚ ਹਸਪਤਾਲ ਦਾਖਲ ਲਿਜਾਇਆ ਗਿਆ। ਇਸ ਲੜਾਈ ਦੌਰਾਨ ਡਾਂਗਾਂ-ਸੋਟਿਆਂ, ਬੇਲਚਿਆਂ, ਖੁਰਚਣਿਆਂ ਅਤੇ ਚਾਕੂਆਂ ਦੀ ਖੁੱਲ੍ਹ ਕੇ ਵਰਤੋਂ ਹੋਈ। 'ਮਾਰ ਦਿਓ, ਸੁੱਕੇ ਨਾ ਜਾਣ ਦਿਓ' ਦੀਆਂ ਆਵਾਜ਼ਾਂ ਸਾਫ ਸੁਣੀਆਂ ਜਾ ਸਕਦੀਆਂ ਸਨ। ਇਸ ਮੌਕੇ ਕਿਸੇ ਵਲੋਂ ਕੀਤੀ ਗਈ ਪੈਪਰ ਸਪਰੇਅ ਵਿਚ ਵੀ ਘੱਟੋ ਘੱਟ ਇਕ ਦਰਜਨ ਵਿਅਕਤੀ ਪ੍ਰਭਾਵਿਤ ਹੋਏ। ਪੁਲਿਸ ਵਲੋਂ ਕੋਈ ਗ੍ਰਿਫਤਾਰੀਆਂ ਕੀਤੇ ਜਾਣ ਦੀ ਸੂਚਨਾ ਨਹੀਂ ਹੈ।

ਫੱਟੜਾਂ ਵਿਚ ਸਥਾਨਕ ਸਿੱਖ ਆਗੂ ਤੇ ਇਸ ਗੁਰੂ ਘਰ ਦੇ ਮੋਢੀ ਦੀਦਾਰ ਸਿੰਘ ਦਾ ਭਤੀਜਾ ਤੇ ਦਿਲਬਾਗ ਸਿੰਘ ਬੈਂਸ ਦਾ ਛੋਟਾ ਮੁੰਡਾ ਬਲਬੀਰ ਸਿੰਘ ਬੈਂਸ, ਅਜੈਬ ਸਿੰਘ ਅਤੇ ਬਲਜਿੰਦਰ ਸਿੰਘ ਵੀ ਸ਼ਾਮਲ ਹਨ।

ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ-ਦੋਹਾਂ ਵਲੋਂ ਹੀ ਇਸ ਸਾਰੇ ਝਗੜੇ ਦਾ ਦੋਸ਼ ਇਕ ਦੂਜੇ ਉਤੇ ਮੜ੍ਹਿਆ ਜਾ ਰਿਹਾ ਹੈ ਪਰ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਅਸਲ ਵਿਚ ਹਮਲਾ ਕਿਸ ਨੇ ਕੀਤਾ? ਪੁਲਿਸ ਅਨੁਸਾਰ ਦੋਹਾਂ ਧਿਰਾਂ ਦੇ ਆਪੋ ਆਪਣੇ ਵਿਖਿਆਨ ਹਨ। ਝਗੜਾ ਸ਼ਾਮੀ ਕੋਈ ਪੌਣੇ ਸੱਤ ਵਜੇ ਉਦੋਂ ਸ਼ੁਰੂ ਹੋਇਆ ਜਦੋਂ ਡਾਇਰੈਕਟਰਾਂ ਦੀ ਮੀਟਿੰਗ ਖਤਮ ਹੋਈ। ਕੁਝ ਦੇਰ ਦੋਹਾਂ ਧਿਰਾਂ ਵਿਚਾਲੇ ਪੂਰਾ ਘਮਸਾਣ ਮਚਿਆ ਰਿਹਾ। ਛੇਤੀ ਹੀ ਪੁਲਿਸ ਮੌਕੇ 'ਤੇ ਪਹੁੰਚ ਗਈ ਅਤੇ ਇਸ ਨੇ ਝਗੜਾ ਕਰ ਰਹੀਆਂ ਦੋਹਾਂ ਧਿਰਾਂ ਨੂੰ ਅਲੱਗ ਕੀਤਾ। ਪੁਲਿਸ ਦੀ ਮੌਜੂਦਗੀ ਵਿਚ ਵੀ ਦੋਹੇਂ ਧਿਰਾਂ ਦੇ ਕੋਈ ਤੀਹ ਤੀਹ ਵਿਅਕਤੀ ਇਕ ਦੂਜੇ ਨੂੰ ਝਈਆਂ ਲੈ ਲੈ ਕੇ ਪੈ ਰਹੀਆਂ ਸਨ।

ਸੂਤਰਾਂ ਅਨੁਸਾਰ ਝਗੜਾ ਨਾਰਥ ਗੇਟ ਨਜ਼ਦੀਕ ਹੋਇਆ ਜਿੱਥੇ ਕੁਝ ਅਣਪਛਾਤੇ ਮੁੰਡਿਆਂ ਨੇ ਗੁਰੂ ਘਰ ਦੇ ਪਹਿਲਾਂ ਦੋ ਸਾਲ ਪ੍ਰਧਾਨ ਰਹੇ ਬਲਰਾਜ ਸਿੰਘ ਢਿੱਲੋਂ ਅਤੇ ਉਸ ਦੇ ਸਾਥੀਆਂ ਉਤੇ ਹਮਲਾ ਕਰ ਦਿੱਤਾ। ਜਿਸ ਤੋਂ ਲੜਾਈ ਸ਼ੁਰੂ ਹੋ ਗਈ। ਦੋਹੇਂ ਧਿਰਾਂ ਲੜਦੀਆਂ ਗੁਰੂ ਘਰ ਦੇ ਕਮੇਟੀ ਰੂਮ ਅਤੇ ਕਿਚਨ ਨੇੜੇ ਪਹੁੰਚ ਗਈਆਂ ਜਿੱਥੇ ਜੰਮ ਕੇ ਲੜਾਈ ਹੋਈ। ਮੀਟਿੰਗ ਕਰਕੇ ਪ੍ਰਬੰਧਕਾਂ ਨੇ ਸਕਿਉਰਿਟੀ ਵੀ ਸੱਦੀ ਹੋਈ ਸੀ। ਸਮਝਿਆ ਜਾਂਦਾ ਹੈ ਕਿ ਸਕਿਉਰਿਟੀ ਵਾਲਿਆਂ ਨੇ ਹੀ ਪੈਪਰ ਸਪਰੇਅ ਕੀਤੀ। ਜਦੋਂ ਬਾਹਰ ਲੜਾਈ ਹੋ ਰਹੀ ਸੀ ਤਾਂ ਪ੍ਰਬੰਧਕ ਕਮੇਟੀ ਵਾਲੇ ਕਮੇਟੀ ਰੂਮ ਵਿਚ ਅੰਦਰੋਂ ਕੁੰਡਾ ਲਾ ਕੇ ਅੰਦਰ ਹੀ ਬੈਠੇ ਰਹੇ। ਕੁਝ ਨਿਰਪੱਖ ਲੋਕਾਂ ਦਾ ਖਿਆਲ ਹੈ ਕਿ ਜੇ ਉਸ ਸਮੇਂ ਪ੍ਰਬੰਧਕ ਕਮੇਟੀ ਦਖਲ ਦਿੰਦੀ ਤਾਂ ਝਗੜਾ ਜਲਦੀ ਰੁਕ ਸਕਦਾ ਸੀ। ਇਹ ਵੀ ਖਿਆਲ ਕੀਤਾ ਜਾ ਰਿਹਾ ਹੈ ਕਿ ਇਸ ਸਭ ਪਿਛੇ ਅਪਰਾਧੀ ਪਿਛੋਕੜ ਵਾਲੇ ਇਕ ਡਾਇਰੈਕਟਰ ਦੇ ਬੰਦੇ ਸਨ।

ਇਥੇ ਜ਼ਿਕਰਯੋਗ ਹੈ ਕਿ ਇਸ ਗੁਰੂ ਘਰ ਦੇ ਪ੍ਰਬੰਧ ਨੂੰ ਲੈ ਕੇ ਪਿਛਲੇ ਕੁਝ ਸਮੇਂ ਤੋਂ ਕਾਫੀ ਖਿੱਚੋਤਾਣ ਚੱਲ ਰਹੀ ਹੈ। ਹਾਲ ਹੀ ਵਿਚ ਹੋਏ ਨਗਰ ਕੀਰਤਨ ਦੌਰਾਨ ਵੀ ਹਾਲਾਤ ਕਾਫੀ ਕਸ਼ੀਦਗੀ ਵਾਲੇ ਸਨ ਪਰ ਕਿਸੇ ਝਗੜੇ ਤੋਂ ਬਚਾਅ ਰਿਹਾ ਸੀ। ਸੱਤਾਧਾਰੀ ਧਿਰ ਵਲੋਂ ਕੁਝ ਸਮਾਂ ਪਹਿਲਾਂ ਬੋਰਡ ਦੀਆਂ ਚੋਣਾਂ ਦੋ ਸਾਲ ਲਈ ਅੱਗੇ ਪਾ ਦਿੱਤੀਆਂ ਗਈਆਂ ਸਨ ਜਿਸ ਦਾ ਵਿਰੋਧੀ ਧਿਰ ਵਲੋਂ ਵਿਰੋਧ ਕੀਤਾ ਜਾ ਰਿਹਾ ਸੀ। ਸੂਤਰਾਂ ਅਨੁਸਾਰ ਵਿਰੋਧੀ ਧਿਰ ਦੇ ਕੁਝ ਲੋਕਾਂ ਨੂੰ ਸ਼ੱਕ ਸੀ ਕਿ ਇਸ ਦਿਨ ਮੀਟਿੰਗ ਵਿਚ ਚੋਣਾਂ ਪਿੱਛੇ ਪਾਏ ਜਾਣ ਦਾ ਵਿਰੋਧ ਕਰ ਰਹੇ ਕੁਝ ਡਾਇਰੈਕਟਰਾਂ ਨੂੰ ਸੱਤਾਧਾਰੀ ਧਿਰ ਵਲੋਂ ਮਤਾ ਪਾ ਕੇ ਬਰਖਾਸਤ ਕੀਤੇ ਜਾਣ ਦੀ ਤਜਵੀਜ਼ ਸੀ। ਇਸ ਕਰਕੇ ਦੋਹਾਂ ਹੀ ਧਿਰਾਂ ਦੇ ਕਾਫੀ ਮੈਂਬਰ ਪਹੁੰਚੇ ਹੋਏ ਸਨ। ਵਿਰੋਧੀ ਧਿਰ ਵਲੋਂ ਮੰਗ ਕੀਤੀ ਜਾ ਰਹੀ ਹੈ ਕਿ ਗੁਰੂ ਘਰ ਦੇ ਮੈਂਬਰਾਂ ਦੀ ਮੀਟਿੰਗ ਹੋਵੇ ਜਿਸ ਵਿਚ ਵੋਟਾਂ ਪਾ ਕੇ ਇਹ ਫੈਸਲਾ ਕੀਤਾ ਜਾਵੇ ਕਿ ਚੋਣਾਂ ਅੱਗੇ ਪਾਈਆਂ ਜਾਣ ਜਾਂ ਨਾ। ਵਿਰੋਧੀ ਧਿਰ ਵਲੋਂ ਇਹ ਮੀਟਿੰਗ 25 ਨਵੰਬਰ ਨੂੰ ਕੀਤੇ ਜਾਣ ਦੀ ਮੰਗ ਰੱਖੀ ਗਈ ਸੀ ਪਰ ਸੱਤਾਧਾਰੀ ਧਿਰ ਦਾ ਕਹਿਣਾ ਹੈ ਕਿ ਉਸ ਦਿਨ ਉਨ੍ਹਾਂ ਪਾਸ ਟਾਈਮ ਨਹੀਂ ਹੈ ਅਤੇ ਮੀਟਿੰਗ 2 ਦਸੰਬਰ ਨੂੰ ਕੀਤੀ ਜਾਵੇ। ਇਥੇ ਜ਼ਿਕਰਯੋਗ ਹੈ ਕਿ ਗੁਰੂ ਘਰ ਦੇ ਬਹੁਤੇ ਮੈਂਬਰ ਵਿਰੋਧੀ ਧਿਰ ਦੇ ਨਾਲ ਹਨ ਜਦੋਂਕਿ ਡਾਇਰੈਕਟਰਾਂ ਦੀ ਬਹੁਗਿਣਤੀ ਸੱਤਾਧਾਰੀ ਧਿਰ ਨਾਲ।

ਇਸੇ ਦੌਰਾਨ ਪੁਲਿਸ ਵਲੋਂ ਇਸ ਸਾਰੇ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਅਗਲੇ ਕੁਝ ਦਿਨਾਂ ਵਿਚ ਇਸ ਹਮਲੇ ਬਾਰੇ ਸਥਿਤੀ ਸਪਸ਼ਟ ਹੋ ਜਾਵੇਗੀ।

## ਕੋਟਕਪੂਰਾ ਇਲਾਕੇ 'ਚ ਕੈਂਸਰ ਨਾਲ 140 ਮੌਤਾਂ

**ਕੋਟਕਪੂਰਾ:** ਪੰਜਾਬ ਦੇ ਮਾਲਵਾ ਖੇਤਰ ਵਿਚ ਕੈਂਸਰ ਦੀ ਨਾਮੁਰਾਦ ਬਿਮਾਰੀ ਨੇ ਅਨੇਕਾਂ ਲੋਕਾਂ ਦੀਆਂ ਕੀਮਤੀ ਜਾਨਾਂ ਲੈ ਲਈਆਂ ਹਨ। ਸਿਹਤ ਵਿਭਾਗ ਫ਼ਰੀਦਕੋਟ ਵੱਲੋਂ ਜ਼ਿਲ੍ਹੇ ਵਿਚ ਕਰਵਾਏ ਸਰਵੇਖਣ ਨੇ ਹੈਰਾਨੀਜਨਕ ਤੱਥ ਸਾਹਮਣੇ ਲਿਆਂਦੇ ਹਨ ਜਿਸ ਦੌਰਾਨ ਇਕੱਲੇ ਕੋਟਕਪੂਰਾ ਇਲਾਕੇ ਵਿਚ ਕੈਂਸਰ ਦੇ 105 ਰੋਗੀਆਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਤੇ 138 ਮਰੀਜ਼ਾਂ ਦੇ ਸ਼ੱਕੀ ਹੋਣ ਦਾ ਪਤਾ ਲੱਗਿਆ ਹੈ।


## ਬੇਬੀ ਸਿਟਰ ਦੀ ਲੋੜ ਹੈ

ਫਰੀਮਾਂਟ ਵਿਚ ਬੇਬੀ ਸਿਟਰ, ਤਿੰਨ ਜੀਆਂ ਦੇ ਪਰਿਵਾਰ ਦੇ ਨਾਲ ਰਹਿਣ ਲਈ ਘਰੇਲੂ ਵਰਕਰ ਦੀ ਲੋੜ ਹੈ

ਸੰਪਰਕ ਕਰੋ: 209-679-8025


# ਮਨਮੋਹਨ ਵੱਲੋਂ ਓਬਾਮਾ ਨੂੰ ਭਾਰਤ ਆਉਣ ਦਾ ਸੱਦਾ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਅਮਰੀਕਾ ਦੇ ਦੂਸਰੀ ਵਾਰ ਰਾਸ਼ਟਰਪਤੀ ਚੁਣੇ ਗਏ ਬਰਾਕ ਓਬਾਮਾ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ ਹੈ ਜਦੋਂਕਿ ਦੋਵਾਂ ਆਗੂਆਂ ਨੇ ਇਕ ਦੂਸਰੇ ਨੂੰ ਛੇਤੀ ਮਿਲਣ ਦੀ ਇੱਛਾ ਪ੍ਰਗਟ ਕੀਤੀ ਹੈ। ਦੋਵੇਂ ਆਗੂ 18-19 ਨਵੰਬਰ ਨੂੰ ਕੰਬੋਡੀਆ ਵਿਚ ਹੋ ਰਹੇ ਪੂਰਬ ਏਸ਼ੀਆ ਸਿਖਰ ਸੰਮੇਲਨ ਮੌਕੇ ਮਿਲ ਸਕਦੇ ਹਨ।

ਪ੍ਰਧਾਨ ਮੰਤਰੀ ਨੇ ਫੋਨ ਉਪਰ ਰਾਸ਼ਟਰਪਤੀ ਓਬਾਮਾ ਨੂੰ ਕਿਹਾ ਕਿ ਉਹ ਭਾਰਤ-ਅਮਰੀਕਾ ਰਣਨੀਤਕ ਭਾਈਵਾਲੀ ਬਾਰੇ ਸਾਂਝੇ ਦ੍ਰਿਸ਼ਟੀਕੋਨ 'ਤੇ ਅੱਗੇ ਵਧਣ ਲਈ ਸਹਿਯੋਗ ਨੂੰ ਜਾਰੀ ਰਖਣ ਲਈ ਉਤਸੁਕ ਹਨ। ਪ੍ਰਧਾਨ ਮੰਤਰੀ ਦਫਤਰ ਅਨੁਸਾਰ ਮਨਮੋਹਨ ਸਿੰਘ ਨੇ ਇੰਡੋ-ਅਮਰੀਕਾ ਦੁਪਾਸੜ ਸਬੰਧਾਂ ਵੱਲ ਨਿੱਜੀ ਦਿਲਚਸਪੀ ਲੈਣ ਤੇ ਵਿਖਾਈ ਵਚਨਬੱਧਤਾ ਲਈ ਅਮਰੀਕੀ ਰਾਸ਼ਟਰਪਤੀ ਦੀ ਪ੍ਰਸੰਸਾ ਕੀਤੀ। ਪ੍ਰਧਾਨ ਮੰਤਰੀ ਨੇ ਅਮਰੀਕੀ ਰਾਸ਼ਟਰਪਤੀ ਨੂੰ ਦੂਸਰੀ ਵਾਰ ਰਾਸ਼ਟਰਪਤੀ ਬਣਨ ਲਈ ਮੁੜ ਵਧਾਈ ਦਿੱਤੀ ਤੇ ਉਨ੍ਹਾਂ ਦੀ ਸਫਲਤਾ ਲਈ ਕਾਮਨਾ ਕੀਤੀ।

ਮਨਮੋਹਨ ਸਿੰਘ ਨੇ ਓਬਾਮਾ ਨੂੰ ਕਿਹਾ ਕਿ ਉਨ੍ਹਾਂ ਦੇ ਮੁੜ ਚੁਣੇ ਜਾਣ ਨਾਲ ਦੋਵਾਂ ਦੇਸ਼ਾਂ ਨੂੰ ਪਿਛਲੇ ਕੁਝ ਸਾਲਾਂ ਦੌਰਾਨ ਦੁਪਾਸੜ ਸਬੰਧਾਂ ਵਿਚ ਮਿਲੀ ਵੱਡੀ ਸਫਲਤਾ ਨੂੰ ਹੋਰ ਅੱਗੇ ਲਿਜਾਣ ਦਾ ਅਵਸਰ ਮਿਲਿਆ ਹੈ। ਓਬਾਮਾ ਨੇ ਪ੍ਰਧਾਨ ਮੰਤਰੀ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਗਜ਼ਬ ਦਾ ਭਾਈਵਾਲ ਦੱਸਦਿਆਂ ਕਿਹਾ ਕਿ ਭਾਰਤ ਤੇ ਅਮਰੀਕਾ ਦੇ ਸ਼ਾਨਦਾਰ ਸਬੰਧ ਹਨ ਜੋ ਪਿਛਲੇ ਕੁਝ ਸਾਲਾਂ ਦੌਰਾਨ ਹੋਰ ਗੂੜ੍ਹੇ ਹੋਏ ਹਨ। ਓਬਾਮਾ ਨੇ ਵਿਸ਼ਵ ਮੰਚ 'ਤੇ ਮਨਮੋਹਨ ਸਿੰਘ ਦੀ ਅਗਵਾਈ ਦੀ ਪ੍ਰਸੰਸਾ ਕੀਤੀ ਤੇ ਕਿਹਾ ਕਿ ਉਹ ਉਨ੍ਹਾਂ ਨਾਲ ਮਿਲ ਕੇ ਕੰਮ ਕਰਨ ਲਈ ਉਤਾਵਲੇ ਹਨ।

## ਓਬਾਮਾ ਜੀ ਵਧਾਈਆਂ...

**ਵਾਸ਼ਿੰਗਟਨ:** ਦੁਨੀਆਂ ਭਰ ਦੇ ਆਗੂਆਂ ਨੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਦੂਜੀ ਵਾਰ ਅਹੁਦੇ ਲਈ ਚੁਣੇ ਜਾਣ 'ਤੇ ਵਧਾਈਆਂ ਦਿੱਤੀਆਂ ਹਨ। ਭਾਰਤ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਲੋਕ ਸਭਾ ਸਪੀਕਰ ਮੀਰਾ ਕੁਮਾਰ ਨੇ ਸ੍ਰੀ ਓਬਾਮਾ ਨੂੰ ਮੁੜ ਚੋਣ 'ਤੇ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਕਾਮਯਾਬੀ ਆਮ ਲੋਕਾਂ ਲਈ ਪ੍ਰੇਰਨਾ ਦਾ ਜ਼ਰੀਆ ਹੈ।

ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ-ਮੂਨ ਨੇ ਵੀ ਉਨ੍ਹਾਂ ਵਧਾਈ ਦਿੱਤੀ ਹੈ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਉਮੀਦ ਜ਼ਾਹਰ ਕੀਤੀ ਹੈ ਕਿ ਉਨ੍ਹਾਂ ਦੇ ਕਾਰਜਕਾਲ ਵਿਚ ਦੋਵੇਂ ਮੁਲਕਾਂ ਦੇ ਰਿਸ਼ਤੇ ਹੋਰ ਗੂੜ੍ਹੇ ਹੋਣਗੇ। ਚੀਨ ਦੇ ਰਾਸ਼ਟਰਪਤੀ ਹੂ ਜਿੰਤਾਓ ਤੇ ਪ੍ਰਧਾਨ ਮੰਤਰੀ ਵੇਨ ਜਿਆਬਾਓ ਨੇ ਉਨ੍ਹਾਂ ਨੂੰ ਮੁਬਾਰਕਬਾਦ ਦਿੰਦਿਆਂ ਉਮੀਦ ਜਤਾਈ ਕਿ ਆਪਣੀ 'ਹਾਂ-ਪੱਖੀ ਚੀਨ ਨੀਤੀ' ਜਾਰੀ ਰੱਖਣਗੇ। ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਨੇ ਵੀ ਉਨ੍ਹਾਂ ਨੂੰ ਮੁਬਾਰਕ ਦਾ ਪੈਗ਼ਾਮ ਭੇਜਿਆ।

## ਸੰਤ ਹਰਖੋਵਾਲ ਦੀ ਬਰਸੀ 'ਤੇ ਸਮਾਗਮ 21 ਨੂੰ

**ਸੈਨ ਹੋਜ਼ੇ (ਬਿਊਰੋ):** ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਦੀ ਬਰਸੀ ਉਨ੍ਹਾਂ ਦੇ ਸ਼ਰਧਾਲੂਆਂ ਵਲੋਂ ਗੁਰਦੁਆਰਾ ਸੈਨ ਹੋਜ਼ੇ ਵਿਖੇ 19, 20 ਅਤੇ 21 ਨਵੰਬਰ ਨੂੰ ਮਨਾਈ ਜਾ ਰਹੀ ਹੈ। ਇਸ ਸਬੰਧੀ ਅਖੰਡ ਪਾਠ ਦਾ ਅਰੰਭ 19 ਨਵੰਬਰ ਨੂੰ ਹੋਵੇਗਾ ਅਤੇ ਭੋਗ 21 ਨਵੰਬਰ, ਬੁੱਧਵਾਰ ਸ਼ਾਮ ਨੂੰ ਪਾਏ ਜਾਣਗੇ।

ਅਖੰਡ ਪਾਠ ਦੇ ਭੋਗ ਉਪਰੰਤ ਦੀਵਾਨ ਸਜਣਗੇ। ਰਾਗੀ ਸਿੰਘ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਕਥਾਵਾਚਕ ਸੰਤ ਹਰਖੋਵਾਲ ਦੇ ਜੀਵਨ ਉਤੇ ਚਾਨਣਾ ਪਾਉਣਗੇ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਹੋਰ ਜਾਣਕਾਰੀ ਲਈ ਫੋਨ 408-835-8399 ਜਾਂ 408-254-7134 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਰਾਮਦੇਵ 'ਤੇ 5.14 ਕਰੋੜ ਟੈਕਸ ਠੋਕਿਆ

**ਨਵੀਂ ਦਿੱਲੀ:** ਸਰਕਾਰ ਨੇ ਯੋਗ ਗੁਰੂ ਰਾਮਦੇਵ ਵੱਲੋਂ ਚਲਾਏ ਜਾਂਦੇ ਟਰੱਸਟਾਂ ਨੂੰ ਪੰਜ ਕਰੋੜ ਰੁਪਏ ਭਰਵਾਉਣ ਦਾ ਨੋਟਿਸ ਭੇਜਿਆ ਹੈ। ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਪਤੰਜਲੀ ਯੋਗਪੀਠ ਅਤੇ ਦਿਵਯ ਯੋਗ ਟਰੱਸਟ ਹਰਿਦੁਆਰ ਵੱਲੋਂ ਲਾਏ ਜਾਂਦੇ ਕੈਂਪ ਕਾਰੋਬਾਰੀ ਸਰਗਰਮੀ ਤੇ ਮਾਲ ਮਹਿਕਮੇ ਨੇ ਯੋਗ ਅਭਿਆਸ ਸਿਖਾਉਣ ਬਦਲੇ ਲੋਕਾਂ ਤੋਂ ਲਈ ਗਈ ਫੀਸ 'ਤੇ 5.14 ਕਰੋੜ ਰੁਪਏ ਦੀ ਮੰਗ ਰੱਖੀ ਸੀ। ਵਿੱਤ ਮੰਤਰਾਲੇ ਦੇ ਅਧਿਕਾਰੀ ਨੇ ਕਿਹਾ ਕਿ ਸੈਂਟਰਲ ਐਕਸਾਈਜ਼ ਇੰਟੈਲੀਜੈਂਸ ਦੇ ਡਾਇਰੈਕਟੋਰੇਟ ਜਨਰਲ ਨੇ ਪਿਛਲੇ ਮਹੀਨੇ 5.14 ਕਰੋੜ ਰੁਪਏ ਦੀ ਟੈਕਸ ਚੋਰੀ ਦੇ ਨੋਟਿਸ ਭਿਜਵਾਏ ਹਨ।


## ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ ਕੈਲੀਫੋਰਨੀਆ 'ਚ



ਸਿੱਖ ਪੰਥ ਦੇ ਪ੍ਰਸਿਧ ਕਥਾਵਾਚਕ ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ, ਜਿਨ੍ਹਾਂ ਨੂੰ ਤੁਸੀਂ ਜੱਸ ਪੰਜਾਬੀ ਟੀ.ਵੀ. ਉਤੇ ਅੰਗਰੇਜ਼ੀ ਵਿਚ ਹੁਕਮਨਾਮੇ ਦੀ ਵਿਆਖਿਆ ਕਰਦਿਆਂ ਜਾਂ ਰੇਡੀਓ 'ਤੇ ਪੰਜਾਬੀ ਵਿਚ ਕਥਾ ਕਰਦਿਆਂ ਸੁਣਦੇ ਹੋ, ਅੱਜ ਕੱਲ੍ਹ ਕੈਲੀਫੋਰਨੀਆ ਵਿਖੇ ਸਿੱਖ ਸੰਗਤ ਨੂੰ ਕਥਾ ਦੁਆਰਾ ਨਿਹਾਲ ਕਰ ਰਹੇ ਹਨ।

ਸੰਪਰਕ ਕਰੋ:ਮਨਦੀਪ ਸਿੰਘ
ਫੋਨ:510-431-3030, 646-464-1818
HumbleSinghSahib@yahoo.com
www.GurbaniKatha.com

## Are You Tired Of All Treatments?
Try Homeopathic Natural Medicines (HNM)

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

Homeopathic natural medicines supply



*Gurdip Singh Sandhu*

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
Fax:(408)292-6200


Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**

## Buy or Sell
*House, Liquor Store, Gas Station etc.*

**In Bay Area & Central Valley**

* For Quick Short Sale
* Home Loans & SBA Loans
* Refinance @ Zero Cost
* Free Loan Approval Letter



**Raj Singh**
MA, Med.
(Retd. Principal)
Realtor/Notary
CA DRE#01776459
Mortgage Specialist
NMLS#361690

SMS or Call @
**510-452-7370**
www.singhraj.bayeastweb.com
Fax: 510-490-9703

MISSIONPEAK BROKERS, INC. PEAK OF EXCELLENCE
MLS

46560 Fremont Blvd., Suite#111, Fremont, CA 94538

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


# ਖਾਲਿਸਤਾਨ ਬਾਰੇ ਕਸੂਤੇ ਫਸੇ ਕੈਨੇਡਾ ਦੇ ਪ੍ਰਧਾਨ ਮੰਤਰੀ

ਦੋਚਿੱਤੀ ਵਿਚ ਪੈ ਗਏ ਪਰ ਉਨ੍ਹਾਂ ਨੇ ਬੜੀ ਚਲਾਕੀ ਨਾਲ ਇਹ ਕਹਿ ਕੇ ਆਪਣਾ ਬਚਾਅ ਕਰ ਲਿਆ ਕਿ ਉਨ੍ਹਾਂ ਦੀ ਸਰਕਾਰ 'ਖਿਆਲਾਂ ਦੀ ਆਜ਼ਾਦੀ' ਦੇ ਰਾਹ ਦਾ ਰੋੜਾ ਨਹੀਂ ਬਣੇਗੀ। ਉਨ੍ਹਾਂ ਨੇ ਸਪਸ਼ਟ ਕਿਹਾ ਕਿ ਖਾਲਿਸਤਾਨ ਦੇ ਨਾਂ 'ਤੇ ਹਿੰਸਾ ਨੂੰ ਕਿਸੇ ਵੀ ਰੂਪ 'ਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਇਸ ਮਾਮਲੇ ਵਿਚ ਕੈਨੇਡਾ ਸਰਕਾਰ ਭਾਰਤ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਤਿਆਰ ਹੈ ਪਰ ਵਾਪਸ ਵਤਨ ਪਰਤਦਿਆਂ ਹੀ ਜਨਾਬ ਹਾਰਪਰ ਨੇ ਪੈਂਤੜਾ ਬਦਲਦਿਆਂ ਕਿਹਾ ਕਿ ਕੈਨੇਡਾ ਦੇ ਸਿੱਖ ਭਾਈਚਾਰੇ ਵੱਲੋਂ ਉਠਾਈ ਜਾ ਰਹੀ 'ਖਾਲਿਸਤਾਨ' ਦੀ ਮੰਗ ਬੇਸ਼ਕ ਸਰਕਾਰਾਂ ਵਾਸਤੇ ਇਤਰਾਜ਼ਯੋਗ ਹੈ ਪਰ ਇਸ ਨੂੰ ਦਬਾਇਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਅਤਿਵਾਦ ਜਾਂ ਹਿੰਸਾ ਅਤੇ ਲੋਕਾਂ ਦੇ ਵਿਚਾਰਾਂ ਦੀ ਆਜ਼ਾਦੀ ਦਰਮਿਆਨ ਭੰਬਲਭੂਸਾ ਨਹੀਂ ਪਾਇਆ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਸਿਆਸੀ ਤੌਰ 'ਤੇ ਭਾਰਤ ਅਤੇ ਕੈਨੇਡਾ ਦੀ ਅਸਹਿਮਤੀ ਹੋ ਸਕਦੀ ਹੈ ਪਰ ਉਹ ਸਿਆਸੀ ਖਿਆਲਾਂ ਦੀ ਆਜ਼ਾਦੀ ਦੇ ਹੱਕ ਵਿਚ ਦਖਲ ਨਹੀਂ ਦੇ ਸਕਦੇ। ਸਿਰਫ ਖਾਲਿਸਤਾਨ ਦੀ ਮੰਗ ਕਰਨਾ ਕੈਨੇਡਾ ਵਿਚ ਨਾ ਤਾਂ ਕੋਈ ਜੁਰਮ ਹੈ, ਨਾ ਹੀ ਨਾਜਾਇਜ਼।

ਯਾਦ ਰਹੇ ਕਿ ਕੁਝ ਮਹੀਨੇ ਪਹਿਲਾਂ ਕੈਨੇਡਾ ਦੇ ਵਿਦੇਸ਼ ਮੰਤਰੀ ਜਾਹਨ ਬੇਅਰਡ ਦੇ ਖਾਲਿਸਤਾਨੀ ਲਹਿਰ ਬਾਰੇ ਬਿਆਨਾਂ ਮਗਰੋਂ ਸਿੱਖ ਭਾਈਚਾਰੇ ਦੇ ਇਕ ਹਿੱਸੇ ਨੇ ਰੋਸ ਪ੍ਰਗਟ ਕੀਤਾ ਸੀ ਜਿਸ ਮਗਰੋਂ ਮੰਤਰੀ ਨੂੰ ਇਕ ਪੱਤਰ ਲਿਖ ਕੇ ਆਪਣੀ ਸਥਿਤੀ ਸਪੱਸ਼ਟ ਕਰਨੀ ਪਈ ਸੀ। ਅਸਲ ਵਿਚ ਕੈਨੇਡਾ ਸਰਕਾਰ ਨੇ ਅਜੇ ਤੱਕ ਸਿੱਖਾਂ ਵੱਲੋਂ ਖਾਲਿਸਤਾਨ ਦੀ ਮੰਗ ਬਾਰੇ ਫੈਸਲਾਕੁਨ ਪੈਂਤੜਾ ਨਹੀਂ ਮੱਲਿਆ ਹੈ। ਉਹ ਸੰਵਿਧਾਨ ਦੀ ਵੀ ਆਪਣੇ ਢੰਗ ਨਾਲ ਵਿਆਖਿਆ ਕਰ ਕੇ ਉਸ ਨੂੰ ਸਿਆਸੀ ਲਾਹੇਵੰਦੀਆਂ ਲਈ ਵਰਤ ਰਹੀ ਹੈ।

ਸਿੱਖਾਂ ਦੀ ਖੁਦਮੁਖਤਿਆਰੀ ਅਤੇ ਹੱਕਾਂ ਲਈ ਜਦੋਜਹਿਦ ਕਰ ਰਹੀ ਸੰਸਥਾ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂੰ ਨੇ ਇਸ ਮਾਮਲੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਹਾਰਪਰ ਨੇ ਕੈਨੇਡਾ ਦੇ ਫਰੀਡਮ ਆਫ ਚਾਰਟਰ ਦੀ ਗੱਲ ਕਰਦਿਆਂ ਸਿੱਖਾਂ ਨੂੰ ਇਥੇ ਆਪਣੀ ਗੱਲ ਕਹਿਣ ਦੀ ਵਕਾਲਤ ਕੀਤੀ ਹੈ ਤੇ ਹੁਣ ਭਾਰਤ ਸਰਕਾਰ ਨੂੰ ਵੀ ਇਹ ਗੱਲ ਭਲੀ-ਭਾਂਤ ਸਮਝ ਲੈਣੀ ਚਾਹੀਦੀ ਹੈ ਕਿ ਦੁਨੀਆ ਵਿਚ ਵਸਦੇ ਕਾਨੂੰਨੀ ਦਾਇਰੇ ਵਿਚ ਰਹਿ ਕੇ ਆਪਣਾ ਹੱਕ ਮੰਗਦੇ ਸਿੱਖਾਂ ਉਤੇ 'ਅਤਿਵਾਦੀ/ਵੱਖਵਾਦੀ' ਹੋਣ ਦਾ ਠੱਪਾ ਨਹੀਂ ਲਾਇਆ ਜਾ ਸਕਦਾ।

ਵਰਲਡ ਸਿੱਖ ਸੰਸਥਾ ਦੇ ਬੁਲਾਰੇ ਬਲਪ੍ਰੀਤ ਸਿੰਘ ਨੇ ਸਟੀਫਨ ਹਾਰਪਰ ਦੇ ਕੈਨੇਡਿਆਈ ਕਦਰਾਂ-ਕੀਮਤਾਂ ਨਾਲ ਖੜ੍ਹਨ ਦੀ ਸ਼ਲਾਘਾ ਕੀਤੀ। ਜਨਾਬ ਹਾਰਪਰ ਪਿਛਲੇ ਹਫਤੇ ਤੋਂ ਵਪਾਰਕ ਸਮਝੌਤਿਆਂ ਵਾਸਤੇ ਭਾਰਤ ਗਏ ਸਨ। ਸੂਤਰਾਂ ਮੁਤਾਬਕ ਭਾਰਤੀ ਸਿਆਸਤਦਾਨਾਂ ਨੇ ਉਨ੍ਹਾਂ ਕੋਲ ਕੈਨੇਡਾ ਵਿਚ ਸਿਰ ਚੁੱਕਦੀ ਖਾਲਿਸਤਾਨ ਦੀ ਮੰਗ ਦਾ ਮਾਮਲਾ ਵੀ ਉਠਾਇਆ ਹੈ। ਟੋਰਾਂਟੋ ਸਟਾਰ ਦੀ ਰਿਪੋਰਟ ਮੁਤਾਬਕ ਵਿਦੇਸ਼ ਮਾਮਲਿਆਂ ਦੇ ਮੰਤਰੀ ਪਰਨੀਤ ਕੌਰ ਵੱਲੋਂ ਕੈਨੇਡਾ ਵਿਚ ਮੁੜ ਪਨਪ ਰਹੀਆਂ ਭਾਰਤ ਵਿਰੋਧੀ ਕਾਰਵਾਈਆਂ 'ਤੇ ਚਿੰਤਾ ਪ੍ਰਗਟਾਈ ਗਈ।

ਜਨਾਬ ਹਾਰਪਰ ਨੇ ਭਰੋਸਾ ਦਿਵਾਇਆ ਕਿ ਉਹ ਇਸ ਸਥਿਤੀ ਨੂੰ ਬਹੁਤ ਗੰਭੀਰਤਾ ਨਾਲ ਵਾਚ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਬਹੁਗਿਣਤੀ ਇੰਡੋ-ਕੈਨੇਡੀਅਨ ਲੋਕ ਅਜਿਹੀਆਂ ਪਿਛਾਂਹ ਖਿੱਚੂ ਗੱਲਾਂ ਤੋਂ ਪਾਸੇ ਹਟ ਕੇ ਆਪਣੀ ਤਰੱਕੀ ਲਈ ਮਿਹਨਤ ਕਰ ਰਹੇ ਹਨ ਤੇ ਉਹ ਅਜਿਹੀ ਕੁੜੱਤਣ ਉਭਾਰਨ ਦੀ ਇੱਛਾ ਨਹੀਂ ਰੱਖਦੇ।

## ਹਾਰਪਰ ਦੀ ਆਮਦ 'ਤੇ ਦਰਬਾਰ ਸਾਹਿਬ 'ਚ ਸੰਗਤ ਨੂੰ ਉਠਾਇਆ

**ਅਨੰਦਪੁਰ ਸਾਹਿਬ:** ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਵਿਖੇ ਕੈਨੇਡੀਅਨ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਫੇਰੀ ਦੌਰਾਨ ਦਰਬਾਰ ਸਾਹਿਬ ਨੂੰ ਖਾਲੀ ਕਰਵਾਉਣ ਦੀ ਕੀਤੀ ਕਾਰਵਾਈ ਨੇ ਜਿਥੇ ਤਖ਼ਤ ਸਾਹਿਬ ਦੀ ਮਰਿਆਦਾ ਨੂੰ ਭਾਰੀ ਸੱਟ ਮਾਰੀ ਹੈ, ਉਥੇ ਹੀ ਦਰਬਾਰ ਸਾਹਿਬ ਵਿਖੇ ਚੱਲ ਰਹੇ ਰਸਭਿੰਨੇ ਸ਼ਬਦ ਕੀਰਤਨ ਵਿਚ ਮੰਤਰ ਮੁਗਧ ਹੋਈਆਂ ਸੰਗਤਾਂ ਦੇ ਮਨਾਂ ਨੂੰ ਵੀ ਠੇਸ ਪਹੁੰਚੀ।

ਜ਼ਿਕਰਯੋਗ ਹੈ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਦੀ ਆਮਦ ਤੋਂ ਚੰਦ ਕੁ ਮਿੰਟ ਪਹਿਲਾਂ ਬੜੀ ਹੀ ਕਾਹਲੀ ਵਿਚ ਇਕ ਸਿੱਖ ਪੁਲਿਸ ਅਧਿਕਾਰੀ ਨੇ ਅੰਦਰ ਆ ਕੇ ਦਰਬਾਰ ਸਾਹਿਬ ਵਿਚ ਬੈਠੀ ਸੰਗਤ ਨੂੰ ਉਠਾਉਣਾ ਸ਼ੁਰੂ ਕਰ ਦਿੱਤਾ ਜਿਸ ਨਾਲ ਦਰਬਾਰ ਸਾਹਿਬ ਵਿਚ ਸ਼ਬਦ ਕੀਰਤਨ ਸਰਵਣ ਕਰ ਰਹੀ ਵੱਡੀ ਗਿਣਤੀ ਵਿਚ ਸੰਗਤ ਮਜਬੂਰਨ ਉੱਠ ਕੇ ਬਾਹਰ ਚਲੀ ਗਈ। ਇਸੇ ਦੌਰਾਨ ਦਰਬਾਰ ਸਾਹਿਬ ਦੇ ਅੰਦਰ ਹਾਜ਼ਰ ਤਖ਼ਤ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ ਨੇ ਉਕਤ ਪੁਲਿਸ ਅਧਿਕਾਰੀ ਦੀ ਹਰਕਤ ਦਾ ਸਖ਼ਤ ਨੋਟਿਸ ਲੈਂਦਿਆਂ ਉਸ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ।

## ਭਾਰਤ-ਕੈਨੇਡਾ ਵਪਾਰ ਤਿੰਨ ਗੁਣਾ ਵਧੇਗਾ: ਟਿਮ ਉਪਲ

**ਚੰਡੀਗੜ੍ਹ:** ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੇ ਦੌਰੇ ਦੌਰਾਨ ਹੋਏ ਸਮਝੌਤਿਆਂ ਦੀ ਬਦੌਲਤ ਕੈਨੇਡਾ-ਭਾਰਤ ਵਪਾਰ ਆਉਣ ਵਾਲੇ ਤਿੰਨ ਸਾਲਾਂ ਵਿਚ ਤਿੰਨ ਗੁਣਾਂ ਵਧ ਜਾਵੇਗਾ। ਇਹ ਪ੍ਰਗਟਾਵਾ ਕੈਨੇਡਾ ਦੇ ਜਨਤਕ ਸੁਧਾਰਾਂ ਬਾਰੇ ਮੰਤਰੀ ਟਿਮ ਉਪਲ ਨੇ ਕੀਤਾ। ਉਨ੍ਹਾਂ ਕਿਹਾ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਦੂਜੀ ਵਾਰ ਭਾਰਤ ਆਏ ਹਨ ਤੇ ਸਭ ਤੋਂ ਲੰਬਾ ਸਮਾਂ ਛੇ ਦਿਨ ਭਾਰਤ ਵਿਚ ਠਹਿਰਨ ਵਾਲੇ ਵਿਦੇਸ਼ੀ ਪ੍ਰਧਾਨ ਮੰਤਰੀ ਹਨ।

ਉਨ੍ਹਾਂ ਨਾਲ ਹੀ ਕਿਹਾ ਕਿ ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿਜਦਾ ਕਰਨ ਵਾਲੇ ਵੀ ਉਹ ਪਹਿਲੇ ਵਿਦੇਸ਼ੀ ਪ੍ਰਧਾਨ ਮੰਤਰੀ ਹਨ। ਜਨਾਬ ਟਿਮ ਉਪਲ ਨੇ ਕਿਹਾ ਕਿ ਇਸ ਵੇਲੇ ਭਾਰਤ ਤੇ ਕੈਨੇਡਾ ਵਿਚਕਾਰ ਪੰਜ ਬਿਲੀਅਨ ਡਾਲਰ ਦਾ ਸਾਲਾਨਾ ਵਪਾਰ ਹੋ ਰਿਹਾ ਹੈ ਜੋ 2015 ਤੱਕ ਵਧ ਕੇ 15 ਬਿਲੀਅਨ ਡਾਲਰ ਹੋ ਜਾਵੇਗਾ। ਇਹ ਵਾਧਾ ਦੋਵਾਂ ਮੁਲਕਾਂ ਦੇ ਪ੍ਰਧਾਨ ਮੰਤਰੀਆਂ ਦੀ ਦੂਰ-ਅੰਦੇਸ਼ੀ ਸੋਚ ਦਾ ਨਤੀਜਾ ਹੈ।

## ਕੈਨੇਡਾ 'ਚ ਕਬੱਡੀ ਦੀ ਬੱਲੇ-ਬੱਲੇ: ਗੋਸਲ

**ਅੰਮ੍ਰਿਤਸਰ:** ਕੈਨੇਡਾ ਦੇ ਖੇਡ ਮੰਤਰੀ ਬਲਜੀਤ ਸਿੰਘ ਗੋਸਲ ਨੇ ਆਪਣੇ ਭਾਰਤ ਦੌਰੇ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਤੇ ਗੁਰੂ ਦਾ ਸ਼ੁਕਰਾਨਾ ਕੀਤਾ। ਬੰਗਾ ਨੇੜਲੇ ਪਿੰਡ ਰਟੈਂਡਾ ਨਾਲ ਸਬੰਧਤ ਗੋਸਲ ਨੇ ਦੱਸਿਆ ਕਿ ਉਹ ਭਾਰਤ ਦੇ ਖੇਡ ਮੰਤਰੀ ਨੂੰ ਮਿਲੇ ਹਨ ਤੇ ਦੋਵਾਂ ਮੁਲਕਾਂ ਵਿਚਾਲੇ ਖੇਡ ਸਬੰਧਾਂ ਨੂੰ ਮਜ਼ਬੂਤ ਕਰਨ ਬਾਰੇ ਗੱਲਬਾਤ ਹੋਈ ਹੈ।

ਉਨ੍ਹਾਂ ਆਖਿਆ ਕਿ ਉਹ ਨਸ਼ਾ ਮੁਕਤ ਖੇਡਾਂ ਦੇ ਹੱਕ ਵਿਚ ਹਨ। ਉਨ੍ਹਾਂ ਆਖਿਆ ਕਿ ਭਾਰਤ ਵਿਚ ਵੀ ਨਸ਼ਾ ਮੁਕਤ ਖੇਡਾਂ ਨੂੰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ। ਕੈਨੇਡਾ ਵਿਚ ਵੀ ਕਬੱਡੀ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਤੇ ਕੈਨੇਡਾ ਦੇ ਕਈ ਸੂਬਿਆਂ ਵਿਚ ਜਿੱਥੇ ਵਧੇਰੇ ਪੰਜਾਬੀ ਹਨ, ਕਬੱਡੀ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਗੋਸਲ, ਕੈਨੇਡਾ ਦੇ ਬਰੈਮਲੀ ਗੋਰ ਮਾਲਟਨ ਹਲਕੇ ਤੋਂ ਸੰਸਦ ਮੈਂਬਰ ਹਨ ਤੇ ਉਹ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨਾਲ ਸਬੰਧਤ ਹਨ।

## ਮਨਪ੍ਰੀਤ ਬਾਦਲ

*(ਸਫਾ ਇਕ ਦੀ ਬਾਕੀ)*

ਮੀਟਿੰਗ ਵਿਚ ਮਨਪ੍ਰੀਤ ਉੱਤੇ ਚੋਣ ਫੰਡ ਵਿਚ ਗਬਨ ਕਰਨ ਦਾ ਮਾਮਲਾ ਵੀ ਉਠਿਆ ਸੀ। ਇਨ੍ਹਾਂ ਦੋਸ਼ਾਂ ਦੀ ਜਾਂਚ ਕਰਾਉਣ ਲਈ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਹੈ। ਕਮੇਟੀ ਵਿਚ ਭਾਰਤ ਭੂਸ਼ਨ ਥਾਪਰ, ਵਕੀਲ ਸੁਖਦੀਪ ਸਿੰਘ ਭਿੰਡਰ ਤੇ ਸੁਖਦੇਵ ਸਿੰਘ ਚਾਹਲ ਨੂੰ ਸ਼ਾਮਲ ਕੀਤਾ ਗਿਆ ਹੈ।

ਦੂਜੇ ਪਾਸੇ, ਪਾਰਟੀ ਦੇ ਸਕੱਤਰ ਅਰੁਣਜੋਤ ਸਿੰਘ ਸੋਢੀ ਨੇ ਇਸ ਕਮੇਟੀ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਕਮੇਟੀ ਨੂੰ ਨਾਮਨਜ਼ੂਰ ਕਰਦਿਆਂ ਹਾਈ ਕੋਰਟ ਦੇ ਕਿਸੇ ਸੇਵਾਮੁਕਤ ਜੱਜ ਦੀ ਅਗਵਾਈ ਹੇਠ ਜਾਂਚ ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੇਵਾਮੁਕਤ ਜਸਟਿਸ ਦੀ ਅਗਵਾਈ ਹੇਠ ਬਣਨ ਵਾਲੀ ਇਸ ਕਮੇਟੀ ਦੀ ਰਿਪੋਰਟ ਪਾਰਟੀ ਦੇ 16 ਦਸੰਬਰ ਦੇ ਜਨਰਲ ਇਜਲਾਸ ਵਿਚ ਪੇਸ਼ ਕੀਤੀ ਜਾਵੇਗੀ।

# ਕਾਲੇ ਧਨ ਦੇ ਮਾਮਲੇ 'ਚ ਐਚ.ਐਸ.ਬੀ.ਸੀ. ਬੈਂਕ ਵੀ ਅੜਿੱਕੇ

**ਨਵੀਂ ਦਿੱਲੀ:** ਬਹੁਕੌਮੀ ਐਚ. ਐਸ. ਬੀ. ਸੀ. ਬੈਂਕ ਵੱਲੋਂ ਕਾਲੇ ਧਨ ਨੂੰ ਚਿੱਟਾ ਕਰਨ ਤੇ ਇੰਜ ਅਤਿਵਾਦੀ ਗਰੁੱਪਾਂ ਦੀ ਮਦਦ ਕੀਤੇ ਜਾਣ ਦੇ ਦੋਸ਼ਾਂ ਦੀ ਸਰਕਾਰ ਵੱਲੋਂ ਡੂੰਘਾਈ ਨਾਲ ਜਾਂਚ ਕਰਵਾਏ ਜਾਣ ਦੇ ਆਸਾਰ ਹਨ। ਭ੍ਰਿਸ਼ਟਾਚਾਰ ਵਿਰੋਧੀ ਕਾਰਕੁਨ ਅਰਵਿੰਦ ਕੇਜਰੀਵਾਲ ਵੱਲੋਂ ਜੈਨੇਵਾ ਸਥਿਤ ਐਚ.ਐਸ.ਬੀ.ਸੀ. ਬੈਂਕ ਵਿਚ ਭਾਰਤੀਆਂ ਦਾ ਕਾਲਾ ਧਨ ਜਮ੍ਹਾਂ ਹੋਣ ਸਬੰਧੀ ਰਿਪੋਰਟਾਂ ਉਤੇ ਸਰਕਾਰ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਦੇ ਦੋਸ਼ ਲਾਉਣ ਤੋਂ ਬਾਅਦ ਸਰਕਾਰ ਨੇ ਐਲਾਨ ਕੀਤਾ ਕਿ ਇਸ ਬਾਰੇ ਫਰਾਂਸੀਸੀ ਸਰਕਾਰ ਵੱਲੋਂ ਬੀਤੇ ਸਾਲ ਦਿੱਤੀ ਜਾਣਕਾਰੀ ਤਹਿਤ ਕਾਰਵਾਈ ਕੀਤੀ ਜਾਵੇਗੀ।

ਸਰਕਾਰ ਸੂਤਰਾਂ ਅਨੁਸਾਰ ਬੈਂਕ ਵੱਲੋਂ ਅਤਿਵਾਦੀ ਗਰੁੱਪਾਂ ਦੀ ਮਦਦ ਕੀਤੇ ਜਾਣ ਦੇ ਦੋਸ਼ਾਂ ਦੀ ਜਾਂਚ ਗ੍ਰਹਿ ਤੇ ਵਿੱਤ ਮੰਤਰਾਲਿਆਂ ਦੇ ਇੰਟੈਲੀਜੈਂਸ ਵਿੰਗਾਂ ਵੱਲੋਂ ਕੀਤੀ ਜਾਵੇਗੀ। ਸੂਤਰਾਂ ਨੇ ਉਂਜ ਨਾਲ ਹੀ ਕਿਹਾ ਕਿ ਇਸ ਕਾਰਵਾਈ ਦਾ ਬੈਂਕ ਖ਼ਿਲਾਫ਼ ਸ੍ਰੀ ਕੇਜਰੀਵਾਲ ਵੱਲੋਂ ਲਾਏ ਦੋਸ਼ਾਂ ਨਾਲ ਕੋਈ ਤੁਅੱਲਕ ਨਹੀਂ ਤੇ ਬੈਂਕ ਨੇ ਵੀ ਇਹ ਦੋਸ਼ ਖਾਰਜ ਕਰਦਿਆਂ ਦਾਅਵਾ ਕੀਤਾ ਹੈ ਕਿ ਉਹ ਕਾਨੂੰਨਾਂ ਦਾ ਪਾਲਣ ਬਹੁਤ ਸੰਜੀਦਗੀ ਨਾਲ ਕਰਦਾ ਹੈ। ਜਾਂਚ ਏਜੰਸੀਆਂ ਵੱਲੋਂ ਇਨ੍ਹਾਂ ਰਿਪੋਰਟਾਂ ਦੀ ਘੋਖ ਕੀਤੀ ਜਾਵੇਗੀ ਕਿ ਫੰਡ ਪਾਕਿਸਤਾਨ ਤੇ ਕੁਝ ਖਾੜੀ ਮੁਲਕਾਂ ਤੋਂ ਭੇਜੇ ਜਾ ਰਹੇ ਹਨ ਜਿਹੜੇ ਬੈਂਕਿੰਗ ਨੈੱਟਵਰਕ ਦੀ ਮਦਦ ਨਾਲ ਭਾਰਤ ਵਿਚਲੇ ਅਤਿਵਾਦੀ ਗਰੁਪਾਂ ਨੂੰ ਮੁਹੱਈਆ ਕਰਾਏ ਜਾਂਦੇ ਹਨ।

ਇਸੇ ਦੌਰਾਨ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਵੀ ਕਿਹਾ ਹੈ ਕਿ ਸਰਕਾਰ ਨੂੰ ਇਸ ਗੱਲ ਦੀ ਇਤਲਾਹ ਹੈ ਕਿ ਭਾਰਤ ਦੇ ਅੰਦਰ ਤੇ ਬਾਹਰ ਕੰਮ ਕਰ ਰਹੇ ਅਤਿਵਾਦੀ ਧੜਿਆਂ ਵੱਲੋਂ ਸ਼ੇਅਰ ਬਾਜ਼ਾਰ ਵਿਚ ਪੈਸੇ ਲਾਏ ਜਾ ਰਹੇ ਹਨ। ਇਸ ਤੋਂ ਪਹਿਲਾਂ ਪਿਛਲੇ ਦਿਨੀਂ ਰੋਮ ਵਿਚ ਇੰਟਰਪੋਲ ਜਨਰਲ ਅਸੈਂਬਲੀ ਨੂੰ ਸੰਬੋਧਨ ਕਰਦਿਆਂ ਵੀ ਸ੍ਰੀ ਸ਼ਿੰਦੇ ਨੇ ਅਜਿਹੇ ਦੋਸ਼ ਲਾਏ ਸਨ।

ਸ੍ਰੀ ਕੇਜਰੀਵਾਲ ਤੇ ਉਨ੍ਹਾਂ ਦੇ ਸਾਥੀ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਫਰਾਂਸ ਸਰਕਾਰ ਨੇ ਐਚ. ਐਸ.ਬੀ.ਸੀ. ਦੇ ਜੈਨੇਵਾ ਸਥਿਤ ਖਾਤਿਆਂ ਵਿਚ ਭਾਰਤੀਆਂ ਦੇ ਕਾਲੇ ਧਨ ਦੇ 700 ਕੇਸ ਹੋਣ ਦੀ ਗੱਲ ਕਹੀ ਹੈ। ਸਰਕਾਰੀ ਬਿਆਨ 'ਚ ਇਸ ਬਾਰੇ ਇੰਨਾ ਹੀ ਕਿਹਾ ਗਿਆ ਹੈ ਕਿ ਇਹ ਜਾਣਕਾਰੀ ਬੀਤੇ ਸਾਲ ਜੂਨ 'ਚ ਫਰਾਂਸ ਤੋਂ ਮਿਲੀ ਸੀ।

# ਅਮੀਰ ਅਮਰੀਕੀ ਟੈਕਸਾਂ ਦੀ ਬੁਛਾੜ ਲਈ ਤਿਆਰ ਰਹਿਣ

**ਵਾਸ਼ਿੰਗਟਨ:** ਚੋਣਾਂ ਦੀ ਗਹਿਮਾ-ਗਹਿਮੀ ਦਾ ਥਕੇਵਾਂ ਲਾਹੁਣ ਤੋਂ ਬਾਅਦ ਅਮਰੀਕੀ ਸਦਰ ਬਰਾਕ ਓਬਾਮਾ ਨੇ ਦੇਸ਼ ਵਾਸੀਆਂ ਨੂੰ ਮੁੜ ਤੋਂ ਕੰਮ ਉੱਤੇ ਲੱਗ ਜਾਣ ਦਾ ਸੱਦਾ ਦਿੱਤਾ ਹੈ ਤਾਂ ਕਿ ਦੇਸ਼ ਦੀ ਮਾਲੀ ਹਾਲਤ ਸੁਧਾਰੀ ਜਾ ਸਕੇ। ਉਨ੍ਹਾਂ ਨੇ ਇਹ ਵੀ ਸਾਫ਼ ਕੀਤਾ ਕਿ ਦੇਸ਼ ਦੇ ਅਰਥਚਾਰੇ ਦੀ ਲੋੜ ਮੁਤਾਬਕ ਹੁਣ ਅਮੀਰਾਂ ਨੂੰ ਵੱਧ ਟੈਕਸ ਅਦਾ ਕਰਨੇ ਪੈਣਗੇ ਤੇ ਜੇ ਕਾਂਗਰਸ ਵੱਲੋਂ ਅਮੀਰਾਂ ਨੂੰ ਟੈਕਸਾਂ ਤੋਂ ਬਚਾਉਣ ਲਈ ਟੈਕਸ ਛੋਟ ਦਾ ਘੇਰਾ ਵਧਾਇਆ ਜਾਂਦਾ ਹੈ ਤਾਂ ਉਹ ਅਜਿਹੇ ਬਿੱਲ ਨੂੰ ਵੀਟੋ ਕਰ ਦੇਣਗੇ। ਉਨ੍ਹਾਂ ਮੁਲਕ ਦੇ ਮਾਲੀ ਸੰਕਟ ਦੇ ਹੱਲ ਬਾਰੇ ਵਿਚਾਰ ਕਰਨ ਲਈ ਕਾਂਗਰਸ ਵਿਚਲੇ ਦੋਵੇਂ ਪਾਰਟੀਆਂ ਦੇ ਆਗੂਆਂ ਨੂੰ ਅਗਲੇ ਹਫਤੇ ਮੀਟਿੰਗ ਲਈ ਸੱਦਿਆ ਹੈ। ਉਨ੍ਹਾਂ ਨਾਲ ਹੀ ਖ਼ਬਰਦਾਰ ਕੀਤਾ ਕਿ ਜੇ ਕੋਈ ਆਮ ਰਾਏ ਨਹੀਂ ਬਣਦੀ ਤਾਂ ਅਗਲੇ ਸਾਲ ਮੁਲਕ ਦੇ ਮੱਧ ਵਰਗ ਨੂੰ ਟੈਕਸਾਂ ਦੀ ਮਾਰ ਝੱਲਣੀ ਪਵੇਗੀ। ਰਾਸ਼ਟਰਪਤੀ ਦੀ ਚੋਣ ਮੁੜ ਜਿੱਤਣ ਤੋਂ ਬਾਅਦ ਉਨ੍ਹਾਂ ਅਮਰੀਕਾ ਵਾਸੀਆਂ ਨੂੰ ਮੁਖ਼ਾਤਿਬ ਹੁੰਦਿਆਂ ਕਿਹਾ ਕਿ ਹੁਣ ਆਰਾਮ ਕਰ ਲਿਆ ਹੈ ਤੇ ਵਕਤ ਆ ਗਿਆ ਹੈ ਕਿ ਮੁੜ ਤੋਂ ਕੰਮ ਉੱਤੇ ਲੱਗੀਏ। ਉਨ੍ਹਾਂ ਲਈ ਕਰਨ ਵਾਲਾ ਬਹੁਤ ਕੰਮ ਹੈ।

ਇਸ ਦੇ ਨਾਲ ਹੀ ਵਾਈਟ ਹਾਊਸ ਨੇ ਸਾਫ਼ ਕਰ ਦਿੱਤਾ ਹੈ ਕਿ ਜੇ ਕਾਂਗਰਸ ਵੱਲੋਂ ਅਮੀਰਾਂ ਦੇ ਟੈਕਸ ਦੀ ਕਟੌਤੀ ਹੋਰ ਵਧਾਈ ਜਾਂਦੀ ਹੈ ਤਾਂ ਸ੍ਰੀ ਓਬਾਮਾ ਉਸ ਨੂੰ ਆਪਣੀ ਵੀਟੋ ਪਾਵਰ ਰਾਹੀਂ ਰੱਦ ਕਰ ਦੇਣਗੇ। ਇਹ ਗੱਲ ਵਾਈਟ ਹਾਊਸ ਦੇ ਪ੍ਰੈਸ ਸੈਕਟਰੀ ਜੇਅ ਕਾਰਨੀ ਨੇ ਸ੍ਰੀ ਓਬਾਮਾ ਦੇ ਭਾਸ਼ਣ ਤੋਂ ਬਾਅਦ ਕਹੀ। ਇਸੇ ਦੌਰਾਨ ਸ੍ਰੀ ਕਾਰਨੀ ਨੇ ਕਿਹਾ ਕਿ ਸ੍ਰੀ ਓਬਾਮਾ ਦਾ ਆਗਾਮੀ ਤਿੰਨ ਮੁਲਕੀ ਏਸ਼ੀਆ ਦੌਰਾ ਇਸ ਸਭ ਤੋਂ ਵੱਧ ਤੇਜ਼ੀ ਨਾਲ ਵਿਕਸਤ ਹੋ ਰਹੇ ਖਿੱਤੇ ਨਾਲ ਸਬੰਧ ਹੋਰ ਮਜ਼ਬੂਤ ਕਰਨ ਲਈ ਹੈ। ਸ੍ਰੀ ਓਬਾਮਾ ਦਾ ਇਸੇ ਮਹੀਨੇ ਥਾਈਲੈਂਡ, ਕੰਬੋਡੀਆ ਤੇ ਬਰਮਾ ਜਾਣ ਦਾ ਪ੍ਰੋਗਰਾਮ ਹੈ।


**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ

ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ

ਮਨਦੀਪ ਸਿੰਘ ਭੂਰਾ
ਸ਼ਮਸ਼ੇਰ ਸਿੰਘ ਬੋਪਾਰਾਏ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਸੰਨੀ ਧੂੜ
ਯਾਦਵਿੰਦਰ ਸਿੰਘ ਰਿੰਪੀ

# Short Sale Specialist

## Selling HUD homes anywhere in California



| Just Sold | Listing |
|---|---|
| 7 Derow Ct., Sacramento, CA 95833 **$40,000.00** | 2519 Tornado Way, Rancho Cordova, CA 95670 **$105,000** |
| 2625 Hayden Brook Ave., Stockton, CA 95212 **$141,500** | 4545 Valley Hi Dr., Sacramento, CA 95823 **$140,000** |
| | 2430 Yreka Ave, Sacramento, CA 95822 **$63,000** |

*Call: Sohanpreet 'Sam' Chahal*

**@916-612-5773**

visit: www.hudhomestore.com

Serving from Bay Area to Sacramento

**Sohanpreet (Sam) Chahal**
CA Lic. 01504071
**Realtor/Notary Public**
email:samchahal@hotmail.com

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

# Golden State Realty

Sacramento Office: 8695 Territorial Way, Elk Grove CA 95624
**Tel: 916-612-5773 Fax: 916-689-5707**



# Yarra, Kharazi & Associates

**Phone: (888) 97YARRA (92772)**

## Bankruptcy & Criminal Law

Offices in Bakersfield, Fresno and Merced
Bring this ad in and receive a free consultation

**ਬੈਂਕਰਪਸੀ ਅਤੇ ਫੌਜਦਾਰੀ ਕਾਨੂੰਨ**



ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

**ਤੁਹਾਡੇ ਭਰੋਸੇਮੰਦ ਵਕੀਲ ਜਿਨ੍ਹਾਂ ਦੀ ਮੁਹਾਰਤ 'ਤੇ ਤੁਸੀਂ ਯਕੀਨ ਕਰ ਸਕਦੇ ਹੋ**

**ਯੱਰਾ, ਖਰਾਜ਼ੀ ਐਂਡ ਐਸੋਸੀਏਟਸ**

**ਫੋਨ: 1-888-979-2772**

Email: Info@rwyarra.com





ਬਹੁੜੀਂ ਵੇ ਤਬੀਬਾ...

# ਪੰਜਾਬੀਆਂ ਦੀ ਨਵੀਂ ਪਨੀਰੀ ਜੁਰਮ ਦੇ ਰਾਹ ਪਈ?

**ਚੰਡੀਗੜ੍ਹ:** ਪੰਜਾਬ ਵਿਚ ਚੋਰੀ-ਡਕੈਤੀ ਤੋਂ ਲੈ ਕੇ ਬਲਾਤਕਾਰ ਤੱਕ ਦੇ ਸੰਗੀਨ ਅਪਰਾਧਾਂ ਵਿਚ ਨਾਬਾਲਗ ਧਸਦੇ ਜਾ ਰਹੇ ਹਨ ਤੇ ਪਿਛਲੇ ਕੁਝ ਸਾਲਾਂ ਵਿਚ ਇਨ੍ਹਾਂ ਮਾਮਲਿਆਂ ਵਿਚ ਕਾਫੀ ਵਾਧਾ ਹੋਇਆ ਹੈ। ਪੰਜਾਬ ਪੁਲਿਸ ਹੈਡਕੁਆਟਰ ਤੋਂ ਪ੍ਰਾਪਤ ਅੰਕੜਿਆਂ ਅਨੁਸਾਰ ਸਾਲ 2009 ਦੇ ਮੁਕਾਬਲੇ ਸਾਲ 2010 ਦੌਰਾਨ ਨਾਬਾਲਗਾਂ ਵੱਲੋਂ ਅਪਰਾਧ ਕਰਨ ਦੇ ਮਾਮਲਿਆਂ ਵਿਚ 33.1 ਫ਼ੀਸਦੀ ਦਾ ਵਾਧਾ ਹੋਇਆ ਹੈ ਤੇ ਨਿਆਣੀ ਉਮਰੇ ਹੀ ਅਜਿਹੇ ਮੁਲਜ਼ਮ ਕਤਲ, ਇਰਾਦਾ ਕਤਲ, ਬਲਾਤਕਾਰ, ਸੰਨ੍ਹ ਲਾਉਣ, ਚੋਰੀਆਂ ਤੇ ਲੁੱਟਾਂ ਕਰਨ ਜਿਹੇ ਅਪਰਾਧ ਕਰ ਰਹੇ ਹਨ।

ਜੁਵੀਨਾਈਲ ਜਸਟਿਸ ਐਕਟ-1986 ਤਹਿਤ 16 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਤੇ 18 ਸਾਲ ਤੋਂ ਘੱਟ ਲੜਕਿਆਂ ਨੂੰ ਜੁਵੀਨਾਈਲ ਮੰਨਿਆ ਜਾਂਦਾ ਸੀ ਪਰ ਸਾਲ 2000 ਦੌਰਾਨ ਇਸ ਐਕਟ ਵਿਚ ਸੋਧ ਕਰਕੇ ਲੜਕੇ ਤੇ ਲੜਕੀਆਂ, ਦੋਵਾਂ ਨੂੰ 18 ਸਾਲ ਦੀ ਉਮਰ ਤੱਕ ਜੁਵੀਨਾਈਲ ਮੰਨਿਆ ਜਾਂਦਾ ਹੈ। 24 ਸਤੰਬਰ ਨੂੰ ਮੋਗਾ ਵਿਖੇ 19 ਸਾਲਾ ਨਿਸ਼ਾਨ ਸਿੰਘ ਵੱਲੋਂ 15 ਸਾਲ ਦੀ ਲੜਕੀ ਨੂੰ ਅਗਵਾ ਕਰਨ ਕਾਰਨ ਰਾਜ ਭਰ ਵਿਚ ਮਚੀ ਹਲਚਲ ਤੋਂ ਬਾਅਦ ਅੱਲ੍ਹੜ ਉਮਰ ਦੌਰਾਨ ਬੱਚਿਆਂ ਵਿਚ

## ਬੱਚਿਆਂ ਵਿਚ ਵਧੀ ਅਪਰਾਧਕ ਰੁਚੀ



ਪੈਦਾ ਹੋ ਰਹੀਆਂ ਅਪਰਾਧਕ ਬਿਰਤੀਆਂ ਦੀ ਹਰੇਕ ਘਰ ਵਿਚ ਚਰਚਾ ਚੱਲ ਰਹੀ ਹੈ।

ਸਾਲ 2010 ਦੇ ਅੰਕੜਿਆਂ ਮੁਤਾਬਕ ਸੂਬੇ ਵਿਚ ਹੋਏ ਕੁੱਲ 54, 986 ਅਪਰਾਧਾਂ ਵਿਚੋਂ 0.5 ਫ਼ੀਸਦੀ ਅਪਰਾਧ ਅੱਲ੍ਹੜ ਉਮਰ ਦੇ ਮੁੰਡਿਆਂ ਤੇ ਕੁੜੀਆਂ ਵੱਲੋਂ ਕੀਤੇ ਗਏ ਹਨ। ਸਾਲ 2010 ਦੌਰਾਨ 246 ਨਾਬਾਲਗਾਂ ਵਿਰੁੱਧ 177 ਕੇਸ ਦਰਜ ਕੀਤੇ ਗਏ ਹਨ। ਪੰਜਾਬ ਪੁਲਿਸ ਵੱਲੋਂ ਕੀਤੇ ਅਧਿਐਨ ਅਨੁਸਾਰ 60.2 ਫ਼ੀਸਦੀ ਬਾਲ ਅਪਰਾਧੀ, ਉਨ੍ਹਾਂ ਗਰੀਬ ਪਰਿਵਾਰਾਂ ਨਾਲ ਸਬੰਧਤ ਹਨ ਜਿਨ੍ਹਾਂ ਦੀ ਸਾਲਾਨਾ ਆਮਦਨ ਸਿਰਫ 25,000 ਰੁਪਏ ਹੈ ਜਦਕਿ 32.9 ਫ਼ੀਸਦੀ ਬਾਲ ਅਪਰਾਧੀ 25,000 ਤੋਂ 50,000 ਰੁਪਏ ਦੀ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਨਾਲ ਸਬੰਧਤ ਹਨ।

ਇਨ੍ਹਾਂ 246 ਬਾਲ ਅਪਰਾਧੀਆਂ ਵਿਚੋਂ 233 ਮੁੰਡੇ ਤੇ 13 ਲੜਕੀਆਂ ਹਨ। ਇਨ੍ਹਾਂ ਬਾਲ ਅਪਰਾਧੀਆਂ ਵਿਚ 81 ਅਨਪੜ੍ਹ ਤੇ 83 ਪ੍ਰਾਇਮਰੀ ਤੱਕ ਪੜ੍ਹਾਈ ਕਰਨ ਵਾਲੇ ਬੱਚੇ ਸ਼ਾਮਲ ਹਨ। ਇਸ ਦੌਰਾਨ ਅੱਲ੍ਹੜ ਉਮਰ ਦੇ ਲੜਕਿਆਂ ਵਿਰੁੱਧ ਕਤਲ ਕਰਨ ਦੇ 12 ਕੇਸ ਦਰਜ ਹੋਏ ਹਨ। ਇਨ੍ਹਾਂ ਕਤਲ ਦੇ ਕੇਸਾਂ ਵਿਚ ਪੰਜ ਲੜਕੇ 13 ਤੋਂ 16 ਸਾਲ ਤੇ ਅੱਠ ਲੜਕੇ 17 ਤੋਂ 18 ਸਾਲ ਦੇ ਵਿਚਕਾਰ ਦੀ ਉਮਰ ਦੇ ਹਨ। 13 ਮੁੰਡਿਆਂ ਵਿਰੁੱਧ ਬਲਾਤਕਾਰ ਦੇ ਕੇਸ ਦਰਜ ਹੋਏ ਹਨ ਜਿਨ੍ਹਾਂ ਵਿਚੋਂ 7 ਲੜਕੇ 13 ਤੋਂ 16 ਸਾਲ ਤੇ ਛੇ ਲੜਕੇ 17 ਤੋਂ 18 ਸਾਲ ਦੇ ਹਨ।

ਅੱਲ੍ਹੜ ਉਮਰ ਦੇ ਲੜਕਿਆਂ ਵਿਰੁੱਧ ਅਗਵਾ ਤੇ ਉਧਾਲਣ ਦੇ ਤਿੰਨ ਕੇਸ ਦਰਜ ਹੋਏ ਹਨ। 17 ਤੋਂ 18 ਸਾਲ ਦੇ ਇਕ ਲੜਕੇ ਵਿਰੁੱਧ ਡਾਕਾ ਮਾਰਨ ਦੇ ਦੋਸ਼ ਤਹਿਤ ਵੀ ਕੇਸ ਦਰਜ ਹੋ ਚੁੱਕਾ ਹੈ। ਇਸ ਤੋਂ ਇਲਾਵਾ ਡਾਕਾ ਮਾਰਨ ਦੀ ਤਿਆਰੀ ਕਰਨ ਦੇ ਸੱਤ ਕੇਸਾਂ ਵਿਚ 13 ਤੋਂ 16 ਸਾਲ ਦੀ ਉਮਰ ਦੇ ਦੋ ਤੇ 17 ਤੋਂ 18 ਸਾਲ ਦੀ ਉਮਰ ਦੇ ਨੌਂ ਮੁੰਡੇ ਗ੍ਰਿਫ਼ਤਾਰ ਕੀਤੇ ਗਏ ਹਨ। ਮੁੰਡਿਆਂ ਵਿਰੁੱਧ ਲੁੱਟ ਦੇ ਤਿੰਨ ਕੇਸ ਦਰਜ ਹੋਏ ਹਨ। ਨਾਬਾਲਗਾਂ ਵਿਰੁੱਧ ਸੰਨ੍ਹਾਂ ਲਾਉਣ ਦੇ 10 ਕੇਸ ਦਰਜ ਹੋਏ ਹਨ ਜਿਨ੍ਹਾਂ ਵਿਚ ਸੱਤ ਤੋਂ 12 ਸਾਲ ਦੇ ਸੱਤ ਮੁੰਡੇ ਵੀ ਸ਼ਾਮਲ ਹਨ ਜਦਕਿ ਇਨ੍ਹਾਂ ਮਾਮਲਿਆਂ ਵਿਚ 13 ਤੋਂ 16 ਸਾਲ ਦੇ ਪੰਜ ਤੇ 17 ਤੋਂ 18 ਸਾਲ ਦੇ ਪੰਜ ਮੁੰਡੇ ਸ਼ਾਮਲ ਹਨ।

ਬੱਚਿਆਂ ਵਿਰੁੱਧ ਚੋਰੀ ਦੇ 39 ਕੇਸ ਦਰਜ ਕੀਤੇ ਗਏ ਹਨ। ਇਨ੍ਹਾਂ ਵਿਚ ਸੱਤ ਤੋਂ 12 ਸਾਲ ਦੇ 10 ਬੱਚੇ ਵੀ ਸ਼ਾਮਲ ਹਨ ਜਦਕਿ ਬਾਕੀ 38 ਮੁਲਜ਼ਮ 13 ਤੋਂ 18 ਸਾਲ ਦੇ ਹਨ। 13 ਸਾਲ ਦੀ ਇਕ ਲੜਕੀ ਵੀ ਚੋਰੀ ਦੇ ਕੇਸ ਵਿਚ ਗ੍ਰਿਫ਼ਤਾਰ ਕੀਤੀ ਗਈ ਹੈ। ਪੁਲਿਸ ਵੱਲੋਂ ਰਾਜ ਵਿਚ ਨੌਂ ਠੱਗੀਆਂ ਮਾਰਨ ਦੇ ਦੋਸ਼ ਹੇਠ 13 ਤੋਂ 18 ਸਾਲ ਦੀ ਉਮਰ ਦੇ 11 ਮੁੰਡਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਹੁਣ ਨਵੀਂ ਪੌਦ ਲੜਾਈ-ਝਗੜਿਆਂ ਦੇ ਮਾਮਲੇ ਵਿਚ ਵੀ ਪਿੱਛੇ ਨਹੀਂ ਰਹੀ। ਪੰਜਾਬ ਪੁਲਿਸ ਵੱਲੋਂ ਇਸ ਦੌਰਾਨ ਮੁੰਡਿਆਂ ਤੇ ਕੁੜੀਆਂ ਵਿਰੁੱਧ ਹਮਲਾ ਕਰਕੇ ਜ਼ਖ਼ਮੀ ਕਰਨ ਦੇ 21 ਕੇਸ ਦਰਜ ਕੀਤੇ ਗਏ ਹਨ। ਇਨ੍ਹਾਂ ਵਿਚ ਸੱਤ ਤੋਂ 12 ਸਾਲ ਦੇ ਛੇ ਮੁੰਡੇ ਤੇ ਇਕ ਲੜਕੀ ਵੀ ਸ਼ਾਮਲ ਹੈ। ਅਜਿਹੇ ਹੋਰ ਮਾਮਲਿਆਂ ਵਿਚ 13 ਤੋਂ 18 ਸਾਲ ਦੇ 15 ਮੁੰਡੇ ਤੇ ਚਾਰ ਲੜਕੀਆਂ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਭਾਰਤੀ ਦੰਡਾਵਲੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਨਾਬਾਲਗਾਂ ਵਿਰੁੱਧ 45 ਹੋਰ ਕੇਸ ਵੀ ਦਰਜ ਹੋਏ ਹਨ। ਇਨ੍ਹਾਂ ਵਿਚ ਸੱਤ ਤੋਂ 12 ਸਾਲ ਦੇ ਸੱਤ ਮੁੰਡੇ ਤੇ ਇਕ ਕੁੜੀ ਵੀ ਸ਼ਾਮਲ ਹੈ ਜਦਕਿ 13 ਤੋਂ 18 ਸਾਲ ਦੇ 49 ਮੁੰਡੇ ਤੇ ਤਿੰਨ ਕੁੜੀਆਂ ਸ਼ਾਮਲ ਹਨ।

# ਸਾਫ ਪਾਣੀ ਦੇ ਮੁੱਦੇ 'ਤੇ ਪੰਜਾਬ ਸਰਕਾਰ ਤਲਬ

**ਚੰਡੀਗੜ੍ਹ:** ਪੰਜਾਬ 'ਚ ਕੈਂਸਰ ਤੇ ਪੀਲੀਏ ਦੇ ਕਹਿਰ ਪ੍ਰਤੀ ਸੂਬਾ ਸਰਕਾਰ ਦੀ ਲਾਪਰਵਾਹੀ ਦਾ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਸਖ਼ਤ ਨੋਟਿਸ ਲਿਆ ਹੈ। ਕਮਿਸ਼ਨ ਨੇ ਇਨ੍ਹਾਂ ਨਾਮੁਰਾਦ ਬਿਮਾਰੀਆਂ 'ਤੇ ਕਾਬੂ ਪਾਉਣ ਲਈ ਸਰਕਾਰ ਨੂੰ ਪੀਣ ਦੇ ਸ਼ੁੱਧ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਲਈ ਦੋ ਜਨਵਰੀ ਤੱਕ ਰਿਪੋਰਟ ਦੇਣ ਲਈ ਕਿਹਾ ਹੈ।

ਜ਼ਿਕਰਯੋਗ ਹੈ ਕਿ ਰਾਜ ਸਭਾ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਕਮਿਸ਼ਨ ਅੱਗੇ ਪਟੀਸ਼ਨ ਦਾਇਰ ਕਰਕੇ ਦੋਸ਼ ਲਾਇਆ ਸੀ ਕਿ ਸੂਬੇ ਦੇ ਲੋਕ ਵਿਸ਼ੇਸ਼ ਕਰਕੇ ਮਾਲਵਾ ਵਾਸੀ ਦੂਸ਼ਿਤ ਪਾਣੀ ਪੀਣ ਲਈ ਮਜਬੂਰ ਹਨ ਤੇ ਇਹ ਪਾਣੀ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਕਾਰਨ ਬਣ ਰਿਹਾ ਹੈ। ਪਟੀਸ਼ਨ ਵਿਚ ਕਿਹਾ ਗਿਆ ਸੀ ਕਿ ਸਰਕਾਰ



ਦੀ ਢਿੱਲਮੱਠ ਕਰਕੇ ਰੈਸਟੋਰੈਂਟ ਤੇ ਖਾਣ ਪੀਣ ਦੀਆਂ ਦੁਕਾਨਾਂ ਦੇ ਮਾਲਕਾਂ ਵੱਲੋਂ ਗਾਹਕਾਂ ਨੂੰ ਪੀਣ ਲਈ ਖਾਰਾ ਪਾਣੀ ਦਿੱਤਾ ਜਾ ਰਿਹਾ ਹੈ।

ਪਟੀਸ਼ਨ ਮੁਤਾਬਕ ਰਾਜ ਵਿਚ ਬਹੁਤੇ ਥਾਈਂ ਧਰਤੀ ਹੇਠਲੇ ਪਾਣੀ ਵਿਚ ਜ਼ਹਿਰੀਲੇ ਤੱਤ ਪਾਏ ਗਏ ਹਨ ਤੇ ਕਈ ਥਾਵਾਂ 'ਤੇ ਪੀਣ ਵਾਲੇ ਪਾਣੀ ਵਿਚ ਸਨਅਤੀ ਰਹਿੰਦ ਖੂਹੰਦ ਦੀ ਮਿਲਾਵਟ ਹੋ ਰਹੀ ਹੈ ਜੋ ਸਿਹਤ ਲਈ ਖਤਰਨਾਕ ਹੈ। ਰਿਪੋਰਟ ਮੁਤਾਬਕ ਪੀਣ ਦੇ ਪਾਣੀ ਦੀਆਂ ਬੋਤਲਾਂ ਵਿਚੋਂ ਵੀ ਕਈ ਵਾਰ ਅਸ਼ੁੱਧ ਪਾਣੀ ਮਿਲਣ ਦੀ ਪੁਸ਼ਟੀ ਹੋ ਚੁੱਕੀ ਹੈ। ਮਾਝੇ ਤੇ ਦੁਆਬੇ ਵਿਚ ਵੀ ਮਾਲਵੇ ਦੇ ਬਰਾਬਰ ਹੀ ਕੈਂਸਰ ਦੇ ਕੇਸ ਸਾਹਮਣੇ ਆਉਣ ਲੱਗੇ ਹਨ। ਸਰਕਾਰ ਕੈਂਸਰ ਰੋਕਣ ਲਈ ਭਾਵੇਂ ਉਪਰਲੇ ਪੱਧਰ 'ਤੇ ਕਈ ਤਰ੍ਹਾਂ ਦੀਆਂ ਸਕੀਮਾਂ ਬਣਾ ਰਹੀ ਹੈ ਅਤੇ ਵੱਖ-ਵੱਖ ਪ੍ਰਕਾਰ ਦੇ ਪ੍ਰੋਗਰਾਮ ਦਿੱਤੇ ਜਾ ਰਹੇ ਹਨ ਪਰ ਪੀਣ ਲਈ ਲੋਕਾਂ ਨੂੰ ਸ਼ੁੱਧ ਪਾਣੀ ਮੁਹੱਈਆ ਕਰਾਉਣ ਦੇ ਯਤਨ ਨਹੀਂ ਕੀਤੇ ਜਾ ਰਹੇ ਹਨ।

# ਹਿੰਦੀ ਨਹੀਂ ਹੈ ਭਾਰਤ ਦੀ ਕੌਮੀ ਭਾਸ਼ਾ

**ਚੰਡੀਗੜ੍ਹ:** ਇਹ ਗੱਲ ਭਾਵੇਂ ਮੰਨਣਯੋਗ ਨਾ ਲੱਗੇ ਪਰ ਇਹ ਸਚਾਈ ਇਹ ਹੈ ਕਿ ਬਹੁ ਭਾਸ਼ਾਵਾਂ ਦਾ ਮਾਣ ਰੱਖਣ ਵਾਲੇ ਭਾਰਤ ਕੋਲ ਕੋਈ ਵੀ ਕੌਮੀ ਭਾਸ਼ਾ ਨਹੀਂ ਹੈ। ਕਾਨੂੰਨ ਮੁਤਾਬਕ ਮੋਰ ਨੂੰ ਕੌਮੀ ਪੰਛੀ, ਗੁਲਾਬ ਨੂੰ ਕੌਮੀ ਫੁੱਲ, ਮੋਹਨਦਾਸ ਕਰਮਚੰਦ ਗਾਂਧੀ (ਮਹਾਤਮਾ ਗਾਂਧੀ) ਨੂੰ ਰਾਸ਼ਟਰ ਪਿਤਾ ਹੋਣ ਦਾ ਸਨਮਾਨ ਮਿਲ ਚੁੱਕਿਆ ਹੈ ਪਰ ਭਾਰਤ ਵਿਚ ਬੋਲੀਆਂ ਜਾਂਦੀਆਂ ਭਾਸ਼ਾਵਾਂ ਵਿਚੋਂ ਕਿਸੇ ਨੂੰ ਵੀ ਅਜੇ ਕੌਮੀ ਭਾਸ਼ਾ ਹੋਣ ਦਾ ਮਾਣ ਹਾਸਲ ਨਹੀਂ ਹੋਇਆ।

ਇਹ ਖੁਲਾਸਾ ਸੂਚਨਾ ਅਧਿਕਾਰ ਕਨੂੰਨ ਤਹਿਤ ਮੰਗੀ ਜਾਣਕਾਰੀ ਤੋਂ ਹੋਇਆ ਹੈ। ਆਮ ਤੌਰ 'ਤੇ ਸਕੂਲਾਂ ਵਿਚ ਇਹੀ ਪੜ੍ਹਾਇਆ ਜਾਂਦਾ ਹੈ ਕਿ ਕੌਮੀ ਭਾਸ਼ਾ ਹਿੰਦੀ ਹੈ। ਅੱਜ ਵੀ ਕਈ ਸਰਕਾਰੀ ਸਕੂਲਾਂ ਦੀਆਂ ਕੰਧਾਂ, ਰੇਲਵੇ ਸਟੇਸ਼ਨਾਂ ਤੇ ਬੈਂਕਾਂ 'ਚ 'ਸਾਡੀ ਰਾਸ਼ਟਰੀ ਭਾਸ਼ਾ ਹਿੰਦੀ ਹੈ, ਇਸ ਦਾ ਸਨਮਾਨ ਕਰੋ' ਆਮ ਲਿਖਿਆ ਦੇਖਿਆ ਜਾ ਸਕਦਾ ਹੈ। ਇਸ ਬਾਰੇ ਅਧਿਆਪਕ ਵੀ ਬਹੁਗਿਣਤੀ ਵਿਚ ਬੋਲੀ ਜਾਂਦੀ 'ਹਿੰਦੀ' ਨੂੰ ਹੀ ਕੌਮੀ ਭਾਸ਼ਾ ਦੱਸਦੇ ਹਨ ਪਰ ਸੂਚਨਾ ਅਧਿਕਾਰ ਕਾਨੂੰਨ ਤਹਿਤ ਮੰਗੀ ਜਾਣਕਾਰੀ ਕੁਝ ਹੋਰ ਹੀ ਬਿਆਨ ਕਰ ਰਹੀ ਹੈ।

ਆਰ.ਟੀ.ਆਈ. ਵਿਚ ਗ੍ਰਿਹ ਮੰਤਰਾਲੇ ਭਾਰਤ ਸਰਕਾਰ ਤੋਂ ਕੌਮੀ ਭਾਸ਼ਾ ਬਾਰੇ ਮੰਗੀ ਜਾਣਕਾਰੀ ਦਾ ਜਵਾਬ ਬੜਾ ਹੈਰਾਨ ਕਰਨ ਵਾਲਾ ਆਇਆ ਹੈ। ਰਾਜ ਭਾਸ਼ਾ ਵਿਭਾਗ ਦੇ ਸਕੱਤਰ ਰਤੀ ਰਾਮ ਤੇ ਗ੍ਰਿਹ ਮੰਤਰਾਲੇ ਦੇ ਕੇਂਦਰੀ ਜਨ ਸੂਚਨਾ ਅਧਿਕਾਰੀ ਨੇ ਜਵਾਬ ਵਿਚ ਕਿਹਾ ਹੈ ਕਿ ਸੰਵਿਧਾਨ ਦੇ ਅਨੁਛੇਦ 343 ਮੁਤਾਬਕ ਹਿੰਦੀ ਸੰਘ ਦੀ ਰਾਜ ਭਾਸ਼ਾ ਹੈ, ਨਾ ਕਿ ਕੌਮੀ ਭਾਸ਼ਾ। ਉਨ੍ਹਾਂ ਕਿਹਾ ਕਿ ਭਾਰਤ ਦੇ ਸੰਵਿਧਾਨ ਵਿਚ ਕੌਮੀ ਭਾਸ਼ਾ ਦਾ ਕਿਧਰੇ ਵੀ ਜ਼ਿਕਰ ਨਹੀਂ ਹੈ।

ਹਾਸਲ ਜਾਣਕਾਰੀ ਅਨੁਸਾਰ 2009 ਵਿਚ ਗੁਜਰਾਤ ਹਾਈ ਕੋਰਟ ਵਿਚ ਰਾਕੇਸ਼ ਕਚਾੜੀਆ ਨਾਂ ਦੇ ਵਿਅਕਤੀ ਨੇ ਜਨਹਿਤ ਪਟੀਸ਼ਨ ਪਾਈ ਸੀ ਕਿ ਵਸਤੂਆਂ ਦੇ ਪੈਕਟਾਂ, ਸ਼ੀਸ਼ੀਆਂ ਤੇ ਡੱਬਿਆਂ 'ਤੇ ਉਸ ਦੇ ਬਣਨ ਦੀ ਤਾਰੀਖ਼, ਮਿਆਦ ਪੁੱਗਣ ਦੀ ਤਾਰੀਖ਼, ਵਸਤੂ ਦਾ ਮੁੱਲ ਤੇ ਹੋਰ ਜਾਣਕਾਰੀ ਅੰਗਰੇਜ਼ੀ ਦੀ ਥਾਂ ਕੌਮੀ ਭਾਸ਼ਾ ਹਿੰਦੀ ਵਿਚ ਲਿਖੀ ਜਾਵੇ। ਜਨਵਰੀ 2010 ਵਿਚ ਚੀਫ਼ ਜਸਟਿਸ ਐਸ.ਜੇ. ਮੁਖਉਪਾਧਿਆ ਦੇ ਬੈਂਚ ਨੇ ਇਸ ਦਾ ਫ਼ੈਸਲਾ ਸੁਣਾਉਂਦਿਆਂ ਸਪਸ਼ਟ ਕੀਤਾ ਕਿ ਦੇਸ਼ ਦਾ ਕੋਈ ਕਾਨੂੰਨ ਜਾਂ ਸੰਵਿਧਾਨ, ਹਿੰਦੀ ਨੂੰ ਕੌਮੀ ਭਾਸ਼ਾ



ਦਾ ਦਰਜਾ ਨਹੀਂ ਦਿੰਦਾ ਹੈ। ਉਨ੍ਹਾਂ ਇਹ ਵੀ ਸਾਫ਼ ਕੀਤਾ ਕਿ ਹਿੰਦੀ ਸੰਘ ਦੀ ਰਾਜ ਭਾਸ਼ਾ ਹੈ।

ਜ਼ਿਕਰਯੋਗ ਹੈ ਕਿ ਭਾਰਤ ਦੇ 13 ਰਾਜਾਂ ਦਿੱਲੀ, ਬਿਹਾਰ, ਹਰਿਆਣਾ, ਹਿਮਾਚਲ ਪ੍ਰਦੇਸ਼, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਉਤਰਾਂਚਲ, ਅਰੁਣਾਚਲ ਪ੍ਰਦੇਸ਼, ਅੰਡੇਮਾਨ ਨਿਕੋਬਾਰ, ਝਾਰਖੰਡ, ਰਾਜਸਥਾਨ, ਚੰਡੀਗੜ੍ਹ ਤੇ ਛੱਤੀਸਗੜ੍ਹ ਨੇ ਹਿੰਦੀ ਨੂੰ ਆਪਣੀ ਦਫ਼ਤਰੀ ਭਾਸ਼ਾ ਵਜੋਂ ਮਾਨਤਾ ਦਿੱਤੀ ਹੋਈ ਹੈ। ਭਾਰਤ ਦੇ ਕਰੰਸੀ ਨੋਟ 'ਤੇ ਵੱਖਰੇ-ਵੱਖਰੇ ਰਾਜਾਂ ਦੀਆਂ 15 ਭਾਸ਼ਾਵਾਂ ਲਿਖੀਆਂ ਹੋਈਆਂ ਹਨ ਪਰ ਸੰਵਿਧਾਨ ਵਿਚ 22 ਭਾਸ਼ਾਵਾਂ ਨੂੰ ਮਾਨਤਾ ਮਿਲੀ ਹੋਈ ਹੈ।

# ਗੁੱਝੀ ਬਿਮਾਰੀ ਨੇ 76 ਘਰਾਂ ਦੇ ਚਿਰਾਗ ਬੁਝਾਏ

**ਚੰਡੀਗੜ੍ਹ:** ਪਟਿਆਲੇ ਜ਼ਿਲ੍ਹੇ ਦੇ ਪਿੰਡ ਦੇਧਣਾ ਨੂੰ ਅਜਿਹੀ ਨਾਮੁਰਾਦ ਬਿਮਾਰੀ ਨੇ ਆਣ ਘੇਰਿਆ ਹੈ ਜਿਸ ਦਾ ਪਿੰਡ ਵਾਸੀ ਨਾਂ ਵੀ ਨਹੀਂ ਜਾਣਦੇ। ਪਿੰਡ ਵਾਸੀ ਭਾਵੇਂ ਇਸ ਬਿਮਾਰੀ ਨੂੰ ਕੈਂਸਰ ਦਾ ਨਾਂ ਦੇ ਰਹੇ ਹਨ ਪਰ ਪ੍ਰਸ਼ਾਸਨ ਇਸ ਨੂੰ ਲੋਕਾਂ ਦੀ ਅਨਪੜ੍ਹਤਾ ਦੇ ਨੀਮ-ਹਕੀਮਾਂ ਦੇ ਵੱਸ ਪੈਣਾ ਦੱਸ ਰਿਹਾ ਹੈ। ਕੈਂਸਰ ਦੇ ਇਲਾਜ ਤੇ ਰੋਕਥਾਮ ਲਈ ਸਰਗਰਮ ਸਵੈਸੇਵੀ ਸੰਸਥਾ 'ਰੋਕੋ ਕੈਂਸਰ' ਦੇ ਸੰਪਰਕ ਵਿਚ ਆਏ ਪਿੰਡ ਦੇ ਲੋਕਾਂ ਨੇ ਦਾਅਵਾ ਕੀਤਾ ਕਿ ਪਿਛਲੇ ਕੁਝ ਸਾਲਾਂ ਵਿਚ ਇਸ ਪਿੰਡ ਦੇ 76 ਲੋਕਾਂ ਦੀਆਂ ਜਾਨਾਂ ਇਹ ਬਿਮਾਰੀ ਲੈ ਚੁੱਕੀ ਹੈ ਜਦਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੈਂਸਰ ਨਾਲ ਸਿਰਫ 20 ਮੌਤਾਂ ਹੋਣ ਦੀ ਪੁਸ਼ਟੀ ਕੀਤੀ ਗਈ ਹੈ ਤੇ ਬਾਕੀ ਮੌਤਾਂ ਦਾ ਇਲਜ਼ਾਮ ਉਨ੍ਹਾਂ ਨੇ ਨੀਮ ਹਕੀਮਾਂ ਜ਼ਿੰਮੇ ਮੜ੍ਹਿਆ ਹੈ।

ਉਧਰ ਮਾਹਿਰਾਂ ਦਾ ਮੰਨਣਾ ਹੈ ਕਿ ਨੀਮ ਹਕੀਮ ਹੋਰ ਪੁਰਾਣੀਆਂ ਬਿਮਾਰੀਆਂ ਦੀ ਗਲਤ ਢੰਗ ਨਾਲ ਪਛਾਣ ਕਰਕੇ ਇਸ ਨੂੰ ਕੈਂਸਰ ਕਰਾਰ ਦੇ ਦਿੰਦੇ ਹਨ ਤੇ ਗਲਤ ਇਲਾਜ ਕਰਕੇ ਮਰੀਜ਼ ਨੂੰ ਮੌਤ ਦੇ ਮੂੰਹ ਪਾ ਦਿੰਦੇ ਹਨ। ਸਿਹਤ ਵਿਭਾਗ ਨੇ ਹੁਣ ਵੀ ਕੈਂਸਰ ਦੇ ਪੰਜ ਬਿਮਾਰ ਪਿੰਡ ਵਿਚ ਹੋਣ ਦੀ ਪੁਸ਼ਟੀ ਕੀਤੀ ਹੈ। ਇਨ੍ਹਾਂ ਵਿਚੋਂ ਇਕ ਮਹਿਲਾ ਪੰਚ ਦਾ ਇਲਾਜ ਪੀ.ਜੀ.ਆਈ. ਚੰਡੀਗੜ੍ਹ ਤੋਂ ਚੱਲ ਰਿਹਾ ਹੈ। ਬਾਕੀਆਂ ਦਾ ਇਲਾਜ ਹਰਿਆਣਾ ਜਾਂ ਦਿੱਲੀ ਤੋਂ ਚੱਲ ਰਿਹਾ ਹੈ ਤੇ ਕੋਈ ਵੀ ਮਰੀਜ਼ ਸੂਬਾ ਸਰਕਾਰ ਤੋਂ ਇਲਾਜ ਲਈ ਮਦਦ ਨਹੀਂ ਲੈ ਰਿਹਾ।

ਰਾਜਿੰਦਰਾ ਮੈਡੀਕਲ ਕਾਲਜ ਤੋਂ ਸਿਰਫ਼ 43 ਕਿਲੋਮੀਟਰ ਦੂਰ ਪਟਿਆਲਾ-ਪਾਤੜਾਂ ਸੜਕ 'ਤੇ ਸਥਿਤ ਇਸ ਪਿੰਡ ਦੇ ਕਈ ਲੋਕ ਕਰਜ਼ਾਈ ਹੋ ਕੇ ਕੁਝ ਕੁ ਸ਼ਾਹੂਕਾਰਾਂ ਕੋਲ ਸਾਰੀ ਜ਼ਮੀਨ

### ਪਿੰਡ ਦੇਧਣਾ ਸਾਜ਼ਸ਼ਤੀ ਦਾ ਸ਼ਿਕਾਰ

ਗਵਾ ਚੁੱਕੇ ਹਨ। ਗਰੀਬੀ, ਅਗਿਆਨਤਾ ਤੇ ਸਿਹਤ ਸੇਵਾਵਾਂ ਨਾ ਹੋਣ ਕਾਰਨ ਇਹ ਪਿੰਡ ਜਿੱਲਤ ਢੋਅ ਰਿਹਾ ਹੈ। ਲੋਕ ਆਪਣੇ ਸਕੇ ਸਬੰਧੀਆਂ ਦੇ ਨੀਮ ਹਕੀਮਾਂ ਕੋਲੋਂ ਇਲਾਜ ਲਈ ਆਪਣੇ ਮਾੜੇ ਮੋਟੇ ਸਾਧਨ ਵੀ ਦਾਅ 'ਤੇ ਲਾ ਰਹੇ ਹਨ।

ਪਿੰਡ ਵਾਲੇ ਰਾਜ ਸਰਕਾਰ ਤੇ ਖਾਸ ਕਰ ਸਿਹਤ ਵਿਭਾਗ ਤੋਂ ਬੜੇ ਖਫ਼ਾ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਮਿਲਦਾ ਪਾਣੀ ਵੀ ਪੀਣਯੋਗ ਨਹੀਂ। ਉਹ ਆਰ.ਓ. ਸਿਸਟਮ ਲਾਏ ਜਾਣ ਦੀਆਂ ਕਈ ਬੇਨਤੀਆਂ ਕਰ ਚੁੱਕੇ ਹਨ। ਪਿੰਡ ਵਾਸੀਆਂ ਅਨੁਸਾਰ ਹੁਣ ਜਦੋਂ ਮੌਤ ਪਿੰਡ ਦੇ ਕਿੰਨੇ ਹੀ ਲੋਕਾਂ ਨੂੰ ਲਿਜਾ ਚੁੱਕੀ ਹੈ ਤਾਂ ਵਿਭਾਗ ਨੇ ਘਰ-ਘਰ ਜਾ ਕੇ ਸਰਵੇਖਣ ਕੀਤਾ ਹੈ। ਉਨ੍ਹਾਂ ਕਿਹਾ ਕਿ ਪਿੰਡ ਦੇ 90 ਫੀਸਦੀ ਲੋਕ ਦਿਹਾੜੀਦਾਰ ਹਨ, ਉਨ੍ਹਾਂ ਕੋਲ ਕੈਂਸਰ ਦਾ ਇਲਾਜ ਕਰਾਉਣ ਲਈ ਪੈਸੇ ਨਹੀਂ ਹੁੰਦੇ।

ਸਿਹਤ ਵਿਭਾਗ ਮੁਤਾਬਕ ਕੈਂਸਰ ਨਾਲ ਹੋਈਆਂ ਮੌਤਾਂ ਦੀ ਗਿਣਤੀ ਵਧਾ ਚੜ੍ਹਾ ਕੇ ਦੱਸੀ ਗਈ ਹੈ ਕਿਉਂਕਿ ਮਰਨ ਵਾਲੇ ਸਾਰੇ 76 ਵਿਅਕਤੀਆਂ ਦੇ ਇਸ ਬੀਮਾਰੀ ਨਾਲ ਮਰਨ ਦੇ ਪੁਖਤਾ ਸਬੂਤ ਨਹੀਂ ਹਨ। ਪਿੰਡਾਂ ਵਿਚ ਨੀਮ ਹਕੀਮ ਆਮ ਪੁਰਾਣੀਆਂ ਬੀਮਾਰੀਆਂ ਨੂੰ ਵੀ ਕੈਂਸਰ ਦਾ ਨਾਂ ਦੇਈ ਜਾ ਰਹੇ ਹਨ। ਦੇਧਣਾ ਇਕੱਲਾ ਪਿੰਡ ਨਹੀਂ ਹੈ ਸਗੋਂ ਹੋਰ ਵੀ ਬਹੁਤ ਸਾਰੇ ਪਿੰਡ ਹਨ ਜਿਥੇ ਦੇਧਣਾ ਵਾਂਗ ਹੀ ਉਚਿਤ ਸਿਹਤ ਸਹੂਲਤਾਂ ਤੇ ਸਿਹਤ ਕੇਂਦਰ ਨਹੀਂ ਹਨ।

ਆਮ ਲੋਕ, ਖਾਸ ਕਰ ਹੇਠਲੇ ਵਰਗਾਂ ਦੇ ਲੋਕ ਨੀਮ ਹਕੀਮਾਂ ਦੇ ਧੱਕੇ ਚੜ੍ਹ ਰਹੇ ਹਨ। ਭਾਵੇਂ ਰਾਜ ਸਰਕਾਰ ਨੇ ਪਹਿਲੀ ਅਕਤੂਬਰ ਨੂੰ ਕੈਂਸਰ ਦੀ ਪਛਾਣ ਕਰਨ ਦੀ ਵਿਸ਼ੇਸ਼ ਮੁਹਿੰਮ ਚਲਾਈ ਸੀ ਪਰ ਦੇਧਣਾ ਤੇ ਹੋਰ ਪਿੰਡਾਂ ਨੂੰ ਸ਼ਾਇਦ ਹੀ ਇਸ ਦਾ ਲਾਭ ਪੁੱਜਿਆ ਹੋਵੇ। ਵਿਭਾਗ ਅਨੁਸਾਰ ਕੈਂਸਰ ਦੇ ਮਰੀਜ਼ਾਂ ਦੀ ਸਹੀ ਗਿਣਤੀ ਜਾਣਨ ਲਈ ਸਾਰੇ ਪੰਜਾਬ ਵਿਚ ਘਰ-ਘਰ ਜਾ ਕੇ ਸਰਵੇਖਣ ਕੀਤਾ ਜਾਏਗਾ। ਪਿੰਡ ਦੇਧਣਾ 'ਚ 1975 ਤੋਂ ਵੱਡੇ ਪੱਧਰ 'ਤੇ ਹੋਈਆਂ ਮੌਤਾਂ, ਕੈਂਸਰ ਨਾਲ ਹੋਣ ਬਾਰੇ ਉਨ੍ਹਾਂ ਕੋਲ ਕੋਈ ਪੁਖਤਾ ਤੱਥ ਨਹੀਂ ਹਨ।

## Matrimonials

### ਕੰਨਿਆ ਦੀ ਲੋੜ ਹੈ

ਜੱਟ ਸਿੱਖ ਥਿੰਦ ਇੰਡੀਆ ਰਹਿੰਦੇ ਅੰਮ੍ਰਿਤਧਾਰੀ, 23 ਸਾਲ, ਕੱਦ 5'-9", ਰਜਿਸਟਰਡ ਨਰਸ ਸੁਨੱਖੇ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੀ ਭੂਆ ਤੇ ਵੱਡੀ ਭੈਣ ਅਮਰੀਕਾ 'ਚ ਵੈਲ ਸੈਟਲਡ ਹਨ ਤੇ ਲੜਕੇ ਦਾ ਪਰਿਵਾਰ ਜਲਦੀ ਅਮਰੀਕਾ ਪਹੁੰਚ ਰਿਹਾ ਹੈ। ਸੰਪਰਕ ਕਰੋ: ਫੋਨ 530-713-7098, 91-97818-37605 ਜਾਂ ਈਮੇਲ: bains45@gmail.com

---

ਪੰਜਾਬ ਰਹਿੰਦੇ ਜੱਟ ਸਿੱਖ ਸੋਹਣੇ ਸੁਨੱਖੇ ਐਮ ਬੀ ਏ ਲੜਕੇ, ਉਮਰ 26 ਸਾਲ, ਕੱਦ 5'-11", ਚੰਗਾ ਖਾਨਦਾਨ, ਚੰਗੀ ਪੇਂਡੂ ਤੇ ਸ਼ਹਿਰੀ ਜਾਇਦਾਦ, ਵਾਸਤੇ ਚੰਗੇ ਪਰਿਵਾਰ ਦੀ ਉਚੀ ਲੰਮੀ ਖੂਬਸੂਰਤ ਅਮਰੀਕਨ ਸਿਟੀਜਨ ਲੜਕੀ ਦੀ ਲੋੜ ਹੈ। ਲੜਕੇ ਦਾ ਪਿਤਾ ਪੰਜਾਬ ਸਰਕਾਰ ਵਿਚ ਉਚ ਅਫਸਰ। ਸੰਪਰਕ ਕਰੋ, ਫੋਨ: (510) 760-9600
E-Mail Tigerjatt@gmail.com

---

Sikh Saini parents seek match for US educated son, PhD, BTech Computer Science; 30/5'-9". Employed with a reputed company in Louisville, KY. Caste no bar Email: photo/Bio at harpreetdaurka@gmail.com.

---

ਜੱਟ ਸਿੱਖ ਇਲੈਕਟਰੀਕਲ ਇੰਜੀਨੀਅਰ, ਉਮਰ 26 ਸਾਲ, ਕੱਦ 5'-7" ਅਮਰੀਕੀ ਸਿਟੀਜ਼ਨ ਲੜਕੇ ਲਈ ਅਮਰੀਕਾ ਰਹਿੰਦੀ ਪ੍ਰੋਫੈਸ਼ਨਲ ਜੱਟ ਸਿੱਖ ਲੜਕੀ ਦੀ ਲੋੜ ਹੈ। ਸੰਪਰਕ ਕਰੋ: 209-675-5441

### ਵਰ ਦੀ ਲੋੜ ਹੈ

ਜੱਟ ਸਿੱਖ ਕੈਲੀਫੋਰਨੀਆ ਵਸਦੀ ਗਰੀਨ ਕਾਰਡ ਹੋਲਡਰ, ਉਮਰ 33 ਸਾਲ, ਕੱਦ 5'-5" ਐਮ ਏ ਪਾਸ ਲੜਕੀ ਲਈ ਨਸ਼ਿਆਂ ਤੋਂ ਰਹਿਤ ਅਮਰੀਕਾ ਵਿਚ ਕੱਚੇ-ਪੱਕੇ ਤੌਰ 'ਤੇ ਰਹਿ ਰਹੇ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ, ਫੋਨ: 347-653-5790,
e-mail: prince.kular@yahoo.com

---

Well settled Saini Sikh parents seek stricktly Gursikh match for US Citizen innocently divorced daughter, 28, 5'-6", M Ed., school teacher. Email biodata @ bsinghmdus@yahoo.com

**punjabtimesusa.com**

# ਅਮਰੀਕਾ ਵਿਚ 10 ਸਾਲ ਸਟੇਅ ਦੇ ਆਧਾਰ 'ਤੇ ਮਿਲਿਆ ਗਰੀਨ ਕਾਰਡ

**ਨਿਊ ਯਾਰਕ:** ਅਮਰੀਕਾ ਵਿਚ 10 ਤੋਂ ਵੱਧ ਸਾਲ ਰਹਿਣ ਦੇ ਆਧਾਰ 'ਤੇ ਇਮੀਗ੍ਰੇਸ਼ਨ ਜੱਜ ਨੇ ਰਵਿੰਦਰ ਕੌਰ ਤੇ ਉਸ ਦੇ ਦੋ ਬੱਚਿਆਂ- ਅਵਨੀਤ ਕੌਰ ਤੇ ਗੁਰਨੀਤ ਸਿੰਘ ਨੂੰ 'ਹਾਰਡਸ਼ਿਪ ਗਰੀਨ ਕਾਰਡ' ਜਾਰੀ ਕਰ ਦਿੱਤਾ ਹੈ। ਰਵਿੰਦਰ ਕੌਰ ਤੇ ਉਸ ਦੇ ਬੱਚਿਆਂ ਦੇ ਕੇਸ ਦੀ ਪੈਰਵਾਈ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕੀਤੀ।

ਰਵਿੰਦਰ ਕੌਰ ਤੇ ਉਸ ਦੇ ਬੱਚੇ 1990 ਵਿਚ ਅਮਰੀਕਾ ਆਏ ਸਨ ਤੇ ਲਗਾਤਾਰ ਅਮਰੀਕਾ ਵਿਚ ਰਹੇ। ਉਨ੍ਹਾਂ ਨੂੰ ਇਮੀਗ੍ਰੇਸ਼ਨ ਪ੍ਰਸ਼ਾਸਨ ਨੇ ਡਿਪੋਰਟੇਸ਼ਨ ਦੀ ਪ੍ਰਕ੍ਰਿਆ ਵਿਚ ਪਾ ਦਿੱਤਾ ਸੀ ਕਿਉਂਕਿ ਅਮਰੀਕਾ ਵਿਚ ਉਸ ਦੇ ਕੋਲ ਕੋਈ ਸਟੇਟਸ ਨਹੀਂ ਸੀ। ਜਦੋਂ ਰਵਿੰਦਰ ਕੌਰ ਨੂੰ ਡਿਪੋਰਟੇਸ਼ਨ ਦੀ ਪ੍ਰਕ੍ਰਿਆ ਵਿਚ ਰਖਿਆ ਗਿਆ ਤਾਂ ਉਸ ਸਮੇਂ ਉਸ ਦੇ ਪਤੀ ਰਮਿੰਦਰ ਸਿੰਘ ਕੋਲ ਪਹਿਲਾਂ ਹੀ ਗਰੀਨ ਕਾਰਡ ਸੀ।

ਅਟਾਰਨੀ ਪੰਨੂ ਨੇ ਰਵਿੰਦਰ ਕੌਰ ਤੇ ਉਸ ਦੇ ਬੱਚਿਆਂ ਲਈ ਇਮੀਗ੍ਰੇਸ਼ਨ ਜੱਜ ਅੱਗੇ 'ਕੈਨਸਲੇਸ਼ਨ ਆਫ ਰਿਮੂਵਲ' ਅਰਜ਼ੀ ਪੇਸ਼ ਕੀਤੀ ਕਿਉਂਕਿ ਉਹ ਪਿਛਲੇ 10 ਸਾਲਾਂ ਤੋਂ ਅਮਰੀਕਾ ਵਿਚ ਰਹਿ ਰਹੇ ਸਨ। ਅਟਾਰਨੀ ਪੰਨੂ ਅਨੁਸਾਰ 'ਹਾਰਡਸ਼ਿਪ ਗਰੀਨ ਕਾਰਡ' ਹਾਸਿਲ ਕਰਨ ਦੀ ਮੁਢਲੀ ਸ਼ਰਤ ਇਹ ਹੈ ਕਿ ਵਿਅਕਤੀ 10 ਸਾਲ ਤੋਂ ਅਮਰੀਕਾ ਰਹਿੰਦਾ ਹੋਵੇ ਤੇ ਉਸ ਦੇ ਪਤੀ ਜਾਂ ਪਤਨੀ, ਮਾਤਾ ਪਿਤਾ ਜਾਂ ਬਚਿਆਂ ਕੋਲ ਗਰੀਨ ਕਾਰਡ-ਅਮਰੀਕੀ ਨਾਗਰਿਕਤਾ ਹੋਵੇ ਜਿਨ੍ਹਾਂ ਨੂੰ ਕਿ ਉਸ ਦੇ ਡਿਪੋਰਟ ਕੀਤੇ ਜਾਣ 'ਤੇ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੋਵੇ।

ਅਟਾਰਨੀ ਪੰਨੂ ਨੇ ਇਮੀਗ੍ਰੇਸ਼ਨ ਜੱਜ ਅੱਗੇ ਉਹ ਸਾਰੇ ਦਸਤਾਵੇਜ਼ ਪੇਸ਼ ਕੀਤੇ ਕਿ ਰਵਿੰਦਰ ਕੌਰ ਦੇ ਪਤੀ ਅਤੇ ਅਵਨੀਤ ਕੌਰ ਤੇ ਗੁਰਨੀਤ ਸਿੰਘ ਦੇ ਪਿਤਾ ਰਮਿੰਦਰ ਸਿੰਘ ਅਮਰੀਕਾ ਦੇ ਕਾਨੂੰਨਨ ਸਥਾਈ ਨਾਗਰਿਕ ਹਨ ਤੇ ਜੇ ਉਸ ਦੀ ਪਤਨੀ ਤੇ ਬਚਿਆਂ ਨੂੰ ਡਿਪੋਰਟ ਕੀਤਾ ਜਾਂਦਾ ਹੈ ਤਾਂ ਉਸ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ। ਦਲੀਲਾਂ ਸੁਣਨ ਉਪਰੰਤ ਜੱਜ ਨੇ ਰਵਿੰਦਰ ਕੌਰ ਤੇ ਉਸ ਦੇ ਬੱਚਿਆਂ ਦਾ ਗਰੀਨ ਕਾਰਡ ਜਾਰੀ ਕਰਨ ਦੇ ਹੁਕਮ ਦੇ ਦਿੱਤੇ।

# ਯੂਨਾਈਟਿਡ ਸਪੋਰਟਸ ਕਲੱਬ ਦਾ ਕਬੱਡੀ ਕੱਪ ਅਗਲੇ ਸਾਲ 11 ਮਈ ਨੂੰ

**ਫਰੀਮਾਂਟ (ਬਿਊਰੋ):** ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਵਲੋਂ ਸਾਲ



ਅਮੋਲਕ ਸਿੰਘ ਗਾਖਲ

2013 ਵਿਚ ਆਪਣਾ ਕਬੱਡੀ ਕੱਪ ਟੂਰਨਾਮੈਂਟ 11 ਮਈ ਨੂੰ ਕਰਵਾਇਆ ਜਾਵੇਗਾ ਜੋ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੇ ਬੈਨਰ ਥੱਲੇ ਹੋਵੇਗਾ। ਹਾਕੀ ਓਲੰਪੀਅਨ ਸੁਰਿੰਦਰ ਸਿੰਘ ਸੋਢੀ ਇਸ ਟੂਰਨਾਮੈਂਟ ਵਿਚ ਮੁੱਖ ਮਹਿਮਾਨ ਹੋਣਗੇ।

ਕਲੱਬ ਦੀ ਇਕ ਮੀਟਿੰਗ ਤੋਂ ਬਾਅਦ ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਇਸ ਕਬੱਡੀ ਟੂਰਨਾਮੈਂਟ ਵਿਚ ਤਿੰਨ ਟੀਮਾਂ ਅਮਰੀਕਾ ਤੋਂ ਹੋਣਗੀਆਂ ਜਦੋਂਕਿ ਇਕ ਇਕ ਟੀਮ ਕੈਨੇਡਾ, ਇੰਗਲੈਂਡ ਅਤੇ ਇੰਡੀਆ ਤੋਂ ਹੋਵੇਗੀ। ਇਸ ਟੂਰਨਾਮੈਂਟ ਦਾ ਪਹਿਲਾ ਇਨਾਮ ਰਣਧੀਰ ਸਿੰਘ (ਧੀਰਾ) ਨਿੱਜਰ ਤੇ ਸਾਥੀਆਂ ਵਲੋਂ ਹੋਵੇਗਾ ਜਦਕਿ ਦੂਜਾ ਇਨਾਮ ਐਲ ਟੀ ਏ ਟਰਾਂਸਪੋਰਟ ਮਾਡੈਸਟੋ ਦੇ ਹੈਰੀ ਸਿੰਘ ਅਤੇ ਸਾਥੀਆਂ ਵਲੋਂ ਸਪਾਂਸਰ ਕੀਤਾ ਜਾਵੇਗਾ। ਕਬੱਡੀ ਦਾ ਮੁੱਖ ਸਪਾਂਸਰ ਡਾਇਮੰਡ ਸਪੋਰਟਸ ਕਲੱਬ, ਸਟਾਕਟਨ ਹੋਵੇਗਾ।

ਸ. ਗਾਖਲ ਨੇ ਪਿਛਲੇ ਟੂਰਨਾਮੈਂਟ ਲਈ ਪੰਜਾਬੀ ਭਾਈਚਾਰੇ ਤੋਂ ਮਿਲੇ ਸਹਿਯੋਗ ਲਈ ਧੰਨਵਾਦ ਕਰਦਿਆਂ ਕਿਹਾ ਕਿ ਕਲੱਬ ਵਲੋਂ ਅਗਲੇ ਸਾਲ ਹੋਣ ਵਾਲੇ ਕਬੱਡੀ ਕੱਪ ਨੂੰ ਇਤਿਹਾਸਕ ਬਣਾਉਣ ਲਈ ਪੂਰਾ ਟਿੱਲ ਲਾਇਆ ਜਾਵੇਗਾ।

# ਪਤਨੀ ਦੇ ਕਾਤਲ ਪਤੀ ਨੂੰ ਉਮਰ ਕੈਦ

**ਬਰਨਾਲਾ:** ਅਦਾਲਤ ਨੇ ਅਹਿਮ ਕੇਸ ਦਾ ਫ਼ੈਸਲਾ ਸੁਣਾਉਂਦੇ ਹੋਏ ਇਕ ਵਿਅਕਤੀ ਨੂੰ ਆਪਣੀ ਪਤਨੀ ਦੇ ਕਤਲ ਦੇ ਦੋਸ਼ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਪੁਲਿਸ ਫਾਈਲ ਮੁਤਾਬਕ ਗੁਰਚਰਨ ਸਿੰਘ ਪੁੱਤਰ ਮੁਕੰਦ ਸਿੰਘ ਅਸਪਾਲ ਕਲਾਂ ਦੀ ਲੜਕੀ ਵੀਰਪਾਲ ਕੌਰ ਦਾ ਗੁਰਵਿੰਦਰ ਸਿੰਘ ਪੁੱਤਰ ਦਰਬਾਰਾ ਸਿੰਘ ਨਿਵਾਸੀ ਫ਼ਤਿਹਪੁਰ ਪਿੰਡ ਧੌਲਾ ਜ਼ਿਲ੍ਹਾ ਬਰਨਾਲਾ ਨਾਲ ਵਿਆਹ ਹੋਇਆ ਸੀ ਪਰ ਵਿਆਹ ਤੋਂ ਕਝ ਸਮਾਂ ਬਾਅਦ ਹੀ ਉਸ ਦੇ ਸੱਸ-ਸਹੁਰਾ ਤੇ ਪਤੀ ਨੇ ਉਸ ਨੂੰ ਦਾਜ ਲਈ ਤੰਗ-ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਤੇ ਉਸ ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ।

ਇਸ ਬਾਰੇ ਮਾਮਲਾ ਥਾਣਾ ਤਪਾ ਵਿਖੇ ਦਰਜ਼ ਹੋਇਆ ਇਸਤਗਾਸਾ ਪੱਖ ਤੋਂ ਉੱਘੇ ਵਕੀਲ ਜਗਜੀਤ ਸਿੰਘ ਢਿਲੋਂ ਪੇਸ਼ ਹੋਏ। ਜ਼ੋਰਦਾਰ ਬਹਿਸ ਉਪਰੰਤ ਅਦਾਲਤ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਬਲਵਿੰਦਰ ਸਿੰਘ ਸੰਧੂ ਨੇ ਵਕੀਲਾਂ ਦੀਆ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਮ੍ਰਿਤਕਾ ਦੇ ਪਤੀ ਗੁਰਵਿੰਦਰ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ।

To Advertise with Punjab Times
Call: 847-359-0746
punjabtimesusa.com

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Friday 9am to 8pm
Sat- Sunday- 8am to 8pm
(Tuesday 9am to 4pm)

Cell: (510)-677-9942
Shop: (510)-505-9605

HELP WANTED
We need a couple for managing & housekeeping a small motel in Tulare county (CA). Must be able to speak English. Good salary, free accommodation.
ਟੂਲੇਅਰ ਕਾਊਂਟੀ, ਕੈਲੀਫੋਰਨੀਆ ਵਿਚ ਇਕ ਛੋਟੀ ਮੋਟਲ ਸੰਭਾਲਣ ਵਾਸਤੇ ਇਕ ਜੋੜੇ ਦੀ ਲੋੜ ਹੈ ਜੋ ਅੰਗਰੇਜ਼ੀ ਬੋਲਣੀ ਜਾਣਦਾ ਹੋਵੇ। ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼।
ਸੰਪਰਕ ਕਰੋ: ਅਮਰੀਕ ਭੰਡਾਲ
ਫੋਨ: 559-380-8888

FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

MRP TRAVEL
Lowest International and Domestic Fares
A·R·C FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

India Vacation tour package also available.
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES

# ਸਨਾਵਰ ਗਰਾਂਟ ਸਹੀ ਠਹਿਰਾਉਣ ਲਈ ਉਲਟਾ ਪੈਂਤੜਾ



**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਸਨਾਵਰ ਸਕੂਲ ਨੂੰ ਦਿੱਤੀ ਗਈ ਇਕ ਕਰੋੜ ਰੁਪਏ ਦੀ ਗਰਾਂਟ ਦੇ 'ਪੰਜਾਬ ਨਿਰਮਾਣ ਪ੍ਰੋਗਰਾਮ' ਦੇ ਘੇਰੇ ਵਿਚ ਨਾ ਹੋਣ ਦੀ ਗੱਲ ਕਬੂਲਣ ਤੋਂ ਕਰੀਬ ਇਕ ਹਫਤਾ ਬਾਅਦ ਪੰਜਾਬ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਇਸ ਗਰਾਂਟ ਨੂੰ ਸਹੀ ਕਰਾਰ ਦੇਣ ਦੀ ਕੋਸ਼ਿਸ਼ ਕੀਤੀ। ਸਰਕਾਰ ਨੇ ਇਸ ਗਰਾਂਟ ਦੇ 'ਜਨਤਕ ਮੰਤਵ' ਲਈ ਹੋਣ ਦਾ ਨਿਤਾਰਾ ਕਰਨ ਦੀ ਅਦਾਲਤ ਦੀ ਸ਼ਕਤੀ ਉੱਤੇ ਵੀ ਸਵਾਲ ਖੜ੍ਹਾ ਕੀਤਾ।

ਮਾਮਲੇ ਉੱਤੇ ਜਦੋਂ ਹਾਈ ਕੋਰਟ ਦੇ ਮੁੱਖ ਜੱਜ ਜਸਟਿਸ ਅਰਜੁਨ ਕੁਮਾਰ ਸੀਕਰੀ ਤੇ ਜਸਟਿਸ ਰਾਕੇਸ਼ ਕੁਮਾਰ ਜੈਨ ਦੇ ਡਿਵੀਜ਼ਨ ਬੈਂਚ ਅੱਗੇ ਸੁਣਵਾਈ ਸ਼ੁਰੂ ਹੋਈ ਤਾਂ ਪੰਜਾਬ ਦੇ ਐਡਵੋਕੇਟ ਜਨਰਲ ਅਸ਼ੋਕ ਅਗਰਵਾਲ ਨੇ ਦਾਅਵਾ ਕੀਤਾ ਕਿ ਰਾਜ ਸਰਕਾਰ ਨੂੰ ਕਿਸੇ ਵੀ ਮਕਸਦ ਲਈ ਗਰਾਂਟ ਦੇਣ ਦਾ ਅਖਤਿਆਰ ਹੈ। ਉਨ੍ਹਾਂ ਕਿਹਾ ਕਿ ਅਦਾਲਤਾਂ ਨੂੰ ਇਹ ਫੈਸਲਾ ਕਰਨ ਦਾ ਅਖਤਿਆਰ ਨਹੀਂ ਹੈ ਕਿ ਕੀ ਸਬੰਧਤ ਗਰਾਂਟ 'ਜਨਤਕ ਮਕਸਦ' ਲਈ ਦਿੱਤੀ ਗਈ ਹੈ।

ਸਾਬਕਾ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਵੱਲੋਂ ਦਾਇਰ ਲੋਕ ਹਿਤ ਪਟੀਸ਼ਨ ਉੱਤੇ ਹੋਈ ਸੁਣਵਾਈ ਦੌਰਾਨ ਸ੍ਰੀ ਅਗਰਵਾਲ ਨੇ ਕਿਹਾ ਕਿ ਜੇ ਕਿਸੇ ਸਕੀਮ ਨੂੰ ਰਾਜ ਵਿਧਾਨ ਸਭਾ ਪਾਸ ਕਰ ਦੇਵੇ ਤਾਂ ਉਸ ਵਿਚ ਕੈਬਨਿਟ ਵੀ ਦਖਲ ਨਹੀਂ ਦੇ ਸਕਦੀ। ਉਨ੍ਹਾਂ ਦੀਆਂ ਦਲੀਲਾਂ ਨੂੰ ਰਿਕਾਰਡ ਉੱਤੇ ਲੈਣ ਤੋਂ ਬਾਅਦ ਅਦਾਲਤ ਨੇ ਆਪਣੇ ਹੁਕਮ ਰਿਜ਼ਰਵ ਰੱਖ ਲਏ।

ਦੂਜੇ ਪਾਸੇ ਸ੍ਰੀ ਅਗਰਵਾਲ ਦੀਆਂ ਦਲੀਲਾਂ ਨੂੰ ਰੱਦ ਕਰਦਿਆਂ ਪਟੀਸ਼ਨਰ ਦੇ ਵਕੀਲ ਐਚ.ਸੀ. ਅਰੋੜਾ ਨੇ 'ਪੰਜਾਬ ਨਿਰਮਾਣ ਪ੍ਰੋਗਰਾਮ' ਬਾਰੇ ਸਰਕਾਰੀ ਸੇਧਾਂ ਅਦਾਲਤ ਵਿਚ ਪੇਸ਼ ਕੀਤੀਆਂ ਜਿਨ੍ਹਾਂ ਵਿਚ ਸਾਫ ਕਿਹਾ ਗਿਆ ਹੈ ਕਿ ਇਸ ਸਕੀਮ ਤਹਿਤ ਗਰਾਂਟ ਸਿਰਫ ਪੰਜਾਬ ਵਿਚ ਵਿਕਾਸ ਦੇ ਮਕਸਦ ਲਈ ਹੀ ਦਿੱਤੀ ਜਾ ਸਕਦੀ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਫਿਲਮ 'ਸਨ ਆਫ ਸਰਦਾਰ' ਨੂੰ ਹਰੀ ਝੰਡੀ



**ਅੰਮ੍ਰਿਤਸਰ:** ਬਾਲੀਵੁੱਡ ਅਦਾਕਾਰ ਅਜੇ ਦੇਵਗਨ ਦੀ ਫ਼ਿਲਮ 'ਸਨ ਆਫ ਸਰਦਾਰ' ਵਿਚੋਂ ਆਖ਼ਰ ਸਾਰੇ ਇਤਰਾਜ਼ਯੋਗ ਦ੍ਰਿਸ਼ ਹਟਾ ਦਿੱਤੇ ਗਏ ਹਨ ਤੇ ਫ਼ਿਲਮ ਨੂੰ ਜ਼ਬਾਨੀ ਕਲੀਨ ਚਿੱਟ ਮਿਲ ਗਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਜਾਂਚ ਕਮੇਟੀ ਨੇ ਫ਼ਿਲਮ ਦਾ ਅੰਤਿਮ ਪ੍ਰਿੰਟ ਦੇਖਣ ਤੋਂ ਬਾਅਦ ਆਪਣੀ ਸੰਤੁਸ਼ਟੀ ਜ਼ਾਹਰ ਕੀਤੀ ਹੈ ਤੇ ਹੁਣ ਇਹ ਫ਼ਿਲਮ ਦੀਵਾਲੀ ਤੋਂ ਬਾਅਦ ਦੇਸ਼ ਭਰ ਵਿੱਚ ਰਿਲੀਜ਼ ਲਈ ਤਿਆਰ ਹੈ। ਸ਼੍ਰੋਮਣੀ ਕਮੇਟੀ ਵੱਲੋਂ ਗਠਿਤ ਤਿੰਨ ਮੈਂਬਰੀ ਜਾਂਚ ਕਮੇਟੀ ਵਿਚ ਸ਼ਾਮਲ ਮੀਤ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਕਮੇਟੀ ਨੇ ਫ਼ਿਲਮ ਦਾ ਅੰਤਿਮ ਪ੍ਰਿੰਟ ਇਥੇ ਸਿਨੇਮਾ ਹਾਲ ਵਿਚ ਦੇਖਿਆ ਹੈ। ਸ਼੍ਰੋਮਣੀ ਕਮੇਟੀ ਤੇ ਸਿੱਖ ਭਾਈਚਾਰੇ ਵੱਲੋਂ ਜਿਨ੍ਹਾਂ ਦ੍ਰਿਸ਼ਾਂ 'ਤੇ ਇਤਰਾਜ਼ ਯਤਾਇਆ ਗਿਆ ਸੀ, ਉਹ ਫ਼ਿਲਮ ਵਿਚੋਂ ਕੱਟ ਦਿੱਤੇ ਗਏ ਹਨ। ਜਾਂਚ ਕਮੇਟੀ ਆਪਣੀ ਰਿਪੋਰਟ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਸੌਂਪੇਗੀ। ਜਾਂਚ ਟੀਮ ਨੇ ਪਹਿਲਾਂ ਅਜੇ ਦੇਵਗਨ ਨਾਲ ਮੁਲਾਕਾਤ ਦੌਰਾਨ ਫ਼ਿਲਮ ਵਿਚਲੇ ਇਤਰਾਜ਼ਯੋਗ ਦ੍ਰਿਸ਼ਾਂ ਬਾਰੇ ਗੱਲ ਕੀਤੀ ਸੀ। ਉਸ ਵੇਲੇ ਅਦਾਕਾਰ ਨੇ ਸਿੱਖ ਭਾਈਚਾਰੇ ਦੇ ਪ੍ਰਤੀਨਿਧਾਂ ਨੂੰ ਭਰੋਸਾ ਦਿੱਤਾ ਸੀ ਕਿ ਉਹ ਇਹ ਸਾਰੇ ਇਤਰਾਜ਼ਯੋਗ ਦ੍ਰਿਸ਼ ਹਟਾ ਦੇਣਗੇ ਪਰ ਬੀਤੇ ਦਿਨ ਪੰਜਾਬ ਸਮੇਤ ਦਿੱਲੀ, ਜੈਪੁਰ, ਮੁੰਬਈ ਤੇ ਬੰਗਲੌਰ ਨਾਲ ਸਬੰਧਤ ਸਿੱਖ ਜਥੇਬੰਦੀਆਂ ਸਿੱਖੀ ਸਿਦਕ, ਬੈਟਰ ਸਿੱਖ ਸਕੂਲ, ਯੰਗ ਸਿੱਖ ਲੀਡਰ, ਬਿਬੇਕ ਟਰਸੱਟ, ਧਾਰਮਿਕ ਏਕਤਾ ਮਿਸ਼ਨ ਨੇ ਦੋਸ਼ ਲਾਇਆ ਸੀ ਕਿ 'ਸਨ ਆਫ ਸਰਦਾਰ' ਵਿਚੋਂ ਇਤਰਾਜ਼ਯੋਗ ਦ੍ਰਿਸ਼ ਹਟਾਏ ਨਹੀਂ ਗਏ ਹਨ।

# ਡੇਰਾ ਬਿਆਸ ਦੇ ਮੁਖੀ ਵੱਲੋਂ ਸੰਤ ਦਾਦੂਵਾਲ ਨਾਲ ਮੁਲਾਕਾਤ

**ਬਠਿੰਡਾ:** ਰਾਧਾ ਸੁਆਮੀ ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਨੇ ਪਿੰਡ ਦਾਦੂ ਦੇ ਗੁਰਦੁਆਰਾ ਸ੍ਰੀ ਗੁਰੂ ਗ੍ਰੰਥਸਰ ਸਾਹਿਬ ਵਿਖੇ ਮੱਥਾ ਟੇਕਿਆ ਤੇ ਪੰਥਕ ਸੇਵਾ ਲਹਿਰ ਦੇ ਮੁਖੀ ਸੰਤ ਬਲਜੀਤ ਸਿੰਘ ਦਾਦੂਵਾਲ ਨਾਲ ਬੰਦ ਕਮਰੇ ਵਿਚ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਮੁਲਾਕਾਤ ਨੂੰ ਪੰਥਕ ਖੇਤਰ ਵਿਚ ਬਹੁਤ ਹੀ ਅਹਿਮ ਸਮਝਿਆ ਜਾ ਰਿਹਾ ਹੈ। ਰਾਧਾ ਸੁਆਮੀ ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਆਪਣੇ ਕਾਫ਼ਲੇ ਨਾਲ ਪਿੰਡ ਦਾਦੂ ਦੇ ਗੁਰਦੁਆਰਾ ਸ੍ਰੀ ਗੁਰੂ ਗ੍ਰੰਥਸਰ ਸਾਹਿਬ ਵਿਖੇ ਪੁੱਜੇ ਤੇ ਉਨ੍ਹਾਂ ਗੁਰਦੁਆਰਾ ਸਾਹਿਬ ਵਿਚ ਮੱਥਾ ਟੇਕਣ ਤੋਂ ਬਾਅਦ ਸੰਤ ਬਲਜੀਤ ਸਿੰਘ ਦਾਦੂਵਾਲ ਨਾਲ ਬੰਦ ਕਮਰੇ ਵਿਚ ਮੀਟਿੰਗ ਕੀਤੀ।





ਬਾਬਾ ਗੁਰਿੰਦਰ ਸਿੰਘ ਤਕਰੀਬਨ ਸਾਢੇ ਤਿੰਨ ਵਜੇ ਦੇ ਕਰੀਬ ਗੁਰਦੁਆਰਾ ਸਾਹਿਬ ਵਿਚ ਆਏ ਤੇ ਦੋ ਘੰਟੇ ਇਥੇ ਰੁਕੇ ਤੇ ਉਨ੍ਹਾਂ ਨੇ ਸੰਤ ਬਲਜੀਤ ਸਿੰਘ ਦਾਦੂਵਾਲ ਨਾਲ ਗੱਲਬਾਤ ਕੀਤੀ। ਇਸ ਮੌਕੇ ਬਾਬਾ ਗੁਰਿੰਦਰ ਸਿੰਘ ਨਾਲ ਉਨ੍ਹਾਂ ਦੇ ਸੁਰੱਖਿਆ ਗਾਰਡ ਤੇ ਕੁਝ ਨਿੱਜੀ ਵਿਅਕਤੀ ਹਾਜ਼ਰ ਸਨ। ਇਸ ਮੌਕੇ ਬਾਬਾ ਗੁਰਿੰਦਰ ਸਿੰਘ ਨੇ ਗੁਰਦੁਆਰਾ ਸਾਹਿਬ ਵਿਚ ਹਾਜ਼ਰ ਸਿੱਖ ਸੰਗਤ ਨੂੰ ਵੀ ਫਤਿਹ ਬੁਲਾਈ। ਇਸ ਮੌਕੇ ਕੁਝ ਰਾਧਾ ਸੁਆਮੀ ਪੈਰੋਕਾਰ ਵੀ ਹਾਜ਼ਰ ਸਨ।

ਇਸ ਬਾਰੇ ਜਦੋਂ ਸੰਤ ਬਲਜੀਤ ਸਿੰਘ ਦਾਦੂਵਾਲ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਡੇਰਾ ਬਿਆਸ ਦੇ ਮੁਖੀ ਉਨ੍ਹਾਂ ਨੂੰ ਸਿਰਫ ਮਿਲਣ ਲਈ ਹੀ ਆਏ ਸਨ ਤੇ ਉਨ੍ਹਾਂ ਨਾਲ ਕੋਈ ਖਾਸ ਗੱਲਬਾਤ ਨਹੀਂ ਹੋਈ। ਉਨ੍ਹਾਂ ਦੀਆਂ ਆਪਸ ਵਿਚ ਗੁਰਬਾਣੀ ਬਾਰੇ ਜ਼ਿਆਦਾ ਵਿਚਾਰਾਂ ਹੋਈਆਂ। ਉਨ੍ਹਾਂ ਇਹ ਵੀ ਦੱਸਿਆ ਕਿ ਪੰਥਕ ਜਥੇਬੰਦੀਆਂ ਤੇ ਰਾਧਾ ਸੁਆਮੀ ਡੇਰਾ ਵਿਚਲੇ ਵਿਵਾਦ ਨੂੰ ਸੁਲਝਾਉਣ ਲਈ ਆਪਸ ਵਿਚ ਮਿਲਜੁਲ ਕੇ ਰਹਿਣ ਤੇ ਮਸਲੇ ਨੂੰ ਸੁਲਝਾਉਣ ਲਈ ਬੈਠ ਕੇ ਗੱਲਬਾਤ ਕਰਨ 'ਤੇ ਵੀ ਥੋੜੀ ਗੱਲ ਹੋਈ। ਰਾਧਾ ਸੁਆਮੀ ਡੇਰਾ ਬਿਆਸ ਦੇ ਮੁਖੀ ਨੇ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਇਕ ਪੇਟਿੰਗ ਵੀ ਭੇਟ ਕੀਤੀ।

# ਬਾਦਲ ਦੇ ਕਰੀਬੀ ਆਗੂ ਦੀ ਭੇਤਭਰੀ ਹਾਲਤ 'ਚ ਮੌਤ



**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਲੰਬੀ ਦੇ ਪ੍ਰਧਾਨ ਤੇ ਅਕਾਲੀ ਆਗੂ ਜਥੇਦਾਰ ਇਕਬਾਲ ਸਿੰਘ ਤਰਮਾਲਾ ਦੀ ਰਹੱਸਮਈ ਹਾਲਾਤ ਵਿਚ ਗੋਲੀ ਲੱਗਣ ਕਰਕੇ ਮੌਤ ਹੋ ਗਈ ਜਿਸ ਬਾਰੇ ਕਈ ਤਰ੍ਹਾਂ ਦੀ ਚਰਚਾ ਜਾਰੀ ਹੈ। 32 ਬੋਰ ਰਿਵਾਲਵਰ ਦੀ ਗੋਲੀ 58 ਸਾਲਾ ਸ. ਤਰਮਾਲਾ ਦੇ ਮੱਥੇ ਦੇ ਵਿਚਕਾਰ ਲੱਗੀ। ਇਹ ਘਟਨਾ ਢਾਣੀ ਤੇਲਿਆਂਵਾਲੀ ਵਿਖੇ ਉਨ੍ਹਾਂ ਦੀ ਰਿਹਾਇਸ਼ 'ਤੇ ਤੜਕੇ ਕਰੀਬ 5 ਵਜੇ ਵਾਪਰੀ। ਪਰਿਵਾਰਕ ਮੈਂਬਰਾਂ ਅਨੁਸਾਰ ਜਥੇਦਾਰ ਤਰਮਾਲਾ ਨੇ ਆਪਣੇ 32 ਬੋਰ ਲਾਇਸੈਂਸੀ ਰਿਵਾਲਵਰ ਨਾਲ ਆਤਮ-ਹੱਤਿਆ ਕੀਤੀ ਹੈ ਜਿਸ ਤਹਿਤ ਲੰਬੀ ਪੁਲੀਸ ਵੱਲੋਂ 174 ਦੀ ਕਾਰਵਾਈ ਕੀਤੀ ਗਈ ਹੈ।

# ਸੇਖੋਂ ਦੀ ਲੋਕਪਾਲ ਵਜੋਂ ਨਿਯੁਕਤੀ ਤੋਂ ਕਾਂਗਰਸ ਖ਼ਫ਼ਾ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਜਸਟਿਸ (ਸੇਵਾਮੁਕਤ) ਜੇ.ਐਸ. ਸੇਖੋਂ ਦੀ ਪੰਜਾਬ ਦੇ ਲੋਕਪਾਲ ਵਜੋਂ ਨਿਯੁਕਤੀ ਨੂੰ ਸਿਆਸਤ ਤੋਂ ਪ੍ਰੇਰਿਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਇਸ ਨਿਯੁਕਤੀ ਨਾਲ ਲੋਕਪਾਲ ਐਕਟ ਦੀ ਆਤਮਾ ਦਾ ਘਾਣ ਕੀਤਾ ਹੈ। ਕੈਪਟਨ ਨੇ ਸ਼ੰਕਾ ਜ਼ਾਹਿਰ ਕੀਤੀ ਕਿ ਜਸਟਿਸ ਸੇਖੋਂ ਦੀ ਅਕਾਲੀਆਂ ਨਾਲ ਨੇੜਤਾ ਜੱਗ ਜ਼ਾਹਰ ਹੈ ਤੇ ਉਹ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਜ਼ਦੀਕੀ ਰਿਸ਼ਤੇਦਾਰ ਹਨ। ਇਸ ਤੋਂ ਸਪੱਸ਼ਟ ਹੈ ਕਿ ਲੋਕਪਾਲ ਸੰਸਥਾ ਦਾ ਸਿਆਸੀ ਟੀਚਿਆਂ ਨੂੰ ਪੂਰਾ ਕਰਨ ਲਈ ਗਲਤ ਇਸਤੇਮਾਲ ਕੀਤਾ ਜਾਵੇਗਾ। ਇਸ ਤੋਂ ਇਲਾਵਾ ਕੇਂਦਰੀ ਲੋਕਪਾਲ ਐਕਟ ਜਿਸ ਨੂੰ ਪਹਿਲਾਂ ਹੀ ਲੋਕ ਸਭਾ ਤੇ ਰਾਜ ਸਭਾ ਵੱਲੋਂ ਪਾਸ ਕੀਤਾ ਜਾ ਚੁੱਕਾ ਹੈ, ਦਰਸਾਉਂਦਾ ਹੈ ਕਿ ਲੋਕਪਾਲ ਚੋਣ ਕਮੇਟੀ ਦਾ ਹਿੱਸਾ ਵਿਰੋਧੀ ਧਿਰ ਦਾ ਆਗੂ ਵੀ ਹੋਣਾ ਚਾਹੀਦਾ ਹੈ ਪਰ ਪੰਜਾਬ ਸਰਕਾਰ ਨੇ ਇਸ ਪ੍ਰਕਿਰਿਆ ਨੂੰ ਨਹੀਂ ਅਪਣਾਇਆ। ਜ਼ਿਕਰਯੋਗ ਹੈ ਕਿ ਜਸਟਿਸ ਸੇਖੋਂ ਕੱਟੜ ਅਕਾਲੀ ਪਰਿਵਾਰ ਨਾਲ ਸਬੰਧ ਰੱਖਦੇ ਹਨ। ਉਨ੍ਹਾਂ ਦੇ ਭਰਾ ਜਨਮੇਜਾ ਸਿੰਘ ਸੇਖੋਂ ਬਾਦਲ ਦੀ ਅਗਵਾਈ ਵਾਲੀ ਸਰਕਾਰ ਵਿਚ ਮੰਤਰੀ ਹਨ। ਕੈਪਟਨ ਨੇ ਕਿਹਾ ਕਿ ਜਸਟਿਸ ਸੇਖੋਂ ਦੀ ਨਿਯੁਕਤੀ ਦੇ ਫੈਸਲੇ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਅਜਿਹੇ ਉਚ ਅਹੁਦੇ ਦਾ ਸਿਆਸੀਕਰਨ ਨਹੀਂ ਹੋਣਾ ਚਾਹੀਦਾ ਹੈ। ਚਪੰਜਾਬ ਸਰਕਾਰ ਨੇ ਜਸਟਿਸ (ਸੇਵਾਮੁਕਤ) ਜੈ ਸਿੰਘ ਸੇਖੋਂ ਨੂੰ ਪੰਜਾਬ ਦਾ ਲੋਕਪਾਲ ਲਾ ਦਿੱਤਾ ਹੈ। ਜਸਟਿਸ ਸੇਵਾਮੁਕਤ ਦਲਜੀਤ ਸਿੰਘ ਧਾਲੀਵਾਲ ਦੀ ਸੇਵਾ ਮੁਕਤੀ ਤੋਂ ਬਾਅਦ ਇਹ ਅਸਾਮੀ ਮਾਰਚ ਤੋਂ ਖਾਲੀ ਪਈ ਸੀ। ਪੰਜਾਬ ਤੇ ਹਰਿਆਣਾ ਹਾਈ ਕਰੋਟ ਵਿਚੋਂ ਸੇਵਾਮੁਕਤੀ ਤੋਂ ਬਾਅਦ ਜਸਟਿਸ ਸੇਖੋਂ ਇਸ ਤੋਂ ਪਹਿਲਾਂ ਚੀਫ਼ ਕਮਿਸ਼ਨਰ ਗੁਰਦੁਅਰਾ ਚੋਣਾਂ ਦੇ ਅਹੁਦੇ 'ਤੇ ਰਹਿ ਚੁੱਕੇ ਹਨ। ਉਨ੍ਹਾਂ ਫਿਰੋਜ਼ਪੁਰ ਤੋਂ ਵਕਾਲਤ ਸ਼ੁਰੂ ਕੀਤੀ ਸੀ ਤੇ ਉਸ ਤੋਂ ਬਾਅਦ ਜੱਜ ਵਜੋਂ ਚੋਣ ਹੋਣ ਤੋਂ ਬਾਅਦ ਕਈ ਜ਼ਿਲ੍ਹਿਆਂ ਵਿਚ ਜ਼ਿਲ੍ਹਾ ਤੇ ਸੈਸ਼ਨ ਜੱਜ ਵਜੋਂ ਵੀ ਸੇਵਾ ਨਿਭਾਈ। ਉਹ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਵੀ ਰਹਿ ਚੁੱਕੇ ਹਨ।



# ਸਤਲੁਜ ਦਰਿਆ ਦੇ ਕੰਢੇ ਵਸੇ ਪਿੰਡ ਬਣਨਗੇ ਸੈਲਾਨੀ ਕੇਂਦਰ



**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਲੁਧਿਆਣਾ ਜ਼ਿਲ੍ਹੇ ਵਿਚ ਸਤਲੁਜ ਦਰਿਆ ਦੇ ਕੰਢੇ ਵਸੇ ਅੱਧੀ ਦਰਜਨ ਪਿੰਡਾਂ ਨੂੰ ਵੱਡੇ ਸੈਲਾਨੀ ਕੇਂਦਰ ਵਜੋਂ ਵਿਕਸਤ ਕਰਨ ਦੀ ਯੋਜਨਾ ਬਣਾਈ ਗਈ ਹੈ। ਹੈਦਰ ਨਗਰ, ਮੱਤੇਵਾੜਾ, ਸੇਖੂਵਾਲ ਪਿੰਡਾਂ ਦੀ ਜ਼ਮੀਨ 'ਤੇ ਬਣਨ ਵਾਲੇ ਇਸ ਵਿਸ਼ਵ ਪੱਧਰੀ ਸੈਲਾਨੀ ਕੇਂਦਰ ਵਿਚ ਰੇਸ ਕੋਰਸ, ਗੋਲਫ਼ ਕੋਰਸ, ਪੰਜ ਤਾਰਾ ਹੋਟਲ, ਐਮਿਊਜ਼ਮੈਂਟ ਪਾਰਕ, ਜੰਗਲਾਤ ਹੱਬ ਤੇ ਹੋਰ ਅਤਿ ਆਧੁਨਿਕ ਸਹੂਲਤਾਂ ਦਿੱਤੇ ਜਾਣ ਦਾ ਪ੍ਰਸਤਾਵ ਹੈ।

ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ.ਆਈ.ਡੀ.ਬੀ.) ਨੂੰ ਇਹ ਪੂਰਾ ਪ੍ਰਾਜੈਕਟ ਸੌਂਪਿਆ ਗਿਆ ਹੈ। ਸਰਕਾਰ ਦੇ ਨਿਰਦੇਸ਼ਾਂ 'ਤੇ ਪੀ.ਆਈ.ਡੀ.ਬੀ. ਵੱਲੋਂ ਵੀਰਵਾਰ ਨੂੰ ਹੋਈ ਮੰਤਰੀ ਮੰਡਲ ਦੀ ਮੀਟਿੰਗ ਲਈ ਪ੍ਰਸਤਾਵ ਵੀ ਭੇਜਿਆ ਸੀ। ਸੂਤਰਾਂ ਅਨੁਸਾਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਕੈਬਨਿਟ ਮੀਟਿੰਗ ਵਿਚੋਂ ਗੈਰਹਾਜ਼ਰ ਹੋਣ ਕਾਰਨ ਇਹ ਪ੍ਰਸਤਾਵ ਸਿਰੇ ਨਹੀਂ ਚੜ੍ਹ ਸਕਿਆ। ਸੈਲਾਨੀ ਕੇਂਦਰ ਦੇ ਇਸ ਪ੍ਰਾਜੈਕਟ ਨੂੰ ਉਪ ਮੁੱਖ ਮੰਤਰੀ ਦੇ ਦਿਮਾਗ ਦੀ ਕਾਢ ਦੱਸਿਆ ਜਾ ਰਿਹਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਗਲੀ ਵਜ਼ਾਰਤੀ ਮੀਟਿੰਗ ਵਿਚ ਇਹ ਮਾਮਲਾ ਮੁੜ ਲਿਆਉਣ ਲਈ ਕਿਹਾ ਹੈ।

ਸੂਤਰਾਂ ਅਨੁਸਾਰ ਸਰਕਾਰ ਵੱਲੋਂ ਇਸ ਪ੍ਰਾਜੈਕਟ ਨੂੰ ਸਥਾਪਤ ਕਰਨ ਲਈ ਅੱਧੀ ਦਰਜਨ ਪਿੰਡਾਂ ਦੀਆਂ ਪੰਚਾਇਤੀ ਤੇ ਇਨ੍ਹਾਂ ਪਿੰਡਾਂ ਵਿਚ ਪੈਂਦੇ ਸਰਕਾਰੀ ਵਿਭਾਗਾਂ ਦੀਆਂ ਜ਼ਮੀਨਾਂ 'ਤੇ ਅੱਖ ਹੈ। ਇਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੇ ਸੈਲਾਨੀ ਕੇਂਦਰ ਸਥਾਪਤ ਕਰਨ ਲਈ ਜ਼ਮੀਨ ਦੇਣ ਲਈ ਹਾਮੀ ਭਰ ਦਿੱਤੀ ਹੈ। ਇਨ੍ਹਾਂ ਪਿੰਡਾਂ ਵਿਚ ਪਸ਼ੂ ਪਾਲਣ ਵਿਭਾਗ ਦੇ ਬਾਗਬਾਨੀ ਵਿਭਾਗਾਂ ਦੀਆਂ ਜ਼ਮੀਨਾਂ ਵੀ ਹਨ। ਇਹ ਵਿਭਾਗ ਵੀ ਜ਼ਮੀਨ ਦੇਣ ਲਈ ਰਾਜ਼ੀ ਹੈ।

ਇਹ ਸੈਲਾਨੀ ਕੇਂਦਰ ਤਕਰੀਬਨ 1200 ਏਕੜ ਜ਼ਮੀਨ 'ਤੇ ਉਸਾਰਿਆ ਜਾਣਾ ਹੈ। ਪੀ.ਆਈ.ਡੀ.ਬੀ. ਨਾਲ ਸਬੰਧਤ ਅਧਿਕਾਰੀਆਂ ਅਨੁਸਾਰ ਪੰਜਾਬ ਮੰਤਰੀ ਮੰਡਲ ਵੱਲੋਂ ਪ੍ਰਵਾਨਗੀ ਦਿੱਤੇ ਜਾਣ ਤੋਂ ਬਾਅਦ ਇਸ ਮਾਮਲੇ ਨੂੰ ਅਮਲੀ ਰੂਪ ਦੇਣਾ ਸ਼ੁਰੂ ਕਰ ਦਿੱਤਾ ਜਾਵੇਗਾ। ਇਹ ਪ੍ਰਾਜੈਕਟ ਪੰਜ ਕੁ ਸਾਲਾਂ ਦੇ ਸਮੇਂ ਅੰਦਰ ਸਿਰੇ ਚੜ੍ਹਨ ਦੀ ਉਮੀਦ ਹੈ। ਇਸ ਪ੍ਰਾਜੈਕਟ 'ਤੇ ਅਰਬਾਂ ਰੁਪਏ ਖਰਚ ਹੋਣੇ ਹਨ। ਇਸ ਲਈ ਇਸ ਨੂੰ ਨਿੱਜੀ ਭਾਈਵਾਲੀ ਨਾਲ ਹੀ ਚਲਾਇਆ ਜਾਵੇਗਾ। ਸਰਕਾਰ ਵੱਲੋਂ ਨਿੱਜੀ ਭਾਈਵਾਲਾਂ ਨੂੰ ਜ਼ਮੀਨ ਮੁਹੱਈਆ ਕਰਾਈ ਜਾਵੇਗੀ ਤੇ ਉਸਾਰੀ 'ਤੇ ਖਰਚਾ ਪ੍ਰਾਈਵੇਟ ਕੰਪਨੀਆਂ ਵੱਲੋਂ ਕੀਤਾ ਜਾਵੇਗਾ।

ਲੁਧਿਆਣੇ ਦੀ ਹੱਦ ਦੁਆਬੇ ਨਾਲ ਲਗਦੀ ਹੋਣ ਕਾਰਨ ਐਨ.ਆਰ.ਆਈ. ਯਾਤਰੀਆਂ ਲਈ ਵੀ ਇਹ ਇਲਾਕਾ ਖਿੱਚ ਦਾ ਕੇਂਦਰ ਹੋਵੇਗਾ। ਪੀ.ਆਈ.ਡੀ.ਬੀ. ਦੇ ਅਧਿਕਾਰੀਆਂ ਅਨੁਸਾਰ ਲੁਧਿਆਣਾ ਜ਼ਿਲ੍ਹੇ ਦੇ ਪਿੰਡਾਂ ਦੀ ਚੋਣ ਇਸ ਕਰਕੇ ਕੀਤੀ ਗਈ ਕਿਉਂਕਿ ਇਕ ਤਾਂ ਇਨ੍ਹਾਂ ਪਿੰਡਾਂ ਵਿਚ ਪੰਚਾਇਤਾਂ ਤੇ ਸਰਕਾਰੀ ਵਿਭਾਗਾਂ ਦੀ ਵਾਧੂ ਜ਼ਮੀਨ ਪਈ ਹੈ। ਸਤਲੁਜ ਦਰਿਆ ਦੇ ਕੰਢੇ 'ਤੇ ਪਿੰਡ ਵਸੇ ਹੋਣ ਕਾਰਨ ਸੈਲਾਨੀ ਕੇਂਦਰ ਦੀ ਦਿੱਖ ਜ਼ਿਆਦਾ ਪ੍ਰਭਾਵਸ਼ਾਲੀ ਤੇ ਕੁਦਰਤੀ ਹੋਵੇਗੀ।

ਇਹ ਇਲਾਕਾ ਪੰਜਾਬ ਦੇ ਐਨ ਵਿਚਕਾਰ ਵੀ ਪੈਂਦਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਪ੍ਰਾਜੈਕਟ 'ਤੇ ਕਿਉਂਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਰੋਕ ਲਾ ਦਿੱਤੀ ਸੀ, ਇਸ ਲਈ ਰੁਕਿਆ ਪਿਆ ਹੈ। ਜ਼ਿਕਰਯੋਗ ਹੈ ਕਿ ਸਰਕਾਰ ਵੱਲੋਂ ਲੁਧਿਆਣਾ ਜ਼ਿਲ੍ਹੇ ਦੇ ਉਕਤ ਪਿੰਡਾਂ ਵਿਚ ਰੇਸ ਕੋਰਸ ਕਲੱਬ ਆਦਿ ਸਥਾਪਤ ਕਰਨ ਲਈ ਪਿਛਲੇ ਡੇਢ ਦਹਾਕੇ ਤੋਂ ਯਤਨ ਕੀਤੇ ਜਾ ਰਹੇ ਹਨ।

# ਪੰਜਾਬ ਸਰਕਾਰ ਨੇ ਮੈਰਿਜ ਪੈਲੇਸਾਂ ਖ਼ਿਲਾਫ਼ ਸ਼ਿਕੰਜਾ ਕੱਸਿਆ

## ਕਈ ਕਾਰੋਬਾਰ ਠੱਪ ਹੋਣ ਦਾ ਖਦਸ਼ਾ

**ਚੰਡੀਗੜ੍ਹ:** ਆਮ ਜਨਤਾ ਤੇ ਹੋਰ ਕਾਰੋਬਾਰਾਂ ਨੂੰ ਟੈਕਸਾਂ ਦੇ ਘੇਰੇ ਵਿਚ ਲਿਆਉਣ ਤੋਂ ਬਾਅਦ ਪੰਜਾਬ ਸਰਕਾਰ ਨੇ ਹੁਣ ਮੈਰਿਜ ਪੈਲੇਸਾਂ ਵੱਲ ਰੁਖ਼ ਕੀਤਾ ਹੈ। ਇਸ ਨੀਤੀ ਮੁਤਾਬਕ ਨਵੇਂ ਤੇ ਪੁਰਾਣੇ ਮੈਰਿਜ ਪੈਲੇਸਾਂ ਨੂੰ ਢੁਕਵੀਂ ਪਾਰਕਿੰਗ ਵਿਵਸਥਾ ਕਰਨੀ ਪਵੇਗੀ ਤੇ ਕੋਈ ਵੀ ਮੈਰਿਜ ਪੈਲੇਸ ਦੋ ਏਕੜ ਤੋਂ ਘੱਟ ਜ਼ਮੀਨ ਵਿਚ ਨਹੀਂ ਬਣ ਸਕੇਗਾ। ਮੈਰਿਜ ਪੈਲੇਸ ਤੱਕ ਪਹੁੰਚਣ ਲਈ ਵੀ ਢੁਕਵੀਆਂ ਸੜਕਾਂ ਦੀ ਵਿਵਸਥਾ ਕਰਨੀ ਹੋਵੇਗੀ। ਪੁਰਾਣੇ ਮੈਰਿਜ ਪੈਲੇਸ ਸਾਲ 2000 ਦੀ ਪੁਰਾਣੀ ਨੀਤੀ ਮੁਤਾਬਕ ਨਿਯਮਤ ਹੋਣਗੇ। ਸੂਬੇ ਵਿਚ ਨਵੇਂ ਉਸਾਰੇ ਜਾਣ ਵਾਲੇ ਮੈਰਿਜ ਪੈਲੇਸਾਂ ਵਿਚ ਕੁੱਲ ਰਕਬੇ ਦੇ 35 ਫੀਸਦੀ ਹਿੱਸੇ ਵਿਚ ਹੀ ਉਸਾਰੀ ਕੀਤੀ ਜਾ ਸਕੇਗੀ।

ਮੌਜੂਦਾ ਮੈਰਿਜ ਪੈਲੇਸਾਂ ਨੂੰ ਰੈਗੂਲਰ ਕਰਨ ਲਈ ਇਹ ਨੀਤੀ 31 ਦਸੰਬਰ ਤੱਕ ਲਾਗੂ ਰਹੇਗੀ ਤੇ ਇਸ ਲਈ ਅਰਜ਼ੀਆਂ ਦੇਣ ਦੀ ਆਖਰੀ ਤਰੀਕ 20 ਦਸੰਬਰ ਹੋਵੇਗੀ। ਉਧਰ, ਪੰਜਾਬ ਮੈਰਿਜ ਪੈਲੇਸ ਐਂਡ ਰੇਜ਼ਰਟ ਐਸੋਸੀਏਸ਼ਨ ਨੇ ਧਮਕੀ ਦਿੱਤੀ ਹੈ ਕਿ ਜੇ ਪੰਜਾਬ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਪ੍ਰਵਾਨ ਨਾ ਕੀਤੀਆਂ ਤਾਂ ਅਗਲੇ ਵਰ੍ਹੇ 31 ਮਾਰਚ ਤੋਂ ਬਾਅਦ ਰਾਜ ਭਰ ਵਿਚਲੇ ਮੈਰਿਜ ਪੈਲਿਸ ਤੇ ਰਿਜ਼ੋਰਟ ਬੰਦ ਕਰ ਦਿੱਤੇ ਜਾਣਗੇ। ਪੰਜਾਬ ਵਿਚ ਸੈਂਕੜੇ ਮੈਰਿਜ ਪੈਲੇਸ ਹਨ ਤੇ ਹਰੇਕ ਮੈਰਿਜ਼ ਪੈਲੇਸ ਵਿਚ ਸਾਲਾਨਾ ਔਸਤਨ 80 ਦੇ ਕਰੀਬ ਵਿਆਹ ਸਮਾਗਮ ਹੁੰਦੇ ਹਨ।

ਐਸੋਸੀਏਸ਼ਨ ਵਲੋਂ ਇਹ ਫੈਸਲਾ ਲੈਣ ਨਾਲ ਕੈਟਰਿੰਗ, ਟੈਂਟ, ਹਾਰ-ਸ਼ਿੰਗਾਰ, ਬੈਂਡ ਵਾਜੇ, ਡੀ ਜੇ ਅਤੇ ਕਲਚਰਲ ਗਰੁੱਪਾਂ ਦੇ ਵਪਾਰ ਉਪਰ ਸਵਾਲੀਆ ਨਿਸ਼ਾਨ ਲੱਗ ਗਿਆ ਹੈ ਕਿਉਂਕਿ ਇਹ ਸਾਰੇ ਧੰਦੇ ਮੈਰਿਜ ਪੈਲੇਸਾਂ ਨਾਲ ਜੁੜੇ ਹਨ। ਇਹ ਧੰਦੇ ਹਜ਼ਾਰਾਂ ਲੋਕਾਂ ਦੇ ਰੁਜ਼ਗਾਰ ਦਾ ਸਾਧਨ ਵੀ ਹਨ। ਰਾਜ ਮੈਰਿਜ ਪੈਲੇਸ ਤੇ ਰਿਜ਼ੋਰਟ ਮਾਲਕਾਂ ਨੇ 31 ਮਾਰਚ 2013 ਤੋਂ ਬਾਅਦ ਦੀ ਆਪਣੀ ਬੁਕਿੰਗ ਬੰਦ ਕਰ ਦਿੱਤੀ ਹੈ ਜਦਕਿ ਪਟਿਆਲਾ ਜ਼ਿਲ੍ਹੇ ਨਾਲ ਸਬੰਧਿਤ ਤੇ ਰਾਜਪੁਰੇ ਵਿਚਲੇ ਮੈਰਿਜ ਪੈਲਿਸ ਪਹਿਲਾਂ ਹੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਕਾਰਨ ਪਿਛਲੇ ਤਿੰਨ ਮਹੀਨਿਆਂ ਤੋਂ ਠੱਪ ਪਏ ਹਨ।

ਇਨ੍ਹਾਂ ਮੈਰਿਜ ਪੈਲੇਸਾਂ ਦੇ ਬਿਜਲੀ ਦੇ ਕੁਨੈਕਸ਼ਨ ਵੀ ਕੱਟੇ ਗਏ ਹਨ। ਇਨ੍ਹਾਂ ਦੇ ਮਾਲਕਾਂ ਦਾ ਭਵਿੱਖ ਦਾਅ 'ਤੇ ਲੱਗਾ ਹੈ। ਹੁਣ ਪੰਜਾਬ ਸਰਕਾਰ ਵਲੋਂ ਅਗਲੇ ਵਰ੍ਹੇ 22 ਜਨਵਰੀ ਨੂੰ ਹਾਈ ਕੋਰਟ ਵਿਚ ਪੰਜਾਬ ਦੇ ਮੈਰਿਜ ਪੈਲੇਸ ਤੇ ਰਿਜ਼ੋਰਟ ਬਾਰੇ ਆਪਣੀ ਰਿਪੋਰਟ ਪੇਸ਼ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਤੇ ਸਾਰਿਆਂ ਦੀ ਅੱਖ ਉਸ ਉਪਰ ਲੱਗੀ ਹੈ। ਪੰਜਾਬ ਸਰਕਾਰ ਵਲੋਂ ਅੱਠ ਸਰਕਾਰੀ ਵਿਭਾਗਾਂ ਦੇ ਅਧਾਰਿਤ ਇੰਸਪੈਕਸ਼ਨ ਟੀਮ ਬਣਾਉਣ ਦੀਆਂ ਚੱਲ ਰਹੀਆਂ ਵਿਚਾਰਾਂ ਤੋਂ ਭੈਅਭੀਤ ਹੋਏ ਮੈਰਿਜ ਪੈਲੇਸਾਂ ਦੇ ਮਾਲਕਾਂ ਦਾ ਕਹਿਣਾ ਹੈ ਕਿ ਜੇ ਸਰਕਾਰ ਨੇ ਇਹ ਸਿਸਟਮ ਸ਼ੁਰੂ ਕਰ ਦਿੱਤਾ ਤਾਂ ਪੈਲੇਸਾਂ ਨੂੰ ਅਗਲੇ ਵਰ੍ਹੇ 31 ਮਾਰਚ ਤੋਂ ਪਹਿਲਾਂ ਹੀ ਤਾਲੇ ਲੱਗਣ ਦੇ ਹਾਲਾਤ ਪੈਦਾ ਹੋ ਸਕਦੇ ਹਨ। ਐਸੋਸੀਏਸ਼ਨ ਦਾ ਮੰਨਣਾ ਹੈ ਕਿ ਅਜਿਹਾ ਸਿਸਟਮ ਸ਼ੁਰੂ ਕਰਨ ਨਾਲ ਰਾਜ ਵਿਚ 'ਇੰਸਪੈਕਸ਼ਨ ਰਾਜ' ਲਾਗੂ ਹੋਣ ਦੀ ਸੰਭਾਵਨਾ ਬਣ ਸਕਦੀ ਹੈ।

ਉਂਜ ਪੈਲੇਸ ਮਾਲਕ ਇਕ ਵਿਭਾਗ ਰਾਹੀਂ ਸਾਲਾਨਾ ਇੰਸਪੈਕਸ਼ਨ ਕਰਵਾਉਣ ਦੇ ਹਾਮੀ ਹਨ। ਦਰਅਸਲ ਮੈਰਿਜ ਪੈਲੇਸਾਂ ਦੇ ਮਾਲਕਾਂ ਦੀ 11 ਸਤੰਬਰ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਹੋਈ ਮੀਟਿੰਗ ਦੌਰਾਨ ਮੈਰਿਜ ਪੈਲਿਸ ਨੂੰ ਰੈਗੂਲਰ ਕਰਨ ਲਈ ਨਵੀਂ ਨੀਤੀ ਬਣਾਉਣ ਦੇ ਮਕਸਦ ਨਾਲ ਮੁੱਖ ਸਕੱਤਰ ਪੰਜਾਬ ਦੀ ਅਗਵਾਈ ਹੇਠ ਇਕ ਚਾਰ ਮੈਂਬਰੀ ਕਮੇਟੀ ਬਣਾਈ ਈ ਸੀ ਪਰ ਅੱਜ ਤੱਕ ਇਸ ਕਮੇਟੀ ਦੀ ਕੋਈ ਮੀਟਿੰਗ ਤੱਕ ਵੀ ਨਾ ਹੋਣ ਕਾਰਨ ਇਸ ਵਰਗ ਵਿਚ ਬੇਚੈਨੀ ਦੀ ਭਾਵਨਾ ਪੈਦਾ ਹੋ ਗਈ ਹੈ।

ਉਪਰੋਂ ਪੰਜਾਬ ਸਰਕਾਰ ਵਲੋਂ ਮੈਰਿਜ ਪੈਲੇਸਾਂ ਤੇ ਰਿਜ਼ੋਰਟਸ ਉਪਰ ਐਕਸਟਰਨਲ ਡਿਵੈਲਪਮੈਂਟ ਚਾਰਜਿਜ਼ (ਈਡੀਸੀ) ਤੇ ਲਾਇਸੈਂਸਿੰਗ ਫੀਸ ਲਾਉਣ ਦੇ ਮੁੱਦੇ ਉਪਰ ਵੀ ਇਹ ਵਰਗ ਪ੍ਰੇਸ਼ਾਨ ਹੈ। ਪੰਜਾਬ ਦੇ ਮੈਰਿਜ ਪੈਲੇਸ ਤੇ ਰਿਜ਼ੋਰਟਸ ਦੇ ਪ੍ਰਤੀਨਿਧਾਂ ਦਾ ਕਹਿਣਾ ਹੈ ਕਿ ਸਰਕਾਰ ਵਲੋਂ ਤਿਆਰ ਕੀਤੀਆਂ ਜਾ ਰਹੀਆਂ ਨਵੀਆਂ ਨੀਤੀਆਂ ਇਸ ਧੰਦੇ ਨੂੰ ਬੰਦ ਕਰਨ ਕਿਨਾਰੇ ਪਹੁੰਚਾ ਸਕਦੀਆਂ ਹਨ।

ਮੈਰਿਜ ਪੈਲੇਸਾਂ ਦੇ ਮਾਲਕ ਪਹਿਲਾਂ ਹੀ ਸਰਕਾਰ ਨੂੰ ਵੈਟ, ਸਰਵਿਸ ਟੈਕਸ, ਲਗਜ਼ਰੀ ਟੈਕਸ, ਇੰਸਟੀਚਿਊਸ਼ਨਲ ਟੈਕਸ, ਐਕਸਾਈਜ਼ ਟੈਕਸ ਤੇ ਇਨਕਮ ਟੈਕਸ ਦੇ ਰੂਪ ਵਿਚ ਕੁੱਲ 35 ਫੀਸਦ ਦੇ ਕਰੀਬ ਟੈਕਸ ਅਦਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਸਰਕਾਰ ਵਲੋਂ ਮੈਰਿਜ ਪੈਲੇਸ ਕੁੱਲ ਰਕਬੇ ਦਾ 50 ਫੀਸਦ ਥਾਂ ਪਾਰਕਿੰਗ ਲਈ ਨਿਰਧਾਰਤ ਕਰਨ ਦੀ ਸ਼ਰਤ ਲਾਉਣ ਉਪਰ ਵਿਚਾਰ ਕੀਤਾ ਜਾ ਰਿਹਾ ਹੈ ਜੋ ਸੰਭਵ ਨਹੀਂ ਹੈ। ਉਂਜ ਉਹ ਸੜਕਾਂ ਕਿਨਾਰੇ ਵਾਹਨ ਨਾ ਖੜ੍ਹੇ ਕਰਨ ਦੀ ਗਾਰੰਟੀ ਦੇ ਸਕਦੇ ਹਨ। ਉਨ੍ਹਾਂ ਕਿਹਾ ਕਿ ਪਾਰਕਿੰਗ ਦਾ ਰਕਬਾ ਵੱਧ ਤੋਂ ਵੱਧ 35 ਫੀਸਦੀ ਕੀਤਾ ਜਾਵੇ। ਇਸ ਤੋਂ ਇਲਾਵਾ ਸਰਕਾਰ ਵਲੋਂ ਮੈਰਿਜ ਪੈਲੇਸਾਂ ਉਪਰ ਕਮਰਸ਼ੀਅਲ ਕੈਟਾਗਰੀਆਂ ਵਾਂਗ ਟੈਕਸ ਆਦਿ ਥੋਪਣ ਕਾਰਨ ਇਸ ਧੰਦੇ ਨੂੰ ਬਚਾਉਣਾ ਬੜਾ ਔਖਾ ਹੋ ਗਿਆ ਹੈ।

## ਪਰਦੇਸੀ ਪੰਜਾਬੀਆਂ ਬਾਰੇ ਪੁਸਤਕ ਜਲਦ ਰਿਲੀਜ਼ ਹੋਵੇਗੀ

**ਫਰਿਜ਼ਨੋ:** ਪੰਜਾਬੀਆਂ ਵਲੋਂ ਵਿਦੇਸ਼ਾਂ ਵਿਚ ਅਤੇ ਖਾਸ ਕਰਕੇ ਅਮਰੀਕਾ ਵਿਚ ਮਾਰੀਆਂ ਗਈਆਂ ਮੱਲਾਂ ਬਾਰੇ ਬਲਵੀਰ ਸਿੰਘ ਕਾਲੇਕਾ ਵਲੋਂ ਲਿਖੀ ਗਈ ਪੁਸਤਕ 'ਸਿੱਖ ਵਰਲਡ ਬੁੱਕ' ਛੇਤੀ ਹੀ ਰਿਲੀਜ਼ ਹੋਵੇਗੀ। ਇਸ ਵਿਚ ਸਿੱਖ ਕੌਮ ਨੂੰ ਮਾਣ ਦਿਵਾਉਣ ਵਾਲੇ ਵਿਅਕਤੀਆਂ ਦੇ ਵੇਰਵੇ ਤਸਵੀਰਾਂ ਸਮੇਤ ਪ੍ਰਕਾਸ਼ਿਤ ਕੀਤੇ ਜਾਣਗੇ।

ਲੇਖਕ ਸ. ਕਾਲੇਕਾ ਅਨੁਸਾਰ ਜੇ ਕੋਈ ਵਿਅਕਤੀ ਇਸ ਪੁਸਤਕ ਵਿਚ ਆਪਣੇ ਵੇਰਵੇ ਤੇ ਪ੍ਰਾਪਤੀਆਂ ਦਰਜ ਕਰਵਾਉਣਾ ਚਾਹੁੰਦਾ ਹੈ ਤਾਂ ਉਹ ਲੇਖਕ ਨਾਲ ਫੋਨ ਨੰਬਰ (916) 842-4081 'ਤੇ ਸੰਪਰਕ ਕਰ ਸਕਦਾ ਹੈ। ਇਹ ਪੁਸਤਕ ਮੁਫਤ ਵੰਡੀ ਜਾਵੇਗੀ।


ਕਨਵੀਨੀਐਂਸ ਸਟੋਰ ਵਿਕਾਊ ਹੈ

ਯੂਬਾ ਸਿਟੀ ਨੇੜੇ ਲਾਈਵ ਓਕ ਵਿਚ ਵਧੀਆ ਚਲਦਾ ਕਨਵੀਨੀਐਂਸ ਸਟੋਰ ਵਿਕਾਊ ਹੈ। ਮਾਸਿਕ ਵਿਕਰੀ ਆਮਦਨ 20 ਤੋਂ 22 ਹਜਾਰ ਡਾਲਰ

ਸੰਪਰਕ ਕਰੋ: ਫੋਨ 530-300-8808



ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?

ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ

ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ

ਫੋਨ: (559) 317-2149



**Paramjit S. Khaira**
**D.H.M.S** (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
**e- mail: drpskhaira@gmail.com**
Working under state law SB 577



**Yarra, Kharazi & Associates**

**Phone: (888) 97YARRA (92772)**

**Immigration**
**Family Law**
**Personal Injury**



ਇਮੀਗ੍ਰੇਸ਼ਨ, ਫੈਮਿਲੀ ਲਾਅ ਅਤੇ ਪਰਸਨਲ ਇੰਜਰੀ ਦੇ ਕੇਸਾਂ ਵਿਚ ਤੁਹਾਡੇ ਭਰੋਸੇਯੋਗ ਵਕੀਲ

**Trust your matter to a specialist**

ਅਸੀਂ ਇਸ ਖੇਤਰ ਦੇ ਮਾਹਿਰ ਹਾਂ ਅਤੇ ਤੁਹਾਡਾ ਕੇਸ ਸਹੀ ਢੰਗ ਨਾਲ ਲੜਨਾ ਸਾਡੀ ਜ਼ਿੰਮੇਵਾਰੀ ਤੇ ਸਾਡੀ ਸਿਰਦਰਦੀ ਹੋਵੇਗੀ

**Offices in Bakersfield, Fresno and Merced.**

**Bring this ad in and receive a free consultation**

ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

ਯੱਰਾ, ਖਰਾਜ਼ੀ ਐਂਡ ਐਸੋਸੀਏਟਸ

ਫੋਨ: 1-888-979-2772

**Email: Info@rwyarra.com**



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

***National Truck Driving School***

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**
**Yuba City Ph:530-383-2785**

**1816 Main Ave., Secramento CA, 95838**

# ਸੰਯੁਕਤ ਰਾਸ਼ਟਰ ਵੱਲੋਂ ਮਲਾਲਾ ਯੂਸਫਜ਼ਈ ਦੀ ਦਲੇਰੀ ਨੂੰ ਸਿਜਦਾ

**ਨਿਊ ਯਾਰਕ :** ਦੁਨੀਆ ਭਰ ਵਿਚ ਹਰ ਸਾਲ 10 ਨਵੰਬਰ ਮਲਾਲਾ ਦਿਵਸ ਵਜੋਂ ਮਨਾਇਆ ਜਾਵੇਗਾ। ਇਹ ਐਲਾਨ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਬਾਨ ਕੀ ਮੂਨ ਨੇ

**ਹਰ ਸਾਲ 10 ਨਵੰਬਰ ਨੂੰ ਮਨਾਇਆ ਜਾਵੇਗਾ ਮਲਾਲਾ ਦਿਵਸ**

ਕੀਤਾ ਹੈ। ਪਾਕਿਸਤਾਨ 'ਚ ਲੜਕੀਆਂ ਦੀ ਸਿੱਖਿਆ ਦੇ ਅਧਿਕਾਰ ਦੀ ਲੜਾਈ ਲੜਨ ਵਾਲੀ 15 ਸਾਲਾ ਮਲਾਲਾ ਯੂਸਫਜ਼ਈ 'ਤੇ ਤਾਲਿਬਾਨ ਨੇ ਪਿਛਲੇ ਮਹੀਨੇ ਹਮਲਾ ਕੀਤਾ ਸੀ। ਮੀਡੀਆ ਰਿਪੋਰਟ ਮੁਤਾਬਕ ਮੂਨ ਨੇ ਕਿਹਾ ਹੈ ਕਿ ਮਲਾਲਾ ਦੁਨੀਆ ਭਰ ਵਿਚ ਲੜਕੀਆਂ ਦੀ ਸਿੱਖਿਆ ਲਈ ਪ੍ਰੇਰਨਾ ਹੈ।

ਜ਼ਿਕਰਯੋਗ ਹੈ ਕਿ ਲੜਕੀਆਂ ਦੀ ਸਿੱਖਿਆ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਅਭਿਆਨ ਚਲਾਉਣ ਕਾਰਨ ਨੈਸ਼ਨਲ ਪੀਸ ਐਵਾਰਡ ਜੇਤੂ ਮਲਾਲਾ ਯੂਸਫਜ਼ਈ 'ਤੇ ਨੌਂ


ਇੰਗਲੈਂਡ ਦੇ ਹਸਪਤਾਲ ਵਿਚ ਪੜ੍ਹ ਰਹੀ ਮਲਾਲਾ।

ਅਕਤੂਬਰ ਨੂੰ ਤਾਲਿਬਾਨ ਅਤਿਵਾਦੀਆਂ ਨੇ ਖ਼ੈਬਰ ਪਖ਼ਤੂਨਵਾ ਪ੍ਰਾਂਤ ਦੇ ਸਵਾਤ ਘਾਟੀ ਵਿਚ ਹਮਲਾ ਕੀਤਾ ਸੀ ਜਿਸ ਵਿਚ ਉਹ ਗੰਭੀਰ ਜ਼ਖ਼ਮੀ ਹੋ ਗਈ ਸੀ। ਇਸ ਮੌਕੇ ਹਜ਼ਾਰਾਂ ਬਰਤਾਨਵੀ ਨਾਗਰਿਕਾਂ ਨੇ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਔਰਤਾਂ ਦੀ ਸਿੱਖਿਆ ਦੀ ਅਲੰਬਰਦਾਰ ਪਾਕਿਸਤਾਨੀ ਬੱਚੀ ਮਲਾਲਾ ਯੂਸਫਜ਼ਈ ਨੂੰ ਸ਼ਾਂਤੀ ਲਈ ਨੋਬਲ ਪੁਰਸਕਾਰ ਵਾਸਤੇ ਨਾਮਜ਼ਦ ਕੀਤਾ ਜਾਵੇ।

ਮਲਾਲਾ ਦੇ ਹੱਕ ਵਿਚ ਦਾਇਰ ਦਰਖ਼ਾਸਤ ਉਪਰ ਕੌਮਾਂਤਰੀ ਮੁਹਿੰਮ ਦੇ ਹਿੱਸੇ ਵਜੋਂ 30000 ਤੋਂ ਵੱਧ ਲੋਕਾਂ ਨੇ ਦਸਤਖ਼ਤ ਕੀਤੇ ਹਨ। ਅਜਿਹੀ ਮੁਹਿੰਮ ਕੈਨੇਡਾ, ਫਰਾਂਸ ਤੇ ਸਪੇਨ ਵਿਚ ਵੀ ਚੱਲ ਰਹੀ ਹੈ। ਇਸੇ ਦੌਰਾਨ ਮਲਾਲਾ ਨੇ ਵਿਸ਼ਵ ਭਰ ਵਿਚੋਂ ਮਿਲੇ ਸਮਰਥਨ ਲਈ ਲੋਕਾਂ ਦਾ ਧੰਨਵਾਦ ਕੀਤਾ ਹੈ। ਹਮਲਾ ਹੋਣ ਤੋਂ ਇਕ ਮਹੀਨੇ ਬਾਅਦ ਮਲਾਲਾ ਦੀ ਤਰਫੋਂ ਉਸ ਦੇ ਪਿਤਾ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਮਲਾਲਾ ਆਪਣੇ ਸਾਰੇ ਉਨ੍ਹਾਂ ਸ਼ੁਭ ਚਿੰਤਕਾਂ ਦਾ ਧੰਨਵਾਦ ਕਰਨਾ ਚਾਹੁੰਦੀ ਹੈ ਜਿਨ੍ਹਾਂ ਨੇ ਉਸ ਦੀ ਜਿਊਂਦੇ ਰਹਿਣ ਤੇ ਹੌਸਲਾ ਬੁਲੰਦ ਰੱਖਣ ਵਿਚ ਮਦਦ ਕੀਤੀ ਹੈ।

## ਬਰਤਾਨੀਆ ਕਰੇਗਾ ਭਾਰਤ ਦੀ ਇਮਦਾਦ ਵਿਚ ਕਟੌਤੀ

**ਬਰਮਿੰਘਮ:** ਦੇਸ਼ ਵਾਸੀਆਂ ਦੀ ਸਖ਼ਤ ਨੁਕਤਾਚੀਨੀ ਦੇ ਮੱਦੇਨਜ਼ਰ ਬਰਤਾਨੀਆ ਵੱਲੋਂ ਭਾਰਤ ਨੂੰ ਦਿੱਤੀ ਜਾਂਦੀ 28 ਕਰੋੜ ਪੌਂਡ ਦੀ ਮੱਦਦ ਵਿਚ ਭਾਰੀ ਕਟੌਤੀ ਹੋਣ ਦੀ ਉਮੀਦ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਜਦੋਂ ਦੇਸ਼ ਅੰਦਰ ਵੱਡੇ ਪੱਧਰ 'ਤੇ ਵਿੱਤੀ ਕਟੌਤੀਆਂ ਕੀਤੀਆਂ ਜਾ ਰਹੀਆਂ ਤਾਂ ਫਿਰ ਵਿਦੇਸ਼ੀ ਇਮਦਾਦ ਦਾ ਕੀ ਮਤਲਬ ਹੈ।

ਬਰਤਾਨੀਆ ਦੇ ਕੌਮਾਂਤਰੀ ਵਿਕਾਸ ਮੰਤਰੀ ਜਸਟਿਨ ਗ੍ਰੀਨਿੰਗ ਇਸ ਹਫ਼ਤੇ ਭਾਰਤ ਨੂੰ ਦਿੱਤੀ ਜਾਂਦੀ 28 ਕਰੋੜ ਪੌਂਡ ਦੀ ਇਮਦਾਦ ਘਟਾ ਕੇ ਅੱਧੀ ਕਰਨ ਦੀ ਯੋਜਨਾ ਦਾ ਖ਼ੁਲਾਸਾ ਕਰਨਗੇ। ਗ੍ਰੀਨਿੰਗ ਜਿਨ੍ਹਾਂ ਵੱਲੋਂ ਜਲਦੀ ਭਾਰਤ ਦਾ ਦੌਰਾ ਕੀਤਾ ਜਾਵੇਗਾ, ਇਹ ਦੱਸਣਗੇ ਕਿ ਅਦਾਇਗੀਆਂ ਕਿਵੇਂ ਘਟਾਈਆਂ ਜਾ ਸਕਦੀਆਂ ਹਨ। 'ਸੰਡੇ ਟੈਲੀਗ੍ਰਾਫ਼' ਨੇ ਸੂਤਰਾਂ ਦੇ ਹਵਾਲੇ ਨਾਲ ਲਿਖਿਆ ਹੈ ਕਿ ਗ੍ਰੀਨਿੰਗ ਵਿੱਤੀ ਇਮਦਾਦ ਘਟਾ ਕੇ ਅੱਧੀ ਕਰ ਸਕਦੇ ਹਨ। ਇਹ ਕਦਮ ਅਜਿਹੇ ਸਮੇਂ ਉਠਾਇਆ ਜਾ ਰਿਹਾ ਹੈ ਜਦੋਂ ਬਰਤਾਨੀਆ ਦੀ ਵਿਦੇਸ਼ੀ ਇਮਦਾਦ ਨੂੰ ਲੈ ਕੇ ਤਿੱਖੀ ਨੁਕਤਾਚੀਨੀ ਹੋ ਰਹੀ ਹੈ ਜੋ 2014 ਵਿਚ ਵਧ ਕੇ 12 ਅਰਬ ਪੌਂਡ ਤੱਕ ਪੁੱਜ ਜਾਣ ਦੀ ਉਮੀਦ ਹੈ।

# ਗਿਰੀਸ਼ ਵੱਲੋਂ ਟੈਗੋਰ ਦਰਮਿਆਨਾ ਨਾਟਕਕਾਰ ਕਰਾਰ

**ਕੋਲਕਾਤਾ:** ਨਾਟਕਕਾਰ ਤੇ ਅਦਾਕਾਰ ਗਿਰੀਸ਼ ਕਰਨਾਡ ਵੱਲੋਂ ਨੋਬੇਲ ਇਨਾਮ ਜੇਤੂ ਬੰਗਲਾ ਲੇਖਕ ਰਬਿੰਦਰਨਾਥ ਟੈਗੋਰ ਬਾਰੇ ਕੀਤੀਆਂ ਟਿੱਪਣੀਆਂ ਤੋਂ ਸਾਹਿਤਕ ਹਲਕਿਆਂ ਵਿਚ ਹਲਚਲ ਮੱਚ ਗਈ ਹੈ। ਯਾਦ ਰਹੇ ਕਿ ਸ੍ਰੀ ਕਰਨਾਡ ਨੇ ਟੈਗੋਰ ਨੂੰ 'ਦਰਮਿਆਨਾ ਜਿਹਾ

**ਸਾਹਿਤਕ ਹਲਕਿਆਂ ਵਿਚ ਹਲਚਲ**

ਨਾਟਕਕਾਰ' ਕਰਾਰ ਦਿੱਤਾ ਸੀ। ਰੰਗਕਰਮੀ ਬਿਭਾਸ ਚੱਕਰਵਰਤੀ ਨੇ ਕਿਹਾ ਹੈ ਕਿ ਅਜਿਹੀਆਂ ਟਿੱਪਣੀਆਂ ਦਾ ਕੋਈ ਮਤਲਬ ਨਹੀਂ।


ਰਬਿੰਦਰਨਾਥ ਟੈਗੋਰ (1906)


ਗਿਰੀਸ਼ ਕਰਨਾਡ

ਇਨ੍ਹਾਂ ਨੂੰ ਗੌਲਣਾ ਹੀ ਨਹੀਂ ਚਾਹੀਦਾ। ਟੈਗੋਰ ਦੀਆਂ ਲਿਖਤਾਂ ਨੂੰ ਲੋਕ ਪੜ੍ਹਦੇ ਹਨ ਤੇ ਪਸੰਦ ਵੀ ਕਰਦੇ ਹਨ। ਅਜਿਹਾ ਪਿਛਲੇ 150 ਸਾਲ ਤੋਂ ਹੋ ਰਿਹਾ ਹੈ। ਦੂਜੇ ਬੰਨੇ ਫਿਲਮ ਅਦਾਕਾਰ ਕੌਸ਼ਿਕ ਸੇਨ ਦਾ ਕਹਿਣਾ ਹੈ ਕਿ ਗਿਰੀਸ਼ ਕਰਨਾਡ ਦੀ ਟਿੱਪਣੀ ਵਿਚ ਵਜ਼ਨ ਹੈ। ਗਿਰੀਸ਼ ਕਰਨਾਡ ਕੋਈ ਛੋਟਾ-ਮੋਟਾ ਲੇਖਕ ਨਹੀਂ। ਬਹੁਤੀ ਵਾਰ ਇਉਂ ਵੀ ਹੁੰਦਾ ਹੈ ਕਿ ਕਿਸੇ ਲੇਖਕ ਦੀ ਹਰ ਰਚਨਾ ਨੂੰ ਉੱਤਮ ਮੰਨਣ ਦਾ ਰੁਝਾਨ ਚੱਲ ਪੈਂਦਾ ਹੈ ਜਦਕਿ ਅਕਸਰ ਅਜਿਹਾ ਨਹੀਂ ਹੁੰਦਾ।

ਟੈਗੋਰ ਦੀਆਂ ਕੁਝ ਰਚਨਾਵਾਂ ਕਮਾਲ ਦੀਆਂ ਹਨ ਪਰ ਕੁਝ ਹਲਕੀਆਂ ਵੀ ਹਨ। ਇਨ੍ਹਾਂ ਵਿਚ ਨਾਟਕ ਵੀ ਸ਼ਾਮਲ ਹਨ। ਗਿਰੀਸ਼ ਨੇ ਇਹੀ ਕੁਝ ਤਾਂ ਕਿਹਾ ਹੈ। ਚੇਤੇ ਰਹੇ ਕਿ ਗਿਰੀਸ਼ ਕਰਨਾਡ ਨੇ ਕਿਹਾ ਸੀ ਕਿ ਟੈਗੋਰ ਵਧੀਆ ਸ਼ਾਇਰ ਤਾਂ ਹਨ ਪਰ ਉਨ੍ਹਾਂ ਦੇ ਨਾਟਕ ਦਰਮਿਆਨੇ ਹਨ। ਉਸ ਵੇਲੇ ਬੰਗਲਾ ਸਮਾਜ ਨੇ ਵੀ ਉਨ੍ਹਾਂ ਦੇ ਨਾਟਕ ਸਵੀਕਾਰ ਨਹੀਂ ਸਨ ਕੀਤੇ। ਉਨ੍ਹਾਂ ਦੇ ਕਿਸੇ ਵੀ ਸਮਕਾਲੀ ਨੇ ਉਨ੍ਹਾਂ ਨੂੰ ਵਧੀਆ ਨਾਟਕਕਾਰ ਸਵੀਕਾਰ ਨਹੀਂ ਕੀਤਾ।

ਜ਼ਿਕਰਯੋਗ ਹੈ ਕਿ ਗਿਰੀਸ਼ ਕਰਨਾਡ ਨੇ ਆਪ ਤੁਗਲਕ (1964) ਤੇ ਨਾਗਮੰਡਾਲਾ (1988) ਵਰਗੇ ਨਾਟਕ ਲਿਖੇ ਹਨ ਜੋ ਬਹੁਤ ਪਸੰਦ ਕੀਤੇ ਗਏ ਸਨ। ਰੰਗਕਰਮੀ ਰੁਦਰ ਪ੍ਰਸਾਦ ਸੇਨ ਗੁਪਤਾ ਨੇ ਨਵੀਂ ਹਲਚਲ ਬਾਰੇ ਕਿਹਾ ਹੈ ਕਿ ਨਾਟਕ, ਥੀਏਟਰ ਜਾਂ ਕਿਸੇ ਵੀ ਸੱਭਿਆਚਾਰ ਦਾ ਸਥਾਨਕ ਮੁਹਾਵਰਾ ਹੁੰਦਾ ਹੈ। ਉਸ ਨੂੰ ਸਥਾਨਕ ਲੋਕ ਹੀ ਸਮਝ ਕੇ ਮਾਣ ਸਕਦੇ ਹਨ। ਗਿਰੀਸ਼ ਇਸ ਮੁਹਾਵਰੇ ਨੂੰ ਉਸ ਤਰ੍ਹਾਂ ਮਹਿਸੂਸ ਨਹੀਂ ਕਰ ਸਕਦੇ ਜਿਸ ਤਰ੍ਹਾਂ ਬੰਗਾਲ ਦੇ ਲੋਕ ਕਰਦੇ ਹਨ। ਇਸ ਲਈ ਇਸ ਬਾਰੇ ਬਹਿਸ ਉੱਕਾ ਹੀ ਫਜ਼ੂਲ ਹੈ।

ਯਾਦ ਰਹੇ ਕਿ ਇਕ ਸਮਾਗਮ ਦੌਰਾਨ ਸ੍ਰੀ ਕਰਨਾਡ ਨੇ ਨੋਬੇਲ ਇਨਾਮ ਜੇਤੂ ਭਾਰਤੀ ਮੂਲ ਦੇ ਲੇਖਕ ਵੀ.ਐਸ. ਨਈਪਾਲ ਬਾਰੇ ਟਿੱਪਣੀਆਂ ਕਰ ਕੇ ਵੀ ਵਾਹਵਾ ਹਲਚਲ ਮਚਾ ਦਿੱਤੀ ਸੀ। ਉਨ੍ਹਾਂ ਕਿਹਾ ਸੀ ਕਿ ਸ੍ਰੀ ਨਈਪਾਲ ਦੇ ਦਿਲ ਵਿਚ ਮੁਸਲਮਾਨਾਂ ਪ੍ਰਤੀ ਗੁੱਝੀ ਨਫ਼ਰਤ ਹੈ। ਇਸ ਮੁੱਦੇ ਉੱਤੇ ਛਿੜੀ ਤਿੱਖੀ ਬਹਿਸ ਵਿਚ ਕਈ ਨਾਮੀ ਲੇਖਕਾਂ ਨੇ ਉਨ੍ਹਾਂ ਦਾ ਸਾਥ ਦਿੱਤਾ ਸੀ ਅਤੇ ਸ੍ਰੀ ਨਈਪਾਲ ਦੀਆਂ ਰਚਨਾਵਾਂ ਵਿਚੋਂ ਮਿਸਾਲਾਂ ਦੇ ਕੇ ਦੱਸਿਆ ਸੀ ਕਿ ਕਿਸ ਤਰ੍ਹਾਂ ਉਹ ਮੁਸਲਮਾਨਾਂ ਦੇ ਖ਼ਿਲਾਫ਼ ਅਤੇ ਹਿੰਦੂਆਂ ਦੇ ਹੱਕ ਵਿਚ ਭੁਗਤਦੇ ਹਨ। ਇਸ ਪੱਖ ਤੋਂ ਸਭ ਨੇ ਸ੍ਰੀ ਕਰਨਾਡ ਵੱਲੋਂ ਕੀਤੀ ਜੁਰਅਤ ਦੀ ਤਾਰੀਫ਼ ਕੀਤੀ ਸੀ।

# ਕੇਜਰੀਵਾਲ ਨੇ ਖੋਲ੍ਹੀ ਭਾਰਤੀ ਧਨ ਕੁਬੇਰਾਂ ਦੀ ਪੋਲ

**ਨਵੀਂ ਦਿੱਲੀ:** ਅਰਵਿੰਦ ਕੇਜਰੀਵਾਲ ਨੇ ਆਪਣੀ 'ਪੋਲ ਖੋਲ੍ਹ' ਮੁਹਿੰਮ ਤਹਿਤ ਬਹੁਕੌਮੀ ਐਚ.ਐਸ.ਬੀ.ਸੀ. ਬੈਂਕ 'ਤੇ ਕਾਲੇ ਧਨ ਨੂੰ ਸਫੈਦ ਕਰਨ ਦੇ ਦੋਸ਼ ਲਾਉਂਦਿਆਂ ਦਾਅਵਾ ਕੀਤਾ ਹੈ ਕਿ ਅੰਬਾਨੀ ਭਰਾਵਾਂ, ਜੈੱਟ ਏਅਰਵੇਜ਼ ਦੇ ਚੇਅਰਮੈਨ ਨਰੇਸ਼ ਗੋਇਲ ਤੇ ਕਾਂਗਰਸੀ ਸੰਸਦ ਮੈਂਬਰ ਅਨੂ ਟੰਡਨ ਨੇ ਇਸ ਬੈਂਕ ਦੀ ਜੈਨੇਵਾ ਸ਼ਾਖਾ ਵਿਚ ਆਪਣਾ ਕਾਲਾ ਧਨ ਛੁਪਾਇਆ ਹੋਇਆ ਹੈ। ਸ੍ਰੀ ਕੇਜਰੀਵਾਲ ਤੇ ਵਕੀਲ ਪ੍ਰਸ਼ਾਂਤ ਭੂਸ਼ਨ ਨੇ ਦੋਸ਼ ਲਾਏ ਕਿ ਤਕਰੀਬਨ 6000 ਕਰੋੜ ਰੁਪਏ ਕਾਲਾ ਧਨ ਉਪਰੋਕਤ ਬੈਂਕ ਦੀ ਜਨੇਵਾ ਸ਼ਾਖਾ ਦੇ 700 ਖਾਤਿਆਂ ਵਿਚ ਪਿਆ ਹੈ।

ਬੈਂਕ ਵੱਲੋਂ ਇਨ੍ਹਾਂ ਦੋਸ਼ਾਂ 'ਤੇ ਪ੍ਰਤੀਕਿਰਿਆ ਬੜੇ ਸੁਚੇਤ ਹੋ ਕੇ ਕੀਤੀ ਗਈ ਹੈ ਤੇ ਕਿਹਾ ਗਿਆ ਹੈ ਕਿ ਜਿਥੇ-ਜਿਥੇ ਵੀ ਇਹ ਬੈਂਕ ਕਾਰਜਸ਼ੀਲ ਹੁੰਦਾ ਹੈ, ਬੜੀ ਗੰਭੀਰਤਾ ਤੇ ਧਿਆਨ ਨਾਲ ਕਾਨੂੰਨਾਂ ਦੀ ਪਾਲਣਾ ਕਰਦਾ ਹੈ। ਅੰਬਾਨੀ ਭਰਾਵਾਂ ਨੇ ਸਿਰੇ ਤੋਂ ਹੀ ਇਹ ਦੋਸ਼ ਨਕਾਰਦਿਆਂ ਕਿਹਾ ਹੈ ਕਿ ਇਨ੍ਹਾਂ ਦੇ ਇਸ ਬੈਂਕ 'ਚ ਕੋਈ ਖਾਤੇ ਨਹੀਂ ਹਨ। ਗੋਇਲ ਦਾ ਕਹਿਣਾ ਹੈ ਕਿ ਐਨ.ਆਰ.ਆਈ. ਹੋਣ ਸਦਕਾ ਉਹ ਵਿਦੇਸ਼ੀ ਬੈਂਕ ਵਿਚ ਖਾਤੇ ਰੱਖ ਸਕਦਾ ਹੈ ਪਰ ਉਸ ਦਾ

**ਕਾਲੇ ਧਨ ਨੂੰ ਚਿੱਟਾ ਕਰਨ ਦਾ ਦੋਸ਼**



ਐਚ.ਐਸ.ਬੀ.ਸੀ. ਬੈਂਕ ਜੈਨੇਵਾ 'ਚ ਕੋਈ ਖਾਤਾ ਨਹੀਂ ਹੈ।

ਡਾਬਰ ਇੰਡੀਆ ਦੇ ਪ੍ਰਮੋਟਰ ਬਰਮਨ ਭਰਾਵਾਂ 'ਤੇ ਵੀ ਇਸੇ ਬੈਂਕ 'ਚ ਖਾਤੇ ਹੋਣ ਦਾ ਦੋਸ਼ ਲੱਗਿਆ ਹੈ ਤੇ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਖਾਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨੇ ਉਦੋਂ ਖੋਲ੍ਹੇ ਸਨ ਜਦੋਂ ਉਹ ਐਨ.ਆਰ.ਆਈ. ਸਨ ਤੇ ਕਾਨੂੰਨੀ ਤੌਰ 'ਤੇ ਉਨ੍ਹਾਂ ਨੂੰ ਇਹ ਅਧਿਕਾਰ ਸਨ। ਡਾਬਰ ਇੰਡੀਆ ਨੇ ਕਿਹਾ ਹੈ ਕਿ ਇਹ ਮੰਦਭਾਗੀ ਗੱਲ ਹੈ ਕਿ ਜਿਸ ਵੀ ਵਿਅਕਤੀ ਦਾ ਵਿਦੇਸ਼ੀ ਬੈਂਕ ਵਿਚ ਖਾਤਾ ਹੈ, ਉਸ ਨੂੰ ਭ੍ਰਿਸ਼ਟ ਮੰਨਿਆ ਜਾ ਰਿਹਾ ਹੈ। ਇਨ੍ਹਾਂ ਦੋਸ਼ਾਂ ਨੂੰ ਆਧਾਰਹੀਣ ਤੇ ਗਿਣੇ-ਮਿਥੇ ਕਰਾਰ ਦਿੰਦਿਆਂ ਟੰਡਨ ਨੇ ਪੁੱਛਿਆ ਕਿ ਕੇਜਰੀਵਾਲ ਕਿਸ ਆਧਾਰ 'ਤੇ ਅਜਿਹੇ ਦੋਸ਼ ਲਾ ਰਿਹਾ ਹੈ। ਉਸ ਕੋਲ ਉਸ ਨੂੰ ਸਿੱਧ ਕਰਨ ਲਈ ਕੋਈ ਸਬੂਤ ਨਹੀਂ ਹਨ।

ਕੇਜਰੀਵਾਲ ਤੇ ਭੂਸ਼ਨ ਦਾਅਵਾ ਕਰਦੇ ਹਨ ਕਿ ਬੈਂਕ 'ਚ ਛੋਟੇ-ਛੋਟੇ ਖਾਤੇ ਖੁਲ੍ਹਵਾਉਣ ਵਾਲਿਆਂ ਦੇ ਸਰਕਾਰ ਨੇ ਛਾਪੇ ਮਾਰੇ ਪਰ ਮੁਕੇਸ਼ ਅਨਿਲ ਅੰਬਾਨੀ, ਗੋਇਲ, ਟੰਡਨ ਤੇ ਡਾਬਰਵਾਲੇ ਬਰਮਨਾਂ ਜਿਹੀਆਂ ਵੱਡੀਆਂ ਮੱਛੀਆਂ ਨੂੰ ਕੇਂਦਰ ਦੇ ਹੀ ਇਸ਼ਾਰੇ 'ਤੇ ਛੱਡ ਦਿੱਤਾ ਗਿਆ। ਕੇਜਰੀਵਾਲ ਤੇ ਭੂਸ਼ਨ ਦਾ ਦਾਅਵਾ ਹੈ ਕਿ ਅੰਬਾਨੀ ਭਰਾਵਾਂ ਦੇ ਦੋਵਾਂ ਦੇ 100-100 ਕਰੋੜ ਰੁਪਏ, ਰਿਲਾਇੰਸ ਗਰੁੱਪ ਦੇ ਮੋਟੇਕ ਸਾਫਟਵੇਅਰ ਦੇ 2100 ਕਰੋੜ ਰੁਪਏ, ਮਰਹੂਮ ਸੰਦੀਪ ਤੇ ਅਨੂ ਟੰਡਨ ਦੇ 125 ਕਰੋੜ ਰੁਪਏ, ਗੋਇਲ ਦੇ 80 ਕਰੋੜ ਤੇ ਡਾਬਰ ਵਾਲੇ ਬਰਮਨ ਭਰਾਵਾਂ ਦੇ 25 ਕਰੋੜ ਰੁਪਏ 700 ਲੋਕਾਂ ਦੀ ਐਚ.ਐਸ.ਬੀ.ਸੀ. ਦੇ ਖਾਤੇਦਾਰਾਂ ਦੀ ਸੂਚੀ 'ਚ ਨਾਂ ਸ਼ਾਮਲ ਹਨ। ਉਂਜ ਇਹ 2006 ਦੇ ਵੇਰਵੇ ਹਨ।

## ਰੋਮ ਹਵਾਈ ਅੱਡੇ 'ਤੇ ਦਸਤਾਰ ਦੀ ਫਿਰ ਬੇਅਦਬੀ

ਮਿਲਾਨ: ਵਿਦੇਸ਼ੀ ਹਵਾਈ ਅੱਡਿਆਂ 'ਤੇ ਸੁਰੱਖਿਆ ਦੇ ਨਾਂ 'ਤੇ ਸਿੱਖ ਮਰਿਆਦਾ ਦੀ ਬੇਅਦਬੀ ਕਰਨ ਦਾ ਸਿਲਸਲਾ ਜਾਰੀ ਹੈ ਜਿਸ ਦਾ ਅਗਲਾ ਸ਼ਿਕਾਰ ਸਰਬਜੀਤ ਸਿੰਘ ਗਿਲਜੀਆਂ ਹੋਏ ਜੋ ਆਪਣੇ ਬੇਟੇ ਨੂੰ ਮਿਲਣ ਲਈ ਇਟਲੀ ਤੋਂ ਟੋਰਾਂਟੋ (ਕੈਨੇਡਾ) ਗਏ ਸਨ। ਵਾਪਸੀ ਵੇਲੇ ਟੋਰਾਂਟੋ ਤੋਂ ਇਟਲੀ ਏਅਰਲਾਈਨ ਦੀ ਫਲਾਈਟ ਨੰਬਰ ਏ. ਜ਼ੈਡ 651 'ਤੇ ਫੀਮੀ ਚੀਨੋ (ਰੋਮ) ਹਵਾਈ ਅੱਡੇ 'ਤੇ ਉਤਰਿਆ ਤਾਂ ਸੁਰੱਖਿਆ ਦੇ ਨਾਂ ਹੇਠ ਏਅਰਪੋਰਟ ਅਧਿਕਾਰੀਆਂ ਨੇ ਉਨ੍ਹਾਂ ਨੂੰ ਦਸਤਾਰ ਉਤਾਰਨ ਲਈ ਕਿਹਾ।

ਉਸ ਦੇ ਵਿਰੋਧ ਕਰਨ 'ਤੇ ਅਧਿਕਾਰੀ ਉਸ ਨੂੰ ਇਕ ਕਮਰੇ ਵਿਚ ਲੈ ਗਏ ਜਿਥੇ ਉਸ ਨੂੰ ਦਸਤਾਰ ਉਤਾਰਨ ਲਈ ਮਜਬੂਰ ਕੀਤਾ ਗਿਆ ਤੇ ਬਦਸਲੂਕੀ ਵੀ ਕੀਤੀ। ਸ. ਗਿਲਜੀਆਂ ਜੋ ਐਨ.ਆਰ.ਆਈ. ਸਭਾ ਇਟਲੀ ਦੇ ਸਾਬਕਾ ਪ੍ਰਧਾਨ ਤੇ ਉਘੇ ਕਾਂਗਰਸੀ ਆਗੂ ਵੀ ਹਨ, ਨੇ ਬੀਤੇ ਸਾਲ ਵਿਦੇਸ਼ ਮੰਤਰੀ ਵੱਲੋਂ ਇਟਲੀ ਸਰਕਾਰ ਨਾਲ ਦਸਤਾਰ ਬਾਰੇ ਹੋਏ ਸਮਝੌਤੇ ਬਾਰੇ ਅਧਿਕਾਰੀ ਨੂੰ ਦੱਸਿਆ ਪਰ ਉਨ੍ਹਾਂ ਨੇ ਇਕ ਨਾ ਸੁਣੀ।

# ਪੰਜਾਬ ਦੀ ਪਾਕਿਸਤਾਨ ਨਾਲ ਪਈ ਨਿੱਘੀ ਗਲਵੱਕੜੀ

**ਅੰਮ੍ਰਿਤਸਰ:** ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਗੁਆਂਢੀ ਮੁਲਕ ਪਾਕਿਸਤਾਨ ਨਾਲ ਨੇੜਤਾ ਵਧਾਉਣ ਲਈ ਸੂਬਾ ਪੱਧਰ 'ਤੇ ਉਪਰਾਲਾ ਕੀਤਾ ਹੈ ਜਿਸ ਨੂੰ ਸ਼ੁਭ ਸ਼ਗਨ ਮੰਨਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਕਾਂਗਰਸ ਸਰਕਾਰ ਵੇਲੇ ਕੈਪਟਨ ਅਮਰਿੰਦਰ ਸਿੰਘ ਨੇ ਵੀ ਅਜਿਹਾ ਉਪਰਾਲਾ ਕੀਤਾ ਸੀ। ਅਸਲ ਵਿਚ ਪਾਕਿਸਤਾਨ ਨਾਲ ਚੰਗੇ-ਮਾੜੇ ਸਬੰਧਾਂ ਦਾ ਸਿੱਧਾ ਅਸਰ ਪੰਜਾਬ 'ਤੇ ਪੈਂਦਾ ਹੈ। ਇਸ ਲਈ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਗੁਆਂਢੀ ਮੁਲਕ ਨਾਲ ਵਪਾਰਕ ਸੰਬਧ ਵਧਾਉਣ ਲਈ ਕਾਫੀ ਸਰਗਮ ਹਨ।

ਇਸੇ ਸਿਲਸਿਲੇ 'ਚ ਉਹ ਪਿਛਲੇ ਦਿਨੀਂ ਪਾਕਿਸਤਾਨ ਦੇ ਪੰਜ ਦਿਨਾਂ ਦੇ ਦੌਰੇ 'ਤੇ ਗਏ ਸਨ। ਇਸ ਦੌਰੇ ਤੋਂ ਪਰਤ ਕੇ ਉਨ੍ਹਾਂ ਦਾਅਵਾ ਕੀਤਾ ਹੈ ਕਿ ਸਰਹੱਦ 'ਤੇ ਖਿੱਚੀ ਰੈਡਕਲਿਫ਼ ਲਾਈਨ ਦੇ ਆਰ-ਪਾਰ ਵੰਡੇ ਚੜ੍ਹਦੇ ਪੰਜਾਬ (ਭਾਰਤ) ਤੇ ਲਹਿੰਦੇ ਪੰਜਾਬ (ਪਾਕਿਸਤਾਨ) ਦੀਆਂ ਸਰਕਾਰਾਂ ਵਿਚਾਲੇ ਆਪਸੀ ਭਾਈਚਾਰਕ ਸਾਂਝ ਹੋਰ ਪਕੇਰੀ ਕਰਨ ਲਈ 'ਪੰਜਾਬ ਕੱਪ' ਦੇ ਨਾਂ 'ਤੇ ਸਾਂਝੇ ਖੇਡ ਮੁਕਾਬਲੇ ਕਰਾਉਣ, ਵਪਾਰ ਨੂੰ ਉਤਸ਼ਾਹਤ ਕਰਨ ਲਈ ਸਾਂਝੀ ਕਮੇਟੀ ਬਣਾਉਣ ਤੇ ਸਰਹੱਦ ਦੇ ਆਰ-ਪਾਰ ਸਾਂਝਾ ਸਨਅਤੀ ਜ਼ੋਨ ਉਸਾਰਨ ਦੇ ਫੈਸਲੇ 'ਤੇ ਸਹਿਮਤੀ ਹੋ ਗਈ ਹੈ।

ਉਪ ਮੁੱਖ ਮੰਤਰੀ ਨੇ ਕਿਹਾ ਹੈ ਕਿ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਉਨ੍ਹਾਂ ਨੂੰ ਨਾਸ਼ਤੇ 'ਤੇ ਸੱਦਿਆ ਸੀ। ਇਸ ਮੌਕੇ ਦੁਵੱਲੀ ਗੱਲਬਾਤ ਦੌਰਾਨ ਦੋਵੇਂ ਪੰਜਾਬਾਂ ਵਿਚ ਭਾਈਚਾਰਕ ਸਾਂਝ ਵਧਾਉਣ ਲਈ ਦੁਵੱਲੇ ਵਪਾਰ ਨੂੰ ਉਤਸ਼ਾਹਿਤ ਕਰਨ, ਸਾਂਝੇ ਖੇਡ ਮੁਕਾਬਲੇ ਕਰਾਉਣ, ਸੱਭਿਆਚਾਰਕ ਵਟਾਂਦਰਾ ਕਰਨ ਤੇ ਸੈਰ-ਸਪਾਟੇ ਨੂੰ ਉਤਸ਼ਾਹਤ ਕਰਨ ਲਈ ਸਹਿਮਤੀ ਹੋਈ ਹੈ। ਉਨ੍ਹਾਂ ਦੱਸਿਆ ਕਿ ਹਰ ਦੋ ਸਾਲ ਬਾਅਦ ਪੰਜਾਬ ਕੱਪ ਦੇ ਨਾਂ 'ਤੇ ਸਾਂਝੇ ਖੇਡ ਮੁਕਾਬਲੇ ਕਰਵਾਏ ਜਾਣਗੇ।

ਨਿੱਘੇ ਰਿਸ਼ਤਿਆਂ ਲਈ ਰਾਹ ਖੁੱਲ੍ਹਿਆ

ਵਪਾਰ ਦੇ ਖੇਤਰ ਵਿਚ ਪੈਣਗੀਆਂ ਨਵੀਆਂ ਪੈੜਾਂ

ਖੇਡ ਮੁਕਾਬਲਿਆਂ ਲਈ ਵੀ ਪਿੜ ਬੱਝਿਆ

ਹੁਸੈਨੀਵਾਲਾ ਤੇ ਸੁਲੇਮਾਨ ਕੀ ਸਰਹੱਦਾਂ ਖੋਲ੍ਹਣ ਦੀ ਮੰਗ ਵੀ ਤੁਰੀ



ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਸਵਾਗਤ ਕਰਨ ਦੀ ਝਲਕ।

ਇਨ੍ਹਾਂ ਮੁਕਾਬਲਿਆਂ ਵਿਚ ਦੋਵਾਂ ਪੰਜਾਬਾਂ ਦੀਆਂ ਟੀਮਾਂ ਵਿਚਾਲੇ ਕ੍ਰਿਕਟ, ਕਬੱਡੀ, ਰੱਸਾਕਸ਼ੀ, ਹਾਕੀ ਤੇ ਹੋਰ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ। ਇਹ ਖੇਡ ਮੁਕਾਬਲੇ ਅਗਲੇ ਵਰ੍ਹੇ ਤੋਂ ਆਰੰਭ ਹੋਣਗੇ ਤੇ ਪਹਿਲਾ ਪੰਜਾਬ ਕੱਪ ਚੜ੍ਹਦੇ ਪੰਜਾਬ ਵਿਚ ਹੋਵੇਗਾ। ਇਸੇ ਤਰ੍ਹਾਂ ਵਪਾਰ ਨੂੰ ਹੁਲਾਰਾ ਦੇਣ ਲਈ ਇਕ ਸਾਂਝੀ ਵਪਾਰਕ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਸਾਂਝੀ ਕਮੇਟੀ ਵਿਚ ਦੋਵੇਂ ਪਾਸਿਆਂ ਦੇ 10-10 ਮੈਂਬਰ ਹੋਣਗੇ ਤੇ ਕਮੇਟੀ ਦੀਆਂ ਮੀਟਿੰਗਾਂ ਬਦਲ-ਬਦਲ ਕੇ ਲਾਹੌਰ ਤੇ ਅੰਮ੍ਰਿਤਸਰ ਵਿਖੇ ਹੋਣਗੀਆਂ।

ਇਸ ਬਾਰੇ ਕੇਂਦਰ ਸਰਕਾਰ ਕੋਲੋਂ ਵੀ ਪ੍ਰਵਾਨਗੀ ਲਈ ਜਾਵੇਗੀ ਤਾਂ ਜੋ ਕੇਂਦਰ ਪੱਧਰ 'ਤੇ ਇਸ ਸਾਂਝੀ ਵਪਾਰਕ ਕਮੇਟੀ ਨੂੰ ਮਾਨਤਾ ਮਿਲ ਸਕੇ। ਕਮੇਟੀ ਵੱਲੋਂ ਦੋਵੇਂ ਪਾਸੇ ਕੇਂਦਰ ਸਰਕਾਰਾਂ ਨੂੰ ਵਪਾਰ ਨੂੰ ਉਤਸ਼ਾਹਤ ਕਰਨ ਲਈ ਸਿਫਾਰਸ਼ਾਂ ਭੇਜੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਦੋਵੇਂ ਪੰਜਾਬਾਂ ਦੀਆਂ ਸਰਕਾਰਾਂ ਨੇ ਸਰਹੱਦ 'ਤੇ ਸਾਂਝਾ ਸਨਅਤੀ ਜ਼ੋਨ ਉਸਾਰਨ ਦੀ ਯੋਜਨਾ 'ਤੇ ਵੀ ਸਹਿਮਤੀ ਕੀਤੀ ਹੈ। ਇਹ ਸਾਂਝਾ ਸਨਅਤੀ ਜ਼ੋਨ ਸਰਹੱਦ ਦੇ ਦੋਵੇਂ ਪਾਸੇ ਦੋ ਤੋਂ ਤਿੰਨ ਹਜ਼ਾਰ ਏਕੜ ਵਿਚ ਫੈਲਿਆ ਹੋਵੇਗਾ ਜਿਥੇ ਲੱਗਣ ਵਾਲੀਆਂ ਸਨਅਤਾਂ ਦੀ ਪੈਦਾਵਾਰ ਨੂੰ ਸਥਾਨਕ ਵਸਤਾਂ (ਲੋਕਲ ਪ੍ਰਾਡਕਟ) ਦਾ ਨਾਂ ਦਿੱਤਾ ਜਾਵੇਗਾ ਤੇ ਇਸ ਉਪਰ ਟੈਕਸ ਦੀ ਛੋਟ ਹੋਵੇਗੀ।

ਉਨ੍ਹਾਂ ਆਖਿਆ ਕਿ ਇਸ ਸਾਂਝੇ ਸੁਝਾਅ ਨੂੰ ਅਮਲ ਵਿਚ ਲਿਆਉਣ ਲਈ ਕੇਂਦਰ ਸਰਕਾਰ ਨੂੰ ਸਿਫਾਰਸ਼ ਭੇਜੀ ਜਾਵੇਗੀ। ਇਸੇ ਤਰ੍ਹਾਂ ਲਹਿੰਦੇ ਪੰਜਾਬ ਦੀ ਸਰਕਾਰ ਵੱਲੋਂ ਪਾਕਿਸਤਾਨ ਦੀ ਫੈਡਰਲ ਸਰਕਾਰ ਨੂੰ ਸੁਝਾਅ ਭੇਜਿਆ ਜਾਵੇਗਾ। ਉਪ ਮੁੱਖ ਮੰਤਰੀ ਨੇ ਕਿਹਾ ਕਿ ਅਜਿਹੇ ਸਾਂਝੇ ਸਨਅਤੀ ਜਾਂ ਵਪਾਰਕ ਜ਼ੋਨ ਕਈ ਦੇਸ਼ਾਂ ਵਿਚ ਬਣੇ ਹੋਏ ਹਨ। ਇਸ ਨਾਲ ਵਪਾਰ ਤੇ ਸਨਅਤ ਨੂੰ ਹੁਲਾਰਾ ਮਿਲੇਗਾ। ਉਨ੍ਹਾਂ ਦੱਸਿਆ ਕਿ ਦੋਵੇਂ ਦੇਸ਼ਾਂ ਵਿਚ ਆਪਸੀ ਆਵਾਜਾਈ ਨੂੰ ਵਧਾਉਣ ਲਈ ਜਿਥੇ ਵੀਜ਼ਾ ਸ਼ਰਤਾਂ ਨੂੰ ਸੁਖਾਲਾ ਕਰਨ ਦੀ ਵੀ ਲੋੜ ਹੈ, ਉਥੇ ਅੰਮ੍ਰਿਤਸਰ ਤੇ ਲਾਹੌਰ ਵਿਖੇ ਵੀਜ਼ਾ ਕੇਂਦਰ ਸਥਾਪਤ ਕਰਨ ਦੀ ਲੋੜ ਹੈ।

ਉਨ੍ਹਾਂ ਇਹ ਮਾਮਲਾ ਵੀ ਸ੍ਰੀ ਸ਼ਾਹਬਾਜ਼ ਸ਼ਰੀਫ ਅੱਗੇ ਰੱਖਿਆ ਤੇ ਉਨ੍ਹਾਂ ਵੀ ਇਸ ਸੁਝਾਅ 'ਤੇ ਹਾਮੀ ਭਰੀ ਹੈ। ਉਨ੍ਹਾਂ ਦੱਸਿਆ ਕਿ ਲੁਧਿਆਣਾ ਵਿਖੇ 15 ਦਸੰਬਰ ਨੂੰ ਹੋ ਰਹੇ ਅੰਤਰਰਾਸ਼ਟਰੀ ਕਬੱਡੀ ਕੱਪ ਦੇ ਫਾਈਨਲ ਮੁਕਾਬਲੇ ਵਿਚ ਸ਼ਿਰਕਤ ਕਰਨ ਲਈ ਉਨ੍ਹਾਂ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਨੂੰ ਆਉਣ ਦਾ ਸੱਦਾ ਦਿੱਤਾ ਹੈ ਤੇ ਉਨ੍ਹਾਂ ਇਹ ਸੱਦਾ ਕਬੂਲ ਕੀਤਾ ਹੈ। ਉਨ੍ਹਾਂ ਦੇ ਨਾਲ ਸਨਅਤਕਾਰਾਂ, ਵਪਾਰੀਆਂ ਤੇ ਹੋਰ ਪਤਵੰਤਿਆਂ ਦਾ ਇਕ ਉਚ ਪੱਧਰੀ ਵਫਦ ਵੀ ਆਵੇਗਾ।

ਸ. ਬਾਦਲ ਨੇ ਦੋਵਾਂ ਪੰਜਾਬਾਂ ਦੀਆਂ ਵਿਧਾਨ ਸਭਾ ਦੇ ਮੈਂਬਰਾਂ ਵਿਚਾਲੇ ਕ੍ਰਿਕਟ ਮੈਚ ਤੇ ਰੱਸਾਕਸ਼ੀ ਮੁਕਾਬਲੇ ਕਰਾਉਣ ਦਾ ਵੀ ਸੁਝਾਅ ਦਿੱਤਾ ਹੈ ਜਿਸ 'ਤੇ ਪਾਕਿਸਤਾਨੀ ਪੰਜਾਬ ਦੀ ਵਿਧਾਨ ਸਭਾ ਦੇ ਸਪੀਕਰ ਰਾਣਾ ਇਕਬਾਲ ਮੁਹੰਮਦ ਨੇ ਸਹਿਮਤੀ ਦਿੱਤੀ ਹੈ। ਉਪ ਮੁੱਖ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਨੂੰ ਖੁੱਲ੍ਹਾ ਲਾਂਘਾ ਦੇਣ ਦਾ ਮਾਮਲਾ ਵੀ ਰੱਖਿਆ ਹੈ। ਇਸ ਤੋਂ ਇਲਾਵਾ ਲਾਹੌਰ ਦੀ ਕੋਟ ਲਖਪਤ ਜੇਲ੍ਹ ਵਿਚ ਬੰਦ ਸਰਬਜੀਤ ਦੀ ਰਿਹਾਈ ਸਮੇਤ ਹੋਰ ਅਜਿਹੇ ਕੈਦੀਆਂ ਜਿਨ੍ਹਾਂ ਦੀਆਂ ਸਜ਼ਾਵਾਂ ਖ਼ਤਮ ਹੋ ਚੁੱਕੀਆਂ ਹਨ, ਦੀ ਰਿਹਾਈ ਲਈ ਵੀ ਆਖਿਆ ਹੈ।

ਇਸੇ ਤਰ੍ਹਾਂ ਧਾਰਮਿਕ ਤੇ ਮੈਡੀਕਲ ਸੇਵਾਵਾਂ ਦੇ ਖੇਤਰ ਵਿਚ ਸੈਰ ਸਪਾਟੇ ਨੂੰ ਉਤਸ਼ਾਹਤ ਕਰਨ, ਕਲਾਕਾਰਾਂ ਨੂੰ ਆਉਣ-ਜਾਣ ਲਈ ਖੁੱਲ੍ਹੇ ਵੀਜ਼ੇ ਦੇਣ, ਦੋਵਾਂ ਪੰਜਾਬਾਂ ਦੇ ਨੌਜਵਾਨਾਂ ਦੀ ਆਵਾਜਾਈ ਨੂੰ ਵਧਾਉਣ ਲਈ ਆਖਿਆ ਹੈ। ਸ. ਬਾਦਲ ਨੇ ਦੱਸਿਆ ਕਿ ਇਸ ਗੱਲਬਾਤ ਦੌਰਾਨ ਸ੍ਰੀ ਸ਼ਰੀਫ ਨੇ ਹਾਂਪੱਖੀ ਹੁੰਗਾਰਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਦੇ ਲੋਕ ਤੇ ਖਾਸ ਕਰਕੇ ਪੰਜਾਬੀ ਆਪਸ ਵਿਚ ਮਿਲਵਰਤਣ ਨੂੰ ਵਧਾਉਣ ਦੇ ਇੱਛੁਕ ਹਨ।

ਉਨ੍ਹਾਂ ਨੇ ਅਟਾਰੀ ਵਾਹਗਾ ਸਰਹੱਦ ਵਾਂਗ ਫਿਰੋਜ਼ਪੁਰ ਖੇਤਰ ਵਿਚ ਹੁਸੈਨੀਵਾਲਾ ਸਰਹੱਦ ਤੇ ਫਾਜ਼ਿਲਕਾ ਵਿਖੇ ਸੁਲੇਮਾਨ ਕੀ ਸਰਹੱਦ ਨੂੰ ਖੋਲ੍ਹਣ ਲਈ ਵੀ ਮੰਗ ਰੱਖੀ ਹੈ। ਉਨ੍ਹਾਂ ਨੇ ਲਾਹੌਰ ਵਿਖੇ ਇਕ ਚੌਕ ਦਾ ਨਾਂ ਸ਼ਹੀਦ ਭਗਤ ਸਿੰਘ ਚੌਕ ਰੱਖਣ ਲਈ ਵੀ ਅਪੀਲ ਕੀਤੀ ਹੈ।

## ਭਾਰਤੀ ਪਰਮਾਣੂ ਨੀਤੀ ਤੋਂ ਪਹਿਲਾਂ ਹੀ ਜਾਣੂ ਸੀ ਅਮਰੀਕਾ

**ਵਾਸ਼ਿੰਗਟਨ:** ਭਾਰਤ ਦੇ ਪਰਮਾਣੂ ਬੰਬ ਬਣਾਉਣ ਬਾਰੇ ਇਰਾਦਿਆਂ ਦੀ ਅਮਰੀਕੀ ਖੁਫ਼ੀਆ ਏਜੰਸੀਆਂ ਨੇ 1964 ਵਿਚ ਹੀ ਪੇਸ਼ੀਨਗੋਈ ਕਰ ਦਿੱਤੀ ਸੀ ਜਦਕਿ ਇਸਰਾਈਲ ਬਾਰੇ ਇਸ ਸਭ ਗੁੱਝਾ ਰਿਹਾ। ਇਹ ਖੁਲਾਸਾ ਅਮਰੀਕਾ 'ਚ ਹਾਲ ਹੀ 'ਚ ਨਸ਼ਰ ਕੀਤੇ ਗਏ ਦਸਤਾਵੇਜ਼ਾਂ ਤੋਂ ਹੋਇਆ ਹੈ। ਨੈਸ਼ਨਲ ਸਕਿਉਰਟੀ ਆਰਕਾਈਵ ਤੇ 'ਪਰਮਾਣੂ ਪ੍ਰਸਾਰ ਕੌਮਾਂਤਰੀ ਇਤਿਹਾਸ ਪ੍ਰਾਜੈਕਟ' ਵੱਲੋਂ ਹਾਲ ਹੀ ਵਿਚ ਨਸ਼ਰ ਕੀਤੇ ਗਏ ਹਨ।

ਨੈਸ਼ਨਲ ਇੰਟੈਲੀਜੈਂਸ ਐਸਟੀਮੇਟ (ਐਨ.ਆਈ.ਈ.) ਵੱਲੋਂ ਅਕਤੂਬਰ 1964 ਵਿਚ ਅਜਿਹਾ ਇਕ ਵਿਸ਼ਲੇਸ਼ਣ ਪੇਸ਼ ਕੀਤਾ ਗਿਆ ਸੀ ਜਿਸ ਵਿਸ਼ਲੇਸ਼ਣ ਵਿਚ ਦੇਸ਼ ਵਾਰ ਪਰਮਾਣੂ ਸਥਿਤੀ ਦੇ ਵੇਰਵੇ ਸਨ। ਚੀਨ ਨੇ ਪਹਿਲਾ ਪਰਮਾਣੂ ਤਜਰਬਾ 16 ਅਕਤੂਬਰ, 1964 ਨੂੰ ਕੀਤਾ ਸੀ। 1964 ਦੀ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਵੱਧ ਸੰਭਾਵਨਾ ਤਾਂ ਇਹ ਹੀ ਹੈ ਕਿ ਭਾਰਤ ਅਗਲੇ ਕੁਝ ਸਾਲਾਂ ਵਿਚ ਪਰਮਾਣੂ ਹਥਿਆਰ ਬਣਾਉਣ ਬਾਰੇ ਫੈਸਲਾ ਕਰੇਗਾ।

ਰਿਪੋਰਟ ਅਨੁਸਾਰ ਭਾਵੇਂ ਭਾਰਤ ਕੋਲ ਪਲੂਟੋਨੀਅਮ ਬਣਾਉਣ ਦੀ ਸਮਰੱਥਾ ਹੈ ਤੇ ਚੀਨ ਵੱਲੋਂ ਕੀਤੇ ਤਜਰਬਿਆਂ ਕਾਰਨ ਉਸ 'ਤੇ ਅਜਿਹਾ ਫੈਸਲਾ ਲੈਣ ਲਈ ਅੰਦਰੂਨੀ ਦਬਾਅ ਵਧ ਸਕਦਾ ਹੈ। ਰਿਪੋਰਟ 'ਚ ਇਹ ਸਿੱਟਾ ਵੀ ਕੱਢਿਆ ਗਿਆ ਸੀ ਕਿ ਇਸਰਾਈਲੀ ਆਗੂਆਂ ਨੇ ਸ਼ਾਇਦ ਹਾਲੇ ਪਰਮਾਣੂ ਹਥਿਆਰ ਬਣਾਉਣ ਬਾਰੇ ਫੈਸਲਾ ਨਹੀਂ ਕੀਤਾ ਪਰ ਅਰਬ ਦੇਸ਼ਾਂ ਦੇ ਸ਼ਸਤਰੀਕਰਨ ਦੇ ਵਧਦੇ ਪੱਧਰ ਦਾ ਦਬਾਅ ਇਸ 'ਤੇ ਬਣ ਸਕਦਾ ਹੈ ਜਾਂ ਫਿਰ ਜੇਕਰ ਇਸਰਾਈਲ ਨੂੰ ਲੋੜ ਜੋਗੇ ਰਵਾਇਤੀ ਹਥਿਆਰ ਨਾ ਮਿਲ ਸਕਦੇ ਹੋਏ ਤਾਂ ਉਹ ਇਸ ਦਿਸ਼ਾ ਵਿਚ ਸੋਚ ਸਕਦਾ ਹੈ।

ਇਸ ਤੋਂ ਉਲਟ ਐਵਨਰ ਕੋਹੇਨ ਨੇ ਆਪਣੀ ਖੋਜਬੀਨ 'ਚ ਇਹ ਖੁਲਾਸਾ ਕੀਤਾ ਸੀ ਕਿ ਅਸਲ 'ਚ 1962 ਵਿਚ ਹੀ ਇਸਰਾਈਲ ਦੇ ਪ੍ਰਧਾਨ ਮੰਤਰੀ ਬੇਨ-ਗੁਰਿਓਨ ਨੇ ਪਰਮਾਣੂ ਸਮਰੱਥਾ ਵਿਕਸਤ ਕਰਨ ਦਾ ਫੈਸਲਾ ਲੈ ਲਿਆ ਸੀ ਤੇ 1967 ਵਿਚ ਦੇਸ਼ ਨੇ ਹਥਿਆਰ ਬਣਾਉਣੇ ਆਰੰਭ ਵੀ ਕਰ ਦਿੱਤੇ ਸਨ। ਦਿਲਚਸਪ ਗੱਲ ਹੈ ਕਿ 1964 ਦੇ ਐਨ.ਆਈ.ਈ. ਦੇ ਸਿੱਟੇ ਇਕ ਸਾਲ ਪਹਿਲਾਂ ਆਈ ਰਿਪੋਰਟ ਨਾਲੋਂ ਵੱਖਰੇ ਸਨ।

ਪਹਿਲਾਂ ਆਈ ਰਿਪੋਰਟ ਵਿਚ ਇਸਰਾਈਲ ਦੇ ਅਗਲੇ ਕੁਝ ਸਾਲਾਂ ਵਿਚ ਪਰਮਾਣੂ ਹਥਿਆਰ ਬਣਾਉਣ ਦੇ ਯਤਨ ਕਰਨ ਦੀ ਪੇਸ਼ੀਨਗੋਈ ਕੀਤੀ ਗਈ ਸੀ। ਰਿਪੋਰਟ ਵਿਚ ਪੱਛਮੀ ਜਰਮਨੀ, ਸਵੀਡਨ, ਜਪਾਨ ਤੇ ਹੋਰ ਮੁਲਕਾਂ ਦੇ ਕੌਮੀ ਪਰਮਾਣੂ ਪ੍ਰੋਗਰਾਮਾਂ ਬਾਰੇ ਵੀ ਜਾਇਜ਼ਾ ਲਿਆ ਗਿਆ ਸੀ। ਰਿਪੋਰਟ ਵਿਚ ਭਾਰਤ ਵੱਲੋਂ ਬਣਾਏ ਜਾਣ ਵਾਲੇ ਬੰਬਾਂ ਦੇ ਛੋਟੇ-ਵੱਡੇ ਹੋਣ ਬਾਰੇ ਵੀ ਬਰੀਕੀਆਂ ਨਾਲ ਖੁਲਾਸਾ ਕੀਤਾ ਗਿਆ ਸੀ।

## ਜੰਡਾਲੀ ਨੇ ਸੰਭਾਲੀ ਬਸਪਾ ਦੀ ਕਮਾਂਡ

**ਜਲੰਧਰ:** ਬਸਪਾ ਦੀ ਕੌਮੀ ਪ੍ਰਧਾਨ ਮਾਇਆਵਤੀ ਨੇ ਪਾਰਟੀ ਦੀ ਸੂਬਾਈ ਲੀਡਰਸ਼ਿਪ ਵਿਚ ਵੱਡੀ ਤਬਦੀਲੀ ਕਰਦਿਆਂ ਅਵਤਾਰ ਸਿੰਘ ਕਰੀਮਪੁਰੀ ਦੀ ਥਾਂ ਪ੍ਰਕਾਸ਼ ਸਿੰਘ ਜਡਾਲੀ ਨੂੰ ਪਾਰਟੀ ਦਾ ਸੂਬਾ ਪ੍ਰਧਾਨ ਥਾਪ ਦਿੱਤਾ ਹੈ। ਸ. ਜੰਡਾਲੀ ਲੁਧਿਆਣਾ ਇਲਾਕੇ ਤੋਂ ਹਨ ਤੇ ਉਹ ਬਸਪਾ ਦੇ ਬਾਨੀ ਪ੍ਰਧਾਨ ਮਰਹੂਮ ਕਾਂਸ਼ੀ ਰਾਮ ਦੇ ਕਾਫੀ ਨਜ਼ਦੀਕ ਰਹਿ ਚੁੱਕੇ ਹਨ। ਇਸ ਸਮੇਂ ਉਹ ਪੰਜਾਬ ਬਸਪਾ ਦੇ ਜਨਰਲ ਸਕੱਤਰ ਦੇ ਅਹੁਦੇ 'ਤੇ ਕੰਮ ਕਰ ਰਹੇ ਸਨ।

ਜ਼ਿਕਰਯੋਗ ਹੈ ਕਿ ਅਵਤਾਰ ਸਿੰਘ ਕਰੀਮਪੁਰੀ 2003 ਤੋਂ ਬਸਪਾ ਦੇ ਸੂਬਾਈ ਪ੍ਰਧਾਨ ਸਨ ਤੇ ਉਨ੍ਹਾਂ ਦੀ ਪ੍ਰਧਾਨਗੀ ਦੌਰਾਨ ਹੀ ਪਾਰਟੀ ਦੇ ਕਈ ਸੀਨੀਅਰ ਲੀਡਰ ਪਾਰਟੀ ਵਿਚੋਂ ਕੱਢ ਦਿੱਤੇ ਗਏ ਸਨ ਜਾਂ ਫਿਰ ਉਨ੍ਹਾਂ ਨੇ ਆਪ ਹੀ ਪਾਰਟੀ ਛੱਡ ਦਿੱਤੀ ਸੀ। 2012 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਬਸਪਾ ਇਕ ਵਾਰ ਫਿਰ ਵਿਧਾਨ ਸਭਾ ਵਿਚ ਆਪਣਾ ਦਾਖਲਾ ਪਾਉਣ ਤੋਂ ਅਸਮਰੱਥ ਹੋ ਗਈ ਸੀ।

ਇਨ੍ਹਾਂ ਚੋਣਾਂ 'ਚ ਹਾਰ ਦੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਸ. ਕਰੀਮਪੁਰੀ ਨੇ ਅਸਤੀਫਾ ਦੇ ਦਿੱਤਾ ਸੀ ਤੇ ਉਨ੍ਹਾਂ ਦੀ ਥਾਂ ਗੁਰਲਾਲ ਸੈਲਾ ਨੂੰ ਪ੍ਰਧਾਨ ਬਣਾ ਦਿੱਤਾ ਸੀ ਪਰ ਪਾਰਟੀ ਦੇ ਅੰਦਰਲੇ ਇਕ ਧੜੇ ਨੇ ਸ੍ਰੀ ਸੈਲਾ ਨੂੰ ਵੀ ਮੀਟਿੰਗਾਂ ਨਹੀਂ ਸੀ ਕਰਨ ਦਿੱਤੀਆਂ। ਸ੍ਰੀ ਸੈਲਾ ਦੇ ਵਿਵਾਦਾਂ ਵਿਚ ਘਿਰਨ ਤੋਂ ਬਾਅਦ ਸ. ਕਰੀਮਪੁਰੀ ਨੂੰ ਮੁੜ ਪੰਜਾਬ ਦੀ ਪ੍ਰਧਾਨਗੀ ਸੰਭਾਲ ਦਿੱਤੀ ਸੀ। ਬਸਪਾ ਸੂਤਰਾਂ ਅਨੁਸਾਰ ਬੀਬੀ ਮਾਇਆਵਤੀ ਨੇ ਪਾਰਟੀ ਦੀ ਸੂਬਾਈ ਲੀਡਰਸ਼ਿਪ ਦੀ ਦਿੱਲੀ ਵਿਚ ਹੋਈ ਮੀਟਿੰਗ ਦੌਰਾਨ ਕਰੀਮਪੁਰੀ ਨੂੰ ਅਹੁਦੇ ਤੋਂ ਫਾਰਗ ਕਰਨ ਦਾ ਫੈਸਲਾ ਕੀਤਾ। ਫਿਲਹਾਲ ਉਨ੍ਹਾਂ ਨੂੰ ਹਿਮਾਚਲ ਦਾ ਕਨਵੀਨਰ ਨਿਯੁਕਤ ਕਰ ਦਿੱਤਾ ਹੈ। ਪੰਜਾਬ ਮਾਮਲਿਆਂ ਦੇ ਇੰਚਾਰਜ ਨਰਿੰਦਰ ਕਸ਼ਅਪ ਕੋਲੋਂ ਵੀ ਜੰਮੂ ਕਸ਼ਮੀਰ ਦਾ ਚਾਰਜ ਵਾਪਸ ਲੈ ਲਿਆ ਹੈ। ਹੁਣ ਉਹ ਪੰਜਾਬ ਤੇ ਹਿਮਾਚਲ ਦੇ ਹੀ ਇੰਚਾਰਜ ਹੋਣਗੇ।




ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 3000 ਮਿੰਟ (50 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

vaisakhi
Coupon Code

ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ

24/7 Customer Service Available

Same rate for lanline and mobile.

ਟੋਲ ਫਰੀ ਨੰਬਰ 1-888-652-6268

732-983-4332/4333

ਪੰਜਾਬ ਟਾਈਮਜ਼

*ਸਨਿਚਰਵਾਰ, 17 ਨਵੰਬਰ 2012*

## ਬਰਾਕ ਓਬਾਮਾ ਦੀ ਉਡਾਣ

ਰਾਸ਼ਟਰਪਤੀ ਬਰਾਕ ਓਬਾਮਾ ਦੀ ਮੁੜ ਚੋਣ ਨੇ ਕਈ ਪੱਖਾਂ ਬਾਰੇ ਫਿਰ ਤੋਂ ਚਰਚਾ ਛੇੜੀ ਹੈ। ਸਿਰਫ ਇਸਰਾਈਲ ਨੂੰ ਛੱਡ ਕੇ ਤਕਰੀਬਨ ਸਭ ਦੇਸ਼ਾਂ ਦੇ ਆਗੂਆਂ ਨੇ ਇਸ ਜਿੱਤ ਬਾਰੇ ਕੋਈ ਨਾ ਕੋਈ ਚੰਗੀ ਟਿੱਪਣੀ ਕੀਤੀ ਹੈ। ਦਰਅਸਲ ਇਸਰਾਈਲ ਨੇ ਅਗਲੀ ਰਣਨੀਤੀ ਦਾ ਸਾਰਾ ਦਾਰੋਮਦਾਰ ਰਿਬਪਲਿਕਨ ਉਮੀਦਵਾਰ ਮਿੱਟ ਰੋਮਨੀ ਦੀ ਜਿੱਤ ਨਾਲ ਜੋੜਿਆ ਹੋਇਆ ਸੀ। ਇਸਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦਾ ਫਲਸਤੀਨੀਆਂ ਵੱਲ ਰੁਖ਼ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ। ਓਬਾਮਾ ਵੱਲੋਂ ਫਲਸਤੀਨੀ ਇਲਾਕਿਆਂ ਵਿਚ ਮਿਥ ਕੇ ਇਸਰਾਈਲੀ ਵਸੋਂ ਵਧਾਉਣ ਦਾ ਵਿਰੋਧ ਉਨ੍ਹਾਂ ਲਈ ਝੱਲਣਾ ਬਹੁਤ ਔਖਾ ਹੋ ਰਿਹਾ ਹੈ। ਓਬਾਮਾ ਭਾਵੇਂ ਫਲਸਤੀਨ ਦੇ ਪੱਖ ਤੋਂ ਉਸ ਖਿੱਤੇ ਵਿਚ ਕੋਈ ਯੁਗ ਪਲਟਾਊ ਫੈਸਲਾ ਤਾਂ ਨਹੀਂ ਕਰ ਸਕੇ, ਫਿਰ ਵੀ ਫਲਸਤੀਨੀ ਆਗੂ ਕੁਝ ਕੁ ਟੇਕ ਓਬਾਮਾ 'ਤੇ ਰੱਖ ਰਹੇ ਹਨ। ਇਹੀ ਨਹੀਂ, ਨੇਤਨਯਾਹੂ ਇਰਾਨ ਉਤੇ ਹਮਲੇ ਲਈ ਵਾਰ ਵਾਰ ਜ਼ੋਰ ਦਿੰਦੇ ਰਹੇ ਹਨ ਪਰ ਰਾਸ਼ਟਰਪਤੀ ਓਬਾਮਾ ਨੇ ਫਿਲਹਾਲ ਹਮਲੇ ਦੀ ਥਾਂ ਪਾਬੰਦੀਆਂ ਦੀ ਰਣਨੀਤੀ ਅਪਨਾਈ ਹੈ। ਨੇਤਨਯਾਹੂ ਦਾ ਇਹ ਹਮਲਾਵਰ ਰੁਖ਼ ਅਸਲ ਵਿਚ ਰਿਪਬਲਿਕਨਾਂ ਦੇ ਬਹੁਤ ਮੇਚ ਆਉਂਦਾ ਹੈ। ਰਿਪਬਲਿਕਨ ਅਤੇ ਇਸਰਾਈਲੀ ਆਗੂ ਹਮਲਾਵਰ ਵਿਦੇਸ਼ ਨੀਤੀ ਅਤੇ ਘਰੇਲੂ ਆਰਥਿਕ ਫਰੰਟ ਉਤੇ ਲਿਬਰਲ ਪਹੁੰਚ 'ਤੇ ਵੱਧ ਯਕੀਨ ਰੱਖਦੇ ਹਨ। ਖੈਰ! ਚੋਣ ਨਤੀਜਿਆਂ ਉਤੇ ਸਰਸਰੀ ਜਿਹੀ ਨਿਗ੍ਹਾ ਸੁੱਟਣ ਨਾਲ ਇਹ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਘੱਟਗਿਣਤੀਆਂ ਨੇ ਓਬਾਮਾ ਦੀ ਜਿੱਤ ਵਿਚ ਬੜੀ ਅਹਿਮ ਅਤੇ ਧੜੱਲੇ ਵਾਲੀ ਭੂਮਿਕਾ ਨਿਭਾਈ ਹੈ। ਘੱਟਗਿਣਤੀ ਭਾਈਚਾਰਿਆਂ ਨੇ ਐਤਕੀਂ ਲੱਕ ਬੰਨ੍ਹ ਕੇ ਵੋਟਾਂ ਪਾਈਆਂ ਅਤੇ ਇਸੇ ਨੇ ਹੀ ਪੱਬਾਂ ਭਾਰ ਹੋਏ ਪਏ ਉਮੀਦਵਾਰਾਂ ਦੀ ਹੋਣੀ ਤੈਅ ਕੀਤੀ। ਹਿਸਪੈਨਿਕ ਭਾਈਚਾਰੇ ਦੀ ਗਿਣਤੀ ਅਮਰੀਕਾ ਵਿਚ ਤੇਜੀ ਨਾਲ ਵਧ ਰਹੀ ਹੈ ਅਤੇ ਇਹ ਪਹਿਲਾਂ ਹੀ ਵੱਡਾ ਭਾਈਚਾਰਾ ਤਾਂ ਹੈ ਹੀ। ਕਈ ਸਿਆਸੀ ਮਾਹਿਰਾਂ ਨੇ ਤਾਂ ਹੁਣ ਇਹ ਕਹਿਣਾ ਵੀ ਸ਼ੁਰੂ ਕਰ ਦਿੱਤਾ ਹੈ ਕਿ ਜੇ ਜਿੱਤਣਾ ਹੈ ਤਾਂ ਰਿਪਲਿਕਨਾਂ ਨੂੰ ਵੀ ਹੁਣ ਥੋੜ੍ਹਾ ਖੱਬੇ ਵੱਲ ਝੁਕਣਾ ਪੈਣਾ ਹੈ। ਜੇ ਇਸ ਵਿਸ਼ਲੇਸ਼ਣ ਵਿਚ ਭੋਰਾ ਭਰ ਵੀ ਸੱਚਾਈ ਤਾਂ ਇਸ ਨੂੰ ਇਸ ਚੋਣ ਦਾ ਹਾਸਲ ਵੀ ਤਸੱਵੁਰ ਕੀਤਾ ਜਾ ਸਕਦਾ ਹੈ ਕਿਉਂਕਿ ਕਈ ਹਲਕਿਆਂ ਵਲੋਂ ਕੀਤੇ ਜਾਂਦੇ ਪ੍ਰਚਾਰ ਵਿਚ ਓਬਾਮਾ ਨੂੰ ਸਿੱਧੇ-ਅਸਿੱਧੇ ਢੰਗ ਨਾਲ ਸਮਾਜਵਾਦੀਆਂ ਨਾਲ ਜੋੜਿਆ ਜਾਂਦਾ ਰਿਹਾ ਹੈ। ਰਿਪਬਲਿਕਨਾਂ ਅਤੇ ਡੈਮੋਕ੍ਰੇਟਾਂ ਵਿਚਾਲੇ ਇੱਦਾਂ ਦੇ ਫਰਕਾਂ ਬਾਰੇ ਮੀਡੀਆ 'ਚ ਅਕਸਰ ਚਰਚਾ ਵੀ ਹੁੰਦੀ ਰਹੀ ਹੈ ਤੇ ਓਬਾਮਾ ਦੇ ਮਾਮਲੇ ਵਿਚ ਇਹ ਮੁੱਦਾ ਆਮ ਨਾਲੋਂ ਰਤਾ ਵਧਵੇਂ ਰੂਪ ਵਿਚ ਚਰਚਾ ਅਧੀਨ ਆਇਆ ਹੈ। ਖੌਰੇ ਇਸੇ ਕਰ ਕੇ ਓਬਾਮਾ ਦੇ ਪਿਛੋਕੜ ਬਾਰੇ ਅਕਸਰ ਚਰਚਾ ਚੱਲਦੀ ਰਹਿੰਦੀ ਹੈ।

ਇਸ ਵਾਰ ਜਿੱਤ ਤੋਂ ਬਾਅਦ ਇਹ ਖਬਰਾਂ ਵੀ ਸੁਰਖੀਆਂ ਵਿਚ ਰਹੀਆਂ ਕਿ ਚੋਣ ਨਤੀਜਿਆਂ ਦੇ ਨਾਲ ਹੀ ਹਥਿਆਰਾਂ ਅਤੇ ਅਸਲੇ ਵਾਲੀਆਂ ਦੁਕਾਨਾਂ ਉਤੇ ਵਿਕਰੀ ਬਹੁਤ ਹੋਈ ਹੈ। ਹਥਿਆਰਾਂ ਦਾ ਸੰਵੇਦਨਸ਼ੀਲ ਮਾਮਲਾ ਅਮਰੀਕਾ ਵਿਚ ਅਕਸਰ ਚਰਚਾ ਵਿਚ ਰਿਹਾ ਹੈ। ਪਿਛਲੇ ਕੁਝ ਸਮੇਂ ਦੌਰਾਨ ਜਿਸ ਤਰ੍ਹਾਂ ਗੋਲੀ ਕਾਂਡ ਵਾਪਰੇ ਹਨ, ਉਸ ਨਾਲ ਆਮ ਲੋਕਾਂ ਦੀ ਹਥਿਆਰਾਂ ਤੱਕ ਪਹੁੰਚ ਸਬੰਧੀ ਫਿਕਰ ਸਾਂਝੇ ਕੀਤੇ ਜਾਂਦੇ ਰਹੇ ਹਨ। ਇਸ ਗੋਲੀ ਕਾਂਡ ਦਾ ਸੇਕ ਅਤੇ ਸੰਤਾਪ ਸਿੱਖ ਭਾਈਚਾਰੇ ਨੂੰ ਵੀ ਝੱਲਣਾ ਪਿਆ ਸੀ ਜਦੋਂ ਵਿਸਕਾਨਸਿਨ ਵਿਚ ਇਕ ਬੰਦੂਕਧਾਰੀ ਨੇ ਗੁਰਦੁਆਰੇ ਅੰਦਰ ਗੋਲੀ ਚਲਾ ਕੇ ਛੇ ਸਿੱਖ ਸ਼ਰਧਾਲੂਆਂ ਨੂੰ ਮਾਰ ਦਿੱਤਾ ਸੀ। ਓਬਾਮਾ ਨੇ ਆਪਣੀ ਚੋਣ ਮੁਹਿੰਮ ਦੌਰਾਨ ਹਥਿਆਰਾਂ ਬਾਬਤ ਬਾਕਾਇਦਾ ਪੈਂਤੜਾ ਮੱਲਿਆ ਸੀ ਅਤੇ ਹੁਣ ਲੋਕਾਂ ਨੇ ਹਥਿਆਰਾਂ ਉਤੇ ਸਖਤੀ ਦੇ ਡਰੋਂ ਹੀ ਚੋਣ ਨਤੀਜਿਆਂ ਤੋਂ ਬਾਅਦ ਇਨ੍ਹਾਂ ਦੁਕਾਨਾਂ ਵੱਲ ਵਹੀਰਾਂ ਘੱਤੀਆਂ। ਇਹ ਮੁੱਦਾ ਰਿਪਬਲਿਕਨਾਂ ਅਤੇ ਡੈਮੋਕ੍ਰੇਟਾਂ ਦਰਮਿਆਨ ਫਰਕਾਂ ਨਾਲ ਸਿੱਧਾ ਜੁੜਿਆ ਹੋਇਆ ਹੈ। ਇਥੇ ਇਹ ਵੀ ਵਿਚਾਰਨ ਵਾਲਾ ਪੱਖ ਹੈ ਕਿ ਪਿਛਲੇ ਸਮੇਂ ਦੌਰਾਨ ਹਥਿਆਰਾਂ ਅਤੇ ਅਸਲੇ ਦੀ ਦਰਾਮਦ ਵਿਚ 59 ਫੀਸਦੀ ਵਾਧਾ ਰਿਕਾਰਡ ਹੋਇਆ ਹੈ। ਪਿਛਲੇ 18 ਮਹੀਨਿਆਂ ਦੌਰਾਨ ਚੋਣ ਮੁਹਿੰਮ ਵਿਚ ਅਰਬਾਂ ਡਾਲਰ ਪਾਣੀ ਵਾਂਗ ਵਗੇ; ਸਿਹਤ ਸੰਭਾਲ, ਪੂੰਜੀਨਿਵੇਸ਼, ਬੇਰੁਜ਼ਗਾਰੀ ਵਰਗੇ ਮੁੱਦੇ ਭਾਵੇਂ ਚੋਣ ਮੁਹਿੰਮਾਂ ਵਿਚ ਮੁੱਖ ਰੂਪ ਵਿਚ ਸਾਹਮਣੇ ਆਉਂਦੇ ਰਹੇ ਪਰ ਪਾਸਕੂੰ ਵਾਲਾ ਅਹਿਮ ਰੋਲ ਲੀਡਰਸ਼ਿਪ ਵਾਲੇ ਗੁਣਾਂ ਨੇ ਹੀ ਨਿਭਾਇਆ। ਇਸ ਗਹਿ-ਗੱਚ ਮੁਕਾਬਲੇ ਵਿਚ ਸਭ ਤੋਂ ਵੱਧ ਭੂਮਿਕਾ ਬਹਿਸਾਂ ਦੀ ਰਹੀ ਜਿਸ ਨੂੰ ਆਵਾਮ ਨੇ ਪੂਰੀ ਗੰਭੀਰਤਾ ਨਾਲ ਸੁਣਿਆ ਅਤੇ ਵੋਟਾਂ ਬਾਰੇ ਫੈਸਲਾ ਕੀਤਾ। ਐਨ ਆਖਰੀ ਦਿਨਾਂ ਦੌਰਾਨ ਰਿਪਬਲਿਕਨ ਉਮੀਦਵਾਰ ਮਿੱਟ ਰੋਮਨੀ ਨੇ ਕੁਝ ਮਾਮਲਿਆਂ ਬਾਰੇ ਤਿੱਖਾ ਹਮਲਾਵਰ ਰੁਖ਼ ਅਪਨਾਉਂਦਿਆਂ ਸੱਚ ਦਾ ਪੱਲਾ ਵੀ ਵਗ੍ਹਾ ਮਾਰਿਆ ਅਤੇ ਉਸ ਦਾ ਇਹੀ ਪੈਂਤੜਾ ਉਸ ਲਈ ਘਾਤਕ ਸਾਬਤ ਹੋਇਆ। ਇਨ੍ਹਾਂ ਭਾਸ਼ਣਾਂ ਤੋਂ ਬਾਅਦ ਡਾਵਾਂਡੋਲ ਵੋਟਰਾਂ ਨੇ ਓਬਾਮਾ ਨੂੰ ਵੋਟ ਪਾਉਣ ਦਾ ਫੈਸਲਾ ਕਰ ਲਿਆ। ਇਸ ਜਿੱਤ ਨਾਲ ਤਕਰੀਬਨ ਸਭ ਨੇ ਉਸਾਮਾ ਬਿਨ-ਲਾਦਿਨ ਦੀ ਮੌਤ ਦਾ ਮਾਮਲਾ ਜ਼ਰੂਰ ਜੋੜਿਆ ਹੈ। ਉਂਜ ਇਹ ਗੱਲ ਵੀ ਧਿਆਨ ਰੱਖਣ ਵਾਲੀ ਹੈ ਕਿ ਪਾਕਿਸਤਾਨ ਵਿਚ ਲਗਾਤਾਰ ਡਰੋਨ ਹਮਲਿਆਂ ਲਈ ਅਮਰੀਕੀ ਪ੍ਰਸ਼ਾਸਨ ਦੀ ਸਿੱਧੀ ਨੁਤਕਾਚੀਨੀ ਵੀ ਬਹੁਤ ਹੋਈ ਹੈ। ਇਨ੍ਹਾਂ ਹਮਲਿਆਂ ਨਾਲ ਦਹਿਸ਼ਤਪਸੰਦੀ ਪ੍ਰਤੀ ਪਹੁੰਚ ਦਾ ਮੁੱਦਾ ਜੁੜਿਆ ਹੋਇਆ ਹੈ। ਇਹੀ ਉਹ ਮੁੱਦੇ ਹਨ ਜਿਨ੍ਹਾਂ ਨੇ ਅਗਲੇ ਚਾਰ ਸਾਲ ਓਬਾਮਾ ਦਾ ਪਿੱਛਾ ਕਰਨਾ ਹੈ। ਆਰਥਿਕ ਮੰਦੀ ਦੀ ਮਾਰ ਨੇ ਕਈ ਖੇਤਰ ਡਾਵਾਂਡੋਲ ਕੀਤੇ ਹਨ। ਕਈ ਪੱਖ ਹਨ ਜੋ ਹੁੱਝ ਮਾਰ ਕੇ ਐਨ ਸਾਹਮਣੇ ਆਣ ਖਲੋਤੇ ਹਨ। ਮੰਦੀ ਦੀ ਇਸ ਮਾਰ ਵਿਚੋਂ ਨਿਕਲਣਾ ਮੁੱਖ ਏਜੰਡਾ ਬਣਨਾ ਹੀ ਹੈ, ਪਰ ਇਸ ਦੀ ਪੂਰਤੀ ਲਈ ਜਿਹੜਾ ਜਮਾਤੀ ਦ੍ਰਿਸ਼ਟੀਕੋਣ ਬਣ ਰਿਹਾ ਹੈ, ਉਹ ਅਹਿਮੀਅਤ ਰੱਖਦਾ ਹੈ। ਬੇਰੁਜ਼ਗਾਰੀ ਵਿਚ 8 ਫੀਸਦੀ ਵਾਧੇ ਨੇ ਇਹ ਮੁੱਦਾ ਹੋਰ ਉਭਾਰਿਆ ਹੈ। ਉਂਜ ਵੀ ਫਸਵੀਂ ਚੋਣ ਮੁਹਿੰਮ ਅਤੇ ਨਤੀਜਿਆਂ ਨੇ ਜਚਾ ਦਿੱਤਾ ਹੈ ਕਿ ਇਹ ਕੋਈ ਲੋਕ ਫਤਵਾ ਨਹੀਂ, ਸਗੋਂ ਲੋਕ ਫਰਮਾਨ ਹੈ। ਓਬਾਮਾ ਦੀਆਂ ਨੀਤੀਆਂ ਨੇ ਇਸੇ ਫਰਮਾਨ ਨੂੰ ਧਿਆਨ ਵਿਚ ਰੱਖ ਕੇ ਅਗਲਾ ਮੋੜ ਕੱਟਣਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਜਿੱਥੇ ਕਲਹ ਕਲੰਦਰ ਵੱਸੇ!

ਹੋਵੇ ਬੋਲਣਾ ਸੱਪ ਦੇ ਡੰਗ ਵਰਗਾ, ਖਾਧਾ ਕਰੂ ਕੀ ਮਿੱਠੇ ਪੇੜਿਆਂ ਦਾ।
ਰਲ਼ੇ ਸੁਰ ਨਾ ਆਪਸੀ ਕਿਸੇ ਦੀ ਵੀ, ਅੱਡਾ ਬਣੇ ਉਹ ਝਗੜੇ-ਝੇੜਿਆਂ ਦਾ।
ਆਵੇ ਟੱਬਰ ਦੇ ਜੀਆਂ ਨੂੰ ਮਜ਼ਾ ਜਿੱਥੇ, ਇਕ ਦੂਜੇ ਦੇ ਬਖੀਏ ਉਧੇੜਿਆਂ ਦਾ।
ਸਣੇ ਯਾਤਰੀ ਚੱਪੂ ਸਭ ਗਰਕ ਹੁੰਦੇ, ਕੁਝ ਨਹੀਂ ਲੱਭਦਾ ਡੁੱਬੇ ਬੇੜਿਆਂ ਦਾ।
ਸਿੱਟਾ ਨਿਕਲਦਾ ਅੰਤ ਨੂੰ ਬਹੁਤ ਮਾੜਾ, ਦਰ ਸੂਲ੍ਹਾ ਸਫਾਈ ਦੇ ਭੇੜਿਆਂ ਦਾ।
ਜਿੱਥੇ ਸਬਰ ਸੰਤੋਖ ਤੇ ਸਹਿਜ ਨਾਹੀਂ, ਉਥੇ ਕੰਮ ਕੀ ਖੁਸ਼ੀਆਂ ਤੇ ਖੇੜਿਆਂ ਦਾ?

# ਬਰਾਕ ਓਬਾਮਾ ਦਾ ਬਿਖੜਾ ਪੈਂਡਾ

*ਐਤਕੀਂ ਰਾਸ਼ਟਰਪਤੀ ਦੀ ਚੋਣ ਬਹੁਤ ਦਿਲਚਸਪ ਰਹੀ ਹੈ। ਬਰਾਕ ਓਬਾਮਾ ਅਤੇ ਮਿੱਟ ਰੋਮਨੀ ਵਿਚਕਾਰ ਜਿਸ ਤਰ੍ਹਾਂ ਦਾ ਦੰਗਲ ਹੋਇਆ, ਉਸ ਨਾਲ ਅੰਤ ਤੱਕ ਜਿੱਤ-ਹਾਰ ਬਾਰੇ ਉਤਸੁਕਤਾ ਬਣੀ ਰਹੀ। ਪਹਿਲੇ ਚੋਣ ਸਰਵੇਖਣਾਂ ਵਿਚ ਭਾਵੇਂ ਓਬਾਮਾ ਆਪਣੇ ਵਿਰੋਧੀ ਰੋਮਨੀ ਤੋਂ ਜਿੱਤ ਲਈ ਤਸੱਲੀ ਜੋਗੇ ਫਰਕ ਨਾਲ ਅੱਗੇ ਚੱਲ ਰਹੇ ਪਰ ਜਿਉਂ ਜਿਉਂ ਚੋਣ ਨੇੜੇ ਆਉਂਦੀ ਗਈ, ਇਹ ਫਰਕ ਘਟਦਾ ਘਟਦਾ ਉੱਕਾ ਹੀ ਬਰਾਬਰੀ 'ਤੇ ਆ ਗਿਆ। ਦੋਹਾਂ ਧਿਰਾਂ ਨਾਲ ਸਬੰਧਤ ਚੋਣ-ਪ੍ਰਬੰਧਕਾਂ ਅਤੇ ਸਮਰਥਕਾਂ ਦੇ ਉਪਰਲੇ ਸਾਹ ਉਤਾਂਹ ਅਤੇ ਹੇਠਲੇ ਸਾਹ ਹੇਠਾਂ ਰਹਿ ਗਏ। ਰਹਿੰਦੀ ਕਸਰ ਐਨ ਆਖਰੀ ਦਿਨਾਂ ਦੌਰਾਨ ਆਏ ਭਿਅੰਕਰ ਤੂਫਾਨ 'ਸੈਂਡੀ' ਨੇ ਕੱਢ ਦਿੱਤੀ। ਚੋਣ ਵਿਸ਼ਸ਼ਲੇਣ ਮਾਹਿਰਾਂ ਦੀ ਰਿਪੋਰਟ ਹੈ ਕਿ ਇਸ ਅਤਿਅੰਤ ਫਸਵੀਂ ਟੱਕਰ ਵਿਚ ਆਖਰਕਾਰ ਸੱਚ ਅਤੇ ਝੂਠ ਦਾ ਨਿਤਾਰਾ ਹੀ ਹੋਇਆ। ਐਨ ਆਖਰੀ ਘੜੀਆਂ ਦੌਰਾਨ ਬਹੁਤੇ ਲੋਕਾਂ ਨੇ ਰੋਮਨੀ ਤੋਂ ਇਸ ਕਰ ਕੇ ਪਾਸਾ ਵੱਟ ਲਿਆ ਕਿਉਂਕਿ ਉਨ੍ਹਾਂ ਮੁਤਾਬਕ, ਰੋਮਨੀ ਕੁਝ ਮਾਮਲਿਆਂ ਵਿਚ ਨਿਰੋਲ ਝੂਠ ਬੋਲ ਕੇ ਲੋਕਾਂ ਨੂੰ ਆਪਣੇ ਵੱਲ ਕਰਨ ਦਾ ਯਤਨ ਕਰ ਰਹੇ ਹਨ। ਇਹੀ ਉਹ ਘੜੀਆਂ ਸਨ ਜਿਨ੍ਹਾਂ ਦੌਰਾਨ ਓਬਾਮਾ ਦੇ ਹਿੱਸੇ ਜਿੱਤ ਦਾ ਇਤਿਹਾਸ ਲਿਖਿਆ ਗਿਆ। ਸਾਡੇ ਕਾਲਮਨਵੀਸ ਹਰਜਿੰਦਰ ਦੁਸਾਂਝ ਨੇ ਆਪਣੇ ਇਸ ਲੇਖ ਵਿਚ ਇਸ ਦਿਲਚਸਪ ਚੋਣ ਦੇ ਇਨ੍ਹਾਂ ਸਾਰੇ ਪੱਖਾਂ ਬਾਰੇ ਤਫਸੀਲ ਸਹਿਤ ਚਰਚਾ ਕੀਤੀ ਹੈ। -ਸੰਪਾਦਕ*

ਅਜੇ ਤੱਕ ਕੁੱਲ 43 ਬੰਦਿਆਂ ਨੂੰ ਅਮਰੀਕਾ ਦੇ ਰਾਸ਼ਟਰਪਤੀ ਬਣਨ ਦਾ ਮਾਣ ਹਾਸਲ ਹੋਇਆ ਹੈ। ਇਨ੍ਹਾਂ 'ਚੋਂ ਕੇਵਲ 16 ਨੂੰ ਹੀ ਦੂਜੀ ਵਾਰ ਰਾਸ਼ਟਰਪਤੀ ਦੀ ਕੁਰਸੀ 'ਤੇ ਬੈਠਣ ਦਾ ਸੁਭਾਗ ਹਾਸਲ ਹੋਇਆ ਹੈ। ਦੂਜੀ ਵਾਰ ਰਾਸ਼ਟਰਪਤੀ ਬਣਨ ਲਈ ਰਾਸ਼ਟਰਪਤੀ ਦਾ ਏਜੰਡਾ, ਉਸ ਦਾ ਕੰਮ-ਕਾਜ ਅਤੇ ਲੋਕਾਂ ਦੀ ਸੰਤੁਸ਼ਟੀ ਬਹੁਤ ਜ਼ਰੂਰੀ ਹੁੰਦੀ ਹੈ ਪਰ ਰਾਸ਼ਟਰਪਤੀ ਬਰਾਕ ਓਬਾਮਾ ਦੀ ਦੂਜੀ ਜਿੱਤ ਦੌਰਾਨ ਉਪਰੋਕਤ ਤਿੰਨਾਂ ਗੱਲਾਂ 'ਚ ਇਕਸਾਰਤਾ ਨਜ਼ਰ ਨਹੀਂ ਆਉਂਦੀ। ਰਾਸ਼ਟਰਪਤੀ ਦੀ ਮੌਜੂਦਾ ਚੋਣ ਤੋਂ ਪਹਿਲਾਂ ਅਮਰੀਕਾ ਰਾਜਸੀ, ਆਰਥਿਕਤਾ, ਨਸਲ ਤੇ

■ ਹਰਜਿੰਦਰ ਦੁਸਾਂਝ

ਉਮਰ ਅਤੇ ਲਿੰਗ ਦੇ ਵਖਰੇਵਿਆਂ ਵਰਗੇ ਮੁੱਦਿਆਂ ਨੂੰ ਲੈ ਕੇ ਬੁਰੀ 'ਤੇ ਵੰਡਿਆ ਗਿਆ ਸੀ। ਇਹ ਵਖਰੇਵੇਂ ਇੰਨੇ ਤਿੱਖੇ ਸਨ ਕਿ ਮੁੜ ਚੇਤੇ ਆ ਰਿਹਾ ਸੀ ਉਹ ਗ੍ਰਹਿ ਯੁੱਧ, ਜਦੋਂ ਅਮਰੀਕੀ ਸੰਗੀਨਾਂ ਅਮਰੀਕੀ ਲੋਕਾਂ ਦੇ ਖ਼ਿਲਾਫ਼ ਹੀ ਤਣ ਗਈਆਂ ਸਨ।

ਜੇ ਅਮਰੀਕੀ ਇਤਿਹਾਸ ਉਤੇ ਪੰਛੀ ਝਾਤ ਵੀ ਮਾਰੀ ਜਾਵੇ ਤਾਂ ਬਰਾਕ ਓਬਾਮਾ ਹੁਣ ਤੱਕ ਬਣੇ ਸਭ ਰਾਸ਼ਟਰਪਤੀਆਂ 'ਚੋਂ ਫਰੈਂਕਲਿਨ ਰੂਜ਼ਵੈਲਟ ਨਾਲ ਖੜ੍ਹੇ ਦਿਖਾਈ ਦਿੰਦੇ ਹਨ ਜਿਨ੍ਹਾਂ ਨੂੰ ਅਹੁਦਾ ਸੰਭਾਲਦਿਆਂ ਇੰਨੀ ਮਾੜੀ ਆਰਥਿਕਤਾ ਮਿਲੀ ਅਤੇ ਉਦੋਂ ਲੋਕ ਬੇਰੁਜ਼ਗਾਰੀ ਤੇ ਜੰਗ ਦਾ ਸਾਹਮਣਾ ਕਰ ਰਹੇ ਸਨ। ਦੇਖਿਆ ਜਾਵੇ ਤਾਂ ਰਾਸ਼ਟਰਪਤੀ ਬਰਾਕ ਓਬਾਮਾ, ਰੂਜ਼ਵੈਲਟ ਤੋਂ ਵੀ ਦੋ ਕਦਮ ਪਰ੍ਹਾਂ ਖੜ੍ਹੇ ਦਿਸਦੇ ਹਨ, ਕਿਉਂਕਿ ਰੂਜ਼ਵੈਲਟ ਵੇਲੇ ਅਮਰੀਕੀ ਲੋਕਾਂ 'ਚ ਪਈਆਂ ਵੰਡੀਆਂ ਇੰਨੀਆਂ ਡੂੰਘੀਆਂ ਨਹੀਂ ਸਨ। ਇਸ ਵੇਲੇ ਰਾਸ਼ਟਰਪਤੀ ਲਈ ਸਭ ਤੋਂ ਔਖਾ ਕੰਮ ਅਮਰੀਕੀ ਲੋਕਾਂ ਦਰਮਿਆਨ ਪਈਆਂ ਦੂਰੀਆਂ ਘਟਾਉਣ ਦਾ ਔਖਾ ਕਾਰਜ ਹੈ। ਰਾਸ਼ਟਰਪਤੀ ਨੇ ਬਤੌਰ ਆਗੂ ਚੋਣਾਂ ਦੇ ਨਤੀਜਿਆਂ ਤੋਂ ਛੇਤੀ ਬਾਅਦ ਦਿੱਤੇ ਬਿਆਨਾਂ ਰਾਹੀਂ ਇਹ ਦੂਰੀ ਮਿਟਾਉਣ ਲਈ ਕੋਸ਼ਿਸ਼ਾਂ ਤਾਂ ਸ਼ੁਰੂ ਕਰ ਦਿੱਤੀਆਂ ਹਨ। ਚੰਗੀ ਗੱਲ ਹੈ ਕਿ ਮਿੱਟ ਰੋਮਨੀ ਵੀ ਇਹੋ ਕਹਿ ਰਹੇ ਹਨ ਕਿ ਦੇਸ਼ ਜਿਸ ਤਰ੍ਹਾਂ ਦੇ ਅੰਦਰੂਨੀ ਮਸਲਿਆਂ ਤੇ ਵਖਰੇਵਿਆਂ ਦਾ ਸਾਹਮਣਾ ਕਰ ਰਿਹਾ ਹੈ, ਉਹ ਸਭ ਧਿਰਾਂ ਵੱਲੋਂ ਆਪਸੀ ਸਹਿਮਤੀ ਨਾਲ ਹੀ ਨਿੱਬੜ ਸਕਦੇ ਹਨ। ਰਾਸ਼ਟਰਪਤੀ ਓਬਾਮਾ ਨੇ ਕਿਹਾ ਕਿ ਉਹ ਬਹੁਤ ਛੇਤੀ ਵ੍ਹਾਈਟ ਹਾਊਸ 'ਚ ਕਾਂਗਰਸ ਦੀਆਂ ਦੋਵਾਂ ਧਿਰਾਂ ਦੀ ਸਾਂਝੀ ਬੈਠਕ ਸੱਦ ਰਹੇ ਹਨ। ਉਹ ਇਹ ਵੀ ਕਹਿ ਰਹੇ ਹਨ ਕਿ ਉਹ ਆਪਣੇ ਏਜੰਡੇ ਨਾਲ ਚਿੰਬੜੇ ਹੋਏ ਨਹੀਂ; ਜੇ ਅਮਰੀਕੀ ਲੋਕਾਂ ਦੇ ਭਲੇ ਲਈ ਕਿਸੇ ਧਿਰ ਵੱਲੋਂ ਨਵਾਂ ਸੁਝਾਅ ਆਉਂਦਾ ਤਾਂ ਉਹ ਉਸ ਨੂੰ ਸਵੀਕਾਰ ਕਰਨਗੇ। ਰਾਸ਼ਟਰਪਤੀ ਇਕ ਧਿਰ ਦੇ ਰਾਸ਼ਟਰਪਤੀ ਬਣ ਕੇ ਨਹੀਂ ਵਿਚਰਨਾ ਚਾਹੁੰਦੇ, ਸਗੋਂ ਉਹ ਸਮੁੱਚੇ ਅਮਰੀਕੀ ਸਮਾਜ ਦੇ ਸੇਵਾਕਾਰ ਵਜੋਂ ਵਿਚਰਨਾ ਚਾਹੁੰਦੇ ਹਨ।

ਜੇ ਰਾਸ਼ਟਰਪਤੀ ਦੇ ਅਹੁਦੇ ਲਈ ਹੋਈਆਂ ਚੋਣਾਂ ਉਤੇ ਨਜ਼ਰ ਮਾਰੀ ਜਾਵੇ ਤਾਂ ਅਮਰੀਕੀ ਗ੍ਰਹਿ ਯੁੱਧ ਦੇ ਦਿਨਾਂ ਵਾਂਗ ਅਮਰੀਕਾ ਦੇ ਦੱਖਣੀ ਸੂਬਿਆਂ ਤੇ ਉਤਰੀ ਸੂਬਿਆਂ ਵਿਚਲੀ ਕਤਾਰਬੰਦੀ ਦਿਖਾਈ ਦਿੰਦੀ ਹੈ। ਰਾਸ਼ਟਰਪਤੀ ਦੇ ਵਿਰੋਧੀ ਰੋਮਨੀ ਨੇ ਉਨ੍ਹਾਂ ਸਾਰੇ ਗਿਆਰਾਂ ਰਾਜਾਂ 'ਚ ਜਿੱਤ ਹਾਸਲ ਕੀਤੀ ਹੈ ਜਿਨ੍ਹਾਂ ਗਿਆਰਾਂ ਰਾਜਾਂ ਨੇ ਕਨਫਡਰੇਸ਼ਨ ਬਣਾ ਕੇ ਸੰਯੁਕਤ ਰਾਜ ਅਮਰੀਕਾ ਖ਼ਿਲਾਫ ਸਿਵਲ ਯੁੱਧ ਸ਼ੁਰੂ ਕੀਤਾ ਸੀ। ਯਾਦ ਰਹੇ ਕਿ ਦੱਖਣ ਦੇ ਇਨ੍ਹਾਂ ਗਿਆਰਾਂ ਰਾਜਾਂ 'ਚ ਉਸ ਵੇਲੇ ਬਣੀ ਯੂਨੀਅਨ ਦੀ ਸਾਂਝ ਹੈ। ਰੋਮਨੀ ਨੇ ਸਭ ਤੋਂ ਘੱਟ ਆਬਾਦੀ ਵਾਲੇ ਰਾਜਾਂ 'ਚੋਂ ਅੱਠਾਂ ਵਿਚ ਜਿੱਤ ਹਾਸਲ ਕੀਤੀ ਹੈ। ਘੱਟ ਆਬਾਦੀ ਵਾਲੇ ਦਸ ਰਾਜਾਂ 'ਚੋਂ ਕੇਵਲ ਦੋ ਹੀ ਓਬਾਮਾ ਦੀ ਝੋਲੀ ਪਏ, ਕਿਉਂਕਿ ਇਨ੍ਹਾਂ ਦੋ ਰਾਜਾਂ ਨੇਵਾਡਾ ਅਤੇ ਨਿਊ ਮੈਕਸੀਕੋ 'ਚ ਹਿਸਪੈਨਿਕ ਵੋਟਰਾਂ ਦੀ ਗਿਣਤੀ ਜ਼ਿਆਦਾ ਹੈ। ਜੇ 'ਏਡੀਸਨ ਰਿਸਰਚ ਸੈਂਟਰ' ਵੱਲੋਂ ਤਿਆਰ ਕੀਤੇ 'ਨੈਸ਼ਨਲ ਇਲੈਕਸ਼ਨ ਪੋਲ' ਦੀ ਖੋਜ ਰਿਪੋਰਟ ਦੇਖੀ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਓਬਾਮਾ ਨੂੰ ਦੁਬਾਰਾ ਜਿਤਾਉਣ 'ਚ ਔਰਤਾਂ, ਅਫਰੀਕਨ ਮੂਲ ਦੇ ਵੋਟਰਾਂ, ਤੀਹ ਸਾਲ ਤੋਂ ਥੱਲੇ ਵਾਲੇ ਵੋਟਰਾਂ, ਏਸ਼ੀਅਨ ਮੂਲ ਦੇ ਵੋਟਰਾਂ ਦਾ ਵੱਡਾ ਰੋਲ ਹੈ। ਉਪਰੋਕਤ ਰਿਪੋਟ ਏ.ਬੀ.ਸੀ. ਨਿਊਜ਼, ਐਸੋਸੀਏਟ ਪ੍ਰੈਸ, ਸੀ.ਬੀ.ਸੀ. ਨਿਊਜ਼, ਸੀ.ਐਨ.ਐਨ., ਫਾਕਸ ਨਿਊਜ਼ ਅਤੇ ਐਨ.ਬੀ.ਸੀ. ਨਿਊਜ਼ ਦੀ ਭਾਗੀਦਾਰੀ ਨਾਲ ਤਿਆਰ ਕੀਤੀ ਹੈ।

ਇਸ ਰਿਪੋਰਟ ਦੇ ਮੁਤਾਬਕ 53 ਫੀਸਦ ਔਰਤਾਂ ਨੇ ਓਬਾਮਾ ਨੂੰ ਅਤੇ 44 ਫੀਸਦ ਔਰਤਾਂ ਨੇ ਰੋਮਨੀ ਨੂੰ ਵੋਟਾਂ ਪਾਈਆਂ। 18 ਤੋਂ 29 ਸਾਲ ਦੇ ਵੋਟਰਾਂ 'ਚੋਂ 59 ਫੀਸਦ ਨੇ ਓਬਾਮਾ ਨੂੰ ਚੁਣਿਆ ਤੇ 37 ਫੀਸਦ ਨੇ ਰਾਮਨੀ ਦੇ ਹੱਕ 'ਚ ਫਤਵਾ ਦਿੱਤਾ। 30 ਤੋਂ 44 ਸਾਲ ਦੇ ਵੋਟਰਾਂ 'ਚੋਂ 51 ਫੀਸਦ ਓਬਾਮਾ ਤੇ 46 ਫੀਸਦ ਰੋਮਨੀ ਦੇ ਹੱਕ 'ਚ ਭੁਗਤੇ। 45 ਤੋਂ 64 ਸਾਲ ਦੇ ਵੋਟਰਾਂ 'ਚੋਂ 52 ਫੀਸਦ ਰਾਮਨੀ ਤੇ 47 ਫੀਸਦ ਨੇ ਓਬਾਮਾ ਦੇ ਬਕਸਿਆਂ 'ਚ ਵੋਟ ਸੁੱਟੇ। 65 ਸਾਲਾਂ ਤੋਂ ਉਪਰ ਵਾਲੇ ਵੋਟਰ 56 ਫੀਸਦ ਰੋਮਨੀ ਤੇ 43 ਫੀਸਦ ਓਬਾਮਾ ਦੇ ਹੱਕ 'ਚ ਗਏ। ਜੇ ਨਸਲੀ ਤੌਰ 'ਤੇ ਇਸ ਇਲੈਕਸ਼ਨ ਨੂੰ ਦੇਖਿਆ ਜਾਵੇ ਤਾਂ ਗੋਰਿਆਂ ਦੀ ਕੇਵਲ 39 ਫੀਸਦ ਵੋਟ ਓਬਾਮਾ ਨੂੰ ਹਾਸਲ ਹੋਈ ਤੇ 59 ਫੀਸਦ ਗੋਰੀ ਵੋਟ ਰੋਮਨੀ ਦੇ ਹੱਕ 'ਚ ਭੁਗਤੀ। ਚੋਣਾਂ ਤੋਂ ਪਹਿਲਾਂ ਸਮਝਿਆ ਜਾਂਦਾ ਸੀ ਕਿ ਓਬਾਮਾ ਨੂੰ ਮੁੜ ਜਿੱਤਣ ਲਈ ਗੋਰਿਆਂ ਦੀ 40 ਫੀਸਦ ਵੋਟ ਜਿੱਤਣੀ ਜ਼ਰੂਰੀ ਹੈ ਪਰ ਇਸ ਵਿਚ ਇਕ ਫੀਸਦ ਦਾ ਫਾਸਲਾ ਰਹਿ ਗਿਆ ਪਰ ਇਹ ਘਾਟ ਏਸ਼ੀਅਨ ਮੂਲ ਦੇ ਲੋਕਾਂ ਨੇ ਪੂਰੀ ਕਰ ਦਿੱਤੀ। ਏਸ਼ੀਅਨ ਮੂਲ ਦੀਆਂ 74 ਫੀਸਦ ਵੋਟਾਂ ਓਬਾਮਾ ਨੂੰ ਹਾਸਲ ਹੋਈਆਂ ਜਦ ਕਿ ਰੋਮਨੀ ਕੇਵਲ 25 ਫੀਸਦ ਏਸ਼ੀਅਨ ਵੋਟਰਾਂ ਨੂੰ ਹੀ ਖ਼ੁਸ਼ ਕਰ ਸਕੇ। ਅਫਰੀਕਨ ਮੂਲ ਦੀਆਂ 93 ਫੀਸਦ ਵੋਟਾਂ ਓਬਾਮਾ ਨੂੰ ਹਾਸਲ ਹੋਈਆਂ ਤੇ ਰੋਮਨੀ ਸਿਰਫ਼ ਸੱਤ ਫੀਸਦ ਹੀ ਅਫਰੀਕਨ ਵੋਟਾਂ ਖਿੱਚ ਸਕੇ। ਯਾਦ ਰਹੇ ਕਿ ਏਸ਼ੀਅਨ ਮੂਲ ਦੀ ਵੋਟਾਂ 'ਚ ਇਸ ਵਾਰ ਵੱਖੋ-ਵੱਖਰੇ ਰਾਜਾਂ 'ਚ ਛੇ ਤੋਂ ਗਿਆਰਾਂ ਫੀਸਦ ਦਾ ਇਜ਼ਾਫਾ ਹੋਇਆ ਸੀ। ਇਸ ਦਾ ਵੱਡਾ ਫਾਇਦਾ ਓਬਾਮਾ ਨੂੰ ਹੋਇਆ। ਜੇ ਰਾਜਨੀਤਕ ਤੌਰ ਉਤੇ ਦੇਖਿਆ ਜਾਵੇ ਤਾਂ 92 ਫੀਸਦ ਡੈਮੋਕ੍ਰੇਟ ਵਜੋਂ ਰਜਿਸਟਰਡ ਵੋਟਰਾਂ ਦਾ ਫਤਵਾ ਓਬਾਮਾ ਦੇ ਹੱਕ 'ਚ ਗਿਆ ਤੇ ਸੱਤ ਫੀਸਦ ਡੈਮੋਕ੍ਰੇਟ ਰੋਮਨੀ ਦੇ ਹੱਕ 'ਚ ਭੁਗਤੇ। ਇਸੇ ਤਰ੍ਹਾਂ ਰਿਪਬਲੀਕਨਾਂ 'ਚੋਂ 93 ਫੀਸਦ ਰੋਮਨੀ ਨੂੰ ਤੇ ਛੇ ਫੀਸਦ ਵੋਟ ਓਬਾਮਾ ਨੂੰ ਮਿਲੇ। ਆਜ਼ਾਦ ਰਜਿਸਟਰਡ ਵੋਟਰਾਂ 'ਚੋਂ 45 ਫੀਸਦ ਨੇ ਓਬਾਮਾ ਤੇ 50 ਫੀਸਦ ਨੇ ਰੋਮਨੀ ਦੀ ਚੋਣ ਕੀਤੀ। ਵਿਦਿਅਕ ਪੱਖੋਂ 55 ਫੀਸਦ ਪੋਸਟ ਗਰੈਜੂਏਟ ਵੋਟਰਾਂ ਨੇ ਓਬਾਮਾ ਦੀ ਚੋਣ ਕੀਤੀ ਅਤੇ 43 ਫੀਸਦ ਨੇ ਰਾਮਨੀ ਦੀ। ਜਿਹੜੇ ਕਦੇ ਕਾਲਜ ਨਹੀਂ ਗਏ, ਉਨ੍ਹਾਂ 'ਚੋਂ 52 ਫੀਸਦ ਨੇ ਓਬਾਮਾ ਤੇ 47 ਫੀਸਦ ਨੇ ਰੋਮਨੀ ਨੂੰ ਚੁਣਿਆ। ਕਾਲਜ ਗਰੈਜੂਏਟ ਵੋਟਰਾਂ 'ਚ ਰੋਮਨੀ ਨੂੰ 52 ਫੀਸਦ ਤੇ ਓਬਾਮਾ ਨੂੰ 46 ਫੀਸਦ ਵੋਟਰ ਮਿਲੇ ਜਦ ਕਿ ਅੰਡਰ ਗਰੈਜੂਏਟ ਦੋਵਾਂ 'ਚ ਬਰਾਬਰ ਵੰਡੇ ਗਏ ਤੇ ਇਹ ਵੰਡ 49 ਫੀਸਦ ਦੀ ਰਹੀ।

> ***ਹੁਣ ਦੂਰੀਆਂ ਘਟਾਉਣ ਅਤੇ ਰਲ ਕੇ ਕੰਮ ਕਰਨ ਦਾ ਵੇਲਾ ਹੈ। ਰਾਸ਼ਟਰਪਤੀ ਓਬਾਮਾ ਲਈ ਦੂਰੀਆਂ ਘਟਾਉਣ ਦੇ ਨਾਲ ਨਾਲ ਬਜਟ ਦਾ ਘਾਟਾ ਘਟਾਉਣ, ਟੈਕਸ ਕਾਨੂੰਨਾਂ 'ਚ ਸੁਧਾਰ ਕਰਨ, ਇੰਮੀਗਰੇਸ਼ਨ ਕਾਨੂੰਨਾਂ 'ਚ ਸੋਧ, ਬਦੇਸ਼ੀ ਊਰਜਾ ਸਮੇਤ ਤੇਲ ਦੀ ਬਦੇਸ਼ਾਂ 'ਤੇ ਨਿਰਭਰਤਾ ਘਟਾਉਣ, ਰੋਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਨ ਵਰਗੇ ਮਸਲਿਆਂ ਉਤੇ ਦ੍ਰਿੜਤਾ ਨਾਲ ਤੇ ਸਭ ਵਖਰੇਵਿਆਂ ਤੋਂ ਉਪਰ ਉਠ ਕੇ ਸਾਂਝੇ ਹੰਭਲਿਆਂ ਦੀ ਲੋੜ ਹੈ।***

ਇਸ ਇਲੈਕਸ਼ਨ ਸਬੰਧੀ ਹੋਈ ਰਿਸਰਚ ਰਿਪੋਰਟ 'ਚ ਵੋਟਰਾਂ ਅਤੇ ਉਨ੍ਹਾਂ ਦੇ ਵੋਟ ਪਾਉਣ ਦੇ ਰੁਝਾਨ ਨੂੰ ਵੋਟਰਾਂ ਦੀ ਆਮਦਨ ਤੇ ਉਨ੍ਹਾਂ ਦੇ ਰਿਹਾਇਸ਼ੀ ਇਲਾਕਿਆਂ ਵਰਗੇ ਮੁੱਦਿਆਂ ਨਾਲ ਵੰਡ ਕੇ ਦੇਖਿਆ ਗਿਆ ਹੈ। ਮੋਟੇ ਤੌਰ 'ਤੇ ਦੇਖਿਆ ਜਾਵੇ ਤਾਂ ਘੱਟ ਆਮਦਨ ਵਾਲੇ ਵੋਟਰ ਓਬਾਮਾ ਦੇ ਹੱਕ 'ਚ ਨਿੱਤਰੇ ਅਤੇ ਵੱਧ ਆਮਦਨ ਵਾਲੇ ਰੋਮਨੀ ਦੇ ਹੱਕ 'ਚ ਉਤਰੇ। ਵੱਡੇ ਸ਼ਹਿਰਾਂ 'ਚ ਰਹਿੰਦੇ ਜ਼ਿਆਦਾਤਰ ਲੋਕਾਂ ਨੇ ਓਬਾਮਾ ਦੀ ਚੋਣ ਕੀਤੀ ਜਦ ਕਿ ਅਰਬਨ ਏਰੀਆ ਤੇ ਛੋਟੇ ਸ਼ਹਿਰਾਂ ਤੇ ਕਸਬਿਆਂ ਦੇ ਜ਼ਿਆਦਾ ਲੋਕਾਂ ਨੇ ਰੋਮਨੀ ਦੀ ਚੋਣ ਕੀਤੀ। ਇਹ ਵੀ ਦੇਖਿਆ ਗਿਆ ਕਿ ਓਬਾਮਾ ਨੂੰ ਵੋਟ ਪਾਉਣ ਵਾਲਿਆਂ 'ਚੋਂ ਬਹੁਤੇ ਲੋਕਾਂ ਨੇ ਓਬਾਮਾ ਨੂੰ ਚੁਣਨ ਦਾ ਫੈਸਲਾ ਮਗਰਲੇ ਦੋ ਦਿਨਾਂ 'ਚ ਕੀਤਾ। ਇਹ ਫੈਸਲਾ ਉਦੋਂ ਹੋਇਆ ਜਦੋਂ ਲੋਕਾਂ 'ਚ ਇਹ ਰਾਏ ਬਣਨ ਲੱਗੀ ਕਿ ਰੋਮਨੀ ਚੋਣ ਜਿੱਤਣ ਲਈ ਕੁਝ ਮਾਮਲਿਆਂ 'ਚ ਝੂਠ ਦਾ ਸਹਾਰਾ ਲੈ ਰਹੇ ਹਨ। ਧਾਰਮਿਕ ਪੱਖੋਂ ਮੌਰਮਨ ਵੋਟਰ 95 ਫੀਸਦ ਤੋਂ ਉਪਰ ਰੋਮਨੀ ਦੇ ਹੱਕ 'ਚ ਭੁਗਤੇ ਕਿਉਂਕਿ ਰੋਮਨੀ ਖੁਦ ਮੋਰਮਨ ਹੈ।

ਖ਼ੈਰ! ਵੋਟਾਂ ਖ਼ਤਮ ਹੋ ਗਈਆਂ। ਹੁਣ ਦੂਰੀਆਂ ਘਟਾਉਣ ਅਤੇ ਰਲ ਕੇ ਕੰਮ ਕਰਨ ਦਾ ਵੇਲਾ ਹੈ। ਰਾਸ਼ਟਰਪਤੀ ਓਬਾਮਾ ਲਈ ਦੂਰੀਆਂ ਘਟਾਉਣ ਦੇ ਨਾਲ ਨਾਲ ਬਜਟ ਦਾ ਘਾਟਾ ਘਟਾਉਣ, ਟੈਕਸ ਕਾਨੂੰਨਾਂ 'ਚ ਸੁਧਾਰ ਕਰਨ, ਇੰਮੀਗਰੇਸ਼ਨ ਕਾਨੂੰਨਾਂ 'ਚ ਸੋਧ, ਬਦੇਸ਼ੀ ਊਰਜਾ ਸਮੇਤ ਤੇਲ ਦੀ ਬਦੇਸ਼ਾਂ 'ਤੇ ਨਿਰਭਰਤਾ ਘਟਾਉਣ, ਰੋਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਨ ਦੇਸ਼ ਦੀ ਅੰਦਰੂਨੀ ਤੇ ਬਾਹਰੀ ਸੁਰੱਖਿਆ ਤੇ ਸਸਤੀ ਵਿੱਦਿਆ ਵਰਗੇ ਮਸਲਿਆਂ ਉਤੇ ਦ੍ਰਿੜਤਾ ਨਾਲ ਤੇ ਸਭ ਵਖਰੇਵਿਆਂ ਤੋਂ ਉਪਰ ਉਠ ਕੇ ਸਾਂਝੇ ਹੰਭਲਿਆਂ ਦੀ ਲੋੜ ਹੈ ਤਾਂ ਕਿ ਲੋਕਾਂ ਦੇ ਅਮਰੀਕੀ ਸੁਪਨੇ ਮੁੜ ਸਾਕਾਰ ਹੋ ਸਕਣ ਤੇ ਅਮਰੀਕੀ ਲੋਕਾਂ ਤੇ ਦੇਸ਼ ਦਾ ਵਕਾਰ ਬਰਕਰਾਰ ਰਹੇ।

ਖੇਤੀ ਦਾ ਡੂੰਘਾ ਸੰਕਟ, ਸਨਅਤਾਂ ਦੀ ਤਾਲਾਬੰਦੀ, ਸਰਕਾਰੀ ਮਹਿਕਮਿਆਂ ਦਾ ਨਿੱਜੀਕਰਨ, ਨਵੀਂ ਭਰਤੀ 'ਤੇ ਰੋਕ, ਠੇਕੇ 'ਤੇ ਮੁਲਾਜ਼ਮਾਂ ਦੀ ਭਰਤੀ, ਬੇਯਕੀਨਾ ਰੁਜ਼ਗਾਰ; ਸਿਖਿਆ, ਸਿਹਤ ਸੇਵਾਵਾਂ ਸਣੇ ਸਮਾਜ ਦੀ ਹਰ ਲਾਜ਼ਮੀ ਲੋੜ ਦਾ ਮੁਨਾਫ਼ੇ ਲਈ ਵਪਾਰੀਕਰਨ; ਹੁਕਮਰਾਨਾਂ ਦੀ ਇਹ ਕੁਲ ਨੀਤੀ ਸੇਧ ਬੇਰੁਜ਼ਗਾਰੀ ਅਤੇ ਸਮਾਜੀ ਬੇਚੈਨੀ ਨੂੰ ਜਰਬਾਂ ਦੇਣ ਵਾਲੀ ਹੈ। ਪੁਲਿਸ ਤੇ ਫ਼ੌਜ ਵਿਚ ਭਰਤੀ ਹੀ ਇਕੋ ਇਕ ਐਸਾ ਖੇਤਰ ਹੈ ਜਿਸ ਵਿਚ ਹੁਕਮਰਾਨਾਂ ਦੀ ਡੂੰਘੀ ਰੁਚੀ ਹੈ, ਕਿਉਂਕਿ ਵਧ ਰਹੀ ਬਦਜ਼ਨੀ ਕਾਰਨ ਲੋਕਾਂ ਦੇ ਹੱਡ ਤੋੜਨ ਲਈ ਪੁਲਿਸ ਨਫ਼ਰੀ ਦੀ ਵੱਧ ਤੋਂ ਵੱਧ ਲੋੜ ਹੈ। ਹੁਕਮਰਾਨ ਚੰਗੀ ਤਰ੍ਹਾਂ ਜਾਣਦੇ ਹਨ ਕਿ ਸੰਸਾਰ ਬੈਂਕ ਦੇ ਕਰਜ਼ੇ ਨਾਲ ਬਹੁਮਾਰਗੀ ਸੜਕਾਂ ਅਤੇ ਪੁਲਾਂ ਦੇ ਨਕਲੀ ਵਿਕਾਸ ਦਾ ਲਾਲੀਪੌਪ ਲੰਮਾ ਸਮਾਂ ਲੋਕਾਂ ਨੂੰ ਧਰਵਾਸ ਨਹੀਂ ਦੇ ਸਕਦਾ। ਕੱਚੇ ਅਧਿਆਪਕ, ਬਰਖ਼ਾਸਤ ਕਲਰਕ, ਬੇਰੁਜ਼ਗਾਰ ਅਧਿਆਪਕ, ਆਂਗੜਬਾੜੀ ਮੁਲਾਜ਼ਮ, ਨਰਸਾਂ, ਬੇਰੁਜ਼ਗਾਰ ਲਾਈਨਮੈਨ, ਪੱਕੇ ਮੁਲਾਜ਼ਮ, ਮਜ਼ਦੂਰ, ਕਿਸਾਨ, ਵਿਦਿਆਰਥੀ, ਨੌਜਵਾਨ ਸਮਾਜ ਦਾ ਕੋਈ ਹਿੱਸਾ ਅਜਿਹਾ ਨਹੀਂ ਹੈ ਜੋ ਹੁਕਮਰਾਨਾਂ ਦੀਆਂ ਨੀਤੀਆਂ ਅਤੇ ਝੂਠੇ ਵਾਅਦਿਆਂ ਦਾ ਸਤਾਇਆ ਧਰਤੀ ਹੇਠਲੇ ਲਾਵੇ ਵਾਂਗ ਨਾ ਖੌਲ ਰਿਹਾ ਹੋਵੇ। ਮੰਗਾਂ ਦੀ ਸੁਣਵਾਈ ਨਾ ਹੋਣ 'ਤੇ ਇਹ ਹੁਕਮਰਾਨ ਧਿਰ ਦੀਆਂ ਰੈਲੀਆਂ ਅਤੇ ਹੋਰ ਜਸ਼ਨੀ ਇਕੱਠਾਂ 'ਚ ਵੜ ਕੇ ਨਾਅਰੇਬਾਜ਼ੀ ਕਰਦੇ ਹਨ ਅਤੇ ਹਾਕਮਾਂ ਦੇ 'ਰੰਗ ਵਿਚ ਭੰਗ' ਪਾਉਂਦੇ ਹਨ। ਸੱਤਾ ਦੇ ਗ਼ਰੂਰ 'ਚ ਟੱਲੀ ਹਾਕਮਾਂ ਨੂੰ ਇਹ ਖ਼ਲਲ ਗਵਾਰਾ ਨਹੀਂ ਹੈ। ਅਜਿਹੇ ਖ਼ਲਲ ਨੂੰ ਠੱਲ ਪਾਉਣ ਲਈ ਵੱਡੀ ਪੁਲਿਸ ਨਫ਼ਰੀ ਦੇ ਨਾਲ ਨਾਲ ਨਿਸ਼ਾਨ ਸਿੰਘਾਂ ਦੇ ਗਰੋਹ ਵੀ ਚਾਹੀਦੇ ਹਨ ਜੋ ਸੱਤਾ ਤੋਂ ਆਕੀ ਲੋਕਾਂ ਦੇ ਹੱਡ ਸੇਕਣ 'ਚ ਜਥੇਦਾਰਾਂ ਦਾ ਹੱਥ ਵਟਾ ਸਕਣ। ਇਹ ਸੱਤਾਧਾਰੀਆਂ ਦੀ ਗੁੰਡਾ ਗਰੋਹਾਂ ਨਾਲ ਨਾੜੂਏ ਦੀ ਸਾਂਝ ਹੀ ਹੈ ਜਿਸ ਕਾਰਨ ਗੁੰਡਾ ਗਰੋਹ ਤਾਂ ਇਸ ਨਿਜ਼ਾਮ 'ਚ ਬੋਹੜ ਦੀ ਛਾਂ ਬਣ ਕੇ ਵਧਦੇ ਫੁੱਲਦੇ ਹਨ, ਜਦਕਿ ਨੰਨੀਆਂ ਛਾਵਾਂ ਜ਼ੁਲਮਾਂ ਦੀ ਅੱਗ ਨਾਲ ਲੂਹੇ ਜਾਣ ਲਈ ਸਰਾਪੀਆਂ ਹੋਈਆਂ ਹਨ।

# ਗੁੰਡਾ ਗਰੋਹਾਂ ਦੀ ਪੁਸ਼ਤ-ਪਨਾਹੀ ਅਤੇ ਹੁਕਮਰਾਨ

ਬੂਟਾ ਸਿੰਘ
ਫ਼ੋਨ: 91-94634-74342

ਪੰਜਾਬੀ ਸਮਾਜ ਇਸ ਵਕਤ ਡੂੰਘੇ ਬਹੁਪਰਤੀ ਸੰਕਟ ਦੀ ਲਪੇਟ ਵਿਚ ਹੈ; ਉਹ ਵੀ ਉਸ ਨਿਜ਼ਾਮ ਹੇਠ ਜਿਸ ਦੇ ਹੁਕਮਰਾਨ 'ਰਾਜ ਨਹੀਂ ਸੇਵਾ' ਦਾ ਨਾਅਰਾ ਦੇ ਕੇ ਸੱਤਾ 'ਤੇ ਕਾਬਜ਼ ਹੁੰਦੇ ਆਏ ਹਨ। ਹਾਲਾਂਕਿ ਸੂਬੇ ਦੇ ਸਮਾਜੀ ਤਾਣੇ-ਬਾਣੇ ਦੇ ਜੜ੍ਹੀਂ ਤੇਲ ਦੇਣ ਪੱਖੋਂ ਦੋਵਾਂ ਮੁੱਖ ਹਾਕਮ ਜਮਾਤੀ ਪਾਰਟੀਆਂ-ਕਾਂਗਰਸ ਤੇ ਅਕਾਲੀ ਦਲ-ਵਿਚੋਂ ਕਿਸੇ ਨੇ ਵੀ ਕਸਰ ਨਹੀਂ ਛੱਡੀ ਜੋ ਬਦਲ ਬਦਲ ਕੇ ਸੱਤਾ 'ਚ ਆਉਂਦੀਆਂ ਰਹੀਆਂ ਹਨ। ਇਸ ਸਬੰਧ 'ਚ ਅਕਾਲੀ-ਭਾਜਪਾ ਗੱਠਜੋੜ ਦੀ ਭੂਮਿਕਾ ਖ਼ਾਸ ਉੱਘੜਵੀਂ ਹੈ। ਹੁਕਮਰਾਨਾਂ ਨੇ ਆਪਣੇ ਸੌੜੇ ਜਮਾਤੀ ਹਿੱਤਾਂ ਅਤੇ ਗਿਣਤੀਆਂ-ਮਿਣਤੀਆਂ 'ਚੋਂ ਆਰਥਿਕਤਾ ਦਾ ਬੁਰੀ ਤਰ੍ਹਾਂ ਉਜਾੜਾ ਕਰ ਕੇ ਸਮਾਜ ਨੂੰ ਤਬਾਹੀ ਤੇ ਬਰਬਾਦੀ ਦੇ ਮੂੰਹ ਤਾਂ ਧੱਕਿਆ ਹੀ ਹੈ, ਨਾਲ ਹੀ ਸਮਾਜੀ-ਸਭਿਆਚਾਰਕ ਤੇ ਰਾਜਸੀ ਹਰ ਖੇਤਰ 'ਚ ਘੋਰ ਹਨੇਰਗਰਦੀ ਵੀ ਮਚਾਈ ਹੈ। ਪਹਿਲਾਂ ਤਾਂ ਧੀਆਂ-ਭੈਣਾਂ ਉਜਾੜ ਥਾਵਾਂ ਤੋਂ ਲੰਘਦਿਆਂ ਜਾਂ ਘਰ ਤੋਂ ਬਾਹਰ ਵਿਚਰਦਿਆਂ ਅਸੁਰੱਖਿਅਤ ਮਹਿਸੂਸ ਕਰਦੀਆਂ ਸਨ, ਹੁਣ ਤਾਂ ਸਿਆਸੀ ਸਰਪ੍ਰਸਤੀ ਵਾਲੇ ਜਰਵਾਣਿਆਂ ਨੇ ਕੁੜੀਆਂ ਨੂੰ ਘਰਾਂ 'ਚੋਂ ਹੀ ਅਗਵਾ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਹੁਕਮਰਾਨ ਤੇ ਪੁਲਿਸ ਪ੍ਰਸ਼ਾਸਨ ਵਲੋਂ ਅਜਿਹੇ ਸੰਗੀਨ ਜੁਰਮਾਂ ਨੂੰ ਵਿਆਹ ਦੇ ਸਰਟੀਫਿਕੇਟ ਦਿੱਤੇ ਜਾਣ ਲੱਗੇ ਹਨ। ਫ਼ਰੀਦਕੋਟ ਸ਼ਹਿਰ ਦਾ ਸ਼ਰੂਤੀ ਕਾਂਡ ਸਮਾਜ ਦੀ ਅਸੁਰੱਖਿਅਤ ਹਾਲਤ ਦੀ ਨੁਮਾਇੰਦਾ ਮਿਸਾਲ ਹੈ।

15 ਵਰ੍ਹਿਆਂ ਦੀ ਨਾਬਾਲਗ ਲੜਕੀ ਸ਼ਰੂਤੀ ਨੂੰ 24 ਸਤੰਬਰ ਨੂੰ ਦਿਨ-ਦਿਹਾੜੇ ਉਸ ਦੇ ਘਰੋਂ ਇਕ ਐਸੇ ਗੁੰਡਾ ਗਰੋਹ ਵਲੋਂ ਬੰਦੂਕ ਦੀ ਨੋਕ 'ਤੇ ਅਗਵਾ ਕਰ ਲਿਆ ਗਿਆ ਜਿਨ੍ਹਾਂ ਨੂੰ ਸੱਤਾਧਾਰੀ ਅਕਾਲੀ ਦਲ ਦੀ ਸ਼ਰੇਆਮ ਸਰਪ੍ਰਸਤੀ ਹਾਸਲ ਹੈ। ਆਪਣੇ ਘਟੀਆ ਮੁਫ਼ਾਦਾਂ ਦੀ ਪੂਰਤੀ ਲਈ ਗੁੰਡਾ ਗਰੋਹ ਪਾਲ ਕੇ ਇਨ੍ਹਾਂ ਦੀ ਵਰਤੋਂ ਆਮ ਲੋਕਾਂ ਨੂੰ ਦਬਾਉਣ ਅਤੇ ਆਪਣੇ ਰਾਜ ਦੀ ਉਮਰ ਲੰਮੀ ਕਰਨ ਲਈ ਕਰਨਾ ਹੁਕਮਰਾਨ ਪਾਰਟੀਆਂ ਦੀ ਸੋਚੀ-ਸਮਝੀ ਨੀਤੀ ਰਹੀ ਹੈ। ਫ਼ਰੀਦਕੋਟ ਦਾ ਨਿਸ਼ਾਨ ਸਿੰਘ ਗਰੋਹ ਵੀ ਇਸੇ ਦੀ ਪੈਦਾਇਸ਼ ਹੈ। ਇਹ ਗਰੋਹ ਅਕਾਲੀ ਆਗੂਆਂ ਦੀ ਸਿਆਸੀ ਸਰਪ੍ਰਸਤੀ ਹੇਠ ਲੰਮੇ ਸਮੇਂ ਤੋਂ ਕਤਲ, ਲੁੱਟਮਾਰ, ਬਲਾਤਕਾਰ ਅਤੇ ਹਰ ਤਰ੍ਹਾਂ ਦੀ ਬੁਰਛਾਗਰਦੀ ਕਰਦਾ ਆ ਰਿਹਾ ਸੀ। ਦਰਜਨਾਂ ਸੰਗੀਨ ਜੁਰਮਾਂ 'ਚ ਸ਼ਾਮਲ ਹੋਣ ਦੇ ਬਾਵਜੂਦ ਇਸ ਗਰੋਹ ਦੇ ਸਰਗਨੇ ਮੁੱਖ ਮੰਤਰੀ, ਉੱਪ ਮੁੱਖ ਮੰਤਰੀ, ਕੈਬਨਿਟ ਮੰਤਰੀਆਂ ਦੀ ਆਮਦ ਮੌਕੇ ਵੀ.ਆਈ.ਪੀ. ਸੀਟਾਂ 'ਤੇ ਸੁਸ਼ੋਭਤ ਹੁੰਦੇ ਰਹੇ। ਇਨ੍ਹਾਂ ਵਿਰੁੱਧ ਅੱਖ ਚੁੱਕ ਕੇ ਝਾਕਣ ਦੀ ਕਿਸੇ ਪੁਲਿਸ ਅਧਿਕਾਰੀ ਦੀ ਕਦੇ ਹਿੰਮਤ ਨਹੀਂ ਪਈ; ਕਿਉਂਕਿ ਅਮਨ-ਕਾਨੂੰਨ ਦੀਆਂ ਨਸੀਹਤਾਂ ਸਿਰਫ਼ ਪਰਜਾ ਲਈ ਹਨ, ਅਮਨ-ਕਾਨੂੰਨ ਦੀਆਂ ਧੱਜੀਆਂ ਉਡਾਉਣਾ ਹੁਕਮਰਾਨ ਆਪਣਾ ਚੁਣੌਤੀ ਰਹਿਤ ਪੁਸ਼ਤੈਨੀ ਹੱਕ ਸਮਝਦੇ ਹਨ। ਬਲਾਤਕਾਰਾਂ, ਕਤਲਾਂ, ਅਗਵਾ ਅਤੇ ਲੁੱਟਾਂ-ਖੋਹਾਂ ਦੇ 22 ਸੰਗੀਨ ਮਾਮਲਿਆਂ 'ਚ ਲੋੜੀਂਦੇ ਨਿਸ਼ਾਨ ਸਿੰਘ ਨਾਲ ਆਪਣੇ ਸਬੰਧਾਂ ਨੂੰ ਸੁਖਬੀਰ ਬਾਦਲ ਨੇ ਰੱਦ ਨਹੀਂ ਕੀਤਾ, ਸਿਰਫ਼ ਇੰਨਾ ਹੀ ਕਿਹਾ ਕਿ ਸਾਡੇ ਜਥੇਦਾਰ ਉਸ ਦੇ ਹੱਕ 'ਚ ਨਹੀਂ ਭੁਗਤਣਗੇ। ਇਸੇ ਗਰੋਹ ਦੇ ਇਕ ਉੱਘੇ ਮੈਂਬਰ ਨੇ ਜਦੋਂ ਸ਼ਰੂਤੀ ਮਾਮਲੇ 'ਚ ਅਦਾਲਤ 'ਚ ਇਕਬਾਲੀਆ ਬਿਆਨ ਦਿੱਤਾ ਕਿ ਮੈਂ ਐਨੇ ਜੁਰਮਾਂ ਦਾ ਭਾਗੀ ਹਾਂ ਕਿ ਮੈਨੂੰ ਅਦਾਲਤ 'ਚ ਹੀ ਗੋਲੀ ਮਾਰ ਦਿੱਤੀ ਜਾਵੇ ਤਾਂ ਦਰਅਸਲ ਉਹ ਹੁਕਮਰਾਨ ਜਮਾਤ ਦੀ ਸਿਆਸੀ ਸਰਪ੍ਰਸਤੀ ਦੀ ਘਿਣਾਉਣੀ ਭੂਮਿਕਾ ਵੱਲ ਹੀ ਉਂਗਲ ਕਰ ਰਿਹਾ ਸੀ।

ਗੁੰਡੇ ਇਕ ਧੀ ਨੂੰ ਉਸ ਦੇ ਮਾਪਿਆਂ ਦੀ ਬੇਰਹਿਮੀ ਨਾਲ ਕੁੱਟਮਾਰ ਕਰ ਕੇ ਅਤੇ ਗਲੀ-ਮੁਹੱਲੇ ਨੂੰ ਗੋਲੀਆਂ ਨਾਲ ਦਹਿਸ਼ਤਜ਼ਦਾ ਕਰ ਕੇ ਲਲਕਾਰੇ ਮਾਰਦੇ ਘਰੋਂ ਚੁੱਕ ਕੇ ਲੈ ਗਏ। ਸੱਤਾਧਾਰੀਆਂ ਦੀਆਂ ਹਦਾਇਤਾਂ ਅਨੁਸਾਰ ਪੂਰਾ ਮਹੀਨਾ ਪੁਲਿਸ ਹਰਕਤ 'ਚ ਆਉਣ ਅਤੇ ਕੁੜੀ ਨੂੰ ਲੱਭਣ ਤੋਂ ਟਾਲਮਟੋਲ ਕਰਦੀ ਰਹੀ। ਜਦੋਂ ਸਮੁੱਚੇ ਜ਼ਿਲ੍ਹੇ ਦੇ ਲੋਕ ਲੜਕੀ ਦੇ ਅਗਵਾ ਨੂੰ ਪੂਰੇ ਸਮਾਜ ਲਈ ਵੰਗਾਰ ਵਜੋਂ ਲੈ ਕੇ ਸੜਕਾਂ 'ਤੇ ਆ ਨਿਕਲੇ, ਫਿਰ ਵੀ ਹੁਕਮਰਾਨ ਲੋਕਾਂ ਦੇ ਰੌਂਅ ਨੂੰ ਲਗਾਤਾਰ ਅੱਖੋਂ ਪਰੋਖੇ ਕਰਦੇ ਰਹੇ। 'ਨੰਨੀ ਛਾਂ' ਦੀ ਝੰਡਾਬਰਦਾਰ ਹਰਸਿਮਰਤ ਕੌਰ ਬਾਦਲ ਹੋਵੇ ਜਾਂ 'ਪੰਜਾਬ ਦੀਆਂ ਧੀਆਂ ਦੀ ਦੁਰਦਸ਼ਾ ਸਹਾਰੀ ਨਹੀਂ ਜਾਂਦੀ' ਆਖ ਕੇ ਧਾਹਾਂ ਮਾਰਨ ਦੇ ਨਾਟਕ ਕਰਨ ਵਾਲਾ ਬਲਵੰਤ ਸਿੰਘ ਰਾਮੂਵਾਲੀਆ ਜਾਂ ਫ਼ਰੀਦਕੋਟ ਤੋਂ ਅਕਾਲੀ ਸੰਸਦ ਮੈਂਬਰ ਪਰਮਜੀਤ ਕੌਰ ਗੁਲਸ਼ਨ, ਇਨ੍ਹਾਂ ਵਿਚੋਂ ਕਿਸੇ ਦੀ ਵੀ ਜ਼ਬਾਨ ਲੜਕੀ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਨ ਲਈ ਨਹੀਂ ਖੁੱਲ੍ਹੀ। ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦੇ ਨਿਜ਼ਾਮ ਦਾ ਦਾਅਵੇਦਾਰ ਮਨਪ੍ਰੀਤ ਬਾਦਲ ਵੀ ਵੀਹ ਦਿਨ ਲੋਕ ਰੋਹ ਦੇ ਠੰਢਾ ਪੈ ਜਾਣ ਦੀ ਉਮੀਦ 'ਚ ਮੂੰਹ ਬੰਦ ਕਰ ਕੇ ਬੈਠਾ ਰਿਹਾ।

ਇਹੀ ਹਾਲ ਸਥਾਨਕ ਅਕਾਲੀ ਵਿਧਾਇਕ ਦਾ ਸੀ। ਇਨ੍ਹਾਂ ਸਾਰਿਆਂ ਦੀ ਮਜਬੂਰੀ ਸੀ ਗੁੰਡਾ ਗਰੋਹਾਂ ਨਾਲ ਅੰਦਰਖ਼ਾਤੇ ਸਾਂਝ ਦਾ ਰਿਸ਼ਤਾ। ਜਦੋਂ ਦਿਨੋ-ਦਿਨ ਵਧ ਰਹੇ ਲੋਕ ਰੋਹ ਨੂੰ ਦੇਖਦਿਆਂ ਅਤੇ ਵਾਰ-ਵਾਰ ਸਵਾਲ ਉਠਾਏ ਜਾਣ 'ਤੇ ਬੁਰੀ ਤਰ੍ਹਾਂ ਅਲੱਗ-ਥਲੱਗ ਪੈ ਜਾਣ ਦੀ ਨੌਬਤ ਆ ਗਈ, ਫਿਰ ਹੀ ਇਹ ਧਰਨੇ 'ਚ ਮੂੰਹ ਦਿਖਾਉਣ ਪਹੁੰਚੇ। ਐੱਸ.ਐੱਸ.ਪੀ. ਤੇ ਡੀ.ਆਈ.ਜੀ. ਹੀ ਨਹੀਂ, ਸਗੋਂ ਡੀ.ਜੀ.ਪੀ. ਵਰਗੇ ਆਲ੍ਹਾ ਪੁਲਿਸ ਅਧਿਕਾਰੀ ਸੱਤਾਧਾਰੀਆਂ ਦੀ ਬੋਲੀ ਬੋਲਦੇ ਸਾਫ਼ ਦੇਖੇ ਗਏ। ਲੋਕਾਂ ਨੂੰ ਭੰਬਲਭੂਸੇ 'ਚ ਪਾਉਣ ਦੇ ਮਕਸਦ ਨਾਲ ਕੁੜੀ ਦੇ ਮਰਜ਼ੀ ਨਾਲ ਉਧਲ ਜਾਣ ਦੀ ਬਿਆਨਬਾਜ਼ੀ ਕੀਤੀ ਗਈ ਅਤੇ ਗਰੋਹ ਦੇ ਸਰਗਨੇ ਨਾਲ ਵਿਆਹ ਕਰਾਏ ਹੋਣ ਦੀਆਂ ਤਸਵੀਰਾਂ ਜਾਰੀ ਕੀਤੀਆਂ ਗਈਆਂ। ਵਾਰ ਵਾਰ ਕੁਫ਼ਰ ਤੋਲਦਿਆਂ ਪੁਲਿਸ ਅਧਿਕਾਰੀਆਂ ਦੀ ਜ਼ਮੀਰ ਨਹੀਂ ਜਾਗੀ ਕਿ ਉਨ੍ਹਾਂ ਦਾ ਕਿਹੜਾ ਕਾਨੂੰਨ 15 ਸਾਲ ਦੀ ਨਾਬਾਲਗ ਕੁੜੀ ਦੇ ਵਿਆਹ ਨੂੰ ਜਾਇਜ਼ ਠਹਿਰਾਉਂਦਾ। ਦਰਅਸਲ ਪੁਲਿਸ ਅਧਿਕਾਰੀ ਨਹੀਂ, ਉਨ੍ਹਾਂ ਵਿਚ ਤਾਂ ਸਿਆਸੀ ਸਰਪ੍ਰਸਤੀ ਬੋਲਦੀ ਸੀ। ਭਾਵੇਂ ਦੋ ਵਾਰ ਫ਼ਰੀਦਕੋਟ ਮੁਕੰਮਲ ਬੰਦ ਕੀਤੇ ਜਾਣ ਅਤੇ ਲਗਾਤਾਰ ਧਰਨਿਆਂ-ਮੁਜ਼ਾਹਰਿਆਂ ਦੇ ਦਬਾਅ ਹੇਠ ਆਖ਼ਿਰ ਸਾਰੇ ਮੁਜਰਮਾਂ ਨੂੰ ਗ੍ਰਿਫ਼ਤਾਰ ਕਰਨ ਦਾ ਨਾਟਕ ਕਰਨਾ ਪਿਆ ਅਤੇ ਕੁੜੀ ਦੀ ਬਰਾਮਦਗੀ ਦਿਖਾਉਣੀ ਪਈ, ਫਿਰ ਵੀ ਜਰਵਾਣੇ ਨੀਚ ਹਰਕਤਾਂ ਤੋਂ ਬਾਜ ਨਹੀਂ ਆ ਰਹੇ। ਅਜੇ ਵੀ ਇਹ ਬੱਚੀ ਪੁਲਿਸ ਦੀ ਹਿਰਾਸਤ 'ਚ ਮਾਨਸਿਕ ਤਸੀਹਿਆਂ ਦਾ ਸੰਤਾਪ ਝੱਲਣ ਲਈ ਮਜਬੂਰ ਹੈ।

ਨਿਆਂ ਦੇ ਪ੍ਰਤੀਕ ਜੱਜਾਂ ਬਾਰੇ ਅਕਸਰ ਹੀ ਸੱਤਾ ਤੋਂ ਆਜ਼ਾਦ ਹੋਣ ਦੇ ਦਾਅਵੇ ਕੀਤੇ ਜਾਂਦੇ ਹਨ। ਇੱਥੇ ਤਾਂ ਜੱਜ ਵੀ ਗੁੰਡਾ ਗਰੋਹ ਦੀ ਪਿੱਠ 'ਤੇ ਸੀ। ਸਥਾਨਕ ਜੱਜ ਦਾ ਸੱਤਾਧਾਰੀ ਧਿਰ ਦੇ ਇਸ਼ਾਰਿਆਂ 'ਤੇ ਨੱਚਣਾ ਨਿਘਾਰ ਦੀ ਇੰਤਹਾ ਤਾਂ ਹੈ ਹੀ, ਡੂੰਘੀ ਚਿੰਤਾ ਦਾ ਵਿਸ਼ਾ ਵੀ ਹੈ। ਨਿਆਂ ਲਈ ਲੋਕ ਕਿਸ ਦਾ ਬੂਹਾ ਖੜਕਾਉਣ? ਅਦਾਲਤ 'ਚ ਪੇਸ਼ ਕੀਤੇ ਜਾਣ 'ਤੇ ਜਦੋਂ ਕੁੜੀ ਨੇ ਡਰ ਜ਼ਾਹਿਰ ਕੀਤਾ ਕਿ ਅਗਵਾਕਾਰ ਉਸ ਨੂੰ ਤੇ ਉਸ ਦੇ ਮਾਪਿਆਂ ਨੂੰ ਮਾਰ ਦੇਣਗੇ ਅਤੇ ਉਸ ਨੇ ਡਾਕਟਰੀ ਮੁਆਇਨਾ ਕਰਾਉਣ ਅਤੇ ਘਰ ਜਾਣ ਦੀ ਇੱਛਾ ਜ਼ਾਹਰ ਕੀਤੀ ਤਾਂ ਜੱਜ ਨੇ ਉਸ ਦਾ ਬਿਆਨ ਪ੍ਰਵਾਨ ਨਹੀਂ ਕੀਤਾ। ਸਾਰੇ ਮੌਜੂਦ ਲੋਕਾਂ ਤੇ ਵਕੀਲਾਂ ਨੂੰ ਅਦਾਲਤ 'ਚੋਂ ਬਾਹਰ ਕੱਢ ਕੇ 10 ਮਿੰਟ ਬਾਅਦ ਹੀ ਦਬਾਅ ਪਾ ਕੇ ਲੜਕੀ ਦਾ ਦੂਜਾ ਬਿਆਨ ਲਿਖਵਾਇਆ ਗਿਆ ਕਿ ਉਸ ਨੇ ਆਪਣੀ ਮਰਜ਼ੀ ਨਾਲ ਵਿਆਹ ਕਰਾਇਆ ਹੈ, ਉਹ ਡਾਕਟਰੀ ਮੁਆਇਨਾ ਨਹੀਂ ਕਰਾਉਣਾ ਚਾਹੁੰਦੀ ਅਤੇ ਮਾਂ-ਪਿਓ ਨਾਲ ਵੀ ਨਹੀਂ ਜਾਣਾ ਚਾਹੁੰਦੀ। ਜੱਜ ਵਲੋਂ ਨਿਆਂ ਦੇ ਸਾਰੇ ਅਸੂਲਾਂ ਅਤੇ ਅਦਾਲਤੀ ਮਰਿਯਾਦਾ ਨੂੰ ਛਿੱਕੇ ਟੰਗ ਕੇ ਕੁੜੀ ਨੂੰ ਧੱਕੇ ਨਾਲ ਨਾਰੀ ਨਿਕੇਤਨ ਭੇਜ ਦਿੱਤਾ ਗਿਆ। ਮਾਪਿਆਂ ਦੇ ਮਿਲਣ 'ਤੇ ਰੋਕ ਲਾ ਕੇ ਅਤੇ ਲਗਾਤਾਰ ਪੁਲਿਸ ਦੇ ਪਹਿਰੇ ਹੇਠ ਰੱਖ ਕੇ ਉਸ ਉੱਪਰ ਗੁੰਡਾ ਗਰੋਹ ਦੇ ਹੱਕ 'ਚ ਬਿਆਨ ਦੇਣ ਲਈ ਮਾਨਸਿਕ ਦਬਾਅ ਪਾਇਆ ਜਾ ਰਿਹਾ ਹੈ। ਜਦੋਂ ਵੀ ਸ਼ਰੂਤੀ ਮਾਮਲੇ 'ਚ ਉੱਚ ਪੁਲਿਸ ਅਧਿਕਾਰੀਆਂ ਅਤੇ ਸੱਤਾਧਾਰੀਆਂ ਦੀ ਜ਼ਬਾਨ ਖੁੱਲ੍ਹਦੀ ਹੈ, ਇਹ ਹਮੇਸ਼ਾ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਦੇ ਖ਼ਿਲਾਫ਼ ਜ਼ਹਿਰ ਉਗਲਦੇ ਹਨ ਅਤੇ ਇਨ੍ਹਾਂ ਦੇ ਬੋਲਾਂ ਵਿਚੋਂ ਗੁੰਡਾ ਗਰੋਹ ਨਾਲ ਹਮਦਰਦੀ ਡੁੱਲ੍ਹ ਡੁੱਲ੍ਹ ਪੈਂਦੀ



*ਸ਼ਾਂਤ ਲਾਵਾ: ਸ਼ਰੂਤੀ ਮਾਮਲੇ ਵਿਚ ਫਰੀਦਕੋਟ ਵਿਖੇ ਸਰਕਾਰ ਦੀ ਨਾ-ਅਹਿਲੀਅਤ ਖਿਲਾਫ ਰੋਸ ਜ਼ਾਹਿਰ ਕਰ ਰਹੇ ਲੋਕ।*

ਹੈ। ਜੇ ਲੋਕ ਇਸ ਵਰਤਾਰੇ ਤੋਂ ਚਿੰਤਤ ਹੋ ਕੇ ਸੜਕਾਂ 'ਤੇ ਨਾ ਆਉਂਦੇ ਤਾਂ ਸਿਆਸਤਦਾਨਾਂ, ਗੁੰਡਿਆਂ ਅਤੇ ਪੁਲਿਸ ਦੇ ਇਸ ਨਾਪਾਕ ਗੱਠਜੋੜ ਨੇ ਹੋਰ ਬਹੁਤ ਸਾਰੀਆਂ ਵਾਰਦਾਤਾਂ ਵਾਂਗ ਇਸ ਜੁਰਮ ਨੂੰ ਵੀ ਦਬਾਉਣ 'ਚ ਕਾਮਯਾਬ ਹੋ ਜਾਣਾ ਸੀ। ਇਹ ਲੋਕ ਤਾਕਤਾਂ ਦਾ ਸੰਘਰਸ਼ ਹੀ ਹੈ ਜਿਸ ਕਾਰਨ ਘ੍ਰਿਣਤ ਗੱਠਜੋੜ ਨੰਗਾ ਹੋਇਆ ਅਤੇ ਹੁਕਮਰਾਨਾਂ ਤੇ ਪੁਲਿਸ ਅਧਿਕਾਰੀਆਂ ਨੂੰ ਆਪਣੇ ਚਹੇਤੇ ਗੁੰਡਾ ਗਰੋਹ ਵਿਰੁੱਧ ਕੇਸ ਦਰਜ ਕਰਨਾ ਪਿਆ।

ਬਾਦਲ ਦੇ 'ਪੰਥਕ ਰਾਜ' ਦੀ ਇਹ ਪਹਿਲੀ ਘਟਨਾ ਨਹੀਂ ਹੈ। 1970 'ਚ ਅਕਾਲੀ ਰਾਜ ਦੌਰਾਨ 82 ਸਾਲ ਦੇ ਦੇਸ਼ ਭਗਤ ਬਾਬਾ ਬੂਝਾ ਸਿੰਘ ਤੇ ਦੇਸ਼ ਭਗਤ ਬਾਬਾ ਮਰਗਿੰਦ ਅਤੇ ਦਰਜਨਾਂ ਨਕਸਲੀ ਨੌਜਵਾਨਾਂ ਨੂੰ ਫਰਜ਼ੀ ਪੁਲਿਸ ਮੁਕਾਬਲਿਆਂ ਮਰਵਾ ਦਿੱਤਾ ਗਿਆ ਸੀ। 1979 'ਚ ਇਸੇ ਮੁੱਖ ਮੰਤਰੀ ਦੇ ਰਾਜ 'ਚ ਸਿਰਮੌਰ ਵਿਦਿਆਰਥੀ ਆਗੂ ਪ੍ਰਿਥੀਪਾਲ ਸਿੰਘ ਰੰਧਾਵਾ ਨੂੰ ਬੇਅੰਤ-ਪ੍ਰਿਥੀਪਾਲ ਗੁੰਡਾ ਗਰੋਹ ਵਲੋਂ ਅਗਵਾ ਕਰ ਕੇ ਕਤਲ ਕੀਤਾ ਗਿਆ। ਅਕਾਲੀ ਆਗੂ ਨਿਰਲੇਪ ਕੌਰ ਸ਼ਰੇਆਮ ਇਸ ਗਰੋਹ ਦੀ ਪਿੱਠ 'ਤੇ ਸੀ ਅਤੇ ਅਕਾਲੀ ਹਕੂਮਤ ਨੇ ਗੁੰਡਿਆਂ ਨੂੰ ਬਚਾਉਣ ਲਈ ਦਿਨ ਰਾਤ ਇਕ ਕਰ ਦਿੱਤਾ ਸੀ। ਹਾਲੇ ਕੱਲ੍ਹ ਦੀ ਗੱਲ ਹੀ ਹੈ, ਅਕਾਲੀ ਹਕੂਮਤ ਦੇ ਪਿਛਲੇ ਕਾਰਜ ਕਾਲ 'ਚ ਹਰਮਨਪਿਆਰੇ ਕਿਸਾਨ ਆਗੂਆਂ ਸਾਧੂ ਸਿੰਘ ਤਖ਼ਤੂਪੁਰਾ ਅਤੇ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਨੂੰ ਹਕੂਮਤੀ ਸਰਪ੍ਰਸਤੀ ਵਾਲੇ ਗੁੰਡਾ ਗਰੋਹਾਂ ਵਲੋਂ ਜ਼ਮੀਨ ਮਾਫ਼ੀਆ ਦੇ ਇਸ਼ਾਰੇ 'ਤੇ ਸ਼ਰੇਆਮ ਗੋਲੀਆਂ ਮਾਰ ਕੇ ਕਤਲ ਕੀਤਾ ਗਿਆ।

ਐਨ ਸ਼ਰੂਤੀ ਕਾਂਡ ਨਾਲ ਮਿਲਦਾ-ਜੁਲਦਾ ਕਾਂਡ 1997 'ਚ ਅਕਾਲੀ ਵਜ਼ਾਰਤ ਸਮੇਂ ਵੀ ਵਾਪਰਿਆ ਸੀ ਜਦੋਂ ਮਹਿਲ ਕਲਾਂ (ਜ਼ਿਲ੍ਹਾ ਬਰਨਾਲਾ) ਦੀ ਧੀ ਕਿਰਨਜੀਤ ਕੌਰ ਨੂੰ ਗੁੰਡਿਆਂ ਨੇ ਅਗਵਾ ਕਰ ਕੇ ਉਸ ਨਾਲ ਕੁਕਰਮ ਕਰਨ ਉਪਰੰਤ ਲਾਸ਼ ਖੇਤਾਂ ਵਿਚ ਦਬਾ ਦਿੱਤੀ ਸੀ। ਉਨ੍ਹਾਂ ਗੁੰਡਿਆਂ ਨੂੰ ਵੀ ਇਸੇ ਹੁਕਮਰਾਨ ਪਾਰਟੀ ਦੀ ਸਰਪ੍ਰਸਤੀ ਹਾਸਲ ਸੀ। (ਸੀ.ਪੀ.ਐੱਮ. ਦੇ ਇਕ ਮੁੱਖ ਆਗੂ ਚੰਦ ਸਿੰਗ ਚੋਪੜਾ ਦਾ ਵੀ ਇਸ ਗੁੰਡਾ ਗਰੋਹ ਨਾਲ ਯਾਰਾਨਾ ਸੀ ਜਿਸ ਨੇ ਗੁੰਡਾ ਗਰੋਹ ਨਾਲ ਵਫ਼ਾ ਪਾਲਦਿਆਂ ਆਪਣਾ ਸਿਆਸੀ ਭਵਿੱਖ ਹੀ ਦਾਅ 'ਤੇ ਲਾ ਦਿੱਤਾ ਸੀ)। ਉਦੋਂ ਵੀ ਮੁੱਖ ਮੰਤਰੀ ਬਾਦਲ ਨੇ ਮੂੰਹ ਖੋਲ੍ਹਣ ਦੀ ਲੋੜ ਨਹੀਂ ਸੀ ਸਮਝੀ। ਇਹੀ ਸੱਤਾਧਾਰੀ ਧਿਰ ਉਦੋਂ ਵੀ ਮਾਮਲੇ ਨੂੰ ਖ਼ੁਰਦ-ਬੁਰਦ ਕਰਨ ਲਈ ਅੰਦਰਖਾਤੇ ਪੂਰਾ ਤਾਣ ਲਾਉਂਦੀ ਰਹੀ ਸੀ। ਜਦੋਂ ਨਿਜ਼ਾਮ ਦੀ ਧੱਕੇਸ਼ਾਹੀ ਤੋਂ ਅੱਕੇ-ਸਤੇ ਅਵਾਮ ਨੇ ਸੜਕਾਂ 'ਤੇ ਆ ਕੇ ਹਕੂਮਤ ਦਾ ਹਰ ਹਰਬਾ ਅਸਫ਼ਲ ਬਣਾ ਦਿੱਤਾ, ਅੱਜ ਦੀ ਤਰ੍ਹਾਂ ਹੀ, ਉਦੋਂ ਵੀ ਹੁਕਮਰਾਨ ਧਿਰ ਭਾਰੀ ਲੋਕ ਦਬਾਅ ਹੇਠ ਇਸੇ ਤਰ੍ਹਾਂ ਗੁੰਡਾ ਗਰੋਹ ਖ਼ਿਲਾਫ਼ ਕੇਸ ਦਰਜ ਕਰਨ ਅਤੇ ਲਾਸ਼ ਬਰਾਮਦ ਕਰਾਉਣ ਲਈ ਮਜਬੂਰ ਹੋਈ ਸੀ।

ਇਹ ਘਟਨਾਵਾਂ ਕੋਈ ਇਤਫ਼ਾਕੀਆ ਵਰਤਾਰਾ ਨਹੀਂ ਹੈ, ਸਗੋਂ ਇਨ੍ਹਾਂ ਦੀਆਂ ਜੜ੍ਹਾਂ ਸਥਾਪਤੀ ਦੀਆਂ ਨੀਤੀਆਂ 'ਚ ਹਨ। ਜਿਸ ਨਿਜ਼ਾਮ ਦੀਆਂ ਹਾਕਮ ਜਮਾਤਾਂ ਪੂਰੇ ਪੰਜ ਸਾਲ ਰਾਜ ਨੂੰ ਨਿੱਜੀ ਰਿਆਸਤ ਬਣਾ ਕੇ ਚਲਾਉਂਦੀਆਂ ਹੋਣ ਅਤੇ ਜਿਨ੍ਹਾਂ ਨੂੰ ਚੋਣਾਂ ਦੇ ਚਾਰ ਦਿਹਾੜੇ ਹੀ ਜਨਤਾ-ਜਨਾਰਧਨ ਚੇਤੇ ਰਹਿੰਦਾ ਹੋਵੇ, ਉਸ ਕੋਲ ਰਾਜ ਕਰਨ ਦੀ ਸਿਆਸੀ ਇਖ਼ਲਾਕੀ ਤਾਕਤ ਤਾਂ ਹੁੰਦੀ ਨਹੀਂ। ਉਸ ਦੀ ਟੇਕ ਮਹਿਜ਼ ਲੱਠਮਾਰਾਂ, ਬਦਮਾਸ਼ਾਂ ਦੀ ਤਾਕਤ ਹੀ ਹੋ ਸਕਦੀ ਹੈ। ਲੱਠਮਾਰ ਤਾਕਤ ਚਾਹੇ ਪੁਲਿਸ ਦੇ ਰੂਪ 'ਚ ਕਾਨੂੰਨੀ ਹੋਵੇ ਜਾਂ ਨਿਸ਼ਾਨ ਸਿੰਘ ਵਰਗੇ ਗਰੋਹਾਂ ਦੇ ਰੂਪ 'ਚ ਗ਼ੈਰਕਾਨੂੰਨੀ, ਅਵਾਮ ਦੀ ਸਵੈਮਾਣ ਵਾਲੀ ਬਿਹਤਰ ਜ਼ਿੰਦਗੀ ਦੀ ਰੀਝ ਨੂੰ ਦਬਾਉਣ ਲਈ ਇਹ ਹੁਕਮਰਾਨਾਂ ਦੀ ਅਣਸਰਦੀ ਲੋੜ ਹੈ। ਰੋਜ਼ਗਾਰ ਦੀ ਲਗਭਗ ਅਣਹੋਂਦ ਅਤੇ ਦੂਜੇ ਪਾਸੇ ਮੰਡੀ ਦੀ ਭਾਰੀ ਚਕਾਚੌਂਧ ਦੇ ਹਾਲਾਤ 'ਚ ਜਵਾਨੀ ਨੂੰ ਕੁਰਾਹੇ ਪਾਉਣਾ ਬਹੁਤ ਸੁਖਾਲਾ ਹੈ। ਨਸ਼ਿਆਂ ਦੇ ਦਰਿਆ ਅਤੇ ਸੱਭਿਆਚਾਰ ਦੇ ਨਾਂ ਹੇਠ ਅਸ਼ਲੀਲਤਾ ਤੇ ਲੱਚਰਤਾ ਦੇ ਹੜ੍ਹ ਨੂੰ ਹਕੂਮਤੀ ਪ੍ਰਵਾਨਗੀ ਇਸੇ ਨੀਤੀ ਦਾ ਹਿੱਸਾ ਹੈ। ਇਉਂ ਜਵਾਨੀ ਨੂੰ ਕੁਰਾਹੇ ਪਾ ਕੇ ਅਤੇ ਉਨ੍ਹਾਂ ਨੂੰ ਬਿਮਾਰ ਮਾਨਸਿਕਤਾ ਵਾਲੇ ਮੁਜਰਮਾਂ 'ਚ ਬਦਲ ਕੇ ਹੀ ਉਹ ਲੋਕ ਦੋਖੀ ਨਿਜ਼ਾਮ ਜਿਉਂਦਾ ਰਹਿ ਸਕਦਾ ਹੈ ਜੋ ਨੰਗੇ ਅਨਿਆਂ, ਘੋਰ ਨਾਬਰਾਬਰੀ ਤੇ ਵਾਅਦਾ ਖ਼ਿਲਾਫ਼ੀ 'ਤੇ ਟਿਕਿਆ ਹੋਇਆ ਹੈ। ਗ਼ੈਰਸਮਾਜੀ ਅਨਸਰਾਂ ਨੂੰ ਸੌੜੇ ਮੰਤਵਾਂ ਲਈ ਅਸਾਨੀ ਨਾਲ ਹੀ ਵਰਤਿਆ ਜਾ ਸਕਦਾ ਹੈ, ਚੋਣਾਂ ਮੌਕੇ ਬੂਥਾਂ 'ਤੇ ਕਬਜ਼ੇ ਕਰਨ, ਜ਼ਮੀਨਾਂ ਜਾਇਦਾਦਾਂ 'ਤੇ ਕਬਜ਼ੇ ਕਰਨ, ਅਨਿਆਂ ਖ਼ਿਲਾਫ਼ ਉੱਠ ਰਹੇ ਲੋਕਾਂ ਨੂੰ ਖਦੇੜਨ ਲਈ, ਖ਼ਾਸ ਕਰ ਕੇ ਲੋਕਾਂ ਦੀ ਜਥੇਬੰਦਕ ਤਾਕਤ ਦੇ ਉਭਰਨ ਸਮੇਂ ਇਸ ਦੇ ਖ਼ਿਲਾਫ਼।

ਹਕੂਮਤੀ ਨੀਤੀਆਂ ਕਾਰਨ ਖੇਤੀ ਦਾ ਡੂੰਘਾ ਸੰਕਟ, ਸਨਅਤਾਂ ਦੀ ਤਾਲਾਬੰਦੀ, ਸਰਕਾਰੀ ਮਹਿਕਮਿਆਂ ਦਾ ਨਿੱਜੀਕਰਨ, ਨਵੀਂ ਭਰਤੀ 'ਤੇ ਰੋਕ, ਠੇਕੇ 'ਤੇ ਮੁਲਾਜ਼ਮਾਂ ਦੀ ਭਰਤੀ, ਬੇਯਕੀਨਾ ਰੁਜ਼ਗਾਰ; ਸਿਖਿਆ, ਸਿਹਤ ਸੇਵਾਵਾਂ ਸਣੇ ਸਮਾਜ ਦੀ ਹਰ ਲਾਜ਼ਮੀ ਲੋੜ ਦਾ ਮੁਨਾਫ਼ੇ ਲਈ ਵਪਾਰੀਕਰਨ; ਹੁਕਮਰਾਨਾਂ ਦੀ ਇਹ ਕੁਲ ਨੀਤੀ ਸੇਧ ਬੇਰੁਜ਼ਗਾਰੀ ਅਤੇ ਸਮਾਜੀ ਬੇਚੈਨੀ ਨੂੰ ਜਰਬਾਂ ਦੇਣ ਵਾਲੀ ਹੈ। ਪੁਲਿਸ ਤੇ ਫ਼ੌਜ ਵਿਚ ਭਰਤੀ ਹੀ ਇਕੋ ਇਕ ਐਸਾ ਖੇਤਰ ਹੈ ਜਿਸ ਵਿਚ ਹੁਕਮਰਾਨਾਂ ਦੀ ਡੂੰਘੀ ਰੁਚੀ ਹੈ; ਕਿਉਂਕਿ ਵਧ ਰਹੀ ਬਦਜ਼ਨੀ ਕਾਰਨ ਲੋਕਾਂ ਦੇ ਹੱਡ ਤੋੜਨ ਲਈ ਪੁਲਿਸ ਨਫ਼ਰੀ ਦੀ ਵੱਧ ਤੋਂ ਵੱਧ ਲੋੜ ਹੈ। ਹੁਕਮਰਾਨ ਚੰਗੀ ਤਰ੍ਹਾਂ ਜਾਣਦੇ ਹਨ ਕਿ ਸੰਸਾਰ ਬੈਂਕ ਦੇ ਕਰਜ਼ੇ ਨਾਲ ਬਹੁਮਾਰਗੀ ਸੜਕਾਂ ਅਤੇ ਪੁਲਾਂ ਦੇ ਨਕਲੀ ਵਿਕਾਸ ਦਾ ਲਾਲੀਪੌਪ ਲੰਮਾ ਸਮਾਂ ਲੋਕਾਂ ਨੂੰ ਧਰਵਾਸ ਨਹੀਂ ਦੇ ਸਕਦਾ। ਉਨ੍ਹਾਂ ਦਾ ਸੁਪਨਾ ਪੱਕਾ ਰੁਜ਼ਗਾਰ ਅਤੇ ਬਿਹਤਰ ਜ਼ਿੰਦਗੀ ਹੈ।

ਇਸ ਸੁਪਨੇ ਨੂੰ ਵਕਤੀ ਤੌਰ 'ਤੇ ਦਬਾਇਆ ਜਾਂ ਗੁਮਰਾਹ ਤਾਂ ਕੀਤਾ ਜਾ ਸਕਦਾ ਹੈ ਪਰ ਪੱਕੇ ਤੌਰ 'ਤੇ ਦਫ਼ਨ ਨਹੀਂ ਕੀਤਾ ਜਾ ਸਕਦਾ। ਕੱਚੇ ਅਧਿਆਪਕ, ਬਰਖ਼ਾਸਤ ਕਲਰਕ, ਬੇਰੁਜ਼ਗਾਰ ਅਧਿਆਪਕ, ਆਂਗੜਬਾੜੀ ਮੁਲਾਜ਼ਮ, ਨਰਸਾਂ, ਬੇਰੁਜ਼ਗਾਰ ਲਾਈਨਮੈਨ, ਪੱਕੇ ਮੁਲਾਜ਼ਮ, ਮਜ਼ਦੂਰ, ਕਿਸਾਨ, ਵਿਦਿਆਰਥੀ, ਨੌਜਵਾਨ ਸਮਾਜ ਦਾ ਕੋਈ ਹਿੱਸਾ ਅਜਿਹਾ ਨਹੀਂ ਹੈ ਜੋ ਹੁਕਮਰਾਨਾਂ ਦੀਆਂ ਨੀਤੀਆਂ ਅਤੇ ਝੂਠੇ ਵਾਅਦਿਆਂ ਦਾ ਸਤਾਇਆ ਧਰਤੀ ਹੇਠਲੇ ਲਾਵੇ ਵਾਂਗ ਨਾ ਖੌਲ ਰਿਹਾ ਹੋਵੇ। ਮੰਗਾਂ ਦੀ ਸੁਣਵਾਈ ਨਾ ਹੋਣ 'ਤੇ ਇਹ ਹੁਕਮਰਾਨ ਧਿਰ ਦੀਆਂ ਰੈਲੀਆਂ ਅਤੇ ਹੋਰ ਜਸ਼ਨੀ ਇਕੱਠਾਂ 'ਚ ਵੜ ਕੇ ਨਾਅਰੇਬਾਜ਼ੀ ਕਰਦੇ ਹਨ ਅਤੇ ਹਾਕਮਾਂ ਦੇ 'ਰੰਗ ਵਿਚ ਭੰਗ' ਪਾਉਂਦੇ ਹਨ। ਸੱਤਾ ਦੇ ਗ਼ਰੂਰ 'ਚ ਟੱਲੀ ਹਾਕਮਾਂ ਨੂੰ ਇਹ ਖ਼ਲਲ ਗਵਾਰਾ ਨਹੀਂ ਹੈ। ਅਜਿਹੇ ਖ਼ਲਲ ਨੂੰ ਠੱਲ ਪਾਉਣ ਲਈ ਵੱਡੀ ਪੁਲਿਸ ਨਫ਼ਰੀ ਦੇ ਨਾਲ ਨਾਲ ਨਿਸ਼ਾਨ ਸਿੰਘਾਂ ਦੇ ਗਰੋਹ ਵੀ ਚਾਹੀਦੇ ਹਨ ਜੋ ਸੱਤਾ ਤੋਂ ਆਕੀ ਲੋਕਾਂ ਦੇ ਹੱਡ ਸੇਕਣ 'ਚ ਜਥੇਦਾਰਾਂ ਦਾ ਹੱਥ ਵਟਾ ਸਕਣ। ਇਹ ਸੱਤਾਧਾਰੀਆਂ ਦੀ ਗੁੰਡਾ ਗਰੋਹਾਂ ਨਾਲ ਨਾੜੂਏ ਦੀ ਸਾਂਝ ਹੀ ਹੈ ਜਿਸ ਕਾਰਨ ਗੁੰਡਾ ਗਰੋਹ ਤਾਂ ਇਸ ਨਿਜ਼ਾਮ 'ਚ ਬੋਹੜ ਦੀ ਛਾਂ ਬਣ ਕੇ ਵਧਦੇ ਫੁੱਲਦੇ ਹਨ, ਜਦਕਿ ਨੰਨੀਆਂ ਛਾਵਾਂ ਜ਼ੁਲਮਾਂ ਦੀ ਅੱਗ ਨਾਲ ਲੂਹੇ ਜਾਣ ਲਈ ਸਰਾਪੀਆਂ ਹੋਈਆਂ ਹਨ।

# ਭਾਰਤ 'ਤੇ ਸਰਮਾਏਦਾਰੀ ਦੀ ਪਕੜ ਅਤੇ ਕੇਜਰੀਵਾਲ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

***ਹਾਂਗਕਾਂਗ ਐਂਡ ਸ਼ੰਘਾਈ ਬੈਂਕਿੰਗ ਕਾਰਪੋਰੇਸ਼ਨ ਤੋਂ ਐਚ ਐਸ ਬੀ ਸੀ ਬੈਂਕ ਬਣਿਆ ਇਹ ਅਦਾਰਾ ਸੰਸਾਰ ਭਰ ਵਿਚ ਕਈ ਗੱਲਾਂ ਲਈ ਬਦਨਾਮੀ ਖੱਟ ਰਿਹਾ ਹੈ। ਅਮਰੀਕਾ ਵਿਚ ਇਸ ਦੀ ਪੜਤਾਲ ਹੋ ਚੁੱਕੀ ਹੈ ਕਿ ਇਸ ਦੀ ਮਦਦ ਨਾਲ ਕਈ ਨਸ਼ੀਲੇ ਪਦਾਰਥਾਂ ਦਾ ਧੰਦਾ ਕਰਨ ਵਾਲੇ ਗਰੋਹਾਂ ਨੇ ਪੈਸਾ ਉਥੇ ਪੁਚਾਇਆ ਤੇ ਫਿਰ ਮਹਾਂ-ਸ਼ਕਤੀ ਕਹਾਉਂਦੇ ਉਸ ਦੇਸ਼ ਦੀ ਸਰਕਾਰ ਨੂੰ ਵੀ ਪਤਾ ਲੱਗਣ ਦਿੱਤੇ ਬਿਨਾਂ ਟਿਕਾਣੇ ਲਾਉਣ ਵਿਚ ਮਦਦ ਕੀਤੀ ਸੀ। ਇਸ ਦੀ ਗਲਤੀ ਵੀ ਬੈਂਕ ਨੇ ਮੰਨੀ, ਪਰ ਇਹ ਗਲਤੀ ਮੰਨਣਾ ਨਹੀਂ, ਕੀਤੇ ਗੁਨਾਹ ਉਤੇ ਪੋਚਾ ਪਾਉਣ ਦਾ ਉਹ ਕੰਮ ਸੀ, ਜਿਹੜਾ ਉਸ ਨੇ ਮੁਕੇਸ਼ ਅੰਬਾਨੀ ਦਾ ਨਾਂ ਜ਼ਾਹਰ ਹੋਣ ਪਿੱਛੋਂ ਮੁਆਫੀ ਮੰਗ ਕੇ ਹਿੰਦੁਸਤਾਨ ਵਿਚ ਵੀ ਕੀਤਾ ਸੀ ਤੇ ਭਾਰਤ ਸਰਕਾਰ ਨੇ ਇਸ ਭੁਚਲਾਵੇ ਨੂੰ ਦਲੀਲ ਮੰਨ ਕੇ ਮੁਕੇਸ਼ ਅੰਬਾਨੀ ਦਾ ਪਿੱਛਾ ਛੱਡ ਦਿੱਤਾ ਸੀ।***

'ਨਹੀਂ ਮਿਲਦੀ ਨੌਕਰੀ ਤਾਂ ਨਾ ਸਹੀ, ਬੇਰੁਜ਼ਗਾਰ ਹੋਣਾ ਪਵੇ ਤਾਂ ਪਰਵਾਹ ਨਹੀਂ, ਦੇਸ਼ਭਗਤੀ ਦਾ ਤਕਾਜ਼ਾ ਹੈ ਕਿ ਐਚ ਐਸ ਬੀ ਸੀ ਬੈਂਕ ਦੇ ਬੱਤੀ ਹਜ਼ਾਰ ਕਰਮਚਾਰੀ ਅਸਤੀਫੇ ਦੇ ਦੇਣ' ਨਵੇਂ ਉਠੇ ਰਾਜਨੀਤਕ ਖੇਤਰ ਦੇ ਘੁਲਾਟੀਏ ਤੇ ਕੱਲ੍ਹ ਦੇ ਸਮਾਜ ਸੇਵੀ ਅਰਵਿੰਦ ਕੇਜਰੀਵਾਲ ਦੀ ਇਸ ਗੱਲ ਦਾ ਹੁੰਗਾਰਾ ਭਰਨਾ ਆਮ ਆਦਮੀ ਲਈ ਏਨਾ ਸੌਖਾ ਨਹੀਂ, ਜਿੰਨਾ ਸੌਖਾ ਅਰਵਿੰਦ ਲਈ ਸੱਦਾ ਦੇਣਾ ਹੋ ਸਕਦਾ ਹੈ। ਮਹਿੰਗਾਈ ਤੇ ਸੰਸਾਰ ਪੱਧਰ ਦੇ ਮੰਦੇ ਦੇ ਭੰਨੇ ਹੋਏ ਜਿਹੜੇ ਲੋਕ ਸੌ ਸਿਆਪੇ ਭੁਗਤ ਕੇ ਮਸਾਂ ਨੌਕਰੀ ਉਤੇ ਲੱਗੇ ਹੋਣਗੇ, ਉਹ ਏਦਾਂ ਦੇ ਦੇਸ਼ਭਗਤੀ ਦੇ ਭਾਵ ਨਾਲ ਜਿੰਨੇ ਮਰਜ਼ੀ ਸਹਿਮਤ ਹੋਣ, ਨੌਕਰੀਆਂ ਨਹੀਂ ਛੱਡਣ ਲੱਗੇ ਤੇ ਨਾ ਇਹੋ ਜਿਹਾ ਸੱਦਾ ਦੇਣਾ ਠੀਕ ਲੱਗਦਾ ਹੈ। ਇਸ ਦੀ ਥਾਂ ਇਹ ਕਹਿਣਾ ਵੱਧ ਠੀਕ ਹੋਣਾ ਸੀ ਕਿ ਉਹ ਬੱਤੀ ਹਜ਼ਾਰ ਕਰਮਚਾਰੀ ਇਹ ਮੰਗ ਲੈ ਕੇ ਮੈਦਾਨ ਮੱਲ ਲੈਣ ਕਿ ਦੇਸ਼ ਦੀ ਖੁਦਮੁਖਤਾਰੀ ਦੇ ਜੜ੍ਹੀਂ ਤੇਲ ਦੇ ਰਹੇ ਵਿਦੇਸ਼ੀ ਅਦਾਰੇ ਨੂੰ ਭਾਰਤ ਸਰਕਾਰ ਆਪਣੇ ਕੰਟਰੋਲ ਵਿਚ ਲੈਣ ਦਾ ਐਲਾਨ ਕਰੇ। ਕਦੇ ਇਸ ਤਰ੍ਹਾਂ ਦਾ ਮੌਕਾ ਆਵੇ ਤਾਂ ਬੈਂਕਾਂ ਦੀਆਂ ਯੂਨੀਅਨਾਂ ਇਹ ਮੰਗ ਕਰਿਆ ਕਰਦੀਆਂ ਸਨ, ਹੁਣ ਉਹ ਵੀ ਕਰਨ ਤੋਂ ਹਟ ਗਈਆਂ ਹਨ। ਜੇ ਉਹ ਹੁਣ ਵੀ ਇਹ ਮੰਗ ਚੁੱਕ ਦੇਣ ਤਾਂ ਮੌਕਾ ਢੁਕਵਾਂ ਜਾਪੇਗਾ।

ਜਿੱਥੋਂ ਤੱਕ ਅਰਵਿੰਦ ਵੱਲੋਂ ਕੀਤੇ ਨਵੇਂ ਖੁਲਾਸਿਆਂ ਦਾ ਸਬੰਧ ਹੈ, ਉਨ੍ਹਾਂ ਦਾ ਵੇਰਵਾ ਇਸ ਵਾਰੀ ਕਾਫੀ ਖੁੱਲ੍ਹਾ ਹੈ ਅਤੇ ਏਨਾ ਹੈ, ਜਿੰਨਾ ਹੁਣ ਤੱਕ ਕਿਸੇ ਨੇ ਪੇਸ਼ ਨਹੀਂ ਸੀ ਕੀਤਾ। ਅਰਵਿੰਦ ਤੇ ਉਸ ਦੀ ਟੀਮ ਨੂੰ ਇਸ ਦਾ ਸਿਹਰਾ ਦਿੱਤਾ ਜਾ ਸਕਦਾ ਹੈ। ਮੰਗ ਇਹ ਪਹਿਲਾਂ ਵੀ ਚੁੱਕੀ ਜਾਂਦੀ ਰਹੀ, ਪਰ ਅਣਗੌਲੀ ਹੋ ਜਾਂਦੀ ਰਹੀ ਸੀ। ਅਰਵਿੰਦ ਨੇ ਆਪਣੀ ਪ੍ਰੈਸ ਕਾਨਫਰੰਸ ਵਿਚ ਬਿਲਕੁਲ ਠੀਕ ਕਿਹਾ ਹੈ ਕਿ ਇਸ ਸਬੰਧ ਵਿਚ ਲੋਕ ਸਭਾ ਵਿਚ ਮੁੜ-ਮੁੜ ਸਵਾਲ ਸੀ ਪੀ ਆਈ ਆਗੂ ਗੁਰੂਦਾਸ ਦਾਸਗੁਪਤਾ ਨੇ ਉਠਾਇਆ ਸੀ, ਪਰ ਉਸ ਦਾ ਜਵਾਬ ਨਹੀਂ ਸੀ ਮਿਲਿਆ, ਕਿਉਂਕਿ ਉਸ ਦੇ ਨਾਲ ਬਾਕੀ ਦੇ ਮੈਂਬਰ ਨਹੀਂ ਸਨ ਬੋਲੇ। ਇਸ ਸਬੰਧ ਵਿਚ ਰਿਕਾਰਡ ਵੀ ਸਾਫ ਹੈ।

ਸਾਡੇ ਕੋਲ 22 ਦਸੰਬਰ 2011 ਦਾ ਗੁਰੂਦਾਸ ਦਾ ਬਿਆਨ ਹੈ, ਜਿਸ ਵਿਚ ਉਸ ਨੇ ਕਿਹਾ ਸੀ ਕਿ ਕਾਲੇ ਧਨ ਦੇ ਸਵਾਲ 'ਤੇ ਦੇਸ਼ ਦੀ ਖੁਦਮੁਖਤਾਰੀ ਕਿਸੇ ਅੱਗੇ ਸਮੱਰਪਣ ਨਹੀਂ ਕੀਤੀ ਜਾ ਸਕਦੀ। ਪਹਿਲਾਂ 3 ਨਵੰਬਰ 2011 ਨੂੰ ਗੁਰੂਦਾਸ ਨੇ ਕੋਲਕਾਤਾ ਵਿਚ ਮੀਡੀਏ ਨਾਲ ਗੱਲਬਾਤ ਵੇਲੇ ਕਿਹਾ ਸੀ ਕਿ ਭਾਰਤ ਸਰਕਾਰ ਨੂੰ ਫਰਾਂਸ ਸਰਕਾਰ ਨੇ 700 ਲੋਕਾਂ ਦੀ ਸੂਚੀ ਦਿੱਤੀ ਹੈ, ਜਿਨ੍ਹਾਂ ਦੇ ਸਵਿੱਸ ਬੈਂਕਾਂ ਵਿਚ ਖਾਤੇ ਹਨ, ਪਰ ਸਰਕਾਰ ਉਹ ਸੂਚੀ ਲੋਕਾਂ ਤੱਕ ਨਹੀਂ ਆਉਣ ਦੇਂਦੀ। ਹੁਣ ਉਸੇ ਗੁਰੂਦਾਸ ਦਾਸਗੁਪਤਾ ਦੇ ਹਵਾਲੇ ਨਾਲ ਅਰਵਿੰਦ ਕੇਜਰੀਵਾਲ ਨੇ ਆਪਣੀ ਗੱਲ ਆਖੀ ਹੈ। ਇੱਕ ਪਾਰਲੀਮੈਂਟੇਰੀਅਨ ਤੇ ਇੱਕ ਇਨਸਾਨ ਵਜੋਂ ਗੁਰੂਦਾਸ ਕਿੱਦਾਂ ਦਾ ਆਦਮੀ ਹੈ, ਇਹ ਸਾਡੇ ਦੱਸਣ ਦੀ ਗੱਲ ਨਹੀਂ, ਲੋਕਾਂ ਨੂੰ ਉਦੋਂ ਦਾ ਪਤਾ ਹੈ, ਜਦੋਂ ਪਾਰਲੀਮੈਂਟ ਮੈਂਬਰ ਦੇ ਫਰਜ਼ ਨਿਭਾਉਂਦੇ ਹੋਏ ਕੋਈ ਪੰਝੀ ਸਾਲ ਪਹਿਲਾਂ ਉਸ ਨੇ ਕੁਝ ਕਾਰਪੋਰੇਟ ਘਰਾਣਿਆਂ ਵੱਲੋਂ ਕੀਤੀ ਜਾਂਦੀ ਹੇਰਾਫੇਰੀ ਫੜੀ ਤੇ ਉਸ ਨੂੰ ਸਾਢੇ ਸੱਤ ਲੱਖ ਰੁਪਏ ਇਨਾਮ ਮਿਲੇ ਸਨ, ਪਰ ਉਸ ਨੇ ਇਨਾਮ ਦਾ ਇੱਕ ਵੀ ਪੈਸਾ ਆਪਣੇ ਘਰ ਨਾ ਲਿਜਾ ਕੇ ਸਾਰੇ ਪੈਸੇ ਲੋਕ ਭਲੇ ਲਈ ਦਾਨ ਕਰ ਦਿੱਤੇ ਸਨ। ਹੁਣ ਤਾਂ ਵੱਡਾ ਸਵਾਲ ਅਰਵਿੰਦ ਕੇਜਰੀਵਾਲ ਵੱਲੋਂ ਕੀਤੇ ਨਵੇਂ ਖੁਲਾਸਿਆਂ ਦਾ ਹੈ।

ਪਿਛਲੇ ਸਮੇਂ ਵਿਚ ਅਰਵਿੰਦ ਕੇਜਰੀਵਾਲ ਨੇ ਜਦੋਂ ਇਸ ਪਾਸੇ ਮੂੰਹ ਕੀਤਾ ਤਾਂ ਲੱਗਦਾ ਸੀ ਕਿ ਉਸ ਦਾ ਵਿਰੋਧ ਰਾਜਸੀ ਆਗੂਆਂ ਤੱਕ ਸੀਮਤ ਹੈ। ਸੋਨੀਆ ਗਾਂਧੀ, ਮਨਮੋਹਨ ਸਿੰਘ, ਲਾਲ ਕ੍ਰਿਸ਼ਨ ਅਡਵਾਨੀ ਜਾਂ ਸੁਸ਼ਮਾ ਸਵਰਾਜ, ਇਹ ਸਾਰੇ ਜਿੰਨੇ ਮਰਜ਼ੀ ਵੱਡੇ ਆਗੂ ਹੋਣ, ਅਮਲ ਵਿਚ ਭਾਰਤ ਵਿਚ ਰਾਜ ਕਰਨ ਦਾ ਮੌਜੂਦਾ ਪ੍ਰਬੰਧ ਚੱਲਦਾ ਰੱਖਣ ਵਾਲੇ ਸਿਆਸੀ ਕਾਰਿੰਦੇ ਹਨ। ਲੜਾਈ ਕਿਲ੍ਹੇ ਦੇ ਅੰਦਰ ਬੈਠੇ ਵਿਰੁਧ ਲੜੀ ਜਾਣੀ ਚਾਹੀਦੀ ਹੈ, ਕਿਲ੍ਹੇ ਦੇ ਸੰਤਰੀ ਜਾਂ ਡਿਊਟੀ ਵਾਲੇ ਸਰਦਾਰ ਦੇ ਖਿਲਾਫ ਲੜਨ ਦਾ ਅੰਤਲੇ ਤੌਰ ਉਤੇ ਕੋਈ ਲਾਭ ਨਹੀਂ ਹੋ ਸਕਦਾ। ਭਾਰਤੀ ਰਾਜ ਪ੍ਰਬੰਧ ਦੇ ਕਿਲ੍ਹੇ ਅੰਦਰ ਉਹ ਲੋਕ ਹਨ, ਜਿਨ੍ਹਾਂ ਦੇ ਹਿੱਤਾਂ ਦੀ ਰਾਖੀ ਅੰਗਰੇਜ਼ਾਂ ਦੀ ਸਰਕਾਰ ਵੀ ਕਰਦੀ ਹੁੰਦੀ ਸੀ ਤੇ ਉਸ ਤੋਂ ਬਾਅਦ ਦੀਆਂ ਸਰਕਾਰਾਂ ਨੇ ਵੀ ਕੀਤੀ ਹੈ। ਕਿਲ੍ਹੇ ਵਿਚਲੀ ਧਿਰ ਹਿੰਦੁਸਤਾਨ ਦੀ ਉਹ ਸਰਮਾਏਦਾਰੀ ਹੈ, ਜਿਹੜੀ ਆਪਣੀ ਲੋੜ ਲਈ ਵਿਦੇਸ਼ੀ ਸਰਕਾਰਾਂ ਤੇ ਕਾਰਪੋਰੇਸ਼ਨਾਂ ਨਾਲ ਸਾਂਝ ਵੀ ਪਾ ਲੈਂਦੀ ਹੈ ਤੇ ਜਦੋਂ ਆਪਣੇ ਪੈਰਾਂ ਨੂੰ ਸੇਕ ਲੱਗਣ ਲੱਗੇ ਤਾਂ ਵਿਦੇਸ਼ੀ ਪੂੰਜੀ ਦੇ ਵਿਰੁਧ ਫੱਟਾ ਚੁੱਕਣ ਵਾਲਿਆਂ ਨੂੰ ਲੁਕਵੀਂ ਮਦਦ ਦੇਣ ਲੱਗ ਪੈਂਦੀ ਹੈ। ਲਗਾਤਾਰ ਇਹ ਇੱਕੋ ਨਹੀਂ ਰਹਿੰਦੀ, ਇਸ ਵਿਚ ਕੁਝ ਨਵੇਂ ਰਲਦੇ ਅਤੇ ਕੁਝ ਪਹਿਲੇ ਰੁਲਦੇ ਰਹਿੰਦੇ ਹਨ। ਕੰਪਨੀਆਂ ਅਤੇ



*ਕੇਜਰੀਵਾਲ*

ਕਾਰਪੋਰੇਸ਼ਨਾਂ ਬਣਦੀਆਂ ਤੇ ਟੁੱਟਦੀਆਂ ਰਹਿੰਦੀਆਂ ਹਨ, ਕੁਝ ਕੰਪਨੀਆਂ ਦੇ ਮਾਲਕ ਜੇਲ੍ਹ ਵੀ ਚਲੇ ਜਾਂਦੇ ਹਨ, ਪਰ ਜਿਸ ਸਿਸਟਮ ਦੀ ਇਹ ਦੇਣ ਹਨ, ਉਹ ਕਾਇਮ ਰਹਿੰਦਾ ਹੈ। ਜਿਹੜੀਆਂ ਸਰਕਾਰਾਂ ਸਿਸਟਮ ਕਾਇਮ ਰੱਖਦੀਆਂ ਹਨ, ਉਨ੍ਹਾਂ ਦੀ ਥਾਂ ਕੇਜਰੀਵਾਲ ਨੇ ਸਿਸਟਮ ਦੀ ਜੜ੍ਹ ਉਤੇ ਵਾਰ ਕਰਦੇ ਸਮੇਂ ਕੁਝ ਕਾਰਪੋਰੇਸ਼ਨਾਂ ਨੂੰ ਤਾਂ ਚੁਣਿਆ, ਕਾਰਪੋਰੇਸ਼ਨਾਂ ਦੀ ਜਨਮ-ਦਾਤੀ ਤੇ ਲੁੱਟ ਦੀ ਅਸਲੀ ਲੰਬੜਦਾਰ ਸਰਮਾਏਦਾਰ ਜਮਾਤ ਨੂੰ ਉਸ ਨੇ ਵੀ ਨਿਸ਼ਾਨੇ ਉਤੇ ਨਹੀਂ ਲਿਆਂਦਾ। ਇਹ ਕੰਮ ਫਿਰ ਗੁਰੂਦਾਸ ਦੇ ਭਾਈਬੰਦਾਂ ਦੇ ਕਰਨ ਲਈ ਛੱਡ ਦਿੱਤਾ ਜਾਪਦਾ ਹੈ।

ਅਸਲੀ ਨਿਸ਼ਾਨੇ ਉਤੇ ਨਾ ਸਹੀ, ਫਿਰ ਵੀ ਜਿਸ ਹੱਦ ਤੱਕ ਇਸ ਵਾਰ ਅਰਵਿੰਦ ਕੇਜਰੀਵਾਲ ਚਲਾ ਗਿਆ ਹੈ, ਉਸ ਨੂੰ ਬਣਦਾ ਮਹੱਤਵ ਦੇਣਾ ਬਣਦਾ ਹੈ। ਤਾਜ਼ਾ ਖੁਲਾਸੇ ਨਾਲ ਉਸ ਨੇ ਉਨ੍ਹਾਂ 700 ਲੋਕਾਂ ਦੀ ਸੂਚੀ ਦੇ ਕੁਝ ਨਾਂ ਬਾਹਰ ਕੱਢੇ ਹਨ, ਜਿਸ ਦੀ ਮੰਗ ਗੁਰੂਦਾਸ ਦਾਸਗੁਪਤਾ ਨੇ ਪਾਰਲੀਮੈਂਟ ਵਿਚ ਕੀਤੀ ਤਾਂ ਸਰਕਾਰ ਪਰਦਾ ਨਹੀਂ ਸੀ ਚੁੱਕ ਰਹੀ। ਇਨ੍ਹਾਂ 700 ਵਿਚੋਂ ਸਿਰਫ ਤਿੰਨਾਂ ਵਿਰੁਧ ਇਨਕਮ ਟੈਕਸ ਦੇ ਛਾਪੇ ਵੱਜੇ, ਬਾਕੀ ਛੱਡ ਦਿੱਤੇ ਗਏ ਸਨ। ਸਭ ਤੋਂ ਵੱਡਾ ਪੂੰਜੀਪਤੀ ਮੁਕੇਸ਼ ਅੰਬਾਨੀ ਉਸ ਪਿੱਛੋਂ ਦਿੱਲੀ ਆ ਕੇ ਖਜ਼ਾਨਾ ਮੰਤਰੀ ਨੂੰ ਮਿਲ ਕੇ ਗਿਆ, ਕਾਹਦੇ ਲਈ? ਇਸ ਦਾ ਅੰਦਾਜ਼ਾ ਲੱਗ ਸਕਦਾ ਹੈ। ਇਨਕਮ ਟੈਕਸ ਦੇ ਅਫਸਰਾਂ ਦਾ ਕੰਮ ਕਰਨ ਦਾ ਢੰਗ ਲੁਕਿਆ ਹੋਇਆ ਨਹੀਂ। ਅਸੀਂ ਇਸ ਕਾਲਮ ਵਿਚ ਪਹਿਲਾਂ ਵੀ ਕਈ ਵਾਰ ਲਿਖਿਆ ਹੈ ਕਿ ਸਰਕਾਰ ਦੇ ਕਈ ਅਫਸਰ ਜਿਸ ਮਹਿਕਮੇ ਵਿਚ ਕੰਮ ਕਰਦੇ ਹਨ, ਮੌਕਾ ਮਿਲਦੇ ਸਾਰ ਅਫਸਰੀ ਛੱਡ ਕੇ ਉਸੇ ਮਹਿਕਮੇ ਹੇਠਲੀ ਕਿਸੇ ਕਾਰਪੋਰੇਸ਼ਨ ਦੇ ਕਾਰਿੰਦੇ ਬਣ ਜਾਂਦੇ ਹਨ। ਇਹ ਪ੍ਰਬੰਧ ਮੇਲ-ਮਿਲਾਪ ਰਾਹੀਂ ਵੀ ਹੁੰਦਾ ਹੈ ਅਤੇ ਅਫਸਰੀ ਕਰਦਿਆਂ ਉਸ ਕਾਰਪੋਰੇਸ਼ਨ ਵਿਰੁਧ ਕਾਰਵਾਈ ਦੇ ਦਬਕੇ ਨਾਲ ਵੀ ਸੌਦਾ ਮਾਰ ਲਿਆ ਜਾਂਦਾ ਹੈ, ਜਿਸ ਦੀ ਇੱਕ ਮਿਸਾਲ ਅਰਵਿੰਦ ਵੱਲੋਂ ਹੁਣ ਨਿਸ਼ਾਨੇ ਹੇਠ ਲਿਆਂਦੀ ਗਈ ਕਾਂਗਰਸ ਦੀ ਪਾਰਲੀਮੈਂਟ ਮੈਂਬਰ ਅਨੂ ਟੰਡਨ ਦੇ ਕੇਸ ਤੋਂ ਮਿਲ ਜਾਂਦੀ ਹੈ।

ਅਨੂ ਟੰਡਨ ਦਾ ਪਤੀ ਸੰਦੀਪ ਟੰਡਨ ਇਨਕਮ ਟੈਕਸ ਮਹਿਕਮੇ ਦਾ ਵੱਡਾ ਅਫਸਰ ਹੁੰਦਾ ਸੀ। ਉਸ ਨੇ ਇੱਕ ਵਾਰ ਮੁਕੇਸ਼ ਅੰਬਾਨੀ ਦੇ ਰਿਲਾਇੰਸ ਵਾਲੇ ਅਦਾਰੇ ਉਤੇ ਛਾਪਾ ਮਾਰਿਆ। ਸੰਦੀਪ ਟੰਡਨ ਦੇ ਇਸ ਛਾਪੇ ਦਾ ਘੇਰਾ ਮੁਕੇਸ਼ ਅੰਬਾਨੀ ਦੀ ਪਤਨੀ ਤੱਕ ਵੀ ਚਲਾ ਗਿਆ ਅਤੇ ਫਿਰ ਦੋਵਾਂ ਧਿਰਾਂ ਦਾ ਸੌਦਾ ਵੱਜ ਗਿਆ। ਸੰਦੀਪ ਟੰਡਨ ਨੇ ਸਰਕਾਰ ਦੀ ਨੌਕਰੀ ਛੱਡ ਦਿੱਤੀ ਅਤੇ ਮੋਟੀ ਤਨਖਾਹ ਉਤੇ ਅੰਬਾਨੀ ਘਰਾਣੇ ਦਾ ਕਾਰਿੰਦਾ ਬਣ ਗਿਆ। ਉਸ ਦੀ ਪਤਨੀ ਅਨੂ ਟੰਡਨ ਨੂੰ ਅਗਲੀ ਚੋਣ ਵਿਚ ਉਤਰ ਪ੍ਰਦੇਸ਼ ਦੇ ਉਨਾਓ ਹਲਕੇ ਤੋਂ ਕਾਂਗਰਸ ਪਾਰਟੀ ਦੀ ਟਿਕਟ ਜਦੋਂ ਮਿਲੀ ਤਾਂ ਉਹ ਰਾਹੁਲ ਗਾਂਧੀ ਦੀ ਕੋਰ-ਟੀਮ ਦੀ ਮੈਂਬਰ ਵਜੋਂ ਮਿਲੀ ਸੀ। ਜਿੰਨੀ ਦੇਰ ਤੱਕ ਸੰਦੀਪ ਟੰਡਨ ਨੂੰ ਅੰਬਾਨੀ ਘਰਾਣੇ ਨੇ ਬੁੱਕਲ ਵਿਚ ਨਾ ਲੈ ਲਿਆ, ਅਨੂ ਟੰਡਨ ਨੂੰ ਰਾਹੁਲ ਗਾਂਧੀ ਦੀ ਟੀਮ ਮੈਂਬਰ ਵਜੋਂ ਨਹੀਂ ਸੀ ਜਾਣਿਆ ਜਾਂਦਾ ਤੇ ਉਨਾਓ ਦੀ ਪਾਰਲੀਮੈਂਟ ਸੀਟ ਉਤੇ ਕਾਂਗਰਸ ਦਾ ਉਮੀਦਵਾਰ ਉਸ ਤੋਂ ਪਿਛਲੀ ਵਾਰ ਚੌਥੀ ਥਾਂ ਰਿਹਾ ਸੀ। ਮੁਕੇਸ਼ ਅੰਬਾਨੀ ਨਾਲ ਸੌਦੇ ਸਦਕਾ ਅਨੂ ਟੰਡਨ ਨੂੰ ਕਾਂਗਰਸ ਦੀ ਟਿਕਟ ਮਿਲ ਗਈ ਅਤੇ ਉਨਾਓ ਦੀ ਸੀਟ, ਜਿੱਥੋਂ ਪਿਛਲੀ ਵਾਰ ਕਾਂਗਰਸ ਪਾਰਟੀ ਚੌਥੀ ਥਾਂ ਰਹੀ ਸੀ, ਨਾ ਸਿਰਫ ਕਾਂਗਰਸ ਨੇ ਜਿੱਤ ਲਈ, ਸਗੋਂ ਤਿੰਨ ਲੱਖ ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤੀ। ਇਹ ਉਨ੍ਹਾਂ ਅੰਬਾਨੀਆਂ ਦੀ ਦੌਲਤ ਦਾ ਕਮਾਲ ਸੀ, ਜਿਨ੍ਹਾਂ ਕੋਲ ਸੰਦੀਪ ਦੀ ਮੌਤ ਤੋਂ ਪਿੱਛੋਂ ਉਸ ਦੇ ਦੋਵੇਂ ਪੁੱਤਰ ਵੀ ਹੁਣ ਅਫਸਰੀ ਕਰ ਰਹੇ ਹਨ। ਪਾਠਕਾਂ ਲਈ ਇਹ ਵੀ ਗੱਲ ਦਿਲਚਸਪੀ ਵਾਲੀ ਹੋ ਸਕਦੀ ਹੈ ਕਿ ਅਨੂ ਟੰਡਨ ਦੇ ਪਤੀ ਸੰਦੀਪ ਟੰਡਨ ਦੀ ਮੌਤ ਵੀ ਛੁੱਟੀ ਕੱਟਣ ਗਿਆਂ ਉਸੇ ਸਵਿਟਜ਼ਰਲੈਂਡ ਵਿਚ ਹੋਈ, ਜਿਸ ਦੇ ਬੈਂਕਾਂ ਵਿਚ ਉਸ ਦਾ ਤੇ ਉਸ ਦੀ ਪਤਨੀ ਦਾ ਪੈਸਾ ਜਮ੍ਹਾਂ ਹੋਣ ਦੀ ਗੱਲ ਸਾਹਮਣੇ ਆਈ ਹੈ।

ਅਰਵਿੰਦ ਨੇ ਇਸ ਵਾਰੀ ਮੁਕੇਸ਼ ਅੰਬਾਨੀ ਦੇ ਨਾਲ ਉਸ ਦੇ ਭਰਾ ਅਨਿਲ ਅੰਬਾਨੀ ਦਾ ਨਾਂ ਵੀ ਲਿਆ ਹੈ ਤੇ ਦੋਵਾਂ ਦੀ ਮਾਂ ਕੋਕਿਲਾ ਬੇਨ ਅੰਬਾਨੀ ਦਾ ਵੀ। ਡਾਕਟਰ ਬਰਮਨ ਦੇ ਪਹਿਲੇ ਅੱਖਰ ਜੋੜ ਕੇ ਬਣੀ 'ਡਾਬਰ' ਕੰਪਨੀ ਦੇ ਮਾਲਕ ਬਰਮਨ ਪਰਿਵਾਰ ਨੂੰ ਵੀ ਲਪੇਟ ਲਿਆ ਤੇ ਜੈਟ ਏਅਰਵੇਜ਼ ਵਾਲੇ ਨਰੇਸ਼ ਗੋਇਲ ਨੂੰ ਵੀ। ਕਿਹਾ ਜਾਂਦਾ ਹੈ ਕਿ ਇਸ ਤਰ੍ਹਾਂ ਦੀਆਂ ਚੁਸਤੀਆਂ ਆਮ ਕਰ ਕੇ ਨਵ-ਦੌਲਤੀਏ, ਜਿਹੜੇ ਪਿਛਲੇ ਤੀਹ-ਚਾਲੀ ਸਾਲ ਵਿਚ ਦੌਲਤਮੰਦ ਬਣੇ ਹਨ, ਹੀ ਕਰਦੇ ਹਨ ਤੇ 'ਖਾਨਦਾਨੀ ਦੌਲਤਮੰਦ' ਨਹੀਂ ਕਰਦੇ, ਪਰ ਇਸ ਵਾਰ ਇਹ ਭਰਮ ਵੀ ਟੁੱਟ ਗਿਆ। ਪੁਰਾਣੇ ਘਰਾਣਿਆਂ ਵਿਚੋਂ ਡਾਬਰ ਹੀ ਨਹੀਂ, ਬਿਰਲਾ ਪਰਿਵਾਰ ਦਾ ਮੌਜੂਦਾ ਮੁਖੀ ਯਸ਼ੋਵਰਧਨ ਬਿਰਲਾ ਵੀ ਉਨ੍ਹਾਂ ਲੋਕਾਂ ਵਿਚ ਸ਼ਾਮਲ ਨਿਕਲਿਆ ਹੈ, ਜਿਨ੍ਹਾਂ ਨੇ ਕਮਾਈ ਲੁਕਾਉਣ ਦੇ ਖਾਤੇ ਸਵਿੱਸ ਬੈਂਕਾਂ ਕੋਲ ਖੋਲ੍ਹੇ ਹੋਏ ਹਨ। ਇਹ ਸਾਰਾ ਕੁਝ ਹਿਲਾ ਦੇਣ ਲਈ ਜੇ ਕਾਫੀ ਨਹੀਂ ਤਾਂ ਅਗਲੀ ਹੈਰਾਨਕੁਨ ਗੱਲ ਉਸ ਵਿਦੇਸ਼ੀ ਬੈਂਕ ਦੀ ਨਿਕਲ ਆਈ ਹੈ।

ਹਾਂਗਕਾਂਗ ਐਂਡ ਸ਼ੰਘਾਈ ਬੈਂਕਿੰਗ ਕਾਰਪੋਰੇਸ਼ਨ ਤੋਂ ਐਚ ਐਸ ਬੀ ਸੀ ਬੈਂਕ ਬਣਿਆ ਇਹ ਅਦਾਰਾ ਸੰਸਾਰ ਭਰ ਵਿਚ ਕਈ ਗੱਲਾਂ ਲਈ ਬਦਨਾਮੀ ਖੱਟ ਰਿਹਾ ਹੈ। ਅਮਰੀਕਾ ਵਿਚ ਇਸ ਦੀ ਪੜਤਾਲ ਹੋ ਚੁੱਕੀ ਹੈ ਕਿ ਇਸ ਦੀ ਮਦਦ ਨਾਲ ਕਈ ਨਸ਼ੀਲੇ ਪਦਾਰਥਾਂ ਦਾ ਧੰਦਾ ਕਰਨ ਵਾਲੇ ਗਰੋਹਾਂ ਨੇ ਪੈਸਾ ਉਥੇ ਪੁਚਾਇਆ ਤੇ ਫਿਰ ਮਹਾਂ-ਸ਼ਕਤੀ ਕਹਾਉਂਦੇ ਉਸ ਦੇਸ਼ ਦੀ ਸਰਕਾਰ ਨੂੰ ਵੀ ਪਤਾ ਲੱਗਣ ਦਿੱਤੇ ਬਿਨਾਂ ਟਿਕਾਣੇ ਲਾਉਣ ਵਿਚ ਮਦਦ ਕੀਤੀ ਸੀ। ਇਸ ਦੀ ਗਲਤੀ ਵੀ ਬੈਂਕ ਨੇ ਮੰਨੀ, ਪਰ ਇਹ ਗਲਤੀ ਮੰਨਣਾ ਨਹੀਂ, ਕੀਤੇ ਗੁਨਾਹ ਉਤੇ ਪੋਚਾ ਪਾਉਣ ਦਾ ਉਹ ਕੰਮ ਸੀ, ਜਿਹੜਾ ਉਸ ਨੇ ਮੁਕੇਸ਼ ਅੰਬਾਨੀ ਦਾ ਨਾਂ ਜ਼ਾਹਰ ਹੋਣ ਪਿੱਛੋਂ ਮੁਆਫੀ ਮੰਗ ਕੇ ਹਿੰਦੁਸਤਾਨ ਵਿਚ ਵੀ ਕੀਤਾ ਸੀ ਤੇ ਭਾਰਤ ਸਰਕਾਰ ਨੇ ਇਸ ਭੁਚਲਾਵੇ ਨੂੰ ਦਲੀਲ ਮੰਨ ਕੇ ਮੁਕੇਸ਼ ਅੰਬਾਨੀ ਦਾ ਪਿੱਛਾ ਛੱਡ ਦਿੱਤਾ ਸੀ। ਕਾਲੀ ਕਮਾਈ ਦੇ ਧੰਦੇਬਾਜ਼ਾਂ ਦੀ ਸਭ ਤੋਂ ਚਹੇਤੀ ਇਸ ਬੈਂਕ ਕੋਲ ਖਾਤਾ ਖੋਲ੍ਹਣ ਦਾ ਜਿਹੜਾ ਢੰਗ ਅਰਵਿੰਦ ਕੇਜਰੀਵਾਲ ਨੇ ਦੱਸਿਆ ਹੈ ਕਿ ਉਸ ਦੀ ਬਰਾਂਚ ਵਿਚ ਨਹੀਂ ਜਾਣਾ ਪੈਂਦਾ ਤੇ ਘਰੇ ਆਣ ਕੇ ਉਨ੍ਹਾਂ ਦਾ ਬੰਦਾ ਖਾਤਾ ਵੀ ਖੋਲ੍ਹ ਜਾਂਦਾ ਹੈ, ਪੈਸੇ ਵੀ ਲੈ ਅਤੇ ਦੇ ਜਾਂਦਾ ਹੈ, ਇਹ ਬਿਲਕੁਲ ਸੱਚ ਹੈ। ਕਿਉਂਕਿ ਖਾਤੇਦਾਰ 'ਵੱਡੇ' ਕਹੇ ਜਾਂਦੇ ਲੋਕ ਹੁੰਦੇ ਹਨ, ਇਸ ਲਈ ਬੈਂਕ ਨੂੰ ਦੋ-ਚਾਰ ਮੌਕਿਆਂ ਉਤੇ ਕਿਸੇ ਵਿਅਕਤੀ ਜਾਂ ਕਿਸੇ ਦੇਸ਼ ਦੀ ਸਰਕਾਰ ਤੋਂ ਏਦਾਂ ਦੀ ਮੁਆਫੀ ਮੰਗਣ ਨਾਲ ਕੋਈ ਫਰਕ ਨਹੀਂ ਪੈਂਦਾ, ਸਗੋਂ ਉਹ ਇਸ ਨੂੰ ਆਪਣੇ ਪੱਖ ਵਿਚ ਹੋਰ ਗਾਹਕ ਫਸਾਉਣ ਲਈ ਵਰਤਦੇ ਹਨ।

ਤਾਜ਼ਾ ਸਥਿਤੀ ਇਹ ਹੈ ਕਿ ਸ਼ੁੱਕਰਵਾਰ ਦੇ ਦਿਨ ਅਰਵਿੰਦ ਕੇਜਰੀਵਾਲ ਨੇ ਦਿੱਲੀ ਵਿਚ ਕੁਝ ਭੇਦ ਖੋਲ੍ਹੇ ਅਤੇ ਉਸੇ ਦਿਨ ਬਰਤਾਨੀਆ ਵਿਚ ਉਹ ਹਿਲਜੁਲ ਸ਼ੁਰੂ ਹੋ ਗਈ, ਜਿਹੜੀ ਅਰਵਿੰਦ ਦੇ ਖੁਲਾਸਿਆਂ ਦੇ ਪ੍ਰਭਾਵ ਹੇਠ ਅੱਗੇ ਤੁਰੀ ਨਹੀਂ ਜਾਪਦੀ। ਉਥੇ ਇਸ ਬੈਂਕ ਨਾਲ ਸਬੰਧਤ ਡਾਟਾ ਲੀਕ ਹੋ ਗਿਆ, ਜਿਸ ਵਿਚ ਕਰੀਬ ਤਿਰਤਾਲੀ ਸੌ ਖਾਤੇ ਸਨ ਤੇ ਇਨ੍ਹਾਂ ਵਿਚੋਂ ਚਾਰ ਹਜ਼ਾਰ ਦੇ ਕਰੀਬ ਬ੍ਰਿਟੇਨ ਤੋਂ ਬਾਹਰ ਦੇ ਸਨ। ਖਾਤਿਆਂ ਵਾਲੇ ਜਾਣਨ ਤੇ ਉਨਾਂ ਦਾ ਬੈਂਕ ਜਾਣੇ, ਇਹ ਗੱਲ ਹੋਰ ਕੇਸਾਂ ਵਿਚ ਕਹੀ ਜਾ ਸਕਦੀ ਸੀ, ਬ੍ਰਿਟੇਨ ਦੀ ਸਰਕਾਰ ਲਈ ਇਹ ਗੱਲ ਚਿੰਤਾ ਦਾ ਵਿਸ਼ਾ ਬਣ ਗਈ ਕਿ ਜਰਸੀ ਵਿਚ ਬਹੁਤ ਸਾਰਾ ਪੈਸਾ ਇਹੋ ਜਿਹੇ ਲੋਕਾਂ ਦਾ ਇਸ ਬੈਂਕ ਨੇ ਤਬਦੀਲ ਕੀਤਾ ਹੈ, ਜਿਨ੍ਹਾਂ ਨੂੰ ਕਿਸੇ ਨਾ ਕਿਸੇ ਕੇਸ ਵਿਚ ਅਦਾਲਤ ਤੋਂ ਸਜ਼ਾ ਮਿਲ ਚੁੱਕੀ ਸੀ ਅਤੇ ਉਹ ਅਪਰਾਧੀ ਐਲਾਨੇ ਜਾ ਚੁੱਕੇ ਸਨ। ਜਿਹੜਾ ਬੈਂਕ ਉਥੇ ਇਹ ਗੰਦੀ ਖੇਡ ਖੇਡਣ ਤੋਂ ਨਹੀਂ ਰਿਹਾ, ਜਿੱਥੇ ਇਸ ਦੀਆਂ ਜੜ੍ਹਾਂ ਹਨ, ਉਹ ਭਾਰਤ ਵਰਗੇ ਉਨ੍ਹਾਂ ਦੇਸ਼ਾਂ ਦੀ ਖੈਰ ਨਹੀਂ ਮੰਗ ਸਕਦਾ, ਜਿੱਥੇ ਉਹ ਆਇਆ ਹੀ ਲੁੱਟਣ ਦੀ ਨੀਤ ਨਾਲ ਹੈ।

ਹੈਰਾਨੀ ਦੀ ਗੱਲ ਹੈ ਕਿ ਇੰਨਾ ਕੁਝ ਬਾਹਰ ਆਉਣ ਪਿੱਛੋਂ ਭਾਰਤ ਸਰਕਾਰ ਨੇ ਇਹ ਕਹਿ ਕੇ ਸਾਰ ਦਿੱਤਾ ਹੈ ਕਿ ਅਰਵਿੰਦ ਦੇ ਦੋਸ਼ਾਂ ਵਿਚ ਕੋਈ ਸੱਚਾਈ ਨਹੀ ਅਤੇ ਦੋਸ਼ਾਂ ਦੀ ਮਾਰ ਹੇਠ ਆਉਣ ਵਾਲਿਆਂ ਨੇ ਇਹ ਆਖ ਛੱਡਿਆ ਕਿ 'ਐਚ ਐਸ ਬੀ ਸੀ ਬੈਂਕ ਦੀ ਜੈਨੇਵਾ ਬਰਾਂਚ ਵਿਚ ਸਾਡਾ ਕੋਈ ਖਾਤਾ ਨਹੀਂ।' ਜੈਨੇਵਾ ਦੀ ਬਰਾਂਚ ਵਿਚ ਖਾਤਾ ਹੋਣ ਦੀ ਲੋੜ ਹੀ ਨਹੀਂ, ਉਸ ਬੈਂਕ ਦੀ ਦਿੱਲੀ ਦੀ ਕਿਸੇ ਕਾਲੋਨੀ ਵਾਲੀ ਬਰਾਂਚ ਵਿਚ ਕੋਈ ਖਾਤਾ ਹੈ ਜਾਂ ਨਹੀਂ, ਇਹ ਗੱਲ ਕਿਸੇ ਨੇ ਨਹੀਂ ਆਖੀ। ਇਸ ਤੋਂ ਵੱਧ ਹੈਰਾਨੀ ਦੀ ਗੱਲ ਇਹ ਹੈ ਕਿ ਦੇਸ਼ ਦੀ ਵਿਰੋਧੀ ਧਿਰ ਦੀ ਮੁੱਖ ਪਾਰਟੀ ਨੇ ਇਹ ਕਹਿ ਕੇ ਸਾਰ ਲਿਆ ਕਿ ਸਵਿੱਸ ਬੈਂਕਾਂ ਵਿਚ ਪਏ ਕਾਲੇ ਧਨ ਬਾਰੇ ਸੱਚਾਈ ਬਾਹਰ ਆਉਣੀ ਚਾਹੀਦੀ ਹੈ, ਪਰ ਉਸ ਨੇ ਕਿਸੇ ਦਾ ਨਾਂ ਤੱਕ ਨਹੀਂ ਲਿਆ, ਕਿਉਂਕਿ ਸਾਰੇ ਉਹੋ ਲੋਕ ਹਨ, ਜਿਹੜੇ ਚੋਣਾਂ ਸਮੇਂ ਕਾਂਗਰਸ ਨੂੰ ਵੀ ਨੋਟਾਂ ਦੀ ਥੈਲੀ ਦੇਂਦੇ ਹਨ ਤੇ ਉਨ੍ਹਾਂ ਨੂੰ ਵੀ। ਫਿਰ ਇਹ ਸਵਾਲ ਵੀ ਉਠਣਾ ਸੀ ਕਿ ਜਦੋਂ ਤੁਸੀਂ ਆਪ ਰਾਜ ਕਰਦੇ ਸੀ, ਉਦੋਂ ਕਿਉਂ ਚੁੱਪ ਕੀਤੇ ਰਹੇ ਸੀ? ਕਮਾਲ ਇਥੇ ਵੀ ਨਹੀਂ ਰੁਕੀ, ਇਸ ਤੋਂ ਅੱਗੇ ਇਹ ਹੈ ਕਿ ਅਰਵਿੰਦ ਦੀ ਪ੍ਰੈਸ ਕਾਨਫਰੰਸ ਸਿੱਧੀ ਵਿਖਾਉਣ ਵਾਲੇ ਟੀ ਵੀ ਚੈਨਲਾਂ ਨੇ ਸਿਰਫ ਬਾਰਾਂ ਘੰਟੇ ਬਾਅਦ ਇਸ ਨੂੰ ਛੇਵੇਂ-ਸੱਤਵੇਂ ਨੰਬਰ ਦੀ ਖਬਰ ਬਣਾ ਦਿੱਤਾ। ਸਾਫ ਹੈ ਕਿ ਉਨ੍ਹਾਂ ਨੂੰ ਵੀ ਇਸ ਗੱਲ ਨਾਲ ਮਤਲਬ ਘੱਟ ਸੀ ਕਿ ਇਹ ਦੇਸ਼ ਲਈ ਕਿੰਨੀ ਅਹਿਮੀਅਤ ਦਾ ਮਾਮਲਾ ਹੈ, ਇਸ ਨਾਲ ਵੱਧ ਸੀ ਕਿ ਜਿਨ੍ਹਾਂ ਦੋਸ਼ੀਆਂ ਦੇ ਨਾਂ ਲਏ ਗਏ ਹਨ, ਟੀ ਵੀ ਚੈਨਲਾਂ ਨੂੰ ਇਸ਼ਤਿਹਾਰਾਂ ਦੇ ਪੈਸੇ ਉਨ੍ਹਾਂ ਤੋਂ ਮਿਲਣੇ ਹਨ।

ਹੁਣ ਗੱਲ ਜਿਸ ਪੱਧਰ ਉਤੇ ਪਹੁੰਚ ਗਈ ਹੈ, ਉਥੇ ਜਾ ਕੇ ਦੇਸ਼ ਦੀਆਂ ਸਾਰੀਆਂ ਲੋਕ-ਹਿਤੈਸ਼ੀ ਧਿਰਾਂ ਨੂੰ ਇਹ ਕ੍ਰਿਕਟ ਦਾ ਚੌਕਾ-ਛੱਕਾ ਸਮਝ ਕੇ ਤਾੜੀਆਂ ਮਾਰ ਕੇ ਨਹੀਂ ਛੱਡ ਦੇਣਾ ਚਾਹੀਦਾ, ਇਸ ਉਤੇ ਲਹਿਰ ਚਲਾਉਣ ਵੱਲ ਮੂੰਹ ਕਰਨਾ ਚਾਹੀਦਾ ਹੈ। ਲੋਕਾਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਜੱਤ ਮੁੰਨ ਕੇ ਕੌਣ ਲਿਜਾਂਦੇ ਹਨ ਤੇ ਕਿੱਥੇ ਰੱਖਦੇ ਹਨ ਤੇ ਉਨ੍ਹਾਂ ਦੇ ਪਰਦੇ ਢੱਕ ਕੇ ਲੋਕਾਂ ਦੇ ਰਾਜ ਦਾ ਭਰਮ ਪਾਉਣ ਵਾਲੇ ਕੌਣ-ਕੌਣ ਹਨ?

# ਵੱਡੀਆਂ ਪੁਲਾਂਘਾਂ ਪੁੱਟ ਰਿਹਾ ਮੁਨੀਸ਼ ਤਿਵਾੜੀ

ਭਾਰਤ ਦੇ ਕੇਂਦਰੀ ਮੰਤਰੀ ਮੰਡਲ ਵਿਚ ਵਾਧੇ ਸਮੇਂ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਮੁਨੀਸ਼ ਤਿਵਾੜੀ ਨੂੰ ਸੂਚਨਾ ਤੇ ਪ੍ਰਸਾਰਨ ਮੰਤਰੀ ਬਣਾ ਕੇ ਉਨ੍ਹਾਂ ਦੀ ਪ੍ਰਤਿਭਾ ਅਤੇ ਅਗਾਂਹਵਧੂ ਕਾਰਗੁਜ਼ਾਰੀ ਨੂੰ ਸਹੀ ਅਤੇ ਸਮੇਂ ਸਿਰ ਪਛਾਣਿਆ ਗਿਆ ਹੈ। ਮੈਂ ਸ੍ਰੀ ਤਿਵਾੜੀ ਨੂੰ ਬਹੁਤ ਨੇੜਿਓਂ ਦੇਖਿਆ ਹੈ ਅਤੇ ਉਨ੍ਹਾਂ ਨਾਲ ਕੰਮ ਕਰਨ ਦਾ ਮੌਕਾ ਵੀ ਮਿਲਿਆ ਹੈ। ਉਹ ਪ੍ਰਭਾਵਸ਼ਾਲੀ ਅਤੇ ਸੁੰਦਰ ਦਿੱਖ ਦੇ ਮਾਲਕ ਤਾਂ ਹਨ ਹੀ, ਨਾਲ ਨਾਲ ਬਹੁਤ ਸਹਿਜ ਅਤੇ ਸਾਦਗੀ ਭਰਪੂਰ ਵੀ ਹਨ।

8 ਦਸੰਬਰ 1965 ਵਿਚ ਪਿਤਾ ਮਰਹੂਮ ਡਾ. ਵਿਸ਼ਵਾਨਾਥ ਤਿਵਾੜੀ ਅਤੇ ਮਾਤਾ ਅੰਮ੍ਰਿਤ ਤਿਵਾੜੀ ਦੇ ਘਰ ਪੈਦਾ ਹੋਏ ਮੁਨੀਸ਼ ਤਿਵਾੜੀ ਉਚ-ਵਿਦਿਆ ਪ੍ਰਾਪਤ ਹਨ। ਉਨਾਂ ਨੇ ਐਲ.ਐਲ.ਬੀ. ਅਤੇ ਐਮ.ਬੀ.ਏ. ਕੀਤੀ ਹੋਈ ਹੈ। ਉਹ ਕਾਂਗਰਸ ਦੇ ਬੜੇ ਧੜੱਲੇਦਾਰ ਬੁਲਾਰੇ ਰਹੇ ਹਨ ਅਤੇ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਸਕੱਤਰ ਵੀ ਰਹਿ ਚੁੱਕੇ ਹਨ। ਪਾਰਟੀ ਦੇ ਬੇਖੌਫ ਅਤੇ ਨਿਧੜਕ ਜਰਨੈਲ ਹੋਣ ਦੇ ਨਾਲ ਉਨ੍ਹਾਂ ਦੀਆਂ ਹੋਰ ਵੀ ਬਹੁਤ ਪ੍ਰਾਪਤੀਆਂ ਹਨ। ਬੋਲਦੇ ਹਨ ਤਾਂ ਆਪਣੇ ਮਿਕਨਾਤੀਸੀ ਅਤੇ ਜਜ਼ਬਾਤ ਭਰਪੂਰ ਅਲਫਾਜ਼ ਨਾਲ ਸਰੋਤਿਆਂ ਨੂੰ ਕੀਲ ਲੈਂਦੇ



*ਮੁਨੀਸ਼ ਤਿਵਾੜੀ*

ਹਨ। ਉਨ੍ਹਾਂ ਕੋਲ ਗਿਆਨ ਦਾ ਸਮੁੰਦਰ ਹੈ, ਅਲਫਾਜ਼ ਦਾ ਭੰਡਾਰ ਹੈ।

ਮੁਨੀਸ਼ ਤਿਵਾੜੀ ਦੇ ਪਿਤਾ ਮਰਹੂਮ ਡਾ. ਵਿਸ਼ਵਾਨਾਥ ਤਿਵਾੜੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਭਾਈ ਵੀਰ ਸਿੰਘ ਚੇਅਰ ਦੇ ਮੁਖੀ ਰਹੇ। ਉਹ ਰਾਜ ਸਭਾ ਮੈਂਬਰ ਵੀ ਰਹੇ। ਡਾ. ਤਿਵਾੜੀ ਪੰਜਾਬ ਵਿਚ ਚੱਲੀ 1980ਵਿਆਂ ਦੀ ਕਾਲੀ ਹਨੇਰੀ ਵਿਚ ਖਾੜਕੂ ਹਿੰਦਾ ਦਾ ਸ਼ਿਕਾਰ ਹੋ ਗਏ। ਮੁਨੀਸ਼ ਤਿਵਾੜੀ ਦੇ ਮਾਤਾ ਡਾ. ਅੰਮ੍ਰਿਤ ਤਿਵਾੜੀ ਡੈਂਟਲ ਸਰਜਨ ਹਨ। ਉਹ ਪੋਸਟ ਗਰੈਜੂਏਟ ਇੰਸਟੀਚਿਊਟ ਆਫ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਪੀ.ਜੀ.ਆਈ.) ਚੰਡੀਗੜ੍ਹ ਦੇ ਪ੍ਰੋਫੈਸਰ, ਡੀਨ ਅਤੇ ਮੈਡੀਕਲ ਡੈਂਟਲ ਕੌਂਸਲ ਆਫ ਇੰਡੀਆ ਦੇ ਪ੍ਰਧਾਨ ਵੀ ਰਹੇ। ਉਹ ਖੁਦ ਸੂਹਜ ਅਤੇ ਸਹਿਜ ਸਰੂਪ ਦੇ ਮਾਲਕ ਹਨ।

ਮੁਨੀਸ਼ ਤਿਵਾੜੀ ਨੂੰ ਹੁਣ ਦੇਸ਼ ਅਤੇ ਮਾਨਵਤਾ ਦੀ ਸੇਵਾ ਕਰਨ ਦਾ ਵੱਡਾ ਸੁਨਹਿਰੀ ਮੌਕਾ ਮਿਲਿਆ ਹੈ। ਉਨ੍ਹਾਂ ਦੇ ਉਡਾਰੀਆਂ ਲਾਉਣ ਲਈ ਹੁਣ ਖੁੱਲ੍ਹਾ ਅਸਮਾਨ ਹੈ ਅਤੇ ਉਨ੍ਹਾਂ ਵਿਚ ਕੁਝ ਕਰ ਦਿਖਾਉਣ ਦੀ ਕਾਬਲੀਅਤ ਵੀ ਹੈ। ਪਰਮਾਤਮਾ ਕਰੇ ਉਹ ਹੋਰ ਉਚੇਰੀਆਂ ਮੰਜ਼ਿਲਾਂ ਛੂਹਣ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਵਿਦਿਅਕ ਅਦਾਰਿਆਂ 'ਚ ਅਸ਼ਲੀਲਤਾ

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਗਰਮੀਆਂ ਦੀ ਰੁੱਤੇ ਪਿੰਡਾਂ ਵਿਚ ਜਦੋਂ ਕਦੇ ਅਸਮਾਨ ਗਹਿਰਾ ਗਹਿਰਾ ਹੋ ਜਾਂਦਾ ਅਤੇ ਹਨੇਰੀ ਆਉਣ ਦੇ ਇਮਕਾਨ ਬਣਦੇ ਨਜ਼ਰ ਆਉਂਦੇ ਤਾਂ ਸੁਆਣੀਆਂ ਸਭ ਤੋਂ ਪਹਿਲਾਂ ਨੱਠ-ਭੱਜ ਕਰ ਕੇ ਚੁੱਲ੍ਹਿਆਂ ਦੀ ਅੱਗ 'ਤੇ ਪਾਣੀ ਸੁੱਟਦੀਆਂ ਸਨ ਕਿਉਂਕਿ ਬਿਨਾਂ ਬੂਹੇ ਰਸੋਈਆਂ ਜਾਂ ਖੁੱਲ੍ਹੇ ਵਿਹੜਿਆਂ ਦੇ ਇਕ ਖੂੰਜੇ ਬਣੇ ਚੁੱਲ੍ਹਿਆਂ 'ਚੋਂ ਹਨੇਰੀ ਕਾਰਨ ਉਡੀ ਹੋਈ ਕੋਈ ਚੰਗਿਆੜੀ ਸਾੜ੍ਹਸਤੀ ਮਚਾ ਸਕਦੀ ਸੀ। ਕਿਤੇ ਭੁੱਲ-ਭੁਲੇਖੇ ਕਿਸੇ ਘਰੇ ਚੁੱਲ੍ਹੇ ਵਿਚ ਧੁਖਦੀ ਰਹਿ ਗਈ ਅੱਗ ਅੱਧ-ਪਚੱਧੇ ਪਿੰਡ ਦਾ ਹੁਲੀਆ ਵਿਗਾੜ ਦਿੰਦੀ।

ਚੌਗਿਰਦੇ ਵਿਚ ਆਈਆਂ ਢੇਰ ਸਾਰੀਆਂ ਤਬਦੀਲੀਆਂ ਕਾਰਨ ਹੁਣ ਪੰਜਾਬ ਵਿਚ ਉਹੋ ਜਿਹੀਆਂ ਕਾਲੀਆਂ-ਬੋਲੀਆਂ ਹਨੇਰੀਆਂ ਤਾਂ ਨਹੀਂ ਚੜ੍ਹਦੀਆਂ ਪਰ ਅੱਜ ਅਸ਼ਲੀਲਤਾ ਅਤੇ ਲੱਚਰਪੁਣੇ ਦੀਆਂ ਕਾਮੁਕ ਹਨੇਰੀਆਂ ਨੇ ਪੰਜਾਬ ਦਾ ਅਸਮਾਨ ਕਾਲਾ-ਪੀਲਾ ਕੀਤਾ ਹੋਇਆ ਹੈ। ਸਦੀਆਂ ਪੁਰਾਣੇ ਵਿਰਸੇ ਦੀਆਂ ਰਵਾਇਤਾਂ, ਨੈਤਿਕ ਕਦਰਾਂ-ਕੀਮਤਾਂ ਨੂੰ ਉਡਾ ਲੈ ਜਾਣ ਵਾਲੀਆਂ ਇਨ੍ਹਾਂ ਸ਼ੂਕਦੀਆਂ ਹਨੇਰੀਆਂ ਨੂੰ ਰੋਕਣ ਦਾ ਓਹੜ-ਪੋਹੜ ਵਿਰਲੇ-ਟਾਵੇਂ ਹੱਥ ਕਰ ਤਾਂ ਰਹੇ ਹਨ ਪਰ ਉਹ ਬੇਵੱਸ ਜਾਪਦੇ ਹਨ ਕਿਉਂਕਿ ਇਹ ਹਨੇਰੀਆਂ ਵਗਾਉਣ ਵਾਲਿਆਂ ਦਾ 'ਬਿਜਨੈਸ' ਇਨ੍ਹਾਂ ਦੇ ਸਹਾਰੇ ਹੀ ਵਧਦਾ-ਫੁੱਲਦਾ ਹੈ। ਉਹ ਪੂਰਾ ਤਾਣ ਲਾ ਕੇ ਆਪਣੇ ਇਸ ਮਾਰੂ ਬਿਜਨੈਸ ਦਾ ਘੇਰਾ ਵਧਾਉਂਦੇ ਚਲੇ ਜਾ ਰਹੇ ਹਨ। ਇਨ੍ਹਾਂ ਵਪਾਰੀਆਂ ਦਾ ਮਨ ਭਾਉਂਦਾ ਸ਼ਿਕਾਰ ਹੈ ਨੌਜਵਾਨ ਪੀੜ੍ਹੀ। ਵਿਰਲਿਆਂ ਨੂੰ ਛੱਡ ਕੇ ਬਹੁਤੇ ਮੁੰਡੇ ਕੁੜੀਆਂ ਨੂੰ ਇਹ ਅਸ਼ਲੀਲ ਹਨੇਰੀਆਂ ਬਹੁਤ ਜਲਦੀ ਆਪਣੇ ਨਾਲ ਉੜਾ ਲੈਂਦੀਆਂ ਹਨ। ਮਾਪੇ ਪਿੱਟਦੇ ਹਨ ਤਾਂ ਪਿੱਟਦੇ ਰਹਿਣ! ਸਮਾਜ ਸ਼ਾਸਤਰੀ ਅੰਧੇਰਮਈ ਭਵਿੱਖ ਦੀਆਂ ਚਿਤਾਵਨੀਆਂ ਦਿੰਦੇ ਨੇ ਤਾਂ ਦੇਈ ਜਾਣ!!

ਬੇਰੁਜ਼ਗਾਰੀ ਦੇ ਭੰਨੇ ਹੋਏ ਪੰਜਾਬ ਵਿਚ ਖੁੰਭਾਂ ਵਾਂਗ ਪੈਦਾ ਹੋ ਰਹੇ ਗਾਇਕਾਂ ਨੂੰ ਫਰਸ਼ ਤੋਂ ਅਰਸ਼ ਤੱਕ ਪਹੁੰਚਾ ਰਹੇ ਨੇ ਅਣਗਿਣਤ ਚੈਨਲ। ਮੋਬਾਈਲ ਫੋਨਾਂ ਰਾਹੀਂ ਹੁਣ 'ਯੂਟਿਊਬ' ਅਤੇ 'ਫੇਸਬੁੱਕ' ਰੂਪੀ ਮਾਚਿਸ ਦੀਆਂ ਡੱਬੀਆਂ ਹਰ ਮੁੰਡੇ-ਕੁੜੀ ਦੀ ਜੇਬ ਵਿਚ ਮੌਜੂਦ ਰਹਿੰਦੀਆਂ ਨੇ। ਜਦ ਚਿੱਤ ਕੀਤਾ, ਡੱਬੀ ਵਿਚੋਂ ਤੀਲੀ ਕੱਢੀ ਤੇ ਝੁੱਗਾ ਚੌੜ ਕਰ ਲਿਆ! ਚੇਤੇ ਆਉਂਦੀਆਂ ਨੇ ਮਾਣਕ ਦੇ ਇਕ ਗੀਤ ਦੀਆਂ ਕੁਝ ਸਤਰਾਂ- ਚੂਚਕ ਵੱਲੋਂ ਰਾਂਝੇ ਜਿਹਾ ਮੁਸ਼ਟੰਡਾ ਮੱਝਾਂ ਦਾ ਪਾਲੀ ਰੱਖਣ ਵਿਰੁਧ ਆਪਣੀ ਜਵਾਨ ਭਤੀਜੀ ਦਾ ਖਿਆਲ ਕਰਦਿਆਂ ਕੈਦੋਂ ਆਪਣੇ ਭਰਾ ਨੂੰ ਨਸੀਹਤ ਦਿੰਦਾ ਹੈ, 'ਘਿਉ ਦੇ ਕੋਲ ਚੂਚਕਾ ਰੱਖੀਏ ਨਾ ਅੰਗਿਆਰੀ...!'

ਮਾਹੌਲ ਐਸਾ ਬਣ ਗਿਆ ਹੈ (ਜਾਂ ਬਣਾ ਦਿੱਤਾ ਗਿਆ ਹੈ) ਕਿ ਫੁੱਲਝੜੀਆਂ ਵਾਂਗ ਆਲੇ ਦੁਆਲੇ ਨੂੰ ਮਾਰੂ ਫਲੂਹੇ ਸੁੱਟਣ ਵਾਲੀਆਂ ਦਗ ਦਗ ਕਰਦੀਆਂ ਅੰਗਿਆਰੀਆਂ ਦੀ ਚੁਤਰਫੀਂ ਬੱਲੇ ਬੱਲੇ ਹੋਈ ਪਈ ਹੈ। ਜਵਾਨੀ ਨੂੰ ਅੰਨ੍ਹੀ ਸੁਰੰਗ ਵਿਚ ਧੱਕ ਦੇਣ ਵਾਲੀ ਇਸ ਕੁਲੱਛਣੀ ਵਬਾ ਦਾ ਹਰ ਹੀਲੇ ਵਿਰੋਧ ਕਰਨ ਦੀ ਥਾਂ ਇਸ ਨੂੰ ਸਨਮਾਨਿਆ ਜਾ ਰਿਹਾ ਹੈ। ਇਸ ਨੂੰ ਹੁਨਰ ਦਾ ਨਾਂ ਦੇ ਕੇ ਵਡਿਆਇਆ ਜਾ ਰਿਹਾ ਹੈ,

'ਜਿਨ ਕੇ ਆਂਗਨ ਮੇਂ ਹਰ ਸ਼ਾਮ
ਅਮੀਰੀ ਕਾ ਛਜ਼ਰ ਲਗਤਾ ਹੈ,
ਉਨਕਾ ਹਰ ਐਬ ਜ਼ਮਾਨੇ ਕੋ
ਹੁਨਰ ਲਗਤਾ ਹੈ।'

ਦੋ ਤਿੰਨ ਕੁ ਦਹਾਕੇ ਪਹਿਲਾਂ ਸਕੂਲਾਂ-ਕਾਲਜਾਂ ਦੇ ਕੰਪਲੈਕਸ ਵਿਚ ਇਸ ਹਨੇਰੀ ਦੀ ਮਾਰ ਤੋਂ ਬਚੇ ਹੋਏ ਸਨ ਪਰ ਹੁਣ ਇਹ ਵਿਦਿਅਕ ਅਦਾਰੇ ਵੀ ਇਹਦੀ ਲਪੇਟ ਵਿਚ ਆ ਗਏ ਹਨ। ਵਿੱਦਿਆ ਦੇ ਮੰਦਰਾਂ ਵਿਚ ਕਾਮ ਭੜਕਾਊ ਗੀਤ ਗਾਉਣ ਵਾਲਿਆਂ ਨੂੰ ਵਿਦਿਆਰਥੀਆਂ ਦੇ ਸਾਹਮਣੇ ਇਉਂ ਪੇਸ਼ ਕੀਤਾ ਜਾ ਰਿਹਾ ਹੈ, ਜਿਵੇਂ ਕਿਤੇ ਇਹ ਅਰਸ਼ੋਂ ਉਤਰੇ ਫਰਿਸ਼ਤੇ ਹੋਣ! ਇਨ੍ਹਾਂ ਦੀ ਉਪਮਾ ਵਿਚ ਇਉਂ ਕਸੀਦੇ ਪੜ੍ਹੇ ਜਾਂਦੇ ਹਨ ਕਿ ਜੇ ਇਹ ਪੈਦਾ ਨਾ ਹੋਏ ਹੁੰਦੇ ਤਾਂ ਪੰਜਾਬੀ ਸਭਿਆਚਾਰ ਧਰਤੀ ਤੋਂ ਲੋਪ ਹੀ ਹੋ ਜਾਣਾ ਸੀ।

5 ਨਵੰਬਰ 2012 ਦੀ ਇਕ ਰੋਜ਼ਾਨਾ ਪੰਜਾਬੀ ਅਖਬਾਰ ਪੜ੍ਹ ਰਿਹਾ ਸਾਂ। ਚੰਡੀਗੜ੍ਹ ਦੇ ਨਜ਼ਦੀਕ ਲਾਂਡਰਾਂ ਵਿਚ 'ਚੰਡੀਗੜ੍ਹ ਗਰੁੱਪ ਆਫ ਕਾਲਜਜ਼' ਨਾਂ ਦੀ ਸੰਸਥਾ ਵਿਚ ਹੋਏ ਸਮਾਗਮ ਦੀ ਰਿਪੋਰਟ ਦੀ ਸੁਰਖੀ ਸੀ, '...ਕਾਲਜ ਵਿਚ ਹੋਏ ਸਮਾਗਮ ਦੇ ਆਖਰੀ ਦਿਨ ਗਾਇਕ ਦਿਲਜੀਤ ਨੇ ਮੇਲਾ ਲੁੱਟਿਆ!'

ਖਬਰ ਵਿਚ ਅੱਗੇ ਉਸ ਗਾਇਕ ਵੱਲੋਂ ਗਾਏ ਗੀਤਾਂ ਦੇ ਬੇਹੂਦਾ ਜਿਹੇ 'ਮੁਖੜੇ' ਲਿਖੇ ਹੋਏ ਸਨ। ਅਖੇ, 'ਦਿਲ ਸਾਡੇ ਨਾਲ ਲਾ ਲੈ' ਗੀਤ ਸੁਣ ਕੇ ਵਿਦਿਆਰਥੀ ਨੱਚਣ ਲਈ ਮਜਬੂਰ ਹੋ ਗਏ!

ਕਾਲਜੀ ਮੇਲੇ ਦੀ ਇਸ ਰਿਪੋਰਟ ਵਿਚ ਹੈਰਾਨ ਕਰਨ ਵਾਲੀ ਗੱਲ ਇਹ ਸੀ ਕਿ ਇਸ ਸੰਸਥਾ ਦੇ ਪ੍ਰਧਾਨ ਸਾਹਿਬ ਨੇ ਗਾਇਕ ਦਿਲਜੀਤ ਨੂੰ ਸਨਮਾਨਤ ਕਰ ਕੇ ਉਹਦੀ ਰੱਜ ਕੇ ਉਸਤਤ ਕੀਤੀ। ਪ੍ਰਧਾਨ 'ਸ੍ਰੀਮਾਨ' ਦੇ ਸ਼ਬਦ ਸਨ, "ਸਾਡਾ ਇਹ ਗਾਇਕ ਮਿਆਰੀ ਗਾਇਕੀ ਦਾ ਮੁੱਦਈ ਅਤੇ ਪੰਜਾਬੀ ਸਭਿਆਚਾਰ ਦਾ ਸਭ ਤੋਂ ਵੱਡਾ ਸੇਵਾਦਾਰ ਹੈ।"

ਖਬਰ ਅਨੁਸਾਰ ਪ੍ਰਧਾਨ ਜੀ ਨੇ ਇਸ ਸਮੇਂ 'ਗੋਬਲਜ਼' ਨੂੰ ਵੀ ਮਾਤ ਪਾਉਂਦਿਆਂ ਦਿਲਜੀਤ ਦੀ ਗਾਇਕੀ ਨਾਲ ਸੰਪੂਰਨ ਹੋਏ ਸਮਾਗਮ ਨੂੰ 'ਸਮਾਜਕ ਬੁਰਾਈਆਂ ਵਿਰੁਧ ਜਾਗਰੂਕਤਾ ਮੁਹਿੰਮ ਦਾ ਆਗਾਜ਼' ਦੱਸਿਆ। ਇਸ ਨੂੰ ਕੁਫਰ ਨਾ ਕਿਹਾ ਜਾਵੇ ਤਾਂ ਕੀ ਕਿਹਾ ਜਾਵੇ?

ਗਾਇਕ ਹੋਵੇ ਦਿਲਜੀਤ, ਜਿਹੜਾ ਕੁੜੀਆਂ ਦੇ ਲੱਕ ਮਿਣਨ ਦੇ ਨਾਲ ਨਾਲ ਉਨ੍ਹਾਂ ਦੇ 'ਵੇਟ' ਵੀ ਦੱਸਦਾ ਹੋਵੇ! ਉਹ ਨੌਜਵਾਨ ਮੁੰਡੇ ਕੁੜੀਆਂ ਦੇ ਮੋਹਰੇ ਟਪੂਸੀਆਂ ਮਾਰਦਾ ਗਾ ਰਿਹਾ ਹੋਵੇ, "ਦਿਲ ਸਾਡੇ ਨਾਲ ਲਾ ਲੈ!" ਛੋਕਰ ਖੇਲੂ ਉਹਦੇ ਨਾਲ ਨੱਚਣ ਲਈ ਮਜਬੂਰ ਹੋ ਚੁੱਕੀ ਹੋਵੇ! ਇਸ ਸਾਰੇ ਲੁੱਚ-ਪੌ ਨੂੰ ਦੇਖਦਿਆਂ ਵਿਦਿਅਕ ਅਦਾਰੇ ਦਾ ਮੁਖੀ ਕਹੇ ਕਿ ਸਮਾਜਕ ਬੁਰਾਈਆਂ ਵਿਰੁਧ ਜਾਗਰੂਕਤਾ ਆਰੰਭ ਹੋ ਗਈ ਹੈ! ਕੁਰਬਾਨ ਜਾਈਏ ਪ੍ਰਧਾਨ ਜੀ ਦੀ 'ਇਨਕਲਾਬੀ' ਸੋਚ ਦੇ!!

ਪੰਜਾਬ ਦੇ ਅਣਖੀਲੇ ਸਭਿਆਚਾਰ ਨੂੰ ਕੈਂਸਰ ਵਾਂਗ ਚਿੰਬੜੀ ਲੱਚਰ ਗਾਇਕੀ ਵਿਰੁਧ ਆਵਾਜ਼ ਬੁਲੰਦ ਕਰ ਰਹੀਆਂ ਚਿੰਤਾਵਾਨ ਅਤੇ ਚੇਤੰਨ ਕਲਮਾਂ ਤੇ ਸ਼ਖ਼ਸੀਅਤਾਂ ਨੇ ਉਕਤ ਫੁਕਰੇ ਗਾਇਕ ਦੀ ਕਈ ਥਾਈਂ 'ਤੋਏ ਤੋਏ' ਕਰਵਾਈ ਹੈ। ਕਈ ਸਟੇਜਾਂ ਉਤੇ ਉਹਦੇ ਨਾਲ 'ਕੁੱਤੇ ਖਾਣੀ' ਹੋਣ ਦੀਆਂ ਖਬਰਾਂ ਵੀ ਛਪੀਆਂ। ਪੰਜਾਬ ਵਿਚ 'ਇਸਤਰੀ ਜਾਗ੍ਰਿਤੀ ਮੰਚ' ਵਾਲੀਆਂ ਬੀਬੀਆਂ ਨੇ ਨਵਾਂ ਸ਼ਹਿਰ ਦੀ ਬੀਬੀ ਗੁਰਬਖਸ਼ ਕੌਰ ਸੰਘਾ ਦੀ ਅਗਵਾਈ ਥੱਲੇ ਇਹੋ ਜਿਹੇ ਕਈ ਫੂਹੜ ਗਾਇਕਾਂ ਨੂੰ ਫਿੱਟ ਲਾਹਣਤਾਂ ਪਾਉਣ ਲਈ ਥਾਂ ਥਾਂ ਰੋਸ ਮੁਜ਼ਾਹਰੇ ਕੀਤੇ ਅਤੇ ਕਾਮਯਾਬ ਧਰਨੇ ਮਾਰੇ; ਖਾਸ ਕਰ ਕੇ ਉਨ੍ਹਾਂ ਦਿਲਜੀਤ ਦਾ ਨਾਂ ਲੈ ਕੇ, ਉਸ ਨੂੰ ਸਮਾਜਕ ਤਾਣੇ ਬਾਣੇ ਦੀਆਂ ਫਿਜ਼ਾਵਾਂ ਵਿਚ ਜ਼ਹਿਰ ਘੋਲਣ ਤੋਂ ਵਰਜਿਆ।

ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੇ ਨੱਕ ਹੇਠ ਬੈਠੇ ਉਕਤ ਕਾਲਜ ਦੇ ਪ੍ਰਬੰਧਕਾਂ ਨੂੰ ਇਹ ਸਾਰਾ ਕੁਝ ਖੌਰੇ ਦਿਖਾਈ ਹੀ ਨਹੀਂ ਦਿੱਤਾ। ਪਤਾ ਨਹੀਂ ਉਨ੍ਹਾਂ ਕਿਹੜੇ ਵਿਸ਼ੇਸ਼ ਗੁਣਾਂ ਸਦਕਾ ਇਸ ਅਸ਼ਲੀਲ ਗਾਇਕ ਨੂੰ ਆਪਣੇ ਸਮਾਗਮ ਦਾ ਸ਼ਿੰਗਾਰ ਬਣਾਇਆ ਹੋਵੇਗਾ। ਸਿਤਮ ਦੀ ਗੱਲ ਇਹ ਵੀ ਹੈ ਕਿ ਇਸ ਸਮਾਗਮ ਦੇ ਸਰੋਤੇ ਨੌਜਵਾਨ ਮੁੰਡੇ ਕੁੜੀਆਂ ਵਿਚੋਂ ਕੋਈ ਇਕ ਜਣਾ ਵੀ ਜੁਰਅਤ ਨਾਲ ਇਹ ਨਾ ਉਠ ਕੇ ਕਹਿ ਸਕਿਆ, 'ਤੁਸੀਂ ਕਾਵਾਂ ਨੂੰ ਬਗਲੇ, ਬਗਲਿਆਂ ਨੂੰ ਹੰਸ ਕਹਿ ਕੇ ਸਾਡੇ ਰਹਿਨੁਮਾਓ! ਸਾਨੂੰ ਉੱਲੂ ਨਾ ਬਣਾਉ!'

ਅਜੋਕੇ ਮਾਹੌਲ ਵਿਚ ਚਾਰੇ ਪਾਸੇ ਦੁਹਾਈ ਪੈ ਰਹੀ ਕਿ ਪੰਜਾਬੀ ਸਭਿਆਚਾਰ ਨੂੰ ਗਰਕ ਹੋਣ ਤੋਂ ਬਚਾਉ। ਫਰੀਦਕੋਟ ਵਾਲੇ ਸ਼ਰੂਤੀ ਕਾਂਡ ਨੇ ਸਮੂਹ ਪੰਜਾਬੀਆਂ ਦਾ ਸਿਰ ਸ਼ਰਮ ਨਾਲ ਨੀਵਾਂ ਕਰ ਦਿੱਤਾ ਹੈ। ਪੰਜਾਬ ਵਾਸੀਆਂ ਦੀ ਚਿਰੋਕਣੀ ਮੰਗ ਮੁਜਬ ਟਰਾਂਸਪੋਰਟ ਮੰਤਰੀ ਨੇ ਬੱਸਾਂ ਵਿਚ ਫੁਕਰੇ ਗੀਤ ਵਜਾਉਣ 'ਤੇ ਪਾਬੰਦੀ ਆਇਦ ਕਰ ਦਿੱਤੀ ਹੈ। ਮਸਾਂ-ਮਸੇਂਦਰੇ ਦੀ ਇਸ ਭੋਰਾ ਕੁ ਜਿੰਨੀ ਹੋਈ ਤਬਦੀਲੀ ਦੇ ਹੱਕ ਵਿਚ ਖੜ੍ਹਦਿਆਂ, ਹੁਣ ਵਿਦਿਅਕ ਅਦਾਰਿਆਂ ਦੇ ਮੁਖੀਆਂ ਨੂੰ ਸਮਾਗਮ ਕਰਾਉਣ ਤੋਂ ਪਹਿਲਾਂ ਸੌ ਵਾਰ ਸੋਚਣਾ ਚਾਹੀਦਾ ਹੈ। ਸੁਕਰਾਤ ਦਾ ਕਥਨ ਹੈ, 'ਤੁਸੀਂ ਕਿਸੇ ਦੇ ਸਰੀਰ ਨੂੰ ਜ਼ਹਿਰ ਦਾ ਟੀਕਾ ਬੇਸ਼ਕ ਲਾ ਦਿਉ, ਪਰ ਕਿਸੇ ਦੇ ਵਿਚਾਰ ਮਲੀਨ ਨਾ ਕਰੋ।'

ਅੱਜ ਦਾ ਪੰਜਾਬ ਜੋ ਧੱਕੇਸ਼ਾਹੀ, ਸੀਨਾਜ਼ੋਰੀ, ਨਸ਼ਾਖੋਰੀ ਅਤੇ ਫੁਕਰਪੁਣੇ ਵਿਚ ਨਵੇਂ ਰਿਕਾਰਡ ਕਾਇਮ ਕਰ ਰਿਹਾ ਹੈ, ਇਹ ਸਭ 'ਵਿਚਾਰਾਂ ਦੀ ਮਲੀਨਤਾ' ਦਾ ਹੀ ਸਿੱਟਾ ਹੈ। ਜਿਹੜੀ ਫਸਲ ਅੱਜ ਪੰਜਾਬੀ ਵੱਢ ਰਹੇ ਹਨ, ਇਹਦੀ ਬਿਜਾਈ ਦੋ-ਤਿੰਨ ਦਹਾਕੇ ਪਹਿਲੋਂ ਕੀਤੀ ਜਾਂ ਕਰਵਾਈ ਗਈ ਸੀ। ਅਸੀਂ ਗਲਤਾਨੀ ਨਸ਼ੇ ਵਿਚ ਗੜੁੱਚ ਹੋਏ ਤਾੜੀਆਂ ਮਾਰ ਮਾਰ ਕੇ ਜ਼ਹਿਰ ਦੇ ਵਪਾਰੀਆਂ ਦੀ ਸ਼ਲਾਘਾ ਕਰਦੇ ਰਹੇ। ਹੁਣ ਜਦੋਂ ਸਿਰੋਂ ਪਾਣੀ ਟੱਪਦਾ ਜਾ ਰਿਹਾ ਹੈ ਤਾਂ ਸਾਨੂੰ ਅਹੁੜਦਾ ਕੁਝ ਨਹੀਂ ਕਿ ਇਸ ਮਹਾਂਮਾਰੀ ਨੂੰ ਕਿਵੇਂ ਰੋਕੀਏ!

ਦੋਂਹ ਦਿਨਾਂ ਬਾਅਦ ਮੈਂ ਸੱਤ ਨਵੰਬਰ ਦੀ ਅਖਬਾਰ ਪੜ੍ਹੀ। ਉਸ ਵਿਚ ਮੋਟੀ ਸੁਰਖੀ ਸੀ, 'ਲਾਂਡਰਾਂ ਕਾਲਜ 'ਚ ਹੋਏ ਪ੍ਰੋਗਰਾਮ ਮੌਕੇ ਕੁੜੀਆਂ ਛੇੜਨ ਵਾਲੇ ਤਿੰਨ ਮੁੰਡੇ ਜੇਲ੍ਹ ਭੇਜੇ।' ਇਹ ਖਬਰ ਪੜ੍ਹ ਕੇ ਮੈਨੂੰ ਕੋਈ ਹੈਰਾਨੀ ਨਹੀਂ ਹੋਈ। ਜਿਸ 'ਕੱਠ ਵਿਚ ਦਿਲਜੀਤ ਨੇ ਗੀਤ ਗਾਏ ਹੋਣ, ਉਥੇ ਭਲਾ ਭਗਤ ਸਿੰਘ ਜਾਂ ਊਧਮ ਸਿੰਘ ਸੁਨਾਮ ਥੋੜ੍ਹੋ ਪੈਦਾ ਹੋਣੇ ਸਨ। ਨਿੰਮ ਦੇ ਦਰਖਤ ਨੂੰ ਅੰਬ ਕਿਵੇਂ ਲੱਗ ਸਕਦੇ ਹਨ? ਸੁਕਰਾਤ ਦੇ ਹੀ ਇਕ ਹੋਰ ਕਥਨ ਨਾਲ ਲੇਖ ਸਮਾਪਤ ਕਰਦਾ ਹਾਂ, 'ਜੇ ਕਿਤੇ ਬੁਰੀਆਂ ਚੀਜ਼ਾਂ ਜ਼ਿਆਦਾ ਪ੍ਰਚਲਿਤ ਅਤੇ ਪ੍ਰਸਿੱਧ ਹੋ ਜਾਣ ਤਾਂ ਉਹ ਚੰਗੀਆਂ ਤੇ ਨਹੀਂ ਨਾ ਹੋ ਜਾਂਦੀਆਂ।'

# ਪੰਜਾਬ ਦਾ ਉਹ ਖੂਨੀ ਘੱਲੂਘਾਰਾ

## ਸੰਪਾਦਕ ਦੀ ਡਾਕ

ਜਸਟਿਸ ਸੱਯਦ ਆਸਿਫ ਸ਼ਾਹਕਾਰ ਨੇ ਪੰਜਾਬ ਦੇ ਇਕ ਅਤਿਅੰਤ ਦੁਖਦਾਈ ਦੌਰ ਨੂੰ 'ਪੰਜਾਬੀ ਘੱਲੂਘਾਰੇ ਦੇ ਜ਼ਿਮੇਵਾਰ ਕੌਣ?' ਲੇਖ ਵਿਚ ਸਾਡੇ ਰੂਬਰੂ ਕੀਤਾ ਹੈ। ਇਹ ਘੱਲੂਘਾਰਾ ਮਨੁੱਖਾਂ ਦੀ ਗਿਰਾਵਟ, ਵਹਿਸ਼ਤ, ਡਰਪੋਕਪੁਣੇ ਅਤੇ ਮੂਰਖਤਾ ਦੀ ਲਾਸਾਨੀ ਮਿਸਾਲ ਹੈ।

ਦਖਣੀ ਏਸ਼ੀਆ ਦੇ ਉਤਰ-ਪੱਛਮ ਵਿਚ ਸਦੀਆਂ ਤੋਂ ਵਿਦੇਸ਼ੀ ਕਬਾਇਲੀ ਧਾੜਵੀਆਂ ਦੀ ਸਤਾਈ ਵਸੋਂ ਨੇ ਗੁਰਮਤਿ ਦੇ ਪ੍ਰਭਾਵ ਅਧੀਨ ਇਕ ਨਵੇਂ ਸ਼ਕਤੀਸ਼ਾਲੀ ਪੰਜਾਬੀ ਸਭਿਅਚਾਰ ਨੂੰ ਜਨਮ ਦਿੱਤਾ ਸੀ, ਜਿਸ ਦੀ ਫੁਲਵਾੜੀ ਨੂੰ ਸੂਫੀ ਅਤੇ ਰੁਮਾਂਚਕ ਕਿੱਸਾਕਾਰਾਂ ਨੇ ਸ਼ਿੰਗਾਰ ਕੇ ਹੋਰ ਮਨ ਲੁਭਾਊ ਬਣਾ ਦਿੱਤਾ ਸੀ। ਭਾਵੇਂ ਰਾਜ ਮੁਗਲਾਂ ਅਧੀਨ ਮੁਸਲਮਾਨਾਂ ਅਤੇ ਪਹਾੜੀ ਰਾਜਪੂਤ ਰਾਜਿਆਂ ਦਾ ਸੀ ਪਰ ਪਿਸ਼ਾਵਰ ਤੋਂ ਗੁੜਗਾਓਂ ਤਕ ਗੁਰਾਂ ਦੀ ਵਰੋਸਾਈ ਪੰਜਾਬੀ ਸਭਿਅਤਾ ਲਹਿਲਹਾਉਣ ਲੱਗ ਪਈ ਸੀ, ਕਿਉਂਕਿ ਗੁਰਬਾਣੀ ਮੁਸਲਮਾਨ ਨੂੰ ਅੱਛਾ ਮੁਸਲਮਾਨ, ਹਿੰਦੂ ਨੂੰ ਅੱਛਾ ਹਿੰਦੂ, ਖਤਰੀ, ਬ੍ਰਾਹਮਣ, ਸੂਦ, ਵੈਸ਼ ਅਤੇ ਹਰ ਇਕ ਨੂੰ ਗੁਰਮਤਿ ਦੇ ਮਾਨਵਵਾਦੀ ਰਾਹ 'ਤੇ ਚਲਣ ਅਤੇ ਸਭ ਨੂੰ ਆਪਸ ਵਿਚ ਰਲ ਮਿਲ ਕੇ ਰਹਿਣ ਲਈ ਪ੍ਰੇਰਤ ਕਰਦੀ ਸੀ। ਨਾਨਕ ਪੀਰ ਨੇ ਮੁਸਲਮਾਨਾਂ ਨੂੰ ਇਹ ਉਪਦੇਸ਼ ਦਿੱਤਾ,

ਮਿਹਰ ਮਸੀਤਿ ਸਿਦਕੁ ਮੁਸਲਾ
ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ
ਹੋਹੁ ਮੁਸਲਮਾਣੁ॥

ਪੰਜਾਬ ਉਹ ਧਰਤੀ ਹੈ ਜਿਸ ਨੇ ਵੇਦਾਂ ਦੀ ਰਚਨਾ, ਮਹਾਭਾਰਤ ਦਾ ਵਿਨਾਸ਼ਕਾਰੀ ਯੁੱਧ, ਗੀਤਾ ਦੇ ਗਿਆਨ ਦਾ ਉਚਾਰਨ, ਗੁਰਬਾਣੀ ਦੀ ਰਚਨਾ, ਪਾਣੀਪਤ ਦੀਆਂ ਤਿੰਨ ਲੜਾਈਆਂ, ਹਿੰਦ-ਪੰਜਾਬ ਦੀ ਜੰਗ ਅਤੇ 1947 'ਚ ਪੰਜਾਬੀਆਂ ਦੀ ਵਹਿਸ਼ਤ ਦਾ ਸਿਰੇ ਚਾੜ੍ਹਿਆ ਦਿਲ ਕੰਬਾਊ ਘੱਲੂਘਾਰਾ ਆਪਣੇ ਪਿੰਡੇ 'ਤੇ ਹੰਢਾਏ ਹਨ। ਅੰਗ੍ਰੇਜ਼ੀ ਸਾਮਰਾਜ ਦੀ ਬੀਜੀ ਨਫਰਤ ਨੂੰ ਸਾਮਰਾਜੀ ਸ਼ਕਤੀਆਂ ਹਾਲੇ ਵੀ ਵਿਕਾਊ ਆਗੂਆਂ ਦੀ ਮਿਲੀਭੁਗਤ ਨਾਲ ਲੋਕਾਂ ਦੀ ਲੋਭੀ ਸੋਚ ਅਤੇ ਕਮ ਅਕਲੀ ਦੇ ਸਿਰ 'ਤੇ ਪ੍ਰਫੁਲਤ ਕਰ ਕੇ ਲੋਕਾਂ ਦਾ ਸ਼ੋਸ਼ਣ ਕਰੀ ਜਾ ਰਹੀਆਂ ਹਨ। ਪੰਜਾਬੀਆਂ ਨੂੰ ਆਪਣੀ ਮਾਨਸਿਕਤਾ ਵਿਚੋਂ ਹਜ਼ਾਰਾਂ ਸਾਲਾਂ ਤੋਂ ਨਿਰੰਤਰ ਹੋ ਰਹੀ ਮਾਰ ਧਾੜ ਦੇ ਡਰ ਅਤੇ ਮਾਰ ਧਾੜ ਵਲ ਰੁਚੀ ਦੇ ਚੱਕਰ ਨੂੰ ਤੋੜਨ ਲਈ ਯਤਨਸ਼ੀਲ ਹੋਣ ਦੀ ਵੀ ਲੋੜ ਹੈ।

ਪੰਜਾਬੀ ਘੱਲੂਘਾਰਾ 65 ਸਾਲਾ ਬੁਢਾ ਹੋ ਗਿਆ ਹੈ ਇਸ ਦਾ ਅੰਤ ਨੇੜੇ ਹੋਣਾ ਚਾਹੀਦਾ ਹੈ। ਪੰਜਾਬ ਦੇ ਘਰ 'ਚ ਪਈ ਦੀਵਾਰ ਨੇ ਪੰਜਾਬੀ ਭਾਈਚਾਰੇ ਨੂੰ ਇਕ ਦੂਜੇ ਦੇ ਵੈਰੀ ਬਣਾ ਕੇ ਵੰਡਿਆ ਹੋਇਆ ਹੈ। ਇਸ ਦੀਵਾਰ ਨੂੰ ਢਾਹੁਣਾ ਸ਼ਾਇਦ ਸੌਖਾ ਨਾ ਹੋਵੇ ਪਰ ਇਕ ਇਕ ਇੱਟ ਪੁਟ ਕੇ ਇਸ ਦੇ ਆਕਾਰ ਨੂੰ ਘਟਾਉਣਾ ਸੰਭਵ ਹੈ।

*-ਹਾਕਮ ਸਿੰਘ, ਸੈਕਰਾਮੈਂਟ*
*ਫੋਨ: 916-682-3317*

# ਨਾਨਕ ਦੁਖੀਆ ਸਭੁ ਸੰਸਾਰੁ

ਮੇਰੇ ਛੋਟੇ ਭਰਾ ਦੀ ਮੌਤ ਬਾਰੇ ਲੇਖ ਕੁਝ ਹਫਤੇ ਪਹਿਲਾਂ 'ਪੰਜਾਬ ਟਾਈਮਜ਼' ਵਿਚ ਛਪਿਆ ਸੀ ਜਿਸ ਤੋਂ ਬਾਅਦ ਬਹੁਤ ਸਾਰੇ ਵੀਰਾਂ ਤੇ ਭੈਣਾਂ ਨੇ ਮੇਰੇ ਨਾਲ ਦੁੱਖ ਵੰਡਾਇਆ ਅਤੇ ਅਫ਼ਸੋਸ ਦਾ ਇਜ਼ਹਾਰ ਕੀਤਾ। ਮੈਂ ਇਨ੍ਹਾਂ ਸਭ ਦਾ ਅਹਿਸਾਨਮੰਦ ਹਾਂ। ਇਹ ਮੌਤ ਭਾਵੇਂ ਕੋਈ ਬਹੁਤ ਅਲੋਕਾਰੀ ਘਟਨਾ ਤਾਂ ਨਹੀਂ, ਪਰ ਮੈਂ ਇਸ ਘਟਨਾ ਰਾਹੀਂ ਸਮਾਜ ਜਾਂ ਦੇਸ਼ ਵਿਚ ਵਰਤ ਰਹੇ ਘਿਨਾਉਣੇ ਵਰਤਾਰੇ ਦੀ ਨਿਰਾਸ਼ਾਜਨਕ ਅਤੇ ਕਾਲੀ ਤਸਵੀਰ ਪੇਸ਼ ਕਰਨ ਦਾ ਯਤਨ ਕੀਤਾ ਸੀ। ਦੋ ਭੈਣਾਂ ਨੇ ਆਪਣੇ ਛੋਟੇ ਪਿਆਰੇ ਵੀਰਾਂ ਦੇ ਅਸਹਿ ਸਦਮੇ ਦਾ ਕਰੁਣਾਮਈ ਦ੍ਰਿਸ਼ ਵੀ ਬਿਆਨ ਕੀਤਾ ਅਤੇ ਇਕ ਇੰਜੀਨੀਅਰ ਵੀਰ ਨੇ ਆਪਣੇ ਪਿਆਰੇ ਬਾਪ ਦਾ ਅਤਿ ਦਰਦਨਾਕ ਵਿਛੋੜਾ ਬਿਆਨ ਕੀਤਾ। ਉਨ੍ਹਾਂ ਦਾ ਬਾਪ ਸਾਰੇ ਭੈਣ-ਭਰਾਵਾਂ ਨੂੰ ਚੰਗਾ ਪੜ੍ਹਾ ਲਿਖਾ ਕੇ, ਚੰਗੀਆਂ ਨੌਕਰੀਆਂ 'ਤੇ ਲਵਾਉਣ ਪਿੱਛੋਂ ਘਰੋਂ ਐਸਾ ਰੁਖਸਤ ਹੋਇਆ ਕਿ ਲੰਮਾ ਸਮਾਂ ਬੀਤਣ ਪਿੱਛੋਂ ਅੱਜ ਤੱਕ ਘਰ ਵਾਪਸ ਨਹੀਂ ਆਇਆ। ਇਸ ਸੰਸਾਰ ਵਿਚ ਦੁੱਖਾਂ, ਕਲੇਸ਼ਾਂ ਦਾ ਕੋਈ ਅੰਤ ਨਹੀਂ। ਗੁਰੂ ਜੀ ਨੇ ਤਾਂ ਹੀ ਫਰਮਾਇਆ ਕਿ 'ਨਾਨਕ ਦੁਖੀਆ ਸਭੁ ਸੰਸਾਰੁ।' ਮਹਾਤਮਾ ਬੁੱਧ ਕਹਿੰਦੇ ਹਨ ਕਿ ਦੁਨੀਆ ਦੁੱਖਾਂ ਦਾ ਘਰ ਹੈ। ਕਬੀਰ ਸਾਹਿਬ ਫਰਮਾਉਂਦੇ ਹਨ,

'ਦੁੱਖ ਸੁੱਖ ਯਾ ਸੰਸਾਰ ਮੇਂ ਸਭ ਕਾਹੂੰ ਕੋ ਹੋਵੇ।
ਗਿਆਨੀ ਕਾਟੇ ਗਿਆਨ ਸੇ ਮੂਰਖ ਕਾਟੇ ਰੋਏ।

ਇਸੇ ਤਰ੍ਹਾਂ ਬਾਬਾ ਫਰੀਦ ਦਾ ਸਲੋਕ ਹੈ:
ਫਰੀਦਾ ਮੈਂ ਜਾਨਿਆ ਦੁਖੁ ਮੁਝ ਕੁ
ਦੁਖੁ ਸਬਾਇਐ ਜਗਿ॥
ਊਚੇ ਚੜਿ ਕੈ ਦੇਖਿਆ
ਤਾ ਘਰਿ ਘਰਿ ਏਹਾ ਅੱਗ॥

ਕੁਝ ਦੁੱਖ ਤੇ ਮੁਸੀਬਤਾਂ ਤਾਂ ਕੁਦਰਤ ਆਪਣੇ ਕਾਨੂੰਨ ਮੁਤਾਬਕ ਖੁਦ ਹੀ ਖਲਕਤ ਉਪਰ ਢਾਹੁੰਦੀ ਰਹਿੰਦੀ ਹੈ; ਬਹੁਤ ਸਾਰੇ ਦੁੱਖ ਤੇ ਕਸ਼ਟ ਬੰਦਾ ਆਪ ਹੀ ਆਪਣੀਆਂ ਕਾਲੀਆਂ ਕਰਤੂਤਾਂ ਕਰ ਕੇ ਸਹੇੜਦਾ ਰਹਿੰਦਾ ਹੈ ਅਤੇ ਬਹੁਤ ਸਾਰੇ ਕਹਿਰ ਕੁਫ਼ਰ ਬੰਦਾ ਹੀ ਬੰਦੇ ਉਤੇ ਢਾਹੁੰਦਾ ਹੈ। ਇਸ ਸਬੰਧ ਵਿਚ ਕੋਈ ਮਹਾਨ ਸ਼ਾਇਰ ਇਸ ਤਰ੍ਹਾਂ ਲਿਖਦਾ ਹੈ,

'ਹਰ ਸਿਤਮ ਹਰ ਜ਼ੁਲਮ ਮਨਜ਼ੂਰ ਹੈ ਮੁਝੇ ਯਾ ਰੱਬ,
ਮਗਰ ਆਦਮੀ ਕੋ ਕਰ ਨਾ ਆਦਮੀ ਕੇ ਬਸ ਮੇਂ।'
'ਜਦ ਤਕ ਇਹ ਸਾਹ ਨੇ, ਤਦ ਤੱਕ ਇਹ ਫਾਹ ਨੇ।'

ਗੁਰੂ ਜੀ ਸਾਨੂੰ ਆਪਣੀ ਬਾਣੀ ਵਿਚ ਇਉਂ ਸਮਝਾਉਂਦੇ ਹਨ,
ਨਾਨਕ ਬੋਲਣੁ ਝਖਣਾ
ਦੁਖ ਛਡਿ ਮੰਗੀਅਹਿ ਸੁਖ।
ਸੁਖੁ ਦੁਖੁ ਦੁਇ ਦਰਿ ਕੱਪੜੇ
ਪਹਿਰਹਿ ਜਾਇ ਮਨੁਖ।

*-ਦਲਵਿੰਦਰ ਸਿੰਘ ਅਜਨਾਲਾ*
*ਫੋਨ: 661-834-9770*

RADIO CHARDI KALA

## ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

## ਰੇਡੀਓ ਚੜ੍ਹਦੀ ਕਲਾ

**ਡਾਇਲ ਕਰੋ ਤੇ ਸੁਣੋ**

**832-551-5038 ਰੇਡੀਓ ਚੜ੍ਹਦੀ ਕਲਾ 24/7**
**www.radiock.com**
**702-489-0222 ਖਾਲਸਾ ਰੇਡੀਓ 24/7**
**(ਗੁਰਬਾਣੀ)**
**www.khalsaradio.org**
**702-489-0228 ਆਪਣਾ ਪੰਜਾਬ 24/7**
**(ਭੰਗੜਾ ਮਿਊਜ਼ਿਕ)**
**www.apnapunjabradio.com**
**702-489-0229 ਦੇਸੀ ਬਾਈਟ ਰੇਡੀਓ 24/7**
**(ਬਾਲੀਵੁਡ ਮਿਊਜ਼ਿਕ)**
**www.desibiteradio.com**

**ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ**

Wifi Radio **ਖਰੀਦਣ ਅਤੇ ਜਾਣਕਾਰੀ ਲਈ**

**ਫੋਨ: 510-900-3600**

***Radio CK, PO Box 296, Fremont, CA 94537***




# ਇਕ ਵਾਰ ਫਿਰ ਓਬਾਮਾ ਓਬਾਮਾ

ਬਹੁਤ ਫਸਵੇਂ ਚੋਣ ਮੁਕਾਬਲੇ ਵਿਚ ਰਾਸ਼ਟਰਪਤੀ ਬਰਾਕ ਓਬਾਮਾ ਇਕ ਵਾਰ ਫਿਰ ਬਾਜ਼ੀ ਮਾਰ ਗਏ ਹਨ। ਅਮਰੀਕੀ ਲੋਕਾਂ ਦੀਆਂ ਹੀ ਨਹੀਂ,ਦੁਨੀਆਂ ਭਰ ਦੇ ਲੋਕਾਂ ਦੀਆਂ ਨਜ਼ਰਾਂ ਇਸ ਚੋਣ ਉਤੇ ਲੱਗੀਆਂ ਹੋਈਆਂ ਸਨ। ਆਪਣੇ ਪਿਛਲੇ ਕਾਰਜਕਾਲ ਦੌਰਾਨ ਬਰਾਕ ਓਬਾਮਾ ਕੋਈ ਵੱਡਾ ਮਾਅਰਕਾ ਮਾਰਨ ਵਿਚ ਸਫਲ ਨਹੀਂ ਸਨ ਹੋ ਸਕੇ। ਪਿਛਲੀ ਜਿੱਤ ਵੇਲੇ ਉਨ੍ਹਾਂ ਤੋਂ ਜੋ ਆਸਾਂ ਲਾਈਆਂ ਗਈਆਂ ਸਨ, ਉਹ ਬੇਸ਼ੱਕ ਅਜੇ ਅਧੂਰੀਆਂ ਪਈਆਂ ਹਨ। ਇਹੀ ਇਕ ਮੁੱਖ ਕਾਰਨ ਸੀ ਕਿ ਆਖਰੀ ਦਿਨਾਂ ਦੌਰਾਨ ਉਨ੍ਹਾਂ ਦੀ ਜਿੱਤ ਦਾ ਪੱਕਾ ਦਾਅਵਾ ਰਤਾ ਕੁ ਕੱਚਾ ਭਾਸਣ ਲੱਗ ਪਿਆ ਸੀ ਪਰ ਆਖਰਕਾਰ ਉਹ ਜੇਤੂ ਰਹੇ ਹਨ ਅਤੇ ਸੀਟਾਂ ਦੇ ਹਿਸਾਬ ਨਾਲ ਉਹ ਆਪਣੇ ਮੁੱਖ ਵਿਰੋਧੀ ਮਿੱਟ ਰੋਮਨੀ ਨੂੰ ਬਹੁਤ ਪਿਛਾਂਹ ਛੱਡ ਗਏ ਹਨ। ਇਸ ਵੇਲੇ ਅਮਰੀਕਾ ਜਿਸ ਮੋੜ 'ਤੇ ਖੜ੍ਹਾ ਹੈ, ਉਥੋਂ ਅਗਲੇ ਕਦਮ ਉਠਾਉਣ ਵਿਚ ਹੁਣ ਬਰਾਕ ਓਬਾਮਾ ਦਾ ਵੱਡਾ ਯੋਗਦਾਨ ਹੋਵੇਗਾ। ਇਉਂ ਇਕ ਵਾਰ ਫਿਰ ਉਨ੍ਹਾਂ ਦਾ ਇਮਤਿਹਾਨ ਹੈ।

## ਅਮਰੀਕਾ ਨੂੰ ਅੱਗੇ ਵਧਾਉਣ ਦਾ ਵਾਅਦਾ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਲਗਾਤਾਰ ਦੂਜੀ ਵਾਰ ਆਪਣੇ ਰਿਪਬਲੀਕਨ ਵਿਰੋਧੀ ਮਿੱਟ ਰੋਮਨੀ ਨੂੰ ਵੱਡੇ ਫਰਕ ਨਾਲ ਹਰਾ ਕੇ ਮੁਲਕ ਦੇ ਰਾਸ਼ਟਰਪਤੀ ਚੁਣੇ ਗਏ ਹਨ। ਦੇਸ਼ ਨੂੰ ਦਰਪੇਸ਼ ਮਾਲੀ ਦੁਸ਼ਵਾਰੀਆਂ ਤੇ ਮੁਕਾਬਲਾ ਸਖ਼ਤ ਰਹਿਣ ਦੀਆਂ ਪੇਸ਼ੀਨਗੋਈਆਂ ਦੇ ਬਾਵਜੂਦ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਵਜੋਂ ਸ੍ਰੀ ਓਬਾਮਾ ਨੇ ਇਹ ਚੋਣ ਆਸਾਨੀ ਨਾਲ ਜਿੱਤ ਲਈ ਹੈ। ਆਪਣੇ ਜੇਤੂ ਭਾਸ਼ਨ ਵਿਚ ਉਨ੍ਹਾਂ ਐਲਾਨ ਕੀਤਾ ਕਿ ਉਹ ਰਿਪਬਲੀਕਨਾਂ ਸਮੇਤ ਸਮੁੱਚੇ ਦੇਸ਼ ਵਾਸੀਆਂ ਨੂੰ ਨਾਲ ਲੈ ਕੇ ਅਮਰੀਕਾ ਨੂੰ ਤਰੱਕੀ ਦੇ ਰਾਹ ਉੱਤੇ ਅੱਗੇ ਵਧਾਉਣਗੇ। ਉਹ ਆਗਾਮੀ ਜਨਵਰੀ ਵਿਚ ਆਪਣਾ ਦੂਜਾ ਕਾਰਜਕਾਲ ਸ਼ੁਰੂ ਕਰਨਗੇ।

ਮੁਕਾਬਲਾ ਸਖ਼ਤ ਤੇ ਫਸਵਾਂ ਰਹਿਣ ਦੀਆਂ ਭਵਿੱਖਬਾਣੀਆਂ ਦੇ ਬਾਵਜੂਦ 51 ਸਾਲਾ ਸ੍ਰੀ ਓਬਾਮਾ 538 ਮੈਂਬਰੀ ਚੋਣ ਮੰਡਲ ਵਿਚ 303 ਵੋਟਾਂ ਹਾਸਲ ਕਰਨ ਵਿਚ ਕਾਮਯਾਬ ਰਹੇ ਜਦੋਂਕਿ ਸ੍ਰੀ ਰੋਮਨੀ ਨੂੰ 206 ਵੋਟਾਂ ਮਿਲੀਆਂ। ਕਿਸੇ ਉਮੀਦਵਾਰ ਨੂੰ ਰਾਸ਼ਟਰਪਤੀ ਚੁਣੇ ਜਾਣ ਲਈ ਘੱਟੋ-ਘੱਟ 270 ਵੋਟਾਂ ਦੀ ਲੋੜ ਹੁੰਦੀ ਹੈ। ਦੇਸ਼



ਦੇ ਪਹਿਲੇ ਸਿਆਹਫਾਮ ਰਾਸ਼ਟਰਪਤੀ ਸ੍ਰੀ ਓਬਾਮਾ ਨੇ ਜ਼ੋਰਦਾਰ ਚੋਣ ਮੁਕਾਬਲੇ ਵਾਲੇ ਸੂਬਿਆਂ ਵਰਜੀਨੀਆ, ਮਿਸ਼ੀਗਨ, ਵਿਸਕਾਨਸਿਨ, ਕੋਲੋਰਾਡੋ, ਇਓਵਾ, ਓਹਾਈਓ ਤੇ ਨਿਊ ਹੈਂਪਸ਼ਾਇਰ ਨੂੰ ਆਪਣੇ ਹੱਕ ਵਿਚ ਭੁਗਤਾ ਕੇ ਚੋਣ ਜੰਗ ਜਿੱਤ ਲਈ।

ਸ੍ਰੀ ਓਬਾਮਾ ਦੀ ਜਿੱਤ ਵਿਚ ਸਭ ਤੋਂ ਵੱਧ 55 ਸੀਟਾਂ ਵਾਲੇ ਕੈਲੀਫੋਰਨੀਆ ਤੇ 18 ਸੀਟਾਂ ਵਾਲੇ ਓਹਾਈ ਨੇ ਵੱਡਾ ਯੋਗਦਾਨ ਪਾਇਆ। ਪਿਛਲੀ ਵਾਰ (2008) ਦੀ ਚੋਣ ਵਿਚ ਉਨ੍ਹਾਂ ਨੂੰ 349 ਵੋਟਾਂ ਮਿਲੀਆਂ ਸਨ। ਜਿੱਤ ਦੇ ਐਲਾਨ ਤੋਂ ਬਾਅਦ ਸ੍ਰੀ ਓਬਾਮਾ ਨੇ ਸ਼ਿਕਾਗੋ ਸਥਿਤ ਆਪਣੇ ਚੋਣ ਹੈੱਡਕੁਆਰਟਰ ਵਿਖੇ ਜੇਤੂ ਭਾਸ਼ਨ ਦਿੰਦਿਆਂ ਕਿਹਾ ਕਿ ਉਹ ਕਰਜ਼ੇ ਹੇਠ ਦੱਬੇ ਅਮਰੀਕਾ ਨੂੰ ਰਿਪਬਲੀਕਨਾਂ ਸਣੇ ਸਮੁੱਚੇ ਦੇਸ਼ ਵਾਸੀਆਂ ਨੂੰ ਨਾਲ ਲੈ ਕੇ ਤਰੱਕੀ ਦੇ ਰਾਹ ਉੱਤੇ ਅੱਗੇ ਵਧਾਉਣਗੇ।

ਉਨ੍ਹਾਂ ਕਿਹਾ ਕਿ ਆਉਣ ਵਾਲੇ ਹਫ਼ਤਿਆਂ ਦੌਰਾਨ ਉਹ ਗਵਰਨਰ ਰੋਮਨੀ ਨਾਲ ਮਿਲ ਬੈਠ ਕੇ ਇਸ ਗੱਲ ਲਈ ਵਿਚਾਰ ਕਰਨਗੇ ਕਿ ਕਿਵੇਂ ਇਸ ਦੇਸ਼ ਨੂੰ ਅੱਗੇ ਲਿਜਾਇਆ ਜਾ ਸਕਦਾ ਹੈ। ਉਧਰ, ਰਿਪਬਲੀਕਨ ਉਮੀਦਵਾਰ ਮਿੱਟ ਰੋਮਨੀ ਨੇ ਆਪਣੀ ਹਾਰ ਕਬੂਲਦਿਆਂ ਸ੍ਰੀ ਓਬਾਮਾ ਨੂੰ ਰਾਸ਼ਟਰਪਤੀ ਵਜੋਂ ਦੂਜੀ ਸਫਲ ਪਾਰੀ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਉਮੀਦ ਜ਼ਾਹਿਰ ਕੀਤੀ ਕਿ ਸ੍ਰੀ ਓਬਾਮਾ ਸਫਲਤਾਪੂਰਵਕ ਅਮਰੀਕਾ ਨੂੰ ਮੁਸ਼ਕਲਾਂ ਤੋਂ ਪਾਰ ਲੈ ਜਾਣਗੇ।

## ਕਾਂਗਰਸ ਵਿਚ 19 ਮਹਿਲਾ ਸੈਨੇਟਰ

**ਵਾਸ਼ਿੰਗਟਨ:** ਅਮਰੀਕਾ ਦੀ 113ਵੀਂ ਕਾਂਗਰਸ ਵਿਚ ਘੱਟੋ-ਘੱਟ 19 ਮਹਿਲਾ ਸੈਨੇਟਰਾਂ ਹੋਣਗੀਆਂ। ਦੇਸ਼ ਦੇ ਇਤਿਹਾਸ ਵਿਚ ਪਹਿਲੀ ਵਾਰ ਇੰਨੀ ਵੱਡੀ ਗਿਣਤੀ ਔਰਤਾਂ ਸੈਨੇਟਰ ਬਣੀਆਂ ਹਨ। ਰਿਪਬਲਿਕਨ ਦੇਬ ਫਿਸਚਰ (ਨੇਬਰਾਸਕਾ) ਤੇ ਡੈਮੋਕਰੈਟ ਟੈਮੀ ਬਾਲਡਵਿਨ (ਵਿਸਕੋਨਸਿਨ) ਮੇਜ਼ਾਈ ਹਿਰੋਨੋ (ਹਵਾਈ) ਤੇ ਐਲਿਜ਼ਾਬੈਥ ਵਾਰੇਨ (ਮੈਸੇਚਿਊਸਟਸ) ਸੈਨੇਟ ਵਿਚ ਪੁੱਜੀਆਂ ਹਨ।


ਛੇ ਡੈਮੋਕਰੈਟ ਮਹਿਲਾਵਾਂ ਦੀ ਚੋਣ ਦੂਜੀ ਵਾਰ ਹੋਈ ਹੈ। ਇਨ੍ਹਾਂ ਵਿਚ ਸੈਨੇਟਰ ਮਾਰੀਆ ਕੈਂਟਵੈਕ (ਵਾਸ਼ਿੰਗਟਨ), ਡਿਆਨ ਫੈਨਸਟੀਨ (ਕੈਲੀਫੋਰਨੀਆ), ਕ੍ਰਿਸਟਲ ਮਿਲੀਬਰੈਂਡ (ਨਿਊਯਾਰਕ), ਐਮੀ ਕਲੋਬੁਸ਼ਰ (ਮਿਨੀਸੋਟ), ਕਲੇਅਰ ਮੈਕ ਕਾਸਦਿਲ (ਮਿਸੂਰੀ), ਡੈਬੀ ਸਟਾਬਿਨੋ (ਮਿਸ਼ੀਗਨ) ਮੁਕਾਬਲਾ ਜਿੱਤੀਆਂ ਹਨ। ਇਸ ਵੇਲੇ 17 ਮਹਿਲਾ ਸੈਨੇਟਰਾਂ ਸਨ ਜੋ ਆਪਣੇ-ਆਪ ਵਿਚ ਰਿਕਾਰਡ ਸੀ।

ਸੈਨੇਟਰ ਕੇ ਬਾਇਲੀ ਹਚਿਸਨ (ਰਿਪਬਲਿਕ ਆਫ ਟੈਕਸਾਸ) ਤੇ ਓਲੰਪੀਆ ਸਨੋਈ (ਰਿਪਬਲਿਕ ਆਫ ਮੋਇਨ) ਦੋਵੇਂ ਸੇਵਾਮੁਕਤ ਹੋ ਰਹੀਆਂ ਹਨ। ਭਾਵ ਕਿ ਅਗਲੀ ਕਾਂਗਰਸ ਵਿਚ ਸਿਰਫ ਚਾਰ ਮਹਿਲਾ ਰਿਪਬਲਿਕਨ ਸੈਨੇਟਰ ਹੋਣਗੀਆਂ। ਰਿਪਬਲਿਕਨ ਸ਼ੈਲੀ ਬ੍ਰਾਕਲੇ (ਡਿਸਟ੍ਰਿਕਟ ਆਫ ਨੇਵਾਦਾ) ਚੋਣ ਹਾਰ ਗਈ। ਪੰਜ ਰਿਪਬਲਿਕਨ ਸਮੇਤ ਮਹਿਲਾ ਉਮੀਦਵਾਰ ਵੈਂਡੀ ਲੌਂਗ, ਐਲਿਜ਼ਾਬੇਥ ਐਮਕੇਨ ਤੇ ਲਿੰਡਾ ਲਿੰਗਲ ਚੋਣ ਹਾਰ ਗਈਆਂ। ਡੈਮੋਕਰੈਟਾਂ ਦੀ ਮੁਹਿੰਮ ਕਮੇਟੀ ਨੇ ਮਹਿਲਾ ਸੈਨੇਟਰਾਂ 'ਤੇ ਕਾਫੀ ਧਿਆਨ ਕੇਂਦਰਤ ਕੀਤਾ ਸੀ।

### ਹੇਠਲੇ ਸਦਨ ਵਿਚ ਹੋਏ ਰਿਪਬਲਿਕਨ ਹਾਵੀ

**ਵਾਸ਼ਿੰਗਟਨ:** ਅਮਰੀਕਾ ਵਿਚ ਰਾਸ਼ਟਰਪਤੀ ਚੋਣ ਦੇ ਨਾਲ ਹੀ ਹੋਈਆਂ ਕਾਂਗਰਸ ਚੋਣਾਂ ਦੌਰਾਨ ਉਪਰਲੇ ਸਦਨ ਸੈਨੇਟ ਵਿਚ ਜਿੱਥੇ ਡੈਮੋਕਰੈਟ ਮਾਮੂਲੀ ਬਹੁਮਤ ਹਾਸਲ ਕਰਨ ਵਿਚ ਕਾਮਯਾਬ ਰਹੇ ਹਨ, ਉੱਥੇ ਹੇਠਲੇ ਸਦਨ ਪ੍ਰਤੀਨਿਧ ਸਭਾ ਵਿਚ ਵਿਰੋਧੀ ਰਿਪਬਲਿਕਨਾਂ ਨੇ ਆਪਣਾ ਦਬਦਬਾ ਕਾਇਮ ਰੱਖਿਆ ਹੈ। ਸੈਨੇਟ ਦੀਆਂ 100 ਵਿਚੋਂ 33 ਤੇ ਪ੍ਰਤੀਨਿਧ ਸਭਾ ਦੀਆਂ ਸਾਰੀਆਂ 435 ਸੀਟਾਂ ਲਈ ਚੋਣ ਹੋਈ। ਸੈਨੇਟ ਵਿਚ ਹੁਣ ਸ੍ਰੀ ਓਬਾਮਾ ਦੀ ਡੈਮੋਕਰੈਟਿਕ ਪਾਰਟੀ ਦੀਆਂ 52 ਤੇ ਰਿਪਬਲਿਕਨ ਪਾਰਟੀ ਦੀਆਂ 44 ਸੀਟਾਂ ਹੋਣਗੀਆਂ।


## ਅਮੀ ਬੇਰਾ ਦੀ ਜਿੱਤ, ਬਾਕੀ ਭਾਰਤੀ ਹਾਰੇ



**ਵਾਸ਼ਿੰਗਟਨ:** ਡਾ. ਅਮੀ ਬੇਰਾ ਅਮਰੀਕੀ ਪ੍ਰਤੀਨਿਧੀਆਂ ਦੇ ਹਾਊਸ ਵਿਚ ਚੋਣ ਜਿੱਤ ਕੇ ਪੁੱਜਣ ਵਾਲੇ ਤੀਜੇ ਭਾਰਤੀ-ਅਮਰੀਕੀ ਵਿਅਕਤੀ ਬਣ ਗਏ ਹਨ ਜਦੋਂਕਿ ਇਸ ਕੌਮ ਦੇ ਪੰਜ ਹੋਰ ਉਮੀਦਵਾਰ ਬੁਰ੍ਹੀ ਤਰ੍ਹਾਂ ਚੋਣ ਹਾਰ ਗਏ ਹਨ। ਕੈਲੀਫੋਰਨੀਆ ਵਿਚ 45 ਸਾਲਾਂ ਦੇ ਬੇਰਾ ਨੇ 184 ਵੋਟਾਂ ਦੇ ਫਰਕ ਨਾਲ ਆਪਣੇ ਵਿਰੋਧੀ ਰਿਪਬਲਿਕਨ ਉਮੀਦਵਾਰ ਡਨ ਲੁੰਗਰਨ ਨੂੰ ਹਰਾਇਆ ਹੈ। ਬੇਰਾ ਨੇ 50. 1 ਵੋਟਾਂ ਹਾਸਲ ਕੀਤੀਆਂ ਹਨ ਜਦੋਂਕਿ ਲੁੰਗਰਨ ਨੂੰ 49.9 ਫੀਸਦੀ ਵੋਟ ਮਿਲੇ ਹਨ। ਬੇਰਾ ਨੂੰ 88406 ਵੋਟ ਮਿਲੇ ਹਨ ਜਦੋਂਕਿ ਲੁੰਗਰਨ ਨੂੰ 88222 ਵੋਟਾਂ ਪ੍ਰਾਪਤ ਹੋਈਆਂ ਹਨ। ਇਸ ਤੋਂ ਪਹਿਲਾਂ ਸਿਰਫ ਦੋ ਹੀ ਭਾਰਤੀ-ਅਮਰੀਕੀ ਅਮਰੀਕੀ ਪ੍ਰਤੀਨਿਧੀ ਹਾਊਸ ਵਿਚ ਦਾਖਲ ਹੋ ਸਕੇ ਸਨ। ਦਲੀਪ ਸਿੰਘ ਸੌਂਦ ਨੇ 1950 ਵਿਚ ਤੇ ਬੌਬੀ ਜਿੰਦਲ ਨੇ 2005 ਵਿਚ ਇਹ ਚੋਣ ਜਿੱਤੀ ਸੀ। ਬੇਰਾ ਦੇ ਮਾਪੇ 50 ਸਾਲ ਪਹਿਲਾਂ ਅਮਰੀਕਾ ਆਏ ਸਨ। ਬੇਰਾ ਨੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਲਈ ਦੋ ਵਾਰ ਚੋਣ ਪ੍ਰਚਾਰ ਕੀਤਾ ਸੀ। ਕੈਲੀਫੋਰਨੀਆ ਵਿਚ ਹੀ ਰਿਪਬਲਿਕਨ ਰਿੱਕੀ ਗਿੱਲ ਆਪਣੇ ਵਿਰੋਧੀ ਡੈਮੋਕਰੇਟ ਜੈਰੀ ਮੈਕਨੇਰਨੇ ਕੋਲੋਂ 10000 ਵੋਟਾਂ ਦੇ ਫਰਕ ਨਾਲ ਹਾਰ ਗਏ। ਚੋਣਾਂ ਹਾਰ ਜਾਣ ਵਾਲੇ ਬਾਕੀ ਭਾਰਤੀ-ਅਮਰੀਕੀ ਉਮੀਦਵਾਰਾਂ ਵਿਚ ਡਾ: ਸਈਦ ਤਾਜ, ਡਾ. ਮਨਨ ਤ੍ਰਿਵੇਦੀ, ਉਪੇਂਦਰ ਚਿਵੂਕੁਲਾ ਤੇ ਜੈਕ ਉੱਪਲ ਸ਼ਾਮਲ ਹਨ। ਉਪੇਂਦਰ 50000 ਤੋਂ ਵੀ ਵੱਧ ਵੋਟਾਂ ਦੇ ਫਰਕ ਦੇ ਨਾਲ ਹਾਰੇ ਹਨ।

## ਮਹਾਤਮਾ ਗਾਂਧੀ ਦੇ ਪੜਪੋਤੇ ਨੇ ਜਿੱਤੀ ਚੋਣ

**ਵਾਸ਼ਿੰਗਟਨ:** ਰਾਸ਼ਟਰਪਿਤਾ ਮਹਾਤਮਾ ਗਾਂਧੀ ਦੇ ਪੜਪੋਤੇ ਸ਼ਾਂਤੀ ਗਾਂਧੀ ਨੇ ਅਮਰੀਕਾ ਦੇ ਸੂਬੇ ਕੈਨਸਾਸ ਦੀ ਵਿਧਾਨ ਸਭਾ ਚੋਣ ਜਿੱਤ ਲਈ ਹੈ। ਇਹ ਚੋਣ 6 ਨਵੰਬਰ ਨੂੰ ਹੋਈ ਸੀ। 72 ਸਾਲਾਂ ਸ਼ਾਂਤੀ ਨੇ ਇਹ ਚੋਣ ਰਿਪਬਲਿਕਨ ਪਾਰਟੀ ਵੱਲੋਂ ਲੜੀ ਸੀ ਤੇ ਉਨ੍ਹਾਂ ਡੈਮੋਕਰੇਟਿਕ ਟੀ.ਟੈੱਡ ਨੂੰ ਮਾਤ ਦਿੱਤੀ। ਉਨ੍ਹਾਂ ਨੂੰ 6413 ਤੇ ਟੈੱਡ ਨੂੰ 5357 ਵੋਟਾਂ ਪਈਆਂ। ਉਹ ਮਹਾਤਮਾ ਗਾਂਧੀ ਦੇ ਪੋਤੇ ਮਰਹੂਮ ਕਾਂਤੀ ਲਾਲ ਤੇ ਉਨ੍ਹਾਂ ਦੀ ਪਤਨੀ ਸਰਸਵਤੀ ਗਾਂਧੀ ਦੇ ਪੁੱਤਰ ਹਨ। ਸ੍ਰੀ ਸ਼ਾਂਤੀ ਗਾਂਧੀ ਦਿਲ ਰੋਗਾਂ ਦੇ ਮਾਹਰ ਹਨ ਤੇ 2010 ਵਿਚ ਸੇਵਾਮੁਕਤ ਹੋਏ। ਉਨ੍ਹਾਂ ਨੇ ਯੂਨੀਵਰਸਿਟੀ ਆਫ ਬੰਬੇ ਤੋਂ ਮੈਡੀਕਲ ਗਰੈਜੂਏਸ਼ਨ ਕੀਤੀ ਤੇ 1967 ਵਿਚ ਅਮਰੀਕਾ ਆ ਗਏ।



## ਓਬਾਮਾ ਦੀ ਜਿੱਤ 'ਤੇ ਅਮਰੀਕੀ ਸਿੱਖ ਬਾਗੋਬਾਗ

**ਵਾਸ਼ਿੰਗਟਨ:** ਅਮਰੀਕੀ ਸਿੱਖਾਂ ਨੇ ਰਾਸ਼ਟਰਪਤੀ ਬਰਾਕ ਓਬਾਮਾ ਦੇ ਮੁੜ ਇਸ ਅਹੁਦੇ ਲਈ ਚੁਣੇ ਜਾਣ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਜਿੱਤ ਉਨ੍ਹਾਂ ਲਈ ਬਹੁਤ ਖਾਸ ਹੈ ਕਿਉਂਕਿ ਸ੍ਰੀ ਓਬਾਮਾ ਨੇ ਬੀਤੇ ਚਾਰ ਸਾਲਾਂ ਦੌਰਾਨ ਇਸ ਗੱਲ ਦਾ ਪ੍ਰਗਟਾਵਾ ਕੀਤਾ ਹੈ ਕਿ ਉਨ੍ਹਾਂ ਦੇ ਦਿਲ ਵਿਚ ਸਿੱਖ ਧਰਮ ਲਈ ਭਾਰੀ ਸਤਿਕਾਰ ਹੈ।

ਸਿੱਖ ਕੌਂਸਲ ਆਨ ਰਿਲੀਜ਼ਨ ਐਂਡ ਐਜੂਕੇਸ਼ਨ (ਸਕੋਰ) ਦੇ ਚੇਅਰਮੈਨ ਰਜਵੰਤ ਸਿੰਘ ਨੇ ਕਿਹਾ ਕਿ ਇਨ੍ਹਾਂ ਸਖਤ ਮੁਕਾਬਲੇ ਵਾਲੀਆਂ ਚੋਣਾਂ ਦੇ ਨਤੀਜਿਆਂ ਤੋਂ ਉਹ ਬਹੁਤ ਖੁਸ਼ ਹਨ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਸ਼ਹਿਰੀ ਹੱਕਾਂ ਦੀ ਰਾਖੀ ਲਈ ਸ੍ਰੀ ਓਬਾਮਾ ਪੂਰੇ ਦ੍ਰਿੜ ਸੰਕਲਪ ਹਨ। ਉਨ੍ਹਾਂ ਨੇ ਬੀਤੇ ਅਗਸਤ ਮਹੀਨੇ ਵਿਸਕਾਨਸਿਨ ਗੁਰਦੁਆਰੇ ਵਿਚ ਹੋਈ ਫਾਇਰਿੰਗ ਦੀ ਘਟਨਾ ਮੌਕੇ ਸਿੱਖ ਹਿਰਦਿਆਂ ਉਤੇ ਮੱਲ੍ਹਮ ਲਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਇਸ ਘਟਨਾ ਵਿਚ ਛੇ ਸਿੱਖ ਸ਼ਰਧਾਲੂ ਮਾਰੇ ਗਏ ਸਨ।

ਉਨ੍ਹਾਂ ਇਸ ਮੌਕੇ ਇਕ ਅਣਕਿਆਸਾ ਕਦਮ ਚੁੱਕਦਿਆਂ ਸੋਗ ਵਜੋਂ ਮੁਲਕ ਵਿਚ ਕੌਮੀ ਝੰਡਾ ਝੁਕਾ ਦਿੱਤਾ ਸੀ। ਸਖਤ ਮੁਕਾਬਲੇ ਵਾਲੇ ਸੂਬੇ ਓਹਾਈਓ ਦੇ ਸਿੱਖ ਡਾਕਟਰ ਦਰਸ਼ਨ ਸਿੰਘ ਨੇ ਕਿਹਾ ਸੀ ਕਿ ਸ੍ਰੀ ਓਬਾਮਾ ਨੂੰ ਉਨ੍ਹਾਂ ਦੇ ਕੰਮਾਂ ਲਈ ਹਮੇਸ਼ਾ ਯਾਦ ਰੱਖਿਆ ਜਾਵੇਗਾ। ਨਿਊ ਮੈਕਸੀਕੋ ਸਕੂਲ ਆਫ ਲਾਅ ਦੇ ਸਹਾਇਕ ਪ੍ਰੋਫੈਸਰ ਦਵਿੰਦਰ ਸਿੰਘ ਸੰਧੂ ਨੇ ਕਿਹਾ ਕਿ ਸ੍ਰੀ ਓਬਾਮਾ ਨੇ ਵਿਸਕਾਨਸਿਨ ਗੁਰਦੁਆਰੇ ਦੀ ਘਟਨਾ ਮੌਕੇ ਸਿੱਖ ਭਾਈਚਾਰੇ ਨੂੰ ਸਹੀ ਹੁਲਾਰਾ ਦਿੱਤਾ ਹੈ। ਅਮਰੀਕੀ ਸਿੱਖਾਂ



ਲਈ ਕੰਮ ਕਰਨ ਵਾਲੀ ਵਲੈਰੀ ਕੌਰ ਨੇ ਕਿਹਾ ਕਿ ਸ੍ਰੀ ਓਬਾਮਾ ਦੀ ਚੋਣ ਨਾਲ ਇਸ ਚੁਣੌਤੀਆਂ ਭਰੇ ਦੌਰ ਵਿਚ ਉਨ੍ਹਾਂ ਨੂੰ ਆਸ ਦੀ ਇਕ ਕਿਰਨ ਦਿਖਾਈ ਦਿੱਤੀ ਹੈ।

# ਓਬਾਮਾ ਦੀ ਸ਼ਖ਼ਸੀਅਤ ਦਾ ਜਾਦੂ ਚੱਲਿਆ

**ਵਾਸ਼ਿੰਗਟਨ:** ਬਰਾਕ ਓਬਾਮਾ ਮੁੜ ਅਮਰੀਕਾ ਦੇ ਰਾਸ਼ਟਰਪਤੀ ਚੁਣ ਲਏ ਗਏ ਹਨ। ਸਾਰੇ ਅੜਿੱਕੇ ਸਰ ਕਰਦਿਆਂ ਇਸ ਸਿਆਹਫਾਮ ਆਗੂ ਨੇ ਵਾਈਟ ਹਾਊਸ ਵਿਚ ਚਾਰ ਸਾਲ ਹੋਰ ਟਿਕੇ ਰਹਿਣ ਲਈ ਆਪਣੀ ਕਾਬਲੀਅਤ ਸਿੱਧ ਕੀਤੀ। ਓਬਾਮਾ ਆਪਣੇ ਬੋਲਾਂ ਨਾਲ ਲੋਕਾਂ ਨੂੰ ਕੀਲਣ ਦਾ ਦਮ ਰੱਖਦੇ ਹਨ। 51 ਸਾਲਾ ਓਬਾਮਾ ਜੋ ਮਿੱਟ ਰੋਮਨੀ ਦੀ ਕਰੜੀ ਟੱਕਰ ਵਿਚ ਜੇਤੂ ਬਣ ਕੇ ਸਾਹਮਣੇ ਆਏ ਹਨ ਪਰ ਉਸ ਅੱਗੇ ਅਗਲੇ ਚਾਰ ਸਾਲ ਦਾ ਬੜਾ ਕਰੜਾ ਸਮਾਂ ਹੈ।

ਦੇਸ਼ ਦੀ ਢਿੱਲੀ-ਮੱਠੀ ਜਿਹੀ ਆਰਥਿਕਤਾ, ਬੇਰੁਜ਼ਗਾਰੀ ਜਿਹੇ ਮੁੱਦੇ ਵੱਡੀ ਫਿਕਰਮੰਦੀ ਹਨ ਪਰ ਉਸ ਦੀ ਵਿਦੇਸ਼ ਨੀਤੀ ਪਹਿਲਾਂ ਵਾਂਗ ਹੀ ਏਸ਼ੀਆ ਪ੍ਰਸ਼ਾਂਤ ਕੇਂਦਰਤ ਰਹਿਣ ਦੇ ਆਸਾਰ ਹਨ ਜਿਸ ਵਿਚ ਭਾਰਤ ਨੂੰ ਅਮਰੀਕੀ ਰਣਨੀਤੀ ਵਿਚ ਅਹਿਮ ਕੜੀ ਵਜੋਂ ਦੇਖਿਆ ਜਾਂਦਾ ਹੈ। ਭਾਰਤ ਨਾਲ ਬਹੁਤ ਮਜ਼ਬੂਤ ਸਬੰਧਾਂ ਦੇ ਧਾਰਨੀ ਓਬਾਮਾ ਨੂੰ ਘਰੇਲੂ ਮਜਬੂਰੀਆਂ ਕਾਰਨ ਆਪਣੀ ਚੋਣ ਮੁਹਿੰਮ ਦੌਰਾਨ ਭਾਰਤ ਨੂੰ ਨੌਕਰੀਆਂ ਆਊਟਸੋਰਸ ਕੀਤੇ ਜਾਣ ਵਿਰੁੱਧ ਬੋਲਣਾ ਪਿਆ ਸੀ। ਆਪਣੇ ਪਹਿਲੇ ਕਾਰਜਕਾਲ ਦੌਰਾਨ ਭਾਰਤ ਦੌਰੇ 'ਤੇ ਜਾਣ ਵਾਲੇ ਓਬਾਮਾ ਪਹਿਲੇ ਰਾਸ਼ਟਰਪਤੀ ਹਨ।

ਉਨ੍ਹਾਂ ਨੇ ਨਵੀਂ ਦਿੱਲੀ ਦੀ ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਵਿਚ ਸਥਾਈ ਸੀਟ ਹੋਣ ਦੀ ਵੀ ਪੈਰਵੀ ਕੀਤੀ। ਡਗਮਗਾ ਰਹੀ ਆਰਥਿਕਤਾ ਨਾਲ ਨਜਿੱਠਣ ਦੇ ਉਸ ਦੇ ਤਰੀਕਿਆਂ ਤੋਂ ਬੇਹੱਦ ਖਫ਼ਾ ਅਮਰੀਕੀ ਫਿਰ ਵੀ ਉਸ ਦੇ ਨਾਲ ਨਿਭੇ ਹਨ। ਗੋਰੀ ਅਮਰੀਕਨ ਮਾਂ ਐਨ ਡਨਹਮ ਤੇ ਕੀਨੀਆ ਦੇ ਜੰਮਪਲ ਤੇ ਹਾਵਡ ਪੜ੍ਹੇ ਅਰਥ ਸ਼ਾਸਤਰੀ ਪਿਤਾ ਦੇ ਘਰ 4 ਅਗਸਤ, 1961 ਨੂੰ ਹੋਨੋਲੂਲੂ (ਹਵਾਈ) ਵਿਚ ਜਨਮੇ ਬਰਾਕ ਹੁਸੈਨ ਓਬਾਮਾ, 4 ਨਵੰਬਰ 2008 ਨੂੰ ਅਮਰੀਕਾ ਦੇ 44ਵੇਂ ਰਾਸ਼ਟਰਪਤੀ ਚੁਣੇ ਗਏ ਸਨ।



*ਰਾਸ਼ਟਰਪਤੀ ਬਰਾਕ ਓਬਾਮਾ ਆਪਣੀ ਪਤਨੀ ਅਤੇ ਧੀਆਂ ਨਾਲ।*

ਸਿਆਹਫਾਮ ਲੋਕਾਂ ਦੇ ਨਾਗਰਿਕ ਹੱਕਾਂ ਲਈ ਜੂਝਣ ਵਾਲੇ ਮਾਰਟਿਨ ਲੂਥਰ ਕਿੰਗ ਦੀ ਅਮਰੀਕੀਆਂ ਨੂੰ 'ਬਰਾਬਰਤਾ ਦੇ ਆਪਣੇ ਸੁਪਨੇ' ਨੂੰ ਅਪਣਾਉਣ ਦੀ ਚੁਣੌਤੀ ਤੋਂ ਸਹੀ 45 ਸਾਲ ਮਗਰੋਂ ਓਬਾਮਾ ਵਾਈਟ ਹਾਊਸ ਪੁੱਜੇ ਸਨ।

ਅਮਰੀਕਾ ਵਿਚ 'ਸੱਚਮੁੱਚ ਦੀ ਤਬਦੀਲੀ' ਲਿਆਉਣ ਦਾ ਦਾਅਵਾ ਕਰਨ ਵਾਲੇ ਨੋਬਲ ਪੁਰਸਕਾਰ ਜੇਤੂ ਓਬਾਮਾ 21 ਜਨਵਰੀ, 2013 ਨੂੰ ਦੂਜੀ ਵਾਰ ਰਾਸ਼ਟਰਪਤੀ ਦੇ ਅਹੁਦੇ ਦੀ ਸਹੁੰ ਚੁੱਕਣਗੇ। ਓਬਾਮਾ ਅਮਰੀਕਾ-ਭਾਰਤ ਵਿਚਾਲੇ ਮਜ਼ਬੂਤ ਸਬੰਧਾਂ ਦੇ ਹਾਮੀ ਹਨ। ਨਵੰਬਰ 2009 ਵਿਚ ਪਹਿਲੇ ਸਟੇਟ ਡਿਨਰ ਵਿਚ ਉਨ੍ਹਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਵੀ ਸੱਦਿਆ ਸੀ। ਓਬਾਮਾ ਨੇ ਵੱਡੀ ਗਿਣਤੀ ਭਾਰਤੀ-ਅਮਰੀਕੀਆਂ ਨੂੰ ਆਪਣੇ ਪ੍ਰਸ਼ਾਸਨ ਵਿਚ ਵੱਡੇ ਅਹੁਦੇ ਦਿੱਤੇ ਹਨ।

ਉਸ ਦੇ ਕਾਰਜਕਾਲ ਵਿਚ ਹੀ ਭਾਰਤ-ਅਮਰੀਕਾ ਦੁਵੱਲਾ ਕਾਰੋਬਾਰ 100 ਅਰਬ ਡਾਲਰ ਟੱਪਿਆ ਸੀ। ਓਸਾਮਾ ਬਿਨ ਲਾਦਿਨ ਨੂੰ ਮਾਰਨ ਲਈ ਪਾਕਿਸਤਾਨ ਦੇ ਐਬਟਾਬਾਦ ਵਿਚ ਅਮਰੀਕੀ ਕਮਾਂਡੋ ਭੇਜਣੇ, ਇਰਾਕ ਵਿਚੋਂ ਫੌਜਾਂ ਵਾਪਸ ਬੁਲਾਉਣ ਜਿਹੇ ਤੇ ਰੂਸ ਦੇ ਰਾਸ਼ਟਰਪਤੀ ਦਮਿੱਤਰੀ ਮੇਦਵੇਦੇਵ ਨਾਲ ਪਰਮਾਣੂ ਹਥਿਆਰਾਂ ਬਾਰੇ ਸਮਝੌਤੇ ਜਿਹੇ ਦਲੇਰਾਨਾ ਕਾਰਜ ਓਬਾਮਾ ਨੇ ਅੰਜਾਮ ਦਿੱਤੇ।

ਪਿਛਲੇ ਕਾਰਜਕਾਲ ਦੌਰਾਨ ਉਸ ਨੇ ਬੜੇ ਔਖੇ ਸਮੇਂ ਵੀ ਦੇਖੇ ਪਰ ਉਸ ਨੇ ਦ੍ਰਿੜਤਾ ਨਾਲ ਹਰ ਆਫਤ ਦਾ ਟਾਕਰਾ ਕੀਤਾ। ਮਾਪਿਆਂ ਦੇ ਤਲਾਕ ਮਗਰੋਂ ਓਬਾਮਾ ਦਾ ਪਾਲਣ-ਪੋਸ਼ਣ ਉਸ ਦੇ ਦਾਦੇ (ਪੈਟਲ ਆਰਮੀ ਵਿਚ ਤਾਇਨਾਤ) ਤੇ ਦਾਦੀ ਨੇ ਕੀਤਾ। ਸਕੂਲ ਦੀ ਪੜ੍ਹਾਈ ਮਗਰੋਂ ਸ਼ਿਕਾਗੋ ਗਏ ਓਬਾਮਾ ਨੇ ਮਗਰੋਂ ਹਾਵਰਡ ਲਾਅ ਸਕੂਲ ਵਿਚ ਪੜ੍ਹਾਈ ਕੀਤੀ ਤੇ ਗਰੈਜੂਏਸ਼ਨ ਮਗਰੋਂ ਸ਼ਿਕਾਗੋ ਵਾਪਸ ਆ ਗਏ। ਨਾਗਰਿਕ ਅਧਿਕਾਰਾਂ ਦੇ ਵਕੀਲ ਤੇ ਪ੍ਰੋਫੈਸਰ ਵਜੋਂ ਉਥੇ ਸਰਗਰਮ ਰਹੇ।

# ਰਾਜ ਸ਼ਾਹ ਲਈ ਮੰਤਰੀ ਮੰਡਲ ਦਾ ਰਾਹ ਖੁੱਲ੍ਹਿਆ?

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਦੂਜੀ ਵਾਰ ਚੋਣ ਜਿੱਤਣ ਮਗਰੋਂ ਆਪਣੇ ਨਵੇਂ ਮੰਤਰੀ ਮੰਡਲ ਲਈ ਸੋਚ ਵਿਚਾਰ ਸ਼ੁਰੂ ਕਰ ਦਿੱਤਾ ਹੈ ਤੇ ਇਸ ਵਾਰ ਮੰਤਰੀ ਮੰਡਲ ਵਿਚ ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਰਾਜ ਸ਼ਾਹ ਦਾ ਦਾਅ ਲੱਗ ਸਕਦਾ ਹੈ। ਜੇਕਰ ਅਜਿਹਾ ਹੋ ਗਿਆ ਤਾਂ ਉਹ ਕਿਸੇ ਅਮਰੀਕੀ ਰਾਸ਼ਟਰਪਤੀ ਦੀ ਕੈਬਨਿਟ ਵਿਚ ਸ਼ਾਮਲ ਹੋਣ ਵਾਲੇ ਪਹਿਲੇ ਭਾਰਤੀ ਬਣ ਜਾਣਗੇ।



ਸ੍ਰੀ ਸ਼ਾਹ ਇਸ ਵੇਲੇ ਯੂਨਾਈਟਿਡ ਸਟੇਟਸ ਏਜੰਸੀ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ (ਯੂ.ਐਸ.ਏਡ) ਦੇ ਮੁਖੀ ਹਨ ਤੇ ਉਨ੍ਹਾਂ ਨੇ ਇਸ ਅਹੁਦੇ 'ਤੇ ਰਹਿੰਦਿਆਂ ਜਿਹੜੀ ਆਪਣੀ ਪ੍ਰਸ਼ਾਸਕੀ ਸੂਝ ਦਿਖਾਈ ਹੈ, ਉਸ ਦੇ ਰਾਸ਼ਟਰਪਤੀ ਓਬਾਮਾ ਕਾਇਲ ਹਨ। ਇਸ ਲਈ ਸ਼ਾਹ ਕੈਬਨਿਟ ਦੀ ਦੌੜ ਵਿਚ ਕਾਫ਼ੀ ਮਜ਼ਬੂਤ ਦਾਅਵੇਦਾਰ ਹਨ।

ਸੂਤਰਾਂ ਅਨੁਸਾਰ 39 ਸਾਲਾ ਸ਼ਾਹ ਨੂੰ ਓਬਾਮਾ ਪ੍ਰਸ਼ਾਸਨ ਵਿਚ ਸਿਹਤ ਤੇ ਮਨੁੱਖੀ ਸੇਵਾਵਾਂ, ਖੇਤੀ ਤੇ ਸਿੱਖਿਆ ਮੰਤਰਾਲੇ ਵਿਚੋਂ ਕੋਈ ਵੀ ਇਕ ਵਿਭਾਗ ਮਿਲ ਸਕਦਾ ਹੈ। ਸ਼ਾਹ ਦੀ ਨਿਯੁਕਤੀ ਬਾਰੇ ਵ੍ਹਾਈਟ ਹਾਊਸ ਨੇ ਕੋਈ ਖੁਲਾਸਾ ਨਹੀਂ ਕੀਤਾ। ਵ੍ਹਾਈਟ ਹਾਊਸ ਦੇ ਬੁਲਾਰੇ ਜੇ ਕੋਰਨੇ ਨੇ ਦੱਸਿਆ ਕਿ ਅਜਿਹਾ ਕੋਈ ਐਲਾਨ ਕਰਨ ਲਈ ਮੇਰੇ ਕੋਲ ਕੁਝ ਨਹੀਂ ਹੈ।

# ਤੁਲਸੀ ਨੇ ਸਿਰਜਿਆ ਇਤਿਹਾਸ

**ਵਾਸ਼ਿੰਗਟਨ:** ਪਹਿਲੀ ਹਿੰਦੂ-ਅਮਰੀਕੀ ਵਜੋਂ ਅਮਰੀਕਾ ਦੇ ਪ੍ਰਤੀਨਿਧ ਸਦਨ ਵਿਚ ਦਾਖਲ ਹੋ ਕੇ ਤੁਲਸੀ ਗਾਬਾਰਡ ਨੇ ਇਤਿਹਾਸ ਰਚਿਆ ਹੈ। ਉਸ ਨੇ ਆਪਣੇ ਰਿਪਬਲਿਕਨ ਵਿਰੋਧੀ ਨੂੰ ਹਵਾਈ ਸੀਟ ਤੋਂ ਹਰਾਇਆ ਹੈ।

ਇਰਾਕ ਜੰਗ ਵਿਚ ਹਿੱਸਾ ਲੈਣ ਵਾਲੀ 31 ਸਾਲਾ ਤੁਲਸੀ ਨੇ ਰਿਪਬਲਿਕਨ ਪਾਰਟੀ ਦੇ ਕੇ ਕਰਾਉਲੇ ਨੂੰ ਹਰਾਇਆ ਸੀ। ਕਾਂਗਰਸ ਵਿਚ ਸ਼ਾਮਲ ਹੋਣ ਵਾਲੀ ਉਹ ਪਹਿਲੀ ਮਹਿਲਾ ਲੜਾਕੂ ਵੀ ਹੈ। ਉਹ ਭਾਰਤੀ ਜਾਂ ਭਾਰਤੀ ਵਿਰਸੇ ਵਿਚੋਂ ਨਹੀਂ ਹੈ। ਉਸ ਦਾ ਪਿਤਾ ਮਾਈਕ ਗਾਬਾਰਡ ਹਵਾਈ ਸਟੇਟ ਸੈਨੇਟਰ ਹੈ ਤੇ ਮਾਂ ਕੈਰੋਲ ਪੋਰਟਰ ਗਾਬਾਰਡ ਸਿੱਖਿਆ ਸ਼ਾਸਤਰੀ ਤੇ ਕਾਰੋਬਾਰੀ ਹੈ।

**ਅਮਰੀਕੀ ਕਾਂਗਰਸ ਵਿਚ ਪਹਿਲੀ ਹਿੰਦੂ**






ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 3,000 Minutes
$50 • $100 Available
✓ ਵਧੀਆ, ਸਾਫ਼ ਆਵਾਜ਼
✓ ਘਰੋਂ, ਸੈਲ ਫੋਨ ਤੋਂ ਵਰਤੋ
✓ ਇਕ ਮਿੰਟ ਗੱਲ, ਇਕ ਮਿੰਟ ਦੇ ਪੈਸੇ
✓ ਮਿੰਟ ਤੁਹਾਡੇ ਵਰਤਿਆਂ ਹੀ ਖਤਮ ਹੋਣਗੇ
ਸਾਨੂੰ ਗਾਹਕ ਭੇਜੋ ਤੇ ਫਰੀ ਮਿੰਟ ਲਵੋ!
ਇਕੋ ਡੀਲ ਤੇ ਦੋ ਨੰਬਰ ਕੱਠੇ ਚੱਲ ਸਕਦੇ ਹਨ।
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
Limited Time Offer. Restrictions & Fees Apply.
800-914-1013 • 408-726-6103

Noble Dental Care

Family and Cosmetic Dentistry



Shital Shah, DDS

ਸਪੈਸ਼ਲ ਆਫਰ Special Offer

$50 Dental X-Rays, Examination Consultation and Cleaning (Cash Patients Only)* *Conditions Apply

Up to 50% off Cash Patients. Senior and Student Discounts

*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children

*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ

ਵਿਆਜ ਰਹਿਤ ਪੇਮੈਂਟ ਪਲੈਨ

Invisalign



Starting at $2,950*

*Limitided time offer may end without notice. Restrictions apply. Not valid with any other offer.

Emergency Patients Welcome
Evening/Saturday Appointments Available

State of the Art Dental Technology
Most Dental PPO Plans Accepted
Interest Free Payment Plans Available

Ph:510-493-2130
www.1nobledentalcare.com

34603 Alvarado Niles Rd., Union City, CA (Alvarado Niles & Decoto Rd., Behind Taco Bell)

The Anu Attorney Immigration Law Firm
Law offices of Anu Peshawaria

*Green Card *Family Immigration *Employment/Investor Visa *Citizenship *Litigation & Deportation *Defense *Appeals *BIA & Ninth Circuit Court



*Bankruptcy Consultation and Filing

Visa: Students, Athletes, Musicians, Journalists, Nurses, Teachers, Cooks, Religious & other professionals

Woman of the year award 1991 – India
US acclaimed extraordinary ability
Awarded for outstanding community service

Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

Weekends & Evening
Appointments Available

Call:1-866-586-6297, 510-353-0102

46560 Fremont Blvd., STE#205, Fremont, CA 94538
anu@anuattorney.com www.anuattorney.com

UNITED SIKHS

*Recognize the Human Race as One*












# "ਗਰੀਬ ਕੀ ਰਸਨਾ ਕੋ ਗੁਰੂ ਕੀ ਗੋਲਕ ਜਾਣੋ"

ਆਪ ਸਮੂਹ ਸਿੱਖ ਸੰਗਤਾਂ ਭਲੀਭਾਂਤ ਜਾਣੂੰ ਹੋ ਕਿ ਅਮਰੀਕਾ ਵਿੱਚ ਆਈ ਕੁਦਰਤੀ ਕਰੋਪੀ ਹਰੀਕੇਨ ਸੈਂਡੀ ਨੇ ਕਿਵੇਂ ਸਮੁੱਚੇ ਅਮਰੀਕਾ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਅਜਿਹੀ ਔਖੀ ਘੜੀ ਵਿੱਚ ਯੂਨਾਈਟਿਡ ਸਿੱਖਸ ਜਥੇਬੰਦੀ ਨੇ ਗੁਰੂ ਨਾਨਕ ਸਾਹਿਬ ਦੇ ਸਰਬੱਤ ਦੇ ਭਲੇ ਦੇ ਸਿਧਾਂਤ ਅਤੇ ਦਸਮੇਸ਼ ਪਿਤਾ ਦੇ ਅਨਿਨ ਸਿੱਖ ਭਾਈ ਘਨੱਈਆ ਜੀ ਦੀ ਬਿਨਾਂ ਭਿੰਨ-ਭੇਦ ਦੇ ਮਨੁੱਖਤਾ ਦੀ ਸੇਵਾ ਦੇ ਆਸ਼ੇ ਅਨੁਸਾਰ ਕਾਰਜ ਅਰੰਭੇ, ਜਿਹੜੇ ਕਿ ਅਜੇ ਵੀ ਨਿਰੰਤਰ ਜਾਰੀ ਹਨ।

ਸਿੱਖ ਸਿਧਾਂਤਾਂ ਨੂੰ ਪ੍ਰਣਾਈ ਹੋਈ ਅਤੇ ਯੂਨਾਈਟਿਡ ਨੇਸ਼ਨਜ਼ ਤੋਂ ਮਾਨਤਾ ਪ੍ਰਾਪਤ ਸੰਸਥਾ ਯੂਨਾਈਟਿਡ ਸਿੱਖਸ ਤੁਹਾਨੂੰ ਅਮਰੀਕਾ ਵਿੱਚ ਚੱਲ ਰਹੇ ਰਾਹਤ ਕਾਰਜਾਂ (ਜਿਵੇਂ ਲੰਗਰ ਦੀ ਸੇਵਾ, ਡਾਕਟਰੀ ਸਹਾਇਤਾ) ਵਿੱਚ ਮਨੁੱਖਤਾ ਦੇ ਭਲੇ ਲਈ ਵਧ ਚੜ੍ਹ ਕੇ ਯੋਗਦਾਨ ਪਾਉਣ ਲਈ ਨਿਮਰਤਾ ਸਹਿਤ ਬੇਨਤੀ ਕਰਦੀ ਹੈ। ਆਪ ਸਾਰਿਆਂ ਨੇ ਪਹਿਲਾਂ ਵੀ ਸੁਨਾਮੀ, ਕੈਟਰੀਨਾ, ਪਾਕਿਸਤਾਨ ਵਿੱਚ ਆਏ ਭੁਚਾਲ ਅਤੇ ਹੇਤੀ ਵਿੱਚ ਆਈ ਕੁਦਰਤੀ ਕਰੋਪੀ ਦੌਰਾਨ ਚੱਲੇ ਰਾਹਤ ਕਾਰਜਾਂ ਵਿੱਚ ਸਾਨੂੰ ਸਹਿਯੋਗ ਦਿੱਤਾ ਸੀ। ਹੁਣ ਵੀ ਤੁਸੀਂ ਸਾਡਾ ਸਾਥ ਦੇ ਰਹੇ ਹੋ।

ਵਿਸਕੌਨਸਨ ਦੀ ਮੰਦਭਾਗੀ ਘਟਨਾ ਤੋਂ ਬਾਅਦ ਇਹ ਹੋਰ ਵੀ ਜ਼ਰੂਰੀ ਹੋ ਗਿਆ ਹੈ ਕਿ ਅਸੀਂ ਆਪਣੇ ਧਰਮ ਦੀ ਜਾਣਕਾਰੀ ਇਥੋਂ ਦੇ ਲੋਕਾਂ ਨੂੰ ਪਹੁੰਚਾਈਏ ਅਤੇ ਵੱਧ ਚੜ੍ਹ ਕੇ ਇਸ ਤਰ੍ਹਾਂ ਦੇ ਰਾਹਤਕਾਰੀ ਕਾਰਜਾਂ 'ਚ ਹਿੱਸਾ ਲਈਏ।

ਅਸੀਂ ਸਮੂਹ ਸਾਧ ਸੰਗਤ, ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ, ਸਮਾਜ ਸੇਵੀ ਸੰਸਥਾਵਾਂ, ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਅਤੇ ਰੇਡੀਓ ਟਾਕ ਸ਼ੋਅ ਮੇਜ਼ਬਾਨਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਪੂਰੀ ਤਨਦੇਹੀ ਨਾਲ ਸਾਡਾ ਸਾਥ ਦਿੱਤਾ। ਇਸ ਦੇ ਨਾਲ ਹੀ ਜਿਨ੍ਹਾਂ ਵੀਰਾਂ, ਭੈਣਾਂ, ਬਜ਼ੁਰਗਾਂ, ਬੱਚਿਆਂ ਨੇ ਨਿਸ਼ਕਾਮ ਭਾਵਨਾ ਨਾਲ ਇਨ੍ਹਾਂ ਕਾਰਜਾਂ ਨੂੰ ਚਲਾਉਣ ਲਈ ਸਾਡੀ ਮਦਦ ਕੀਤੀ, ਸਾਨੂੰ ਉਤਸ਼ਾਹਿਤ ਕੀਤਾ, ਅਸੀਂ ਉਨ੍ਹਾਂ ਦੇ ਰੋਮ ਰੋਮ ਰਿਣੀ ਹਾਂ ਅਤੇ ਅੱਗੋਂ ਵੀ ਉਨ੍ਹਾਂ ਦੇ ਸਾਥ ਦੀ ਕਾਮਨਾ ਕਰਦੇ ਹਾਂ।

ਕੁਝ ਕੁ ਗੁਰਦੁਆਰਾ ਸਾਹਿਬਾਨ ਅਤੇ ਉਨ੍ਹਾਂ ਦੀ ਸਿੱਖ ਸੰਗਤਾਂ ਅਤੇ ਸਮਾਜ ਸੇਵੀ ਸੰਸਥਾਵਾਂ, ਜਿਨ੍ਹਾਂ ਨੇ ਇਸ ਸੇਵਾ ਵਿੱਚ ਵਿਸ਼ੇਸ਼ ਸਹਿਯੋਗ ਦਿੱਤਾ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ, ਜੇ ਕਿਸੇ ਗੁਰਦੁਆਰਾ ਸਾਹਿਬ ਦਾ ਨਾਮ ਅਨਜਾਣੇ ਵਿੱਚ ਰਹਿ ਗਿਆ ਹੋਵੇ ਤਾਂ ਅਸੀਂ ਖਿਮਾਂ ਦੇ ਜਾਚਕ ਹਾਂ।

### For those that assisted Day & Night & provided vital resources and Emergency Assistance on the Ground

FEMA
Office of Emergency Management (OEM)
NYC VOAD
NJ VOAD
New York Disaster Interfaith Service
NY Daily News (for use of their trucks)
Salvation Army
Sikh Cultural Society, Richmond Hill, NY
Baba Makhan Shah Lubana Gurdwara, NY
Gurdwara Sant Majha Singh Ji, Sant Baba Roshan Singh ji, Karamjot Sikh Center, New York
Gurdwara Sant Sagar, Bellerose, NY
Guru Gobind Singh Gurdwara, Plainview, NY
Mata Saheb Kaur Gurdwara, Glencove, Long Island, NY
Sri Guru Singh Sabha, Glenrock, NJ
Garden State Sikh Association Gurdwara, Bridgewater, NJ
Sri Dashmesh Darbar, Carteret, NJ
Sri Guru Singh Sabha, Carteret, NJ
Gurdwara Nanak Naam Jahaz Gurdwara Saheb, Jersey City, NJ
Gurdwara Guru Nanak Darbar, Southington, Connecticut
Connecticut Sikh Association, CT
Apnaa Bazaar
Subzi Mandi, Sadhu Vasvani Temple
The Fidelis Group, Rockland Bakery, NJ
Soapbox Soaps, LLC

### For those that assisted in providing funding and supplies to help in the relief effort

Radio Chardi Kala
American Gurdwara Parbhandhak Committee
World Sikh Council
Bay Area Sikh Alliance
Gurdwara Sahib Fremont, CA
Gurdwara Sahib El Sobrante, CA
Gurdwara Sahib Stockton, CA
Gurdwara Sahib Tracy, CA
Gurdwara Sahib Manteca, CA
Gurdwara Singh Sabha, Richardson, TX
Sikh Center of Gulf Coast, Houston, TX
Gurdwara Sikh Sangat, Euless, TX
Gurdwara Akaljot, Garland, TX
Sikh Temple of North Texas, Garland, TX
Sikh Gurdwara of North Carolina, Durham, NC
Sikh Gurdwara of Charlotte, NC
Singh Sabha of South Carolina, Lexington, SC
Sewa Gurdwara, Roswell, GA
Guru Nanak Mission Society, Atlanta, GA
Sadh Sangat Gurdwara, Tucker, GA
Sikh Study Circle, Stone Mountain, GA
Bhagat Puran Singh Health Initiative
Bhai Ghaniya Charitable Trust Sacramento

| ਸ਼ਰਨ ਘਰਾਂ ਦੀ ਸੰਖਿਆ | ਭੋਜਨ ਵੰਡ ਦੀ ਸੇਵਾ | ਪਾਣੀ ਦੀ ਸੇਵਾ | ਕੰਬਲ | ਬੱਚਿਆਂ ਦੇ ਡਾਇਪਰ | ਤੌਲੀਏ | ਐਮਰਜੈਂਸੀ ਸਪਲਾਈ (ਫਲੈਸ਼ ਲਾਈਟ, ਬੈਟਰੀਆਂ ਆਦਿ) |
|---|---|---|---|---|---|---|
| 29 | 24800 | 10000 | 1980 | 3500 | 1000 | 2000 ਬੈਟਰੀਆਂ 1000 ਗਰਮ ਕੱਪੜੇ |

**This need will go on for months and we request everyone to donate what you can at www.unitedsikhs.org/donate**

**Also you may visit www.unitedsikhs.org or call 1-888-243-1690, 1-646-688-3525, 469-222-6288 with any questions.**

## ਬਾਲਡਵਿਨ ਬਣੀ ਪਹਿਲੀ ਸਮਲਿੰਗੀ ਸੈਨੇਟਰ

**ਵਾਸ਼ਿੰਗਟਨ:** ਵਿਸਕੋਨਸਿਨ ਦੇ ਸਾਬਕਾ ਗਵਰਨਰ ਟੌਮੀ ਥੌਂਪਸਨ ਨੂੰ ਹਰਾ ਕੇ ਟੈਮੀ ਬਾਲਡਵਿਨ ਅਮਰੀਕਾ ਦੀ ਪਹਿਲੀ ਸਮਲਿੰਗੀ ਸੈਨੇਟਰ ਬਣ ਗਈ ਹੈ। ਉਸ ਨੇ ਐਲਾਨ ਕੀਤਾ ਕਿ ਉਹ ਬਰਾਕ ਓਬਾਮਾ ਨਾਲ ਰਲ ਕੇ ਕੰਮ ਕਰਨ ਲਈ ਤਿਆਰ ਹੈ ਤੇ ਵਿਸਕੋਨਸਿਨ ਦੇ ਮੱਧ ਵਰਗ ਲਈ ਹਰ ਤਰ੍ਹਾਂ ਦੀ ਲੜਾਈ ਲੜੇਗੀ। 50 ਸਾਲਾ ਡੈਮੋਕਰੈਟ ਪ੍ਰਤੀਨਿਧ ਬਾਲਡਵਿਨ ਅਮਰੀਕੀ ਇਤਿਹਾਸ ਵਿਚ ਪਹਿਲੀ ਸਮਲਿੰਗੀ ਔਰਤ ਹੈ ਜੋ ਆਪਣੀ ਇਸ ਪ੍ਰਵਿਰਤੀ ਦਾ ਸ਼ਰੇਆਮ ਖੁਲਾਸਾ ਕਰਦੀ ਹੈ ਪਰ ਚੋਣਾਂ ਵਿਚ ਇਹ ਵਰਤਾਰਾ ਮੁੱਦਾ ਨਹੀਂ ਸੀ।

## ਪੰਜਾਬ ਵਿਚ ਰੋਜ਼ਾਨਾ ਦੋ ਕਿਸਾਨਾਂ ਵੱਲੋਂ ਖੁਦਕਸ਼ੀ

**ਚੰਡੀਗੜ੍ਹ (ਬਿਊਰੋ):** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਇਕ ਰਿਪੋਰਟ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਪੰਜਾਬ ਦੇ ਦੋ ਕਿਸਾਨ ਰੋਜ਼ਾਨਾ ਖੁਦਕਸ਼ੀ ਕਰਦੇ ਹਨ। ਇਨ੍ਹਾਂ ਖੁਦਕਸ਼ੀਆਂ ਦਾ ਕਾਰਨ ਮਹਿੰਗਾਈ ਅਤੇ ਕਰਜ਼ਾ ਹੈ। ਇਸ ਰਿਪੋਰਟ ਦੇ ਮੁਤਾਬਕ ਸਾਲ 2000 ਤੋਂ 2010 ਦਰਮਿਆਨ ਖੁਦਕਸ਼ੀਆਂ ਦੇ ਮਾਮਲੇ ਵਧੇ ਹਨ। ਇਸ ਦੌਰਾਨ ਸੱਤ ਹਜ਼ਾਰ ਤੋਂ ਜ਼ਿਆਦਾ ਕਿਸਾਨਾਂ ਨੇ ਖੁਦਕਸ਼ੀ ਕੀਤੀ ਜਿਨ੍ਹਾਂ ਵਿਚੋਂ ਛੇ ਹਜ਼ਾਰ ਕਿਸਾਨ ਮਾਲਵੇ ਦੇ ਛੇ ਜ਼ਿਲਿਆਂ ਦੇ ਹਨ। ਇਹ ਜ਼ਿਲੇ ਲੁਧਿਆਣਾ, ਮੋਗਾ, ਬਰਨਾਲਾ, ਮਾਨਸਾ, ਸੰਗਰੂਰ ਤੇ ਬਠਿੰਡਾ ਹਨ।

ਰਿਪੋਰਟ ਤਿਆਰ ਕਰਨ ਵਾਲੀ ਟੀਮ ਦੇ ਮੁਖੀ ਡਾ. ਸੁਖਪਾਲ ਸਿੰਘ ਨੇ ਇਹ ਰਿਪੋਰਟ ਪੰਜਾਬ ਸਰਕਾਰ ਨੂੰ ਸੌਂਪੀ ਹੈ।

ਰਿਪੋਰਟ ਅਨੁਸਾਰ ਖੇਤੀ ਵਿਚ ਲਾਗਤ ਵਧ ਰਹੀ ਹੈ ਤੇ ਫਸਲ ਪਾਲਣ ਲਈ ਕਿਸਾਨਾਂ ਨੂੰ ਬੈਂਕ ਅਤੇ ਆੜ੍ਹਤੀਆਂ ਕੋਲੋਂ ਕਰਜ਼ਾ ਲੈਣਾ ਪੈਂਦਾ ਹੈ। ਇਸ ਕਰਜ਼ੇ ਦੀ ਦਲਦਲ ਵਿਚ ਕਿਸਾਨ ਫਸ ਕੇ ਰਹਿ ਜਾਂਦੇ ਹਨ ਤੇ ਖੁਦਕਸ਼ੀ ਲਈ ਮਜਬੂਰ ਹੋ ਜਾਂਦੇ ਹਨ।


PANNU'S Legal Services



We provide services in

Bring US passport & proof of residence by 9:00 am at SF location we prepare your papers & get visa on sameday for $99 only. Call for details

G.S. Pannu
Immigration Consultant - LDA



IMMIGRATION CITIZENSHIP | DIVORCE CHILD SUPPORT | INDIAN PASSPORT | INDIAN VISA

OCI/PIO, Renunciation, Power of Attorney and related matters

We also handle Property and Divorce cases in Punjab

Serving you at Three Locations

FREMONT
4127 Bay St., Unit 7
Fremont, CA 94538
(Near Fremont Bharat Bazar)

SAN FRANCISCO
965 Mission St., Unit 102
San Francisco, CA 94103
(Near India Visa Center)

MANTECA
1381 E. Yosemite Ave
Manteca, CA 95336
(off 99 & 120 Hwy - beside Dollar Tree store)

Call (510) 677-5200 (209) 679-8025

E-mail: indiavisa123@yahoo.com • Fax: (510) 279-7624



ਕੀ ਤੁਸੀਂ ਜਿਆਦਾ ਭਾਰ ਦੇ ਕਾਰਨ ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕਾਵਟ ਮਹਿਸੂਸ ਹੋਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਕੀ ਟਰੱਕ ਚਲਾਉਣ ਕਰ ਕੇ ਤੁਹਾਡੇ ਕੋਲ ਜ਼ਿਮ ਜਾਣ ਜਾਂ ਕਸਰਤ ਕਰਨ ਦਾ ਵਿਹਲ ਹੀ ਨਹੀਂ ਹੈ?
> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਸੌਖਿਆਂ ਹੀ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।
> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਆਪਣੀਆਂ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।



ਹਰਜੀਤ ਸਿੰਘ ਜੌਹਲ:ਪਹਿਲਾਂ ਭਾਰ 204 ਪੌਂਡ ਅਤੇ ਬਾਅਦ ਵਿਚ 164 ਪੌਂਡ

Safe & Easy Weight Loss
Ph:317-886-4858

916 East Main Street, Suite 106,
Greenwood, IN 46143
ਦੇਸੀ ਬਾਜ਼ਾਰ ਦੇ ਬਿਲਕੁਲ ਕਰੀਬ
ਦਫਤਰ ਹਾਈਵੇਅ ਆਈ-65 ਦੇ ਐਗਜ਼ਿਟ 99 ਦੇ ਬਿਲਕੁਲ ਨੇੜੇ
www.punjabiweightloss.blogspot.com
www.goherbalife.com/skaur

ਟਰੱਕਰ ਵੀਰ EFS, T-check, Com-check ਰਾਹੀਂ ਪੇਅਮੈਂਟ ਕਰ ਸਕਦੇ ਹਨ।



SECURE YOUR HOME & BUSINESS

PARTNER WITH PIXIM EVERY PIXEL TELLS A STORY
WDR TECHNOLOGY

Vista CCTV TECHNOLOGY



Why Vista

- HIGH QUALITY PRODUCT WITH 2 YEARS WARRANTY
- HIGH BRAND REPUTATION
- 16 YEARS HISTORY IN CCTV
- ADVANCE PRODUCT DESIGN
- TRAINED TECHNICAL STAFF
- PROFESSIONAL INSTALLATION

High End HD Series

QUALITY & RESOLUTION BUILD BY TECHNOLOGY NOT BY THE PRICE

SPECIAL OFFER 4 CAMERAS WITH 4 CH DVR LED MONITOR INCLUDED $1449 +Tax

SPECIAL OFFER 8 CAMERAS INSTALLATION INCLUDED LED MONITOR INCLUDED $2849 +Tax

SPECIAL OFFER 12 CAMERAS INSTALLATION INCLUDED LED MONITOR INCLUDED $4249 +Tax

24/7 HIGH END SECURITY SOLUTION
WE INSTALL ANYWHERE IN USA
14 YEARS EXPERIENCE IN CCTV BUSINESS

Call Sukhpal 661-586-5080

Email : sales@ezchase.com Customer Service: 1-800-235-1391



ooraa



ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ!
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

Resolve your IRS Tax Debt / Problems

100% SATISFACTION GUARANTEED

ਅੱਜ ਹੀ ਸਾਨੂੰ ਕਾਲ ਕਰੋ

(888) 888-9914

www.ooraa.org

# ਸਿੱਖ ਇਤਿਹਾਸ ਦੇ ਮੰਚਣ ਵਾਲੇ ਸਿੰਧਰਾ ਅਮਰੀਕਾ ਫੇਰੀ ‘ਤੇ

**ਸੈਨ ਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ):** ਸਿੱਖ ਧਰਮ ਨਾਲ ਸਬੰਧਤ ਇਤਿਹਾਸਕ ਸ਼ਤਾਬਦੀਆਂ ਮੌਕੇ ਵੱਖ ਵੱਖ ਇਤਿਹਾਸਕ ਪ੍ਰਸੰਗ ‘ਰੌਸ਼ਨੀ ਤੇ ਆਵਾਜ਼’ ਮਾਧਿਅਮ ਰਾਹੀਂ ਲੋਕਾਂ ਤੱਕ ਪਹੁੰਚਾਉਣ ਵਾਲੇ ਬਜ਼ੁਰਗ ਨਾਟਕਕਾਰ ਸ. ਚਰਨ ਸਿੰਘ ਸਿੰਧਰਾ ਅੱਜ-ਕੱਲ੍ਹ ਅਮਰੀਕਾ ਫੇਰੀ ’ਤੇ ਹਨ। ਪੰਜਾਬੀ ਨਾਟਕ ਅਕੈਡਮੀ ਦੇ ਡਾਇਰੈਕਟਰ ਸ. ਸਿੰਧਰਾ ‘ਰੌਸ਼ਨੀ ਅਤੇ ਆਵਾਜ਼’ ਮਾਧਿਅਮ ਰਾਹੀਂ ‘ਸਿੱਖ ਇਤਿਹਾਸ ਦਾ ਮੰਚਣ’ ਵਿਸ਼ੇ ਵਾਲੇ ਵਿਸ਼ੇਸ਼ ਪ੍ਰਾਜੈਕਟ ’ਤੇ ਕੰਮ ਕਰਨ ਵਾਸਤੇ ਆਏ ਹਨ।

ਪ੍ਰਾਜੈਕਟ ਸਹਿਯੋਗੀ ਸ. ਨਵਜੋਤ ਸਿੰਘ ਅਨੁਸਾਰ ‘ਸੱਚ ਕੀ ਬੇਲਾ’, ‘ਮਰਦ ਅਗੰਮੜਾ’, ‘ਭਲੇ ਅਮਰਦਾਸ ਗੁਣ ਤੇਰੇ’, ‘ਨਿੱਕੀਆਂ ਜਿੰਦਾਂ ਵੱਡਾ ਸਾਕਾ’, ‘ਸਾਕਾ ਚਮਕੌਰ’, ‘ਇਨਕਲਾਬੀ ਯੋਧਾ ਭਗਤ ਸਿੰਘ’ ਅਤੇ ‘ਪੰਜਾਬੀ ਪੁੱਤਰ ਊਧਮ ਸਿੰਘ’ ਜਿਹੇ ਕਈ ਨਾਟਕੀ ਜਿਗਰਪਾਰੇ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਉਣ ਵਾਲੇ ਸ. ਸਿੰਧਰਾ ਨੂੰ ਖਾਲਸਾ ਪੰਥ ਦੇ ਪੰਜਾਂ ਤਖ਼ਤਾਂ ਤੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਨੈਸ਼ਨਲ ਸਕੂਲ ਆਫ਼ ਡਰਾਮਾ ਵੱਲੋਂ ‘ਪੇਂਡੂ ਰੰਗ ਕਰਮੀ’ ਐਵਾਰਡ, ਮੁਹੰਮਦ ਰਫ਼ੀ ਐਵਾਰਡ (ਲੋਕ ਸੰਗੀਤ), ਪੰਜਾਬ ਸਟੇਟ ਐਵਾਰਡ (ਰੰਗ ਮੰਚ ਕਲਾ), ਪੰਜਾਬ ਰੰਗ ਰਤਨ ਐਵਾਰਡ ਨਾਲ



*‘ਮਰਦ ਅਗੰਮੜਾ’ ਨਾਟਕ ਦੇ ਸੂਤਰਧਾਰ ਸਾਈਂ ਭੀਖਣ ਸ਼ਾਹ ਦੇ ਰੂਪ ਵਿਚ ਸ. ਚਰਨ ਸਿੰਘ ਸਿੰਧਰਾ।*

ਸਨਮਾਨਿਆ ਜਾ ਚੁਕਾ ਹੈ। ਨਾਟਕਕਾਰ ਸ. ਸਿੰਧਰਾ ਦਾ ਵਿਚਾਰ ਹੈ ਕਿ ਸਿੱਖ ਇਤਿਹਾਸ ਅਤੇ ਪੰਜਾਬੀ ਸੱਭਿਆਚਾਰ ਦਾ ‘ਰੌਸ਼ਨੀ ਤੇ ਆਵਾਜ਼’ ਰਾਹੀਂ ਕੀਤਾ ਜਾਣ ਵਾਲਾ ਮੰਚਨ ਵਿਦੇਸ਼ਾਂ ’ਚ ਜੰਮੀ ਪਲੀ ਨਵੀਂ ਪੀੜ੍ਹੀ ਵਾਸਤੇ ਦਿਲਚਸਪ ਅਤੇ ਜਾਣਕਾਰੀ ਭਰਪੂਰ ਹੋਵੇਗਾ।

ਇਸ ਕਾਰਜ ਨੂੰ ਅਮਲੀ ਰੂਪ ਦੇਣ ਲਈ ਸ. ਸਿੰਧਰਾ ਨਾਲ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ, ਮੀਤ ਪ੍ਰਧਾਨ ਡਾ. ਗੁਰਮੀਤ ਸਿੰਘ ਬਰਸਾਲ, ਰੰਗਕਰਮੀ ਬਿਕਰਮਦੀਪ, ਰਾਜ ਕੁਮਾਰ ਅਤੇ ਬੀਬੀ ਹਰਿੰਦਰ ਕੌਰ ਨਾਲ ਮੀਟਿੰਗ ਹੋ ਚੁੱਕੀ ਹੈ। ਹੋਰ ਸੰਸਥਾਵਾਂ ਵੀ ਉਨ੍ਹਾਂ ਨੂੰ ਸਹਿਯੋਗ ਦੇ ਰਹੀਆਂ ਹਨ। ਕੌਮ ਦੇ ਬੇਨਜ਼ੀਰ ਵਿਰਸੇ ਨਾਲ ਨੌਜਵਾਨ ਪੀੜ੍ਹੀ ਨੂੰ ਜੋੜਨ ਦੀਆਂ ਚਾਹਵਾਨ ਸ਼ਖ਼ਸੀਅਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸਾਹਿਤ ਅਤੇ ਸੱਭਿਆਚਾਰਕ ਸੰਸਥਾਵਾਂ ਸ. ਸਿੰਧਰਾ ਨਾਲ ਫੋਨ ਨੰਬਰ 408-347-0366 ‘ਤੇ ਸੰਪਰਕ ਕਰ ਸਕਦੀਆਂ ਹਨ।

**ਸਨਮਾਨ 17 ਨਵੰਬਰ ਨੂੰ:** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵਲੋਂ ਸ. ਸਿੰਧਰਾ ਦਾ ਸਨਮਾਨ 17 ਨਵੰਬਰ ਸਨਿਚਰਵਾਰ ਨੂੰ ਗੁਰਦੁਆਰਾ ਸੈਨ ਹੋਜ਼ੇ ਦੇ ਲਾਇਬਰੇਰੀ ਰੂਮ ਵਿਚ ਬਾਅਦ ਦੁਪਹਿਰ 12:30 ਵਜੇ ਕੀਤਾ ਜਾਵੇਗਾ। ਸਭਾ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨੇ ਸਮੂਹ ਪੰਜਾਬੀਆਂ ਨੂੰ ਇਸ ਸਮਾਗਮ ਵਿਚ ਪਹੁੰਚਣ ਦੀ ਅਪੀਲ ਕੀਤੀ ਹੈ।

# ਸੁਰਜੀਤ ਮੈਮੋਰੀਅਲ ਹਾਕੀ ਵਿਚ ਰਿਹਾ ਪਰਵਾਸੀ ਪੰਜਾਬੀਆਂ ਦਾ ਵੱਡਾ ਯੋਗਦਾਨ

**ਫਰੀਮਾਂਟ (ਬਿਊਰੋ):** ਆਪਣੇ ਸਮੇਂ ਦੇ



ਮਹਾਨ ਹਾਕੀ ਖਿਡਾਰੀ ਓਲੰਪੀਅਨ ਸੁਰਜੀਤ ਸਿੰਘ ਦੀ ਯਾਦ ਵਿਚ ਜਲੰਧਰ ਵਿਚ ਕਰਵਾਇਆ ਜਾਂਦਾ ਸੁਰਜੀਤ ਹਾਕੀ ਮੈਮੋਰੀਅਲ ਟੂਰਨਾਮੈਂਟ ਇਸ ਸਾਲ ਵੀ ਪੂਰੀ ਤਰ੍ਹਾਂ ਕਾਮਯਾਬ ਰਿਹਾ। ਇਸ ਟੂਰਨਾਮੈਂਟ ਵਿਚ ਪਰਵਾਸੀ ਪੰਜਾਬੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਅਮਰੀਕਾ ਅਤੇ ਕੈਨੇਡਾ ਤੋਂ ਬਹੁਤ ਸਾਰੇ ਪਰਵਾਸੀ ਪੰਜਾਬੀ ਨਾ ਸਿਰਫ ਇਹ ਟੂਰਨਾਮੈਂਟ ਦੇਖਣ ਲਈ ਹੀ ਪਹੁੰਚੇ ਸਗੋਂ ਉਨ੍ਹਾਂ ਨੇ ਮਾਇਕ ਪੱਖ ਤੋਂ ਵੀ ਵੱਡਾ ਯੋਗਦਾਨ ਪਾਇਆ।

ਕੈਲੀਫੋਰਨੀਆ ਰਹਿੰਦੇ ਹਾਕੀ ਖਿਡਾਰੀ ਕਸ਼ਮੀਰ ਸਿੰਘ ਧੁੱਗਾ ਤੋਂ ਬਿਨਾ ਅਮਰਜੀਤ ਸਿੰਘ ਢਿੱਲੋਂ, ਅਮਰਜੀਤ ਸਿੰਘ ਟੁੱਟ, ਅਮੋਲਕ ਸਿੰਘ ਗਾਖਲ, ਸ਼ਿਕਾਗੋ ਤੋਂ ਨਿੱਕ ਗਾਖਲ ਅਤੇ ਕੈਨੇਡਾ ਤੋਂ ਤਰਲੋਕ ਭੁੱਲਰ ਤੇ ਬੌਬੀ ਸੋਹੀ ਪਹੁੰਚੇ ਹੋਏ ਸਨ। ਯੁਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਚੇਅਰਮੈਨ ਅਤੇ ਬਿਜਸਨਮੈਨ ਅਮੋਲਕ ਸਿੰਘ ਗਾਖਲ ਨੇ ਜੇਤੂ ਇੰਡੀਅਨ ਆਇਲ ਟੀਮ ਨੂੰ 3.5 ਲੱਖ ਰੁਪਏ ਦਾ ਪਹਿਲਾ ਇਨਾਮ ਦਿੱਤਾ ਅਤੇ ਅਮਰਜੀਤ ਸਿੰਘ ਟੁੱਟ ਨੇ ਇਕ ਕਾਰ ਦਿੱਤੀ। ਕੈਨੇਡਾ ਤੋਂ ਬੌਬੀ ਜੌਹਲ ਨੇ ਸੁਰਜੀਤ ਹਾਕੀ ਮੈਮੋਰੀਅਲ ਸੰਸਥਾ ਨੂੰ 4 ਲੱਖ ਰੁਪਏ ਦੀ ਮਦਦ ਦਿੱਤੀ।

ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਕਰਵਾਏ ਗਏ ਸੁਰਜੀਤ ਮੈਮੋਰੀਅਲ ਹਾਕੀ ਟੂਰਨਾਮੈਂਟ ਵਿਚ ਇੰਡੀਅਨ ਆਇਲ ਦੀ ਟੀਮ ਜੇਤੂ ਰਹੀ ਸੀ ਅਤੇ ਇਹ ਟੂਰਨਾਮੈਂਟ ਇਕਬਾਲ ਸੰਧੂ, ਐਸ ਡੀ ਐਮ ਜਲੰਧਰ, ਗੁਰਇੰਦਰ ਸਿੰਘ, ਐਸ ਪੀ ਲਖਵਿੰਦਰ ਸਿੰਘ ਖਹਿਰਾ ਅਤੇ ਐਸ ਪੀ ਅਮਰੀਕ ਸਿੰਘ ਪਵਾਰ ਦੇ ਯੋਗ ਪ੍ਰਬੰਧ ਹੇਠ ਕਰਵਾਇਆ ਗਿਆ ਸੀ।





# ਦਿੱਲੀ ਗੁਰਦੁਆਰਾ ਚੋਣਾਂ ਲਈ ਪੂਰੀ ਤਿਆਰੀ: ਸਰਨਾ

**ਚੰਡੀਗੜ੍ਹ:** ਦਿੱਲੀ ਅਕਾਲੀ ਦਲ ਦੇ ਜਨਰਲ ਸਕੱਤਰ ਐਚ.ਐਸ. ਸਰਨਾ ਨੇ ਕਿਹਾ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਕਿਸੇ ਵੀ ਸਮੇਂ ਹੋ ਸਕਦੀਆਂ ਹਨ। ਸੁਪਰੀਮ ਕੋਰਟ ਨੇ ਕੁਝ ਹਫਤੇ ਪਹਿਲਾਂ ਇਹ ਫੈਸਲਾ ਸੁਣਾਇਆ ਸੀ ਕਿ ਇਹ ਚੋਣਾਂ ਇਸ ਸਾਲ 31 ਦਸੰਬਰ ਤੋਂ ਪਹਿਲਾਂ-ਪਹਿਲਾਂ ਕਰਾਈਆਂ ਜਾਣ ਪਰ ਇਸ ਫੈਸਲੇ ਤੋਂ ਪਿੱਛੋਂ ਦਿੱਲੀ ਸਰਕਾਰ ਨੇ ਦਿੱਲੀ ਦੇ ਸਿੱਖਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਰਾਜਧਾਨੀ ਦੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਹੋਰ ਸੁਧਾਰ ਕਰਨ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ 1971 ਵਿਚ ਸੋਧ ਕਰਨ ਦਾ ਫੈਸਲਾ ਕੀਤਾ ਜਿਸ ਦੀ ਪ੍ਰਕਿਰਿਆ ਵੀ ਸ਼ੁਰੂ ਹੋ ਚੁੱਕੀ ਹੈ ਜਿਸ ਤੋਂ ਸਾਡੇ ਵਿਰੋਧੀਆਂ ਨੇ ਇਹ ਪ੍ਰਭਾਵ ਲੈ ਲਿਆ ਕਿ ਇਹ ਸਾਰਾ ਕੁਝ ਆਮ ਚੋਣਾਂ ਲਟਕਾਉਣ ਲਈ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਬੇਸ਼ੱਕ ਦਿੱਲੀ ਦੀ ਰਾਜ ਸਰਕਾਰ ਜਦੋਂ ਮਰਜ਼ੀ ਚਾਹੇ ਆਮ ਚੋਣਾਂ ਕਰਵਾ ਲਵੇ, ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਤੇ ਉਹ ਚੋਣਾਂ ਲਈ ਤਿਆਰ-ਬਰ-ਤਿਆਰ ਹਨ। ਇਹ ਫੈਸਲਾ ਦਿੱਲੀ ਸਰਕਾਰ ਨੇ ਕਰਨਾ ਹੈ ਕਿ ਉਹ ਆਮ ਚੋਣਾਂ ਕਦੋਂ ਕਰਾਉਣਾ ਚਾਹੁੰਦੀ ਹੈ, ਇਸ ਬਾਰੇ ਉਹ ਤਿੰਨ ਦਸੰਬਰ ਤੱਕ ਸੁਪਰੀਮ ਕੋਰਟ ਨੂੰ ਦੱਸ ਦੇਵੇਗੀ। ਦਿੱਲੀ ਤੇ ਨਵੀਂ ਦਿੱਲੀ ਦੇ ਤਕਰੀਬਨ ਪੰਜ ਲੱਖ ਸਿੱਖ ਵੋਟਰ 51 ਮੈਂਬਰਾਂ ਦੀ ਚੋਣ ਕਰਨਗੇ। ਇਨ੍ਹਾਂ ਵਿਚ 46 ਮੈਂਬਰਾਂ ਦੀ ਚੋਣ ਸਿੱਖ ਵੋਟਰ ਕਰਨਗੇ। ਅੱਗੋਂ ਨਵਾਂ ਚੁਣਿਆ ਹੋਇਆ ਹਾਊਸ ਦੋ ਮੈਂਬਰਾਂ ਨੂੰ ਨਾਮਜ਼ਦ ਕਰੇਗਾ। ਦੋ ਮੈਂਬਰ ਦਿੱਲੀ ਦੀਆਂ ਸਿੰਘ ਸਭਾਵਾਂ ਕੁਆਪਟ ਕਰਨਗੀਆਂ ਤੇ ਇਕ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਚੁਣ ਕੇ ਜਾਂ ਨਾਮਜ਼ਦ ਕਰਕੇ ਭੇਜੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੇ ਪ੍ਰਧਾਨ ਦੀ ਚੋਣ ਵੀ ਚਾਰ ਵਰ੍ਹਿਆਂ ਲਈ ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਦੇ ਸਿੱਖ ਵੋਟਰਾਂ ਵਲੋਂ ਸਿੱਧੀ ਹੋਣੀ ਚਾਹੀਦੀ ਹੈ।

# ਆਖ ਤਸਵੀਰਾਂ ਬੋਲਦੀਆਂ

‘ਪੰਜਾਬ ਟਾਈਮਜ਼’ ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ ‘ਆਖ ਤਸਵੀਰਾਂ ਬੋਲਦੀਆਂ’ ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ ’ਤੇ ਭੇਜੋ। ‘ਗਾਗਰ ਵਿਚ ਸਾਗਰ’ ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 24 ਨਵੰਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-39



*ਤਸਵੀਰ: ਗੁਰਬਖਸ਼ੀਸ਼ ਗਰੇਵਾਲ*

*ਹਾਕਮ ਕੋਈ ਇਥੇ ਦਾ ਹੋਣੈ ਅੰਨ੍ਹਾ, ਕੰਨੋ ਬੋਲਾ,*
*ਦੇਖਦਿਆਂ ਆਉਂਦੀ ਨ੍ਹੀਂ ਹੋਣੀ ਸੰਗ ਉਸ ਨੂੰ ਤੋਲਾ।*
*ਨਾਲ ਗਰੀਬੀ ਭੰਨੇ ਬੱਚੇ, ਪਹੁੰਚੇ ਚੱਕ ਕੇ ਝੋਲਾ,*
*ਨਾ ਮਾਸਟਰ, ਨਾ ਛੱਤ ਪਲਸਤਰ, ਇਹ ‘ਸਰਕਾਰੀ ਖੋਲਾ!’*

## ਕੈਪਸ਼ਨ ਮੁਕਾਬਲਾ-37



ਪਿੰਡੋਂ ਬਾਹਰ ਮੱਥੇ ਲਗਦੇ,
ਗੁਹਾਰੇ ਹੁੰਦੇ ਸ਼ਾਨ ਪਿੰਡ ਦੀ।
ਕਲਾਕਾਰੀ ਦਾ ਇਹ ਨਮੂਨਾ
ਅਸਲੀ ਹੈ ਪਹਿਚਾਨ ਪਿੰਡ ਦੀ
*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਪਾਥੀਆਂ ਆਪਣੇ ਹੱਥੀਂ ਪੱਥਦੀ
ਕੁਝ ਕੰਧ ‘ਤੇ, ਕੁਝ ਥੱਲੇ ਰੱਖਦੀ।
ਪੋਟਿਆਂ ਦੇ ਨਾਲ ਸਿਰ ਨੂੰ ਕੱਜਦੀ,
ਲਿਬੜੀ ਹੋਈ ਵੀ ਚੰਗੀ ਲੱਗਦੀ।
*-ਹਰਨਾਮ ਸਿੰਘ*
*ਸਿਆਟਲ, ਵਾਸ਼ਿੰਗਟਨ।*

---

ਮਹਿੰਗੇ ਹੋਏ ਗੈਸ ਸਿਲੰਡਰ
ਮਹਿੰਗਾਈ ਦਾ ਚੜ੍ਹ ਗਿਆ ਪਾਰਾ।
ਚੁੱਲ੍ਹੇ ਬਾਲਾਂਗੇ, ਨਾਲੇ ਸੇਕਾਂਗੇ,
ਕਰਾਂਗੇ ਪਾਥੀਆਂ ਨਾਲ ਗੁਜ਼ਾਰਾ।
ਚਿਣ ਚਿਣ ਪਾਥੀ ‘ਤੇ ਪਾਥੀ,
ਸਭ ਨੇ ਮੜ੍ਹ ਲਿਆ ਮੁਹਾਰਾ।
ਪਿੰਡ ਦੀਆਂ ਬੀਬੀਆਂ ਨੇ ਵੇਖੋ,
ਬਾਲਣ ਸਾਂਭ ਲਿਆ ਨਿਆਰਾ।
*-ਪਰਸ਼ੋਤਮ ਸਿੰਘ, ਯੂਬਾ ਸਿਟੀ।*

---

ਵਿਹਲੇ ਵੇਲੇ ਛਿੰਦੋ, ਨਿੰਦੋ,
ਪੱਥੀਆਂ ਪਾਥੀਆਂ ਵਿਹੜੇ।
ਦੇਖੋ ਕਿੰਜ ਦਿਖਾਈ ਕਲਾਕਾਰੀ,
ਪਾਥੀਆਂ ਨੂੰ ਦਿੱਤੇ ਗੇੜੇ ‘ਤੇ ਗੇੜੇ।
*-ਬਿਕਰਮਜੀਤ ਸਿੰਘ ਬਿੱਕੀ*
*ਸਟਾਕਟਨ, ਕੈਲੀਫੋਰਨੀਆ।*

## ਕੈਪਸ਼ਨ ਮੁਕਾਬਲਾ-36



ਉਹੋ ਮਿੱਟੀ ਤੇ ਉਹੋ ਹੀ ਪੌਣ ਪਾਣੀ
ਵੱਖੋ ਵੱਖਰੇ ਰੰਗ ਚੜ੍ਹਾਈ ਜਾਵੇ।
ਉਹਦੇ ਰੰਗਾਂ ਦਾ ਭੇਦ ਨਾ ਕਿਸੇ ਪਾਇਆ,
ਕਰਤਾ ਪੁਰਖ ਹੀ ਕਲਾ ਵਰਤਾਈ ਜਾਵੇ।
*-ਫਕੀਰ ਚੰਦ ਸੈਂਪਲਾ, ਐਲ ਏ*

---

ਪਤਝੜ ਤੋਂ ਮੈਂ ਕਦੇ ਨਾ ਡਰਿਆ,
ਆਉਂਦਾ ਇਕ ਦਿਨ ਖੇੜਾ।
ਜੋਬਨ ਰੁੱਤ ਜਦ ਆ ਜਾਂਦੀ ਏ,
ਖਿੜ ਖਿੜ ਉਠਦਾ ਵਿਹੜਾ।
*-ਸੁਖਪ੍ਰੀਤ ਸਿੰਘ, ਮੈਰੀਲੈਂਡ।*


ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ
ਸਟਾਕਟਨ ਇਲਾਕੇ 'ਚ ਰਹਿੰਦੇ
ਟਰੱਕਾਂ ਵਾਲੇ ਵੀਰਾਂ ਦੀਆਂ
ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ
ਇਸ ਮਹੀਨੇ ਸਪੈਸ਼ਲ ਆਫ਼ਰ
Full Oil Change
$189 + Tax
One Axle Brake
$179 + Tax (23000 lbs)
Repair Shop
ਟਰੱਕ 'ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work,Tune Up, Transmission & Clutch ਆਦਿ ਦੀ ਮੁਰੰਮਤ ਤਸੱਲੀਬਖ਼ਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ-ਟਰੇਲਰ Wash ਵੀ ਕੀਤਾ ਜਾਂਦਾ ਹੈ।
Tel: 209.547.9210
Fax: 209.547.9211
Dispatch
ਅਸੀਂ ਕੈਨੇਡਾ ਵਾਸਤੇ ਪੱਕੇ ਲੋਡ ਚੁਕਾਉਂਦੇ ਹਾਂ। Calgary ਤੇ Edmonton ਦੇ Dedicated ਲੋਡ ਹਨ। ਤੁਸੀਂ ਸਾਡੇ ਟਰੇਲਰ ਵੀ Pull ਕਰ ਸਕਦੇ ਹੋ। ਅਸੀਂ Fuel Advance ਵੀ ਦਿੰਦੇ ਹਾਂ।
Tel: 209.547.9210
Fax: 209.547.9211
Registration Services
ਹਰ ਤਰ੍ਹਾਂ ਦੇ ਟਰੱਕਿੰਗ ਨਾਲ ਸਬੰਧਤ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਅਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮੱਦਦ ਕਰਦੇ ਹਾਂ।
Tel: 209.982.9996
Fax: 209.982.9997
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ Stockton ਵਿਚ Highway 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Tel: 209.547.9210
Fax: 209.547.9211
www.gfbontime.com
email: raj@gfbontime.com
ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

# ਕੈਨੇਡਾ ਸਰਕਾਰ ਦੀ ਸ਼ਹੀਦ ਸਿੱਖ ਫੌਜੀਆਂ ਨੂੰ ਸਲਾਮ

**ਚੰਡੀਗੜ੍ਹ:** ਪਹਿਲੀ ਸੰਸਾਰ ਜੰਗ ਵਿਚ ਕੈਨੇਡਾ ਵੱਲੋਂ ਲੜਨ ਵਾਲੇ ਨੌਂ ਸਿੱਖਾਂ ਦੀ ਕੁਰਬਾਨੀ ਨੂੰ ਚੇਤੇ ਕਰਾਉਣ ਵਾਲੀ ਤਖ਼ਤੀ ਛੇਤੀ ਹੀ ਇਥੇ ਸਥਿਤ ਕੈਨੇਡਿਆਈ ਕੌਂਸਲ ਜਨਰਲ ਦੇ ਦਫਤਰ ਦੀਆਂ ਕੰਧਾਂ ਉਪਰ ਨਜ਼ਰ ਆਵੇਗੀ। ਇਹ ਤਖ਼ਤੀ ਤਿੰਨ ਭਾਸ਼ਾਵਾਂ ਅੰਗਰੇਜ਼ੀ, ਫਰੈਂਚ ਤੇ ਪੰਜਾਬੀ ਵਿਚ ਹੈ। ਇਸ ਤਖ਼ਤੀ ਦਾ ਉਦਘਾਟਨ ਕੌਂਸਲ ਜਨਰਲ ਸਕੌਟ ਸਲੈਸਰ ਨੇ ਆਪਣੀ ਰਿਹਾਇਸ਼ 'ਤੇ ਕੀਤਾ। ਇਸ ਮੌਕੇ ਕੈਨੇਡਾ ਦੇ ਖੇਡ ਰਾਜ ਮੰਤਰੀ ਬਲਜੀਤ ਸਿੰਘ ਗੋਸਲ ਵੀ ਹਾਜ਼ਰ ਸਨ। ਪ੍ਰਾਈਵੇਟ (ਸਿਪਾਹੀ) ਬੁਕਮ ਸਿੰਘ ਤੇ ਅੱਠ ਹੋਰ ਸਿੱਖ ਫੌਜੀਆਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਦੋ ਮਿੰਟ ਦਾ ਮੋਨ ਵੀ ਰੱਖਿਆ ਗਿਆ।

ਸ੍ਰੀ ਸਕੌਟ ਨੇ ਕਿਹਾ ਕਿ ਅਗਲੇ ਸਾਲ ਤੋਂ ਇਸ ਕੌਂਸਲ ਜਨਰਲ ਦਫਤਰ ਵਿਚ ਇਨ੍ਹਾਂ ਨੌਂ ਸਿੱਖਾਂ ਨੂੰ ਯਾਦ ਕੀਤਾ ਜਾਇਆ ਕਰੇਗਾ। ਇਹ ਪਹਿਲੀ ਵਾਰ ਹੈ ਕਿ ਕੈਨੇਡਾ ਸਰਕਾਰ ਰੱਖਿਆ ਸਣੇ ਹੋਰ ਖੇਤਰਾਂ ਵਿਚ ਸਿੱਖਾਂ ਦੇ ਭਰਵੇਂ ਯੋਗਦਾਨ ਨੂੰ ਮਾਨਤਾ ਦੇ ਰਹੀ ਹੈ। ਇਸੇ ਨਾਲ ਅਗਲੇ ਚਾਰ-ਛੇ ਹਫਤਿਆਂ ਵਿਚ ਕੈਨੇਡਾ ਸਰਕਾਰ ਦੇਸ਼ ਦੀ ਤਰੱਕੀ ਵਿਚ ਸਿੱਖਾਂ ਵੱਲੋਂ ਪਾਏ ਯੋਗਦਾਨ ਨੂੰ ਦਰਸਾਉਂਦੀਆਂ ਚਾਰ ਦਸਤਾਵੇਜ਼ੀ ਫਿਲਮਾਂ ਦਿਖਾਏਗੀ। ਇਨ੍ਹਾਂ ਵਿਚੋਂ ਇਕ ਫਿਲਮ ਦੇਸ਼ ਦੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਚਾਰ ਸਿੱਖਾਂ ਬਾਰੇ ਹੈ।

## ਕੈਨੇਡੀਅਨ ਕੌਂਸਲ ਜਨਰਲ ਵਿਚ ਲੱਗਣਗੀਆਂ ਤਖ਼ਤੀਆਂ



*ਕੈਨੇਡਾ ਦੇ ਕੌਂਸੁਲ ਜਨਰਲ ਸਕੌਟ ਸਲੈਸਰ ਤੇ ਖੇਡ ਮੰਤਰੀ ਬਲ ਗੋਸਲ ਚੰਡੀਗੜ੍ਹ ਸਥਿਤ ਕੌਂਸੁਲੇਟ ਵਿਚ ਯਾਦਗਾਰੀ ਤਖ਼ਤੀ ਬਾਰੇ ਤਫਸੀਲ ਦਿੰਦੇ ਹੋਏ।*

ਹਾਲ ਹੀ ਦੌਰਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦਾ ਸ੍ਰੀ ਆਨੰਦਪੁਰ ਸਾਹਿਬ ਜਾਣਾ ਤੇ ਵਿਰਾਸਤ ਏ-ਖਾਲਸਾ ਦਾ ਦੌਰਾ ਕਰਕੇ ਸਿੱਖ ਇਤਿਹਾਸ ਬਾਰੇ ਡੂੰਘੀ ਦਿਲਚਸਪੀ ਦਿਖਾਉਣਾ ਇਹ ਸਾਬਤ ਕਰਦਾ ਹੈ ਕਿ ਉਥੋਂ ਦੀ ਸਰਕਾਰ ਸਿੱਖਾਂ ਨੂੰ ਅੱਖੋਂ-ਪਰੋਖੇ ਨਹੀਂ ਕਰ ਸਕਦੀ। ਇਨ੍ਹਾਂ ਨੌਂ ਸਿੱਖਾਂ ਨੂੰ ਕੌਮੀ ਯਾਦਗਾਰੀ ਦਿਵਸ 'ਤੇ ਯਾਦ ਕਰਨਾ ਇਸ ਗੱਲ ਦਾ ਸਬੂਤ ਹੈ। ਕੈਨੇਡਾ ਦੇ ਖੇਡ ਰਾਜ ਮੰਤਰੀ ਬਲਜੀਤ ਗੋਸਲ ਨੇ ਕਿਹਾ ਕਿ ਉਥੇ ਸਰਕਲ ਕਬੱਡੀ ਕਾਫੀ ਮਕਬੂਲ ਹੈ ਪਰ ਹਾਲੇ ਤੱਕ ਇਸ ਦੀ ਕੋਈ ਵੀ ਫੈਡਰੇਸ਼ਨ ਮਾਨਤਾ ਪ੍ਰਾਪਤ ਨਹੀਂ ਹੈ।

ਜ਼ਿਕਰਯੋਗ ਹੈ ਕਿ ਪਹਿਲਾਂ ਕੈਨੇਡਾ ਸਰਕਾਰ ਨੂੰ ਪ੍ਰਾਈਵੇਟ (ਸਿਪਾਹੀ) ਬੁਕਮ ਸਿੰਘ ਬਾਰੇ ਬਿਲਕੁਲ ਨਹੀਂ ਸੀ ਪਤਾ ਪਰ ਉਸ ਦੇ ਇਕ ਤਗਮੇ ਤੋਂ ਪਤਾ ਲੱਗਿਆ ਕਿ ਇਸ ਸਿਪਾਹੀ ਸਣੇ ਨੌਂ ਸਿੱਖ ਪਹਿਲੀ ਸੰਸਾਰ ਜੰਗ ਵੇਲੇ ਕੈਨੇਡਾ ਵੱਲੋਂ ਲੜੇ ਸਨ। ਬੁਕਮ ਸਿੰਘ ਪੰਜਾਬ ਤੋਂ 14 ਸਾਲਾਂ ਦੀ ਉਮਰੇ 1907 ਵਿਚ ਬ੍ਰਿਟਿਸ਼ ਕੋਲੰਬੀਆ ਪੁੱਜ ਗਿਆ ਸੀ। ਪੰਜ ਸਾਲ ਬਾਅਦ ਉਹ ਟੋਰਾਂਟੋ ਚਲਾ ਗਿਆ ਤੇ 1915 ਵਿਚ ਕੈਨੇਡਿਆਈ ਫੌਜ ਨਾਲ ਜੁੜ ਗਿਆ। 1916 ਵਿਚ ਉਸ ਨੇ 20ਵੀਂ ਕੈਨੇਡਿਆਈ ਇਨਫੈਂਟਰੀ ਬਟਾਲੀਅਨ ਵੱਲੋਂ ਲੜਾਈ ਲੜੀ। ਉਹ ਲੜਾਈ ਵਿਚ ਵੱਖ-ਵੱਖ ਥਾਵਾਂ 'ਤੇ ਦੋ ਵਾਰ ਜ਼ਖਮੀ ਹੋਇਆ।

ਇਕ ਵਾਰ ਉਸ ਦਾ ਇਲਾਜ ਕੈਨੇਡਾ ਦੇ ਮਸ਼ਹੂਰ ਫੌਜੀ ਕਵੀ ਡਾਕਟਰ ਲੈਫਟੀਨੈਂਟ ਕਰਨਲ ਜੋਹਨ ਮੈਕਕਰੇ ਦੇ ਹਸਪਤਾਲ ਵਿਚ ਹੋਇਆ। ਇੰਗਲੈਂਡ ਵਿਚ ਇਲਾਜ ਦੌਰਾਨ ਉਸ ਨੂੰ ਟੀਬੀ ਹੋ ਗਈ ਤੇ ਜ਼ਿੰਦਗੀ ਦਾ ਆਖਰੀ ਸਾਹ ਓਟਾਰੀਓ ਫੌਜੀ ਹਸਪਤਾਲ ਵਿਚ ਲਿਆ। 1919 ਵਿਚ 25 ਸਾਲਾਂ ਦੀ ਉਮਰੇ ਉਹ ਸੰਸਾਰ ਤੋਂ ਕੂਚ ਕਰ ਗਿਆ। ਉਦੋਂ ਸਿੱਖਾਂ ਨੂੰ ਕੈਨੇਡਾ ਵਿਚ ਕੋਈ ਨਹੀਂ ਸੀ ਜਾਣਦਾ ਜਿਸ ਕਰਕੇ ਬੁਕਮ ਸਿੰਘ ਨੂੰ ਦਫਨਾ ਦਿੱਤਾ ਗਿਆ। ਉਹ ਕੈਨੇਡਾ ਆਉਣ ਮਗਰੋਂ ਆਪਣੇ ਪਰਿਵਾਰ ਨੂੰ ਕਦੇ ਨਹੀਂ ਮਿਲਿਆ ਤੇ 90 ਸਾਲਾਂ ਤੱਕ ਗੁਮਨਾਮ ਰਿਹਾ। ਹੁਣ ਉਸ ਦੀ ਕੁਰਬਾਨੀ ਦੇ ਨਾਲ-ਨਾਲ ਅੱਠ ਹੋਰ ਸਿੱਖਾਂ ਦੇ ਬਲੀਦਾਨ ਵੀ ਕੈਨੇਡਾ ਸਰਕਾਰ ਹਰ ਸਾਲ 11 ਨਵੰਬਰ ਨੂੰ ਸਵੇਰੇ 11 ਵਜੇ ਯਾਦ ਕਰਿਆ ਕਰੇਗੀ।

## ਪੰਜਾਬ ਦੇ ਧੂੰਏ ਤੋਂ ਦਿੱਲੀ ਘਬਰਾਈ

**ਚੰਡੀਗੜ੍ਹ:** ਦਿੱਲੀ ਨੇ ਦੋਸ਼ ਲਾਇਆ ਹੈ ਪੰਜਾਬ ਦੇ ਧੂੰਏ ਨੇ ਇਥੇ ਹਨ੍ਹੇਰਾ ਕਰ ਦਿੱਤਾ ਹੈ। ਇਸ ਬਾਰੇ ਵਾਯੂਮੰਡਲ ਵਿਚ ਛਾਈ ਸੰਘਣੀ ਧੁੰਦ ਤੇ ਹਵਾ ਦੇ ਮਿਆਰ ਵਿਚ ਆਈ ਗਿਰਾਵਟ ਦਾ ਸਖ਼ਤ ਨੋਟਿਸ ਲੈਂਦਿਆਂ ਸੁਪਰੀਮ ਕੋਰਟ ਵੱਲੋਂ ਕਾਇਮ ਕੀਤੀ ਵਾਤਾਵਰਨ ਪ੍ਰਦੂਸ਼ਣ ਕੰਟਰੋਲ ਅਥਾਰਟੀ (ਏ.ਪੀ.ਸੀ.ਏ.) ਨੇ ਦਿੱਲੀ, ਹਰਿਆਣਾ, ਪੰਜਾਬ ਤੇ ਉੱਤਰ ਪ੍ਰਦੇਸ਼ ਦੀਆਂ ਸਰਕਾਰਾਂ ਨੂੰ ਹਦਾਇਤ ਕੀਤੀ ਹੈ ਕਿ ਪ੍ਰਦੂਸ਼ਣ ਘਟਾਉਣ ਲਈ ਤੁਰੰਤ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣ। ਲੋਕ ਸੇਵਕ ਭੂਰੇ ਲਾਲ ਦੀ ਅਗਵਾਈ ਹੇਠ ਕਿਰਿਆਸ਼ੀਲ ਇਨਵਾਇਰਨਮੈਂਟ ਪਲਿਊਸ਼ਨ ਕੰਟਰੋਲ ਸੁਸਾਇਟੀ ਦੀ ਮੀਟਿੰਗ ਦੌਰਾਨ ਤਿੰਨ ਰਾਜਾਂ ਦੇ ਸੀਨੀਅਰ ਅਧਿਕਾਰੀਆਂ ਨੂੰ ਕਿਹਾ ਕਿ ਉਹ ਤੇ ਦੂਜੇ ਦੋ ਰਾਜਾਂ ਵਿਚ ਹਵਾ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਪ੍ਰਭਾਵਸ਼ਾਲੀ ਕਦਮ ਚੁੱਕਣ। ਤਿੰਨਾਂ ਰਾਜਾਂ ਦੇ ਅਧਿਕਾਰੀਆਂ ਨੇ ਅਥਾਰਟੀ ਨੂੰ ਦੱਸਿਆ ਕਿ ਉਹ ਪ੍ਰਦੂਸ਼ਣ ਫੈਲਾਉਣ ਵਾਲੇ ਵਾਹਨਾਂ ਤੇ ਵਿਸ਼ੇਸ਼ ਤੌਰ 'ਤੇ ਡੀਜ਼ਲ ਵਾਹਨਾਂ ਵਿਰੁੱਧ ਕਾਰਵਾਈ ਆਰੰਭਣਗੇ ਤਾਂ ਜੋ ਉਹ ਕੌਮੀ ਰਾਜਧਾਨੀ ਵਿਚ ਦਾਖਲ ਨਾ ਹੋ ਸਕਣ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਬੀਤੇ ਮੰਗਲਵਾਰ ਨੂੰ ਕੌਮੀ ਰਾਜਧਾਨੀ 'ਤੇ ਪ੍ਰਦੂਸ਼ਣ ਕਾਰਨ ਫੈਲੀ ਸੰਘਣੀ ਧੁੰਦ ਪ੍ਰਤੀ ਫਿਕਰਮੰਦੀ ਦਾ ਪ੍ਰਗਟਾਵਾ ਕੀਤਾ ਸੀ।

## ਬਾਬਾ ਸੀਚੇਵਾਲ ਵੱਲੋਂ ਵਾਤਾਵਰਨ ਬਾਰੇ ਪਹਿਲਾ ਰੇਡੀਓ ਸ਼ੁਰੂ



**ਜਲੰਧਰ:** ਪੰਜਾਬ ਦੇ ਲੋਕਾਂ ਨੂੰ ਹਰੀ ਦੀਵਾਲੀ ਮਨਾਉਣ ਦਾ ਸੱਦਾ ਦਿੰਦਿਆਂ ਵਾਤਾਵਰਣ 'ਤੇ ਆਧਾਰਤ ਪੰਜਾਬ ਦਾ ਪਹਿਲਾ ਕਮਿਊਨਿਟੀ ਅਵਤਾਰ ਰੇਡੀਓ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪੰਜਾਬ ਦੇ ਲੋਕਾਂ ਨੂੰ ਸਮਰਪਿਤ ਕੀਤਾ। ਰੇਡੀਓ ਦਾ ਰਸਮੀ ਉਦਘਾਟਨ ਧਾਰਮਿਕ, ਰਾਜਨੀਤਕ ਤੇ ਸਮਾਜਿਕ ਸ਼ਖ਼ਸੀਅਤਾਂ ਨੇ ਸਾਂਝੇ ਤੌਰ 'ਤੇ ਕੀਤਾ।

ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸਮਾਗਮ ਵਿਚ ਹਾਜ਼ਰ ਸੰਗਤ ਨੂੰ ਦੱਸਿਆ ਕਿ ਤਕਰੀਬਨ ਇਕ ਮਹੀਨੇ ਤੋਂ ਅਵਤਾਰ ਕਮਿਊਨਿਟੀ ਰੇਡੀਓ ਟੈਸਟ ਸਿਗਨਲ 'ਤੇ ਚੱਲ ਰਿਹਾ ਸੀ। ਉਨ੍ਹਾਂ ਦੱਸਿਆ ਕਿ ਅਵਤਾਰ ਰੇਡੀਓ ਐਫ ਐਮ ਬੈਂਡ 90.4 'ਤੇ ਚੱਲੇਗਾ ਤੇ ਇਸ ਦੇ ਸੰਚਾਲਨ ਲਈ ਰੇਡੀਓ ਸਟੇਸ਼ਨ ਪਿੰਡ ਸੀਚੇਵਾਲ ਵਿਚਲੇ ਕਾਲਜ ਦੀ ਤੀਜੀ ਮੰਜ਼ਲ 'ਤੇ ਸਥਾਪਤ ਕੀਤਾ ਗਿਆ ਹੈ। ਵਾਤਾਵਰਣ ਅਤੇ ਸਿੱਖਿਆ ਦੇ ਪ੍ਰਚਾਰ ਤੇ ਪਸਾਰ ਲਈ ਸ਼ੁਰੂ ਕੀਤਾ ਗਿਆ ਇਹ ਰੇਡੀਓ ਸੀਚੇਵਾਲ ਪਿੰਡ ਦੇ 15 ਕਿਲੋਮੀਟਰ ਘੇਰੇ ਅੰਦਰ ਸੁਣਿਆ ਜਾ ਸਕਦਾ ਹੈ।

ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਦੱਸਿਆ ਕਿ ਰੇਡੀਓ ਦਾ ਸੰਚਾਲਨ ਸੰਤ ਅਵਤਾਰ ਸਿੰਘ ਯਾਦਗਾਰੀ ਕਾਲਜ ਤੇ ਸਕੂਲ ਦੇ ਅਧਿਆਪਕ ਤੇ ਵਿਦਿਆਰਥੀ ਆਪ ਹੀ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਇਹ ਪੰਜਾਬ ਦਾ ਪਹਿਲਾ ਕਮਿਊਨਿਟੀ ਰੇਡੀਓ ਹੈ ਜਿਹੜਾ ਵਾਤਾਵਰਣ, ਸਿੱਖਿਆ ਤੇ ਹੋਰ ਲੋਕ ਮਸਲਿਆਂ ਨੂੰ ਸਮਰਪਿਤ ਹੋਵੇਗਾ ਤੇ 24 ਘੰਟੇ ਆਪਣੀ ਸੇਵਾਵਾਂ ਦੇਵੇਗਾ।

ਰੇਡੀਓ ਦੀ ਸ਼ੁਰੂਆਤ ਕਰਕੇ ਸੰਤ ਸੀਚੇਵਾਲ ਨੇ ਸੰਚਾਰ ਦੇ ਖੇਤਰ ਰਾਹੀਂ ਵੀ ਆਮ ਲੋਕਾਂ ਤੱਕ ਵਾਤਾਵਰਣ ਚੇਤਨਾ ਦੀ ਲਹਿਰ ਘਰ ਘਰ ਪਹੁੰਚਾਉਣ ਦੀ ਪਹਿਲ ਕਦਮੀ ਕੀਤੀ ਹੈ। ਰੇਡੀਓ ਦਾ ਉਦਘਾਟਨ ਕਰਨ ਤੋਂ ਪਹਿਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਪਾਇਆ ਗਿਆ। ਅਰਦਾਸ ਕਰਨ ਪਿੱਛੋਂ ਰੇਡੀਓ ਦੀ ਰਸਮੀ ਸ਼ੁਰੂਆਤ ਕੀਤੀ ਗਈ। ਰਾਜ ਸਭਾ ਦੇ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਸੰਤ ਅਵਤਾਰ ਸਿੰਘ ਯਾਦਗਾਰੀ ਕਾਲਜ ਨੂੰ ਪੰਜ ਲੱਖ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ।

ਟਰਾਂਸਪੋਰਟ ਮੰਤਰੀ ਅਜੀਤ ਸਿੰਘ ਕੋਹਾੜ ਨੇ ਕਿਹਾ ਕਿ ਪਹਿਲਾਂ ਸੰਤ ਸੀਚੇਵਾਲ ਨੇ ਸੜਕਾਂ ਤੇ ਪਵਿੱਤਰ ਕਾਲੀ ਵੇਈਂ ਦੀ ਕਾਰ ਸੇਵਾ ਕਰਕੇ ਪ੍ਰਸਿੱਧੀ ਖੱਟੀ ਹੈ ਤੇ ਹੁਣ ਸੰਚਾਰ ਖੇਤਰ ਵਿਚ ਵੀ ਲੋਕਾਂ ਲਈ ਰੇਡੀਓ ਸੇਵਾ ਸ਼ੁਰੂ ਕਰਕੇ ਨਿਵੇਕਲੀ ਪਿਰਤ ਪਾਈ ਹੈ।

## ਸਰਬਜੀਤ ਸਿੰਘ ਵੱਲੋਂ ਰਹਿਮ ਦੀ ਇਕ ਹੋਰ ਅਪੀਲ

**ਚੰਡੀਗੜ੍ਹ:** ਪਾਕਿਸਤਾਨ ਦੀ ਜੇਲ੍ਹ ਵਿਚ ਬੰਦ ਸਰਬਜੀਤ ਸਿੰਘ ਨੇ ਆਪਣੀ ਸਜ਼ਾ-ਏ-ਮੌਤ ਖਿਲਾਫ ਰਹਿਮ ਦੀ ਤਾਜ਼ਾ ਅਪੀਲ 'ਤੇ ਦਸਤਖ਼ਤ ਕਰ ਦਿੱਤੇ ਹਨ ਤੇ ਹੁਣ ਇਸ ਨੂੰ ਅੱਗੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਕੋਲ ਭੇਜ ਦਿੱਤਾ ਜਾਵੇਗਾ। ਇਸ ਭਾਰਤੀ ਕੈਦੀ ਦੇ ਵਕੀਲ ਅਵਾਇਸ ਸ਼ੇਖ ਨੇ ਬੀਤੇ ਦਿਨ ਉਸ ਨਾਲ ਕੋਟ ਲਖਪਤ ਜੇਲ੍ਹ ਵਿਚ ਮੁਲਾਕਾਤ ਕੀਤੀ ਸੀ ਤੇ ਉਸ ਸਮੇਂ ਰਹਿਮ ਦੀ ਅਪੀਲ 'ਤੇ ਦਸਤਖ਼ਤ ਕਰਵਾਏ ਸਨ। ਆਪਣੀ ਇਸ ਅਪੀਲ ਵਿਚ ਸਰਬਜੀਤ ਨੇ ਕਿਹਾ ਹੈ ਕਿ ਭਾਰਤ ਸਰਕਾਰ ਵੱਲੋਂ ਇਨਸਾਨੀਅਤ ਦੇ ਨਾਤੇ ਜਿਸ ਤਰ੍ਹਾਂ ਪਾਕਿਸਤਾਨੀ ਕੈਦੀ ਪਰਵੇਜ਼ ਖਲੀਲ ਚਿਸ਼ਤੀ ਨੂੰ ਛੱਡਿਆ ਹੈ, ਉਸ ਨਾਲ ਭਾਰਤੀ ਜਨਤਾ ਖਾਸ ਤੌਰ 'ਤੇ ਉਸ ਦੇ ਪਰਿਵਾਰ ਨੂੰ ਆਸ ਬੱਝੀ ਹੈ ਕਿ ਪਾਕਿ ਸਰਕਾਰ ਵੀ ਉਸ ਨੂੰ ਇਨਸਾਨੀਅਤ ਦੇ ਨਾਤੇ ਛੱਡ ਦੇਵੇਗੀ। ਉਹ 22 ਸਾਲਾਂ ਤੋਂ ਜੇਲ੍ਹ ਵਿਚ ਹੈ। ਅਪੀਲ ਹੈ ਕਿ ਉਸ ਦੀ ਸਜ਼ਾ-ਏ-ਮੌਤ ਰੱਦ ਕਰ ਦਿੱਤੀ ਜਾਵੇ ਤਾਂ ਜੋ ਉਹ ਆਪਣੀ ਜ਼ਿੰਦਗੀ ਦੇ ਬਚੇ ਸਾਲ ਆਪਣੇ ਪਰਿਵਾਰ ਨਾਲ ਗੁਜ਼ਾਰ ਸਕੇ। ਇਸਲਾਮ ਵਿਚ ਮੁਆਫੀ ਨੂੰ ਵੱਡਾ ਮੰਨਿਆ ਗਿਆ ਹੈ ਤੇ ਅਜਿਹਾ ਕਰਨ 'ਤੇ ਰੱਬ ਰਾਸ਼ਟਰਪਤੀ 'ਤੇ ਮੇਹਰ ਕਰੇਗਾ।

## ਹਵਾਲਾਤੀਆਂ ਦੀ ਪੇਸ਼ੀ ਪੰਜਾਬ ਪੁਲਿਸ ਲਈ ਮੁਸੀਬਤ ਬਣੀ

**ਫ਼ਰੀਦਕੋਟ:** ਪੰਜਾਬ ਦੀਆਂ ਜੇਲ੍ਹਾਂ 'ਚ ਬੰਦ ਕੈਦੀਆਂ ਤੇ ਹਵਾਲਾਤੀਆਂ ਨੂੰ ਅਦਾਲਤ ਵਿਚ ਪੇਸ਼ੀਆਂ ਲਈ ਲਿਜਾਉਣਾ ਪੁਲਿਸ ਲਈ ਵੱਡੀ ਸਿਰਦਰਦੀ ਬਣ ਗਿਆ ਹੈ। ਰੋਜ਼ਾਨਾ ਹਜ਼ਾਰਾਂ ਦੀ ਤਾਦਾਦ ਵਿਚ ਕੈਦੀਆਂ ਨੂੰ ਪੁਲਿਸ ਮੁਲਾਜ਼ਮ ਪੇਸ਼ੀਆਂ ਲਈ ਪੰਜਾਬ ਦੇ ਦੂਸਰੇ ਰਾਜਾਂ ਦੇ ਜ਼ਿਲ੍ਹਿਆਂ ਅੰਦਰ ਲੈ ਕੇ ਜਾਂਦੇ ਹਨ। ਇਨ੍ਹਾਂ ਕੈਦੀਆਂ ਨੂੰ ਲਿਜਾਉਣ ਸਮੇਂ ਜਿਥੇ ਸਰਕਾਰ ਦਾ ਕਰੋੜਾਂ ਰੁਪਏ ਖਰਚ ਆਉਂਦਾ ਹੈ, ਉਥੇ ਪੁਲਿਸ ਮੁਲਾਜ਼ਮਾਂ ਦੇ ਸਾਹ ਵੀ ਸੁੱਕੇ ਰਹਿੰਦੇ ਹਨ ਕਿਉਂਕਿ ਕੈਦੀਆਂ ਦੇ ਪੇਸ਼ੀ ਸਮੇਂ ਫਰਾਰ ਹੋਣ ਦੇ ਮਾਮਲਿਆਂ 'ਚ ਕਈ ਮੁਲਾਜ਼ਮ ਆਪਣੀ ਨੌਕਰੀ ਤੋਂ ਹੱਥ ਧੋ ਬੈਠੇ ਹਨ।

**ਮੁਲਾਜ਼ਮਾਂ ਦੀ ਨੌਕਰੀ ਗਈ**

ਪੰਜਾਬ ਦੀਆਂ 30 ਜੇਲ੍ਹਾਂ ਵਿਚ ਤਕਰੀਬਨ ਸਾਢੇ ਅਠਾਰਾਂ ਹਜ਼ਾਰ ਕੈਦੀ ਤੇ ਹਵਾਲਾਤੀ ਨਜ਼ਰਬੰਦ ਹਨ। ਪੰਜਾਬ ਵਿਚ ਤਿੰਨ ਮਾਡਰਨ ਜੇਲ੍ਹਾਂ ਫ਼ਰੀਦਕੋਟ, ਕਪੂਰਥਲਾ, ਨਾਭਾ ਤੋਂ ਇਲਾਵਾ ਨੌਂ ਕੇਂਦਰੀ ਜੇਲ੍ਹਾਂ, 12 ਜ਼ਿਲ੍ਹਾ ਜੇਲ੍ਹਾਂ ਤੇ ਛੇ ਸਬ ਜੇਲ੍ਹਾਂ ਸ਼ਾਮਲ ਹਨ। ਇਨ੍ਹਾਂ ਜੇਲ੍ਹਾਂ ਵਿਚ ਬੰਦ ਕੈਦੀਆਂ ਦੀਆਂ ਅਦਾਲਤਾਂ ਵਿਚ ਪੈਂਦੀਆਂ ਪੇਸ਼ੀਆਂ ਲਈ ਰੋਜ਼ਾਨਾ ਵੱਡੀ ਗਿਣਤੀ ਵਿਚ ਪੁਲਿਸ ਅਧਿਕਾਰੀ ਤੇ ਕਰਮਚਾਰੀ ਸਰਕਾਰੀ ਬੱਸਾਂ ਤੇ ਗੱਡੀਆਂ 'ਤੇ ਵੱਖ-ਵੱਖ ਅਦਾਲਤਾਂ ਅੰਦਰ ਪੇਸ਼ੀ ਲਈ ਜਾਂਦੇ ਹਨ।

ਇਸ ਮਾਮਲੇ ਵਿਚ ਸਭ ਤੋਂ ਵੱਡੀ ਪਰੇਸ਼ਾਨੀ ਇਹ ਹੈ ਕਿ ਖ਼ਤਰਨਾਕ ਮਾਮਲਿਆਂ 'ਚ ਜੁੜੇ ਅਪਰਾਧੀ ਪੇਸ਼ੀਆਂ ਦੌਰਾਨ ਰਸਤੇ ਵਿਚ ਹੀ ਪੁਲਿਸ ਨੂੰ ਚਕਮਾ ਦੇ ਕੇ ਫ਼ਰਾਰ ਹੋ ਜਾਂਦੇ ਹਨ। ਪਿਛਲੇ ਦਿਨੀਂ ਲੁਧਿਆਣਾ ਤੇ ਗੁਰਦਾਸਪੁਰ ਦੀਆਂ ਜੇਲ੍ਹਾਂ ਵਿਚ ਤੇ ਪੇਸ਼ੀ ਦੌਰਾਨ ਕੈਦੀਆਂ ਦੇ ਫ਼ਰਾਰ ਹੋਣ ਦੀਆਂ ਖ਼ਬਰਾਂ ਚਰਚਾ ਵਿਚ ਰਹੀਆਂ ਹਨ। ਗੁਰਦਾਸਪੁਰ ਜੇਲ੍ਹ ਵਿਚੋਂ ਅਪਰਾਧਕ ਪਿਛੋਕੜ ਵਾਲੇ ਫ਼ਰਾਰ ਹੋਏ ਕੈਦੀਆਂ ਦੇ ਦੋਸ਼ 'ਚ ਅਣਗਹਿਲੀ ਵਰਤਣ 'ਤੇ ਗੁਰਦਾਸਪੁਰ ਜ਼ਿਲ੍ਹਾ ਜੇਲ੍ਹ ਦੇ ਸੁਪਰਡੈਂਟ ਤੇ ਡਿਪਟੀ ਸੁਪਰਡੈਂਟ ਨੂੰ ਮੁਅੱਤਲ ਕੀਤਾ ਜਾ ਚੁੱਕਿਆ ਹੈ।

ਜੇਲ੍ਹਾਂ ਵਿਚ ਬੰਦ ਕੈਦੀਆਂ ਦੀਆਂ ਪੇਸ਼ੀਆਂ ਪੰਜਾਬ ਪੁਲਿਸ ਲਈ ਵੱਡੀ ਮੁਸ਼ਕਲ ਪੇਸ਼ ਕਰ ਰਹੀਆਂ ਹਨ। ਉਸ ਦਾ ਮੁੱਖ ਕਾਰਨ ਇਹ ਵੀ ਹੈ ਕਿ ਜਿਸ ਜੇਲ੍ਹ ਵਿਚ ਇਹ ਅਪਰਾਧਕ ਕੈਦੀ ਰਹਿ ਰਹੇ ਹਨ, ਉਸ ਜ਼ਿਲ੍ਹੇ ਵਿਚ ਇਨ੍ਹਾਂ ਨਾਲ ਸਬੰਧਤ ਕੋਈ ਵੀ ਮਾਮਲਾ ਸਥਾਨਕ ਜੇਲ੍ਹਾਂ ਵਿਚ ਨਹੀਂ ਚੱਲ ਰਿਹਾ। ਫ਼ਰੀਦਕੋਟ ਦੀ ਮਾਡਰਨ ਜੇਲ੍ਹ ਵਿਚ ਬੰਦ ਜ਼ਿਆਦਾਤਰ ਕੈਦੀ ਦੂਸਰੇ ਜ਼ਿਲ੍ਹਿਆਂ ਦੇ ਵਿਚ ਅਪਰਾਧਕ ਮਾਮਲਿਆਂ ਵਿਚ ਜੁੜੇ ਹੋਏ ਹਨ। ਇਨ੍ਹਾਂ ਨੂੰ ਪੇਸ਼ੀ ਲਈ ਫ਼ਰੀਦਕੋਟ ਤੋਂ ਲੁਧਿਆਣੇ, ਨਵਾਂ ਸ਼ਹਿਰ, ਜਲੰਧਰ, ਫ਼ਤਹਿਗੜ੍ਹ ਸਾਹਿਬ, ਰੋਪੜ ਤੇ ਹਰਿਆਣਾ ਤੇ ਦਿੱਲੀ ਰਾਜਾਂ ਵਿਚ ਪੇਸ਼ੀ ਲਈ ਲਿਜਾਇਆ ਜਾਂਦਾ ਹੈ।

ਇਨ੍ਹਾਂ ਕੈਦੀਆਂ ਨੂੰ ਲਿਜਾਣ ਲਈ ਰੋਜ਼ਾਨਾ ਹੀ ਪੁਲਿਸ ਦੀਆਂ ਵਿਸ਼ੇਸ਼ ਟੀਮਾਂ ਸਵੇਰੇ ਬੱਸਾਂ ਤੇ ਵਿਸ਼ੇਸ਼ ਗੱਡੀਆਂ ਰਾਹੀਂ ਉਨ੍ਹਾਂ ਅਦਾਲਤਾਂ ਵਿਚ ਲੈ ਕੇ ਜਾਂਦੀਆਂ ਹਨ ਜਿਥੇ ਇਨ੍ਹਾਂ ਦੇ ਮਾਮਲਿਆਂ ਦੀ ਪੇਸ਼ੀ ਹੁੰਦੀ ਹੈ। ਵੱਡੇ ਅਪਰਾਧਕ ਮਾਮਲਿਆਂ ਵਿਚ ਪੇਸ਼ੀ ਲਈ ਇਕ ਕੈਦੀ ਨਾਲ ਘੱਟੋ ਘੱਟ ਪੰਜ ਪੁਲਿਸ ਮੁਲਾਜ਼ਮ ਜਾਂਦੇ ਹਨ ਜਿਨ੍ਹਾਂ ਵਿਚ ਇਕ ਏ.ਐਸ.ਆਈ. ਰੈਂਕ ਦਾ ਪੁਲਿਸ ਅਧਿਕਾਰੀ ਵੀ ਸ਼ਾਮਲ ਹੁੰਦਾ ਹੈ।

ਇਹ ਪੁਲਿਸ ਅਧਿਕਾਰੀ ਨੇ ਇਸ ਮਾਮਲੇ ਵਿਚ ਦੱਸਿਆ ਕਿ ਫ਼ਰੀਦਕੋਟ ਮਾਡਰਨ ਜੇਲ੍ਹ ਤੋਂ ਰੋਜ਼ਾਨਾ 40 ਤੋਂ 50 ਕੈਦੀਆਂ ਦੀਆਂ ਪੇਸ਼ੀਆਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਹੁੰਦੀਆਂ ਹਨ। ਇਸ ਕੰਮ ਲਈ ਪੰਜਾਬ ਪੁਲਿਸ ਦੇ ਘੱਟੋ ਘੱਟ 200 ਮੁਲਾਜ਼ਮ ਡਿਊਟੀਆਂ 'ਤੇ ਰਹਿੰਦੇ ਹਨ। ਇਸ ਕੰਮ ਵਿਚ ਰਾਜ ਸਰਕਾਰ ਦਾ ਲੱਖਾਂ ਰੁਪਏ ਰੋਜ਼ਾਨਾ ਖ਼ਰਚ ਹੋ ਰਿਹਾ ਹੈ। ਕਾਨੂੰਨੀ ਮਾਹਿਰਾਂ ਦੀ ਰਾਇ ਹੈ ਕਿ ਜੇਲ੍ਹਾਂ ਵਿਚ ਬੰਦ ਕੈਦੀਆਂ ਨੂੰ ਵਾਰ-ਵਾਰ ਅਦਾਲਤਾਂ ਵਿਚ ਪੇਸ਼ੀਆਂ ਲਿਜਾਣਾ ਬੇਅਰਥ ਸਾਬਤ ਹੋ ਰਿਹਾ ਹੈ।

## ਪੰਜਾਬ ਵਿਚ ਮੈਡੀਕਲ ਟੂਰਿਜ਼ਮ ਦਾ ਸੁਨਹਿਰੀ ਭਵਿੱਖ

**ਜਲੰਧਰ:** ਪੰਜਾਬ ਅੰਦਰ ਮੈਡੀਕਲ ਟੂਰਿਜ਼ਮ ਨੂੰ ਸਨਅਤ ਦਾ ਦਰਜਾ ਦੇਣ ਨਾਲ ਰਾਜ ਮੈਡੀਕਲ ਟੂਰਿਜ਼ਮ ਦੇ ਧੁਰੇ ਵਜੋਂ ਉਭਰ ਸਕਦਾ ਹੈ। ਜੇਕਰ ਸਰਕਾਰਾਂ ਦੇ ਉੱਦਮ ਨਾਲ ਗੁਆਂਢੀ ਮੁਲਕਾਂ ਦੀ ਆਵਾਜਾਈ ਲਈ ਸੜਕੀ ਰਸਤਾ ਖੁੱਲ੍ਹ ਜਾਵੇ ਤਾਂ ਨਾ ਸਿਰਫ ਪੰਜਾਬ ਅੰਦਰ ਮੈਡੀਕਲ ਟੂਰਿਜ਼ਮ ਉਤਸ਼ਾਹਤ ਹੀ ਹੋਵੇਗਾ ਸਗੋਂ ਮਰੀਜ਼ਾਂ ਨੂੰ ਇਲਾਜ ਵੀ ਸਸਤੀ ਦਰ ਉੱਪਰ ਮਿਲ ਸਕੇਗਾ ਤੇ ਨਾਲ ਦੀ ਨਾਲ ਉਹ ਪੰਜਾਬ ਦੀ ਅਮੀਰ ਵਿਰਾਸਤ ਦੇ ਦਰਸ਼ਨ ਕਰ ਸਕਣਗੇ ਤੇ ਪੰਜਾਬੀਆਂ ਦੀ ਪ੍ਰਾਹੁਣਚਾਰੀ ਦਾ ਅਨੰਦ ਵੀ ਲੈ ਸਕਣਗੇ।



ਪੰਜਾਬ ਅੰਦਰ ਭਾਰਤ ਦੀ ਮਾਨਤਾ ਦੇਣ ਵਾਲੀ ਸੰਸਥਾ ਨੈਬ ਵੱਲੋਂ ਮਾਨਤਾ ਹਾਸਲ ਕਰਨ ਵਾਲੇ ਇਸ ਖਿੱਤੇ ਦੇ ਪਹਿਲੇ ਬੀ.ਬੀ.ਸੀ. ਹਾਰਟ ਕੇਅਰ ਪਰੂਥੀ ਹਸਪਤਾਲ ਦੇ ਐਮ.ਡੀ. ਡਾ. ਚਰਨਜੀਤ ਸਿੰਘ ਪਰੂਥੀ ਦਾ ਕਹਿਣਾ ਹੈ ਕਿ ਇਸ ਵੇਲੇ ਬਾਹਰਲੇ ਮੁਲਕਾਂ ਵਿਚ ਬੈਠੇ ਪੰਜਾਬੀ ਤਾਂ ਇਲਾਜ ਲਈ ਕਾਫੀ ਗਿਣਤੀ ਵਿਚ ਆਉਂਦੇ ਹਨ ਪਰ ਗੁਆਂਢੀ ਮੁਲਕਾਂ ਖਾਸ ਕਰ ਪਾਕਿਸਤਾਨ, ਅਫ਼ਗਾਨਿਸਤਾਨ, ਬੰਗਲਾਦੇਸ਼ ਤੋਂ ਮਰੀਜ਼ਾਂ ਦੇ ਆਉਣ ਦੀ ਗਿਣਤੀ ਬੜੀ ਘੱਟ ਹੈ। ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਹਵਾਈ ਜਹਾਜ਼ ਰਾਹੀਂ ਆਉਣ ਦਾ ਖਰਚਾ ਜ਼ਿਆਦਾ ਪੈਂਦਾ ਹੈ, ਦੂਜਾ ਸਰਕਾਰ ਵੱਲੋਂ ਸਨਅਤ ਕਰਾਰ ਨਾ ਦਿੱਤੇ ਜਾਣ ਕਾਰਨ ਹਸਪਤਾਲਾਂ ਨੂੰ ਵੀ ਮੁਸ਼ਕਲ ਪੇਸ਼ ਆਉਂਦੀ ਹੈ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਮੁਲਕਾਂ ਦੇ ਸਫਾਰਤਖਾਨਿਆਂ ਨਾਲ ਇਹ ਮਾਮਲਾ ਉਠਾਇਆ ਹੈ। ਅਫਗਾਨਿਸਤਾਨ ਵਿਚ ਗੱਲਬਾਤ ਲਈ ਉਹ ਇਸੇ ਮਹੀਨੇ ਦੇ ਅਖੀਰ ਵਿਚ ਜਾ ਰਹੇ ਹਨ।

ਡਾ. ਪਰੂਥੀ ਅਨੁਸਾਰ ਅਫ਼ਗਾਨਿਸਤਾਨ ਦੇ ਹੇਰਾਤ ਸੂਬੇ ਦੇ ਗਵਰਨਰ ਡਾ. ਦਾਊਦ ਸ਼ਾਹ ਸਾਬਾ ਦੀ ਮਾਤਾ ਮੀਨਾ ਦਿਲ ਦੇ ਰੋਗ ਦਾ ਇਲਾਜ ਕਰਵਾਉਣ ਲਈ ਉਨ੍ਹਾਂ ਕੋਲ ਆਈ ਹੈ। ਸਫ਼ਲ ਅਪ੍ਰੇਸ਼ਨ ਬਾਅਦ ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਲਈ ਲਿਜਾਇਆ ਗਿਆ ਜਿਥੇ ਉਨ੍ਹਾਂ ਨੇ ਬੇਹੱਦ ਪ੍ਰਸੰਨਤਾ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਮੈਡੀਕਲ ਟੂਰਿਜ਼ਮ ਨੂੰ ਸਨਅਤ ਦਾ ਦਰਜਾ ਦੇਵੇ ਤਾਂ ਇਲਾਜ ਲਈ ਰਿਆਇਤੀ ਦਰਾਂ ਵੀ ਰੱਖੀਆਂ ਜਾ ਸਕਦੀਆਂ ਹਨ। ਪੰਜਾਬ ਆ ਕੇ ਗੁਆਂਢੀ ਮੁਲਕਾਂ ਦੇ ਲੋਕ ਸਸਤਾ ਇਲਾਜ ਵੀ ਹਾਸਲ ਕਰ ਸਕਣਗੇ ਤੇ ਇਥੋਂ ਦੇ ਸੱਭਿਆਚਾਰ ਤੇ ਵਿਰਾਸਤ ਦਾ ਅਨੰਦ ਵੀ ਮਾਣ ਸਕਣਗੇ।

# ਦਲਜੀਤ ਅਤੇ ਜਗਤਾਰ ਵਿਚਾਲੇ ਸਟਾਫ ਰਿਪੋਰਟਰੀ ਲਈ ਜੰਗ

## ਰੰਗ-ਬੇਰੰਗ

*ਸਿਆਣਿਆਂ ਸੱਚ ਕਿਹਾ ਹੈ ਕਿ ਵਰਤਮਾਨ ਤੋਂ ਬੰਦਾ ਅਕਸਰ ਅਸੰਤੁਸ਼ਟ ਹੁੰਦਾ ਹੈ। ਭਵਿੱਖ ਵਿਚ ਕੀ ਵਾਪਰਨਾ ਹੈ, ਕਿਸੇ ਨੂੰ ਕੁਝ ਪਤਾ ਨਹੀਂ ਹੁੰਦਾ। ਇਉਂ ਅਤੀਤ ਹਰ ਕਿਸੇ ਨੂੰ ਚੰਗਾ ਲੱਗਦਾ ਹੈ। ਕਿਸੇ ਦਾ ਅਤੀਤ ਕਿੰਨਾ ਵੀ ਮਾੜਾ ਕਿਉਂ ਨਾ ਹੋਵੇ, ਉਸ ਵਿਚੋਂ ਚਾਨਣ ਦੀਆਂ ਕੁਝ ਕਿਰਨਾਂ ਦਿਸ ਹੀ ਪੈਂਦੀਆਂ ਹਨ ਜੋ ਵਰਤਮਾਨ ਦੇ ਹਨੇਰੇ ਨੂੰ ਰੌਸ਼ਨ ਕਰਨ ਲਈ ਕਾਫੀ ਹੁੰਦੀਆਂ ਹਨ। 'ਕਮਲਿਆਂ ਦਾ ਟੱਬਰ' ਲਿਖਤ ਤੋਂ ਬਾਅਦ ਮੇਰੇ ਨਾਲ ਵੀ ਕੁਝ ਅਜਿਹਾ ਹੀ ਹੋਇਆ। ਨਿਗ੍ਹਾ ਬੀਤੇ ਵੱਲ ਗਈ ਤਾਂ ਕੁਝ ਚੀਜ਼ਾਂ ਨੇ ਮਨ 'ਤੇ ਜ਼ੋਰ ਪਾਇਆ ਤੇ ਮੇਰੀ ਕਲਮ ਇਨ੍ਹਾਂ ਨੂੰ ਝਰੀਟਣ ਤੁਰ ਪਈ। ਹੋ ਸਕਦਾ ਹੈ ਕਿ ਕੁਝ ਪਾਠਕਾਂ ਨੂੰ ਇਹ ਸਭ ਫ਼ਜ਼ੂਲੀਆਂ ਹੀ ਜਾਪਣ ਪਰ ਅਜਿਹੇ ਪਾਠਕਾਂ ਦੀ ਵੀ ਕਮੀ ਨਹੀਂ ਜਿਨ੍ਹਾਂ ਨੂੰ ਇਹ ਚੀਜ਼ਾਂ ਪੜ੍ਹ ਕੇ ਆਪਣੇ ਅਤੀਤ ਦਾ ਕਈ ਕੁਝ ਚੇਤੇ ਆ ਗਿਆ ਹੈ। ਮੈਂ ਆਪਣੇ ਅਤੀਤ ਦੀਆਂ ਇਨ੍ਹਾਂ ਯਾਦਾਂ ਨੂੰ ਪਾਠਕਾਂ ਨਾਲ ਸਾਂਝਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਸਿਹਤ ਦੀਆਂ ਮਜਬੂਰੀਆਂ ਕਰ ਕੇ ਹੋ ਸਕਦਾ ਹੈ ਕਿ ਪਾਠਕਾਂ ਦੀ ਕਚਹਿਰੀ ਵਿਚ ਹਰ ਹਫਤੇ ਹਾਜ਼ਰ ਨਾ ਹੋ ਸਕਾਂ।*

ਪਿਛਲੇ ਲੇਖ ਵਿਚ ਮੈਂ ਪੰਜਾਬੀ ਟ੍ਰਿਬਿਊਨ ਦੇ ਮੁਢਲੇ ਪਰਿਵਾਰਕ ਮਾਹੌਲ ਅਤੇ ਫਿਰ ਨਿਊਜ਼ਰੂਮ ਵਿਚ ਤਰੱਕੀਆਂ ਦੇ ਗੇੜ ਕਾਰਨ ਇਸ ਦੇ ਵਿਗੜ ਜਾਣ ਤੇ ਆਪਣੇ ਸਾਥੀ ਗੁਰਦਿਆਲ ਸਿੰਘ ਬੱਲ ਦੀ ਇਸ ਪ੍ਰਤੀ ਵੇਦਨਾ ਦੀ ਗੱਲ ਕੀਤੀ ਸੀ। ਉਸ ਦੀ ਇਹ ਵੇਦਨਾ ਅਜੇ ਮੁਕਣ ਵਾਲੀ ਨਹੀਂ ਸੀ ਅਤੇ ਇਹ ਅਗਲੇ ਸਾਲਾਂ ਵਿਚ ਹੋਰ ਵੀ ਵਧਦੀ ਗਈ। ਮੈਂ ਪਹਿਲਾਂ ਵੀ ਦੱਸ ਆਇਆ ਹਾਂ ਕਿ ਬੱਲ ਬਾਬੇ ਦਾ ਸ਼ੌਕ ਪੁਸਤਕਾਂ ਪੜ੍ਹਨਾ ਤੇ ਦੋਸਤੀਆਂ ਪਾਲਣਾ ਰਿਹਾ ਹੈ। ਪੰਜਾਬ ਦੇ ਵਿਗੜ ਰਹੇ ਮਾਹੌਲ ਦਾ ਵੀ ਉਸ ਨੂੰ ਖਾਸ ਹੀ ਦੁਖ ਸੀ। ਤ੍ਰਾਸਦੀ ਇਹ ਸੀ ਕਿ ਇਕ ਪਾਸੇ ਪੰਜਾਬ ਦਾ

ਅਮੋਲਕ ਸਿੰਘ ਜੰਮੂ
ਫੋਨ: 847-359-0746

ਮਾਹੌਲ ਨਿਰੰਤਰ ਵਿਗੜ ਰਿਹਾ ਸੀ ਅਤੇ ਦੂਜੇ ਪਾਸੇ ਪੰਜਾਬੀ ਟ੍ਰਿਬਿਊਨ ਦੇ ਅੰਦਰ ਦਾ ਮਾਹੌਲ।

25-26 ਅਪ੍ਰੈਲ, 1983 ਦੀ ਗੱਲ ਹੈ। ਅਖਬਾਰਾਂ ਵਿਚ ਸੁਰਖੀ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚੋਂ ਨਿਕਲ ਕੇ ਕਿਸੇ ਅਣਪਛਾਤੇ ਵਿਅਕਤੀ ਨੇ ਡੀ. ਆਈ. ਜੀ. ਏ. ਐਸ. ਅਟਵਾਲ ਦਾ ਦਿਨ ਦਿਹਾੜੇ ਕਤਲ ਕਰ ਦਿੱਤਾ। ਇਸ ਦਿਨ ਮੇਰੀ ਜੀਵਨ ਸਾਥਣ ਜਸਪ੍ਰੀਤ ਦੇ ਮਾਮਾ ਜੀ ਕਾਮਰੇਡ ਰਾਜੇਸ਼ਵਰ ਸਿੰਘ ਰੰਧਾਵਾ ਸਾਨੂੰ ਮਿਲਣ ਲਈ ਆਏ ਹੋਏ ਸਨ। ਇਹ ਗੱਲ ਅਪਰੈਲ 1983 ਦੀ ਹੈ। ਸਾਡੇ ਵਿਆਹ ਤੋਂ ਬਾਅਦ ਚੰਡੀਗੜ੍ਹ ਸਾਡੇ ਘਰ ਇਹ ਉਨ੍ਹਾਂ ਦੀ ਦੂਜੀ ਫੇਰੀ ਸੀ। ਮਾਮਾ ਜੀ ਨੇ ਸਾਰੀ ਉਮਰ ਆਪ ਵਿਆਹ ਨਹੀਂ ਸੀ ਕਰਵਾਇਆ। ਮਾਮਾ ਜੀ ਤੇ ਬੀਜੀ (ਮੇਰੀ ਸੱਸ) ਦੋ ਹੀ ਭੈਣ-ਭਰਾ ਸਨ। ਮਾਮਾ ਜੀ ਦਾ ਬੀਜੀ ਅਤੇ ਆਪਣੇ ਭਾਣਜੇ-ਭਾਣਜੀਆਂ ਨਾਲ ਬੜਾ ਮੋਹ ਵਾਲਾ ਰਿਸ਼ਤਾ ਸੀ। ਸੱਚ ਤਾਂ ਇਹ ਹੈ ਕਿ ਸਾਡਾ ਰਿਸ਼ਤਾ ਵੀ ਉਨ੍ਹਾਂ ਕਰਕੇ ਹੀ ਹੋ ਸਕਿਆ। ਉਹ ਅੰਮ੍ਰਿਤਸਰ ਜਿਲੇ ਵਿਚ ਅਜਨਾਲਾ ਤੋਂ 4 ਕਿਲੋਮੀਟਰ ਦੂਰ ਪੈਂਦੇ ਪਿੰਡ ਚਮਿਆਰੀ ਤੋਂ ਸਨ ਅਤੇ ਪਿੰਡ ਦੇ ਲੰਮਾ ਸਮਾਂ ਸਰਪੰਚ ਵੀ ਰਹੇ। ਇਸੇ ਪਿੰਡ ਦੀ ਹੀ ਲੂਣਾ ਸੀ ਅਤੇ ਪਿੰਡ ਦੇ ਨਾਂ ਕਰ ਕੇ ਹੀ ਉਨ੍ਹਾਂ ਨੂੰ ਰਾਜੇਸ਼ਵਰ ਸਿੰਘ ਚਮਿਆਰੀ ਕਰਕੇ ਜਾਣਿਆ ਜਾਣ ਲੱਗਾ। ਮਾਮਾ ਜੀ ਨੇ ਆਪਣੀ ਸਾਰੀ ਜ਼ਿੰਦਗੀ ਕਮਿਊਨਿਸਟ ਪਾਰਟੀ ਦੇ ਲੇਖੇ ਲਾ ਦਿਤੀ। ਪਾਰਟੀ ਦੇ ਦੋਫਾੜ ਹੋਣ ਬਾਅਦ ਉਹ ਸੀ ਪੀ ਐਮ ਨਾਲ ਰਹੇ। ਜਦੋਂ ਸੀ ਪੀ ਐਮ ਦੋਫਾੜ ਹੋਈ ਤਾਂ ਉਹ ਪਾਰਟੀ ਨੂੰ ਅਲਵਿਦਾ ਕਹਿ ਕੇ ਦੇਸ਼ਭਗਤ ਯਾਦਗਾਰ ਹਾਲ ਜਲੰਧਰ ਆ ਗਏ। ਆਪਣੀ ਜੱਦੀ ਜਾਇਦਾਦ ਵੀ ਉਨ੍ਹਾਂ ਵੇਚ-ਵੇਚ ਪਾਰਟੀ ਜਾਂ ਫਿਰ ਲੋਕਾਂ ਦੀ ਮਦਦ ਦੇ ਲੇਖੇ ਲਾ ਦਿੱਤੀ। ਮੈਨੂੰ ਉਹ ਪੁਰਾਣੇ ਸਮਿਆਂ ਦੇ ਕਿਸੇ ਰਿਸ਼ੀ ਵਰਗੇ ਲੱਗਦੇ।

ਸਵੇਰ ਦੀ ਡਿਊਟੀ ਕਰਕੇ ਮੈਂ ਘਰ ਪੁਜਾ ਤਾਂ ਅੱਗੇ ਉਹ ਟੀ ਵੀ ਮੂਹਰੇ ਬੈਠੇ ਜਸਪ੍ਰੀਤ ਨਾਲ ਮਟਰ ਕੱਢਵਾ ਰਹੇ ਸਨ। ਜਸਪ੍ਰੀਤ ਮਟਰਾਂ ਦਾ ਕੰਮ ਮੇਰੇ ਹਵਾਲੇ ਕਰਕੇ ਆਪ ਚਾਹ ਦੇ ਆਹਰ ਲੱਗ ਗਈ ਅਤੇ ਕਾਮਰੇਡ ਸਾਹਿਬ ਨੇ ਅੰਮ੍ਰਿਤਸਰ ਵਿਚ ਵਾਪਰੀ ਘਟਨਾ ਬਾਰੇ ਆਪਣੀ ਚਿੰਤਾ ਦਾ ਪ੍ਰਗਟਾਵਾ ਕਰਨਾ ਸ਼ੁਰੂ ਕਰ ਦਿਤਾ। ਮੈਂ ਜਰਾ ਲਾਪ੍ਰਵਾਹੀ ਜਿਹੀ ਨਾਲ ਉਨ੍ਹਾਂ ਦੀ ਗੱਲ ਇਹ ਆਖ ਕੇ ਕੱਟ ਦਿਤੀ ਕਿ ਪੁਲਿਸ ਅਫਸਰ ਕੰਪਲੈਕਸ ਵਿਚ ਸਿੰਘਾਂ ਦੀ ਸੀ. ਆਈ. ਡੀ. ਕਰਨ ਗਿਆ ਹੋਵੇਗਾ। ਪਰ ਮਾਮਾ ਜੀ ਨੇ ਸੁਰ ਗੰਭੀਰ ਰਖਦਿਆਂ ਆਖਿਆ ਕਿ ਅਮੋਲਕ, ਸੀ.ਆਈ.ਡੀ. ਕਰਨ ਉਸ ਨੇ ਗੁਰੂ ਘਰ ਅੰਦਰ ਆਪ ਕੀ ਲੈਣ ਜਾਣਾ ਸੀ? ਇਹ ਬੜੀ ਮਾੜੀ ਗੱਲ ਹੋਈ ਹੈ। ਇਹ ਕੰਮ ਜਿਸ ਨੇ ਵੀ ਕੀਤਾ, ਚੰਗਾ ਨਹੀਂ ਕੀਤਾ। ਗੁਰੂ ਘਰ ਸਭਨਾਂ ਦਾ ਸਾਂਝਾ ਹੁੰਦਾ ਹੈ, ਉਥੇ ਵੱਡੇ ਤੋਂ ਵੱਡੇ ਵੈਰੀ ਨਾਲ ਵੀ ਐਸਾ ਭਾਣਾ ਨਹੀਂ ਵਾਪਰਨਾ ਚਾਹੀਦਾ।

ਮਾਮਾ ਜੀ ਕਹਿਣ ਲੱਗੇ, ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਇਸ ਘਟਨਾ ਦੀ ਦੋ ਟੁਕ ਸ਼ਬਦਾਂ ਵਿਚ ਨਿਖੇਧੀ ਕਰੇ ਪਰ ਉਨ੍ਹਾਂ ਨੂੰ ਦੁੱਖ ਸੀ ਕਿ ਜਥੇਦਾਰ ਨੇ ਇਸ ਤਰ੍ਹਾਂ ਕਰਨਾ ਨਹੀਂ। ਮਾਮਾ ਜੀ ਨੂੰ ਅਟਵਾਲ ਦੀ ਗੁਰੂਘਰ ਵਿਚ ਹੱਤਿਆ ਦੇ ਪਿੱਛੇ ਚੁਤੇਲਾਂ ਨੱਚਦੀਆਂ ਨਜ਼ਰ ਆ ਰਹੀਆਂ ਸਨ। ਇਸੇ ਦੌਰਾਨ ਜਸਪ੍ਰੀਤ ਮੈਨੂੰ ਕਹਿਣ ਲੱਗੀ, ਬੱਲ ਨੂੰ ਮਾਮਾ ਜੀ ਦੇ ਆਉਣ ਬਾਰੇ ਦੱਸ ਆਉ। ਬੱਲ ਨੇ ਡਿਊਟੀ ਤੋਂ 9 ਵਜੇ ਛੁੱਟੀ ਕਰਨੀ ਸੀ। ਅਸਲ ਵਿਚ ਉਹ ਪਹਿਲਾਂ ਕਈ ਵਾਰ ਗੱਲ ਕਰ ਚੁੱਕੀ ਸੀ ਕਿ ਮਾਮਾ ਜੀ ਜਦੋਂ ਵੀ ਆਏ ਉਨ੍ਹਾਂ ਨੂੰ ਬੱਲ ਨਾਲ ਜਰੂਰ ਮਿਲਾਉਣਾ ਹੈ। ਬੱਲ ਆਇਆ ਤਾਂ 5-7 ਮਿੰਟਾਂ ਵਿਚ ਹੀ ਮਾਮਾ ਜੀ ਨਾਲ ਉਸ ਦੀ ਇਸ ਕਿਸਮ ਦੀ ਨਿੱਘੀ ਵਾਰਤਾਲਾਪ ਸ਼ੁਰੂ ਹੋ ਗਈ ਜਿਵੇਂ ਉਹ ਚਿਰਾਂ ਤੋਂ ਹੀ ਇੱਕ ਦੂਸਰੇ ਦੇ ਸਾਥੀ ਰਹੇ ਹੋਣ।

ਉਨ੍ਹਾਂ ਦੀ ਗੱਲਬਾਤ ਦੀ ਸ਼ੁਰੂਆਤ ਅੰਮ੍ਰਿਤਸਰ ਜ਼ਿਲ੍ਹੇ ਵਿਚ ਸੀ ਪੀ ਐਮ ਦੇ ਜਨਰਲ ਸੈਕਟਰੀ ਕਾਮਰੇਡ ਫੌਜਾ ਸਿੰਘ ਭੁੱਲਰ ਬਾਰੇ ਯਾਦਾਂ ਨਾਲ ਹੋਈ। ਮਾਮਾ ਜੀ ਨੇ ਕਾਮਰੇਡ ਭੁੱਲਰ ਦੀ ਪ੍ਰੇਰਣਾ ਨਾਲ ਹੀ ਸਾਰਾ ਜੀਵਨ ਕਮਿਊਨਿਸਟ ਆਦਰਸ਼ਵਾਦ ਦੇ ਲੇਖੇ ਲਾ ਦਿੱਤਾ ਸੀ। ਕਾਮਰੇਡ ਭੁੱਲਰ ਪੰਜਾਬੀ ਸੂਬੇ ਦੇ ਪੱਕੇ ਮੁੱਦਈ ਸਨ ਅਤੇ ਉਨ੍ਹਾਂ ਨੂੰ ਅਕਾਲੀ ਨੇਤਾਵਾਂ ਵੱਲੋਂ ਅਰਦਾਸ ਭੰਗ ਕਰਕੇ ਮਰਨ ਵਰਤ ਤੋੜੇ ਜਾਣ ਦਾ ਡਿੱਡੋਂ ਦੁੱਖ ਸੀ। ਬੱਲ ਦੱਸਣ ਲੱਗਾ ਕਿ ਸਾਲ 1968 'ਚ ਜਿਸ ਦਿਨ ਸ. ਦਰਸ਼ਨ ਸਿੰਘ ਫੇਰੂਮਾਨ ਨੇ ਮਰਨ ਵਰਤ ਰੱਖਿਆ ਉਸ ਰਾਤ ਉਹ ਅਤੇ ਉਸ ਦਾ ਦੋਸਤ ਕੰਵਲ ਜੋ ਉਸ ਸਮੇਂ ਖਾਲਸਾ ਕਾਲਜ ਅੰਮ੍ਰਿਤਸਰ ਦਾ ਵਿਦਿਆਰਥੀ ਸੀ, ਪਾਰਟੀ ਦਫਤਰ ਵਿਚ ਕਾਮਰੇਡ ਭੁੱਲਰ ਨੂੰ ਮਿਲਣ ਗਏ ਹੋਏ ਸਨ। ਕਾਮਰੇਡ ਭੁੱਲਰ ਕਹਿਣ ਲੱਗੇ ਕਿ ਉਹ ਸ. ਫੇਰੂਮਾਨ ਦੇ ਸਿਰੜੀ ਸੁਭਾਅ ਦੇ ਭੇਤੀ ਹਨ। ਹੁਣ ਜਾਂ ਤਾਂ ਚੰਡੀਗੜ੍ਹ ਪੰਜਾਬ ਨੂੰ ਮਿਲੇਗਾ ਅਤੇ ਜਾਂ ਫਿਰ ਇਹ ਜਵਾਂ ਮਰਦ ਆਪਣੀ ਜਾਨ ਤੇ ਖੇਡ ਜਾਵੇਗਾ।

ਫਿਰ ਮਾਮਾ ਜੀ ਦੀ ਗੱਲਬਾਤ ਕਾਮਰੇਡ ਸਟਾਲਿਨ ਤੇ ਜਾ ਟਿਕੀ। ਮਾਮਾ ਜੀ ਦੀ ਰਾਏ ਅਨੁਸਾਰ ਸਟਾਲਿਨ ਮਜ਼ਦੂਰ ਜਮਾਤ ਦਾ ਮਸੀਹਾ ਸੀ ਅਤੇ ਉਸ ਦੀ ਮੌਤ ਨਾਲ ਦੁਨੀਆਂ ਭਰ ਦੇ ਗਰੀਬ ਲੋਕ ਅਨਾਥ ਹੋ ਗਏ ਸਨ। ਉਹ ਦੱਸਣ ਲੱਗੇ ਕਿ ਸਟਾਲਿਨ ਦੀ ਮੌਤ ਪਿੱਛੋਂ ਉਨ੍ਹਾਂ ਦੋ ਦਿਨ ਅੰਨ ਨੂੰ ਮੂੰਹ ਨਹੀਂ ਸੀ ਲਾਇਆ ਅਤੇ ਅਜਿਹੇ ਹੋਰ ਕਾਮਰੇਡਾਂ ਦੀ ਗਿਣਤੀ ਦਾ ਵੀ ਕੋਈ ਲੇਖਾ ਨਹੀਂ ਸੀ। ਇਸ ਦੇ ਉਲਟ ਗੁਰਦਿਆਲ ਬੱਲ ਦੀ ਰਾਏ ਸੀ ਕਿ ਸਟਾਲਿਨ ਜਿੱਡਾ ਵੱਡਾ ਇਨਸਾਨੀਅਤ ਦਾ ਮੁਜ਼ਰਿਮ ਹੁਣ ਤੱਕ ਦੇ ਇਤਿਹਾਸ ਵਿਚ ਹੋਰ ਕੋਈ ਨਹੀਂ ਹੋਇਆ। ਜੁਲਮ ਆਪੋ ਆਪਣੇ ਸਮੇਂ ਚੰਗੇਜ਼ ਖਾਨ ਅਤੇ ਤੈਮੂਰਲੰਗ ਨੇ ਵੀ ਬੜੇ ਕੀਤੇ ਹੋਣਗੇ ਪਰ ਤਕੜੀ ਦੇ ਇੱਕ ਪਲੜੇ ਵਿਚ ਹੁਣ ਤੱਕ ਹੋਏ ਬੀਤੇ ਸਭ ਜੁਲਮਾਂ ਦੀਆਂ ਕਹਾਣੀਆਂ ਅਤੇ ਦੂਸਰੇ ਵਿਚ ਇਕੱਲੇ ਸਟਾਲਿਨ ਵੱਲੋਂ ਆਪਣੇ ਹੀ ਸਾਥੀ ਕਮਿਊਨਿਸਟ ਇਨਕਲਾਬੀਆਂ ਨੂੰ ਮਾਰਨ ਲਈ ਚਲਾਏ ਬਦਨਾਮ ਮਾਸਕੋ ਮੁਕੱਦਮਿਆਂ ਦੀਆਂ ਕਥਾਵਾਂ ਪਾ ਲਈਆਂ ਜਾਣ ਤਾਂ ਸਟਾਲਿਨ ਦੇ ਜੁਲਮਾਂ ਵਾਲਾ ਛਾਬਾ ਭਾਰੀ ਸੀ। ਸਟਾਲਿਨ ਦਾ ਗੁਨਾਹ ਇਹ ਨਹੀਂ ਸੀ ਕਿ ਉਸ ਨੇ ਆਪਣੇ ਪੁਰਾਣੇ ਸਾਥੀਆਂ ਨੂੰ ਨਜਾਇਜ ਮਾਰਿਆ। ਇਨਕਲਾਬ ਨੂੰ ਬਚਾਉਣ ਲਈ ਉਹ ਸਾਰੇ ਹੀ ਰੂਸੀਆਂ ਨੂੰ ਮਾਰ ਛੱਡਦਾ, ਗੱਲ ਗੇੜ ਵਿਚ ਆ ਸਕਦੀ ਸੀ। ਜੋ ਗੱਲ ਗੇੜ ਵਿਚ ਨਹੀਂ ਆਉਂਦੀ ਉਹ ਇਹ ਹੈ ਕਿ ਉਸ ਦੇ ਮੁਨਸਿਫਾਂ ਨੂੰ ਮਾਰੇ ਜਾਣ ਵਾਲੇ ਕਾਮਰੇਡਾਂ ਨੂੰ ਪਹਿਲਾਂ ਸ਼ਰੇਆਮ ਆਪਣੇ ਆਪ ਨੂੰ ਕੁੱਤੇ ਬੰਦੇ ਕਹਿਣ ਲਈ ਮਜਬੂਰ ਕੀਤਾ ਅਤੇ ਫਿਰ ਕੁੱਤਿਆਂ ਵਾਂਗ ਉਨ੍ਹਾਂ ਨੂੰ ਗੋਲੀਆਂ ਮਰਵਾ ਦਿੱਤੀਆਂ।

ਬੱਲ ਕਹਿ ਰਿਹਾ ਸੀ ਕਿ ਕਾਮਨੇਵ ਵਰਗੇ ਸੀਨੀਅਰ ਆਗੂ ਨੂੰ ਪਾਰਟੀ ਦੀ ਹਾਈ ਕਮਾਂਡ ਅੱਗੇ ਆਪਣੇ ਆਪ ਨੂੰ 'ਕੁੱਤਾ ਬੰਦਾ' ਮੰਨ ਲੈਣ ਲਈ ਲਾਲਚ ਇਹ ਦਿੱਤਾ ਗਿਆ ਕਿ ਉਸ ਦੇ ਅਜਿਹੇ ਇਕਬਾਲ ਨਾਲ ਇਨਕਲਾਬ ਦਾ ਕਾਜ ਅੱਗੇ ਵਧੇਗਾ ਅਤੇ ਘੱਟੋ-ਘੱਟ ਉਸ ਦੇ ਪੁੱਤਰ ਕੁੱਤਿਆਂ ਦੀ ਮੌਤ ਮਾਰੇ ਜਾਣ ਤੋਂ ਬਚ ਜਾਣਗੇ। ਬੇਸ਼ਰਮੀ ਅਤੇ ਲਾਹਣਤ ਦੀ ਹੱਦ ਇਹ ਸੀ ਕਿ ਕਾਮਨੇਵ ਦੇ ਲੜਕੇ ਤਾਂ ਜਲਦੀ ਪਿੱਛੋਂ ਹੀ ਰਗੜ ਦਿੱਤੇ ਗਏ। 1953 ਵਿਚ ਖੁਦ ਮਰਨ ਤੋਂ ਪਹਿਲਾਂ ਸਟਾਲਿਨ ਨੇ ਕਾਮਨੇਵ ਦੇ ਪੋਤਰਿਆਂ ਨੂੰ ਵੀ ਮਰਵਾ ਦਿੱਤਾ। ਸਟਾਲਿਨ ਦੇ ਸਮਕਾਲੀ ਹਿਟਲਰ ਨੇ ਲੱਖਾਂ ਯਹੂਦੀਆਂ ਨੂੰ ਗੈਸ ਕੈਂਪਾਂ ਵਿਚ ਬੇਰਹਿਮੀ ਨਾਲ ਮਰਵਾਇਆ ਸੀ। ਪ੍ਰੰਤੂ ਉਸ ਨੂੰ ਆਪਣੇ ਜਰਨੈਲ ਰੋਮੇਲ ਦੀ ਵਫਾਦਾਰੀ 'ਤੇ ਜਦੋਂ ਸ਼ੱਕ ਹੋਇਆ ਤਾਂ ਉਸ ਨੂੰ ਜ਼ਹਿਰ ਪੀ ਕੇ ਮਰਨ ਲਈ ਮਜਬੂਰ ਤਾਂ ਕੀਤਾ ਸੀ ਪਰ ਉਸ ਦੇ ਆਤਮ ਸਨਮਾਨ ਜਾਂ ਉਸ ਦੇ ਪਰਿਵਾਰ ਨੂੰ ਕੋਈ ਆਂਚ ਨਹੀਂ ਆਈ ਸੀ।

ਮਾਮਾ ਜੀ ਜੋ ਬੱਲ ਨੂੰ ਮਿਲ ਕੇ ਪਹਿਲਾਂ ਬੜੇ ਖੁਸ਼ ਹੋਏ ਸਨ-ਅਜਿਹੀਆਂ ਕਹਾਣੀਆਂ ਸੁਣ ਕੇ ਉਦਾਸ ਹੋ ਗਏ ਅਤੇ ਚੁਪ ਹੀ ਹੋ ਗਏ। ਜਸਪ੍ਰੀਤ, ਜਿਸ ਨੂੰ ਕਿ ਆਪਣੇ ਮਾਮਾ ਜੀ ਨੂੰ ਬੱਲ ਨਾਲ ਮਿਲਾਉਣ ਦਾ ਚਾਅ ਚੜ੍ਹਿਆ ਹੋਇਆ ਸੀ, ਉਨ੍ਹਾਂ ਦੇ ਮਾਯੂਸ ਚਿਹਰੇ ਨੂੰ ਵੇਖ ਕੇ ਬੇਚੈਨ ਹੋ ਗਈ। ਉਸ ਨੇ ਬੱਲ ਨੂੰ ਇਸ ਕਿਸਮ ਦੀਆਂ ਉਦਾਸ ਕਰਨ ਵਾਲੀਆਂ ਗੱਲਾਂ ਕਰਨ ਤੋਂ ਪੂਰੇ ਜ਼ੋਰ ਨਾਲ ਰੋਕ ਦਿੱਤਾ।

ਜੂਨ 84 ਵਿਚ ਅਪਰੇਸ਼ਨ ਬਲਿਊ ਸਟਾਰ ਹੋਇਆ ਤਾਂ ਕਰਫਿਊ ਕਰਕੇ ਪੰਜਾਬ ਤੇ ਚੰਡੀਗੜ੍ਹ ਦੇ ਹੋਰ ਦਫਤਰਾਂ ਵਾਂਗ ਟ੍ਰਿਬਿਊਨ ਦਫਤਰ ਵੀ ਤਿੰਨ ਦਿਨ ਬੰਦ ਰਿਹਾ। ਪੰਜਾਬੀ ਟ੍ਰਿਬਿਊਨ ਦੇ ਸਟਾਫ ਵਿਚੋਂ ਬਹੁਤਿਆਂ ਦਾ ਪਿਛੋਕੜ ਬੇਸ਼ਕ ਖੱਬੇਪਖੀ ਸੀ ਪਰੰਤੂ ਇਸ ਘਟਨਾ ਨੇ ਸਭਨਾਂ ਦੇ ਚਿਹਰਿਆਂ 'ਤੇ ਹੀ ਇਕ ਅਜੀਬ ਉਦਾਸੀ ਲੈ ਆਂਦੀ ਸੀ। ਕਰਫਿਊ ਖਤਮ ਹੋਣ ਤੋਂ ਬਾਅਦ ਸਟਾਫ ਦੇ ਕਰੀਬ ਸਾਰੇ ਮੈਂਬਰ ਹੀ ਸੰਪਾਦਕ ਬਰਜਿੰਦਰ ਸਿੰਘ ਦੇ ਘਰ ਇਕੱਠੇ ਹੋਏ। ਉਦਾਸ ਚਿਹਰਿਆਂ ਨਾਲ ਵਿਸ਼ੇਸ਼ ਸਪਲੀਮੈਂਟ ਕੱਢਣ ਦਾ ਫੈਸਲਾ ਹੋਇਆ। ਦਫਤਰ ਪਹੁੰਚੇ ਤਾਂ ਹਿੰਦੂ ਭਾਈਚਾਰੇ ਦੇ ਲੋਕਾਂ ਦੇ ਚਿਹਰਿਆਂ 'ਤੇ ਇਕ ਖਾਸ ਕਿਸਮ ਦੀ ਤਸੱਲੀ ਸਹਿਜੇ ਹੀ ਦੇਖੀ ਜਾ ਸਕਦੀ ਸੀ, ਜਦੋਂਕਿ ਪੰਜਾਬੀ ਟ੍ਰਿਬਿਊਨ ਦੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਰਾਜਨੀਤੀ ਨਾਲ ਅਸਹਿਮਤੀ ਰਖਣ ਵਾਲੇ ਸਟਾਫ ਦੇ ਚਿਹਰਿਆਂ ਉਪਰ ਵੀ ਦਰਦ ਤੱਕਿਆ ਜਾ ਸਕਦਾ ਸੀ।



ਜਗਤਾਰ ਸਿੰਘ ਸਿੱਧੂ ਯੂਨੀਅਨ ਦੇ ਇਕ ਜਲਸੇ ਨੂੰ ਸੰਬੋਧਨ ਕਰਦੇ ਹੋਏ


ਇਸ ਵਰਤਾਰੇ ਤੋਂ ਦੋ ਕੁ ਮਹੀਨੇ ਬਾਅਦ ਹੀ ਅਜੀਤ ਅਖਬਾਰ ਦੇ ਮੁਖ ਸੰਪਾਦਕ ਸ. ਸਾਧੂ ਸਿੰਘ ਹਮਦਰਦ ਚਲਾਣਾ ਕਰ ਗਏ ਅਤੇ ਸੰਪਾਦਕ ਸ. ਬਰਜਿੰਦਰ ਸਿੰਘ ਨੂੰ ਪੰਜਾਬੀ ਟ੍ਰਿਬਿਊਨ ਛੱਡ ਕੇ ਅਜੀਤ ਦੀ ਸੰਪਾਦਕੀ ਸੰਭਾਲਣੀ ਪਈ। ਉਨ੍ਹਾਂ ਦੀ ਥਾਂ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਸ. ਗੁਲਜ਼ਾਰ ਸਿੰਘ ਸੰਧੂ ਬਣੇ। ਸਾਲ 1985 'ਚ ਪੰਜਾਬੀ ਟ੍ਰਿਬਿਊਨ ਵਿਚ ਸਟਾਫ ਰਿਪੋਰਟਰ ਦੀ ਇਕ ਅਸਾਮੀ ਨਿਕਲੀ। ਟ੍ਰਿਬਿਊਨ ਅਦਾਰੇ ਵਿਚ ਇਸ ਸਮੇਂ ਤੱਕ ਮੁਲਾਜ਼ਮ ਯੂਨੀਅਨ ਦੀ ਪੂਰੀ ਤੂਤੀ ਵੱਜੀ ਹੋਈ ਸੀ ਅਤੇ ਜਨਰਲ ਸੈਕਟਰੀ ਪੰਡਿਤ ਮੋਹਣ ਲਾਲ 'ਮਾਫੀਆ ਡੌਨ' ਦੀ ਭੂਮਿਕਾ ਨਿਭਾ ਰਿਹਾ ਸੀ। ਸਟਾਫ ਰਿਪੋਰਟਰ ਦੀ ਪੋਸਟ ਬਹੁਤ ਹੀ ਲੁਭਾਉਣੀ ਸੀ। ਧੜੇਬੰਦੀ ਪੂਰੇ ਸਿਖਰ 'ਤੇ ਸੀ। ਸਾਡੇ ਧੜੇ ਵੱਲੋਂ ਦਲਜੀਤ ਸਰਾਂ ਅਤੇ ਦੂਸਰੇ ਧੜੇ ਵੱਲੋਂ ਜਗਤਾਰ ਸਿੰਘ ਸਿੱਧੂ ਇਸ ਪੋਸਟ ਲਈ ਦਾਅਵੇਦਾਰ ਸਨ। ਸੰਪਾਦਕ ਸੰਧੂ ਸਾਹਿਬ ਦਾ ਮਨ ਦਲਜੀਤ ਸਰਾਂ ਦੇ ਪੱਖ ਵਿਚ ਸੀ। ਪ੍ਰੰਤੂ ਪੰਡਿਤ ਮੋਹਨ ਲਾਲ ਹਰ ਹਾਲ ਵਿਚ ਸਟਾਫ ਰਿਪੋਰਟਰੀ ਦਾ ਮੁਕਟ ਜਗਤਾਰ ਸਿੰਘ ਸਿੱਧੂ ਦੇ ਸਿਰ 'ਤੇ ਟਿਕਾਉਣ ਲਈ ਤੁਲਿਆ ਹੋਇਆ ਸੀ।

'ਪੰਜਾਬੀ ਟ੍ਰਿਬਿਊਨ' ਦੇ ਇਤਿਹਾਸ ਅੰਦਰ ਇਹ ਬੜਾ ਹੀ ਦਿਲਚਸਪ ਭੇੜ ਸੀ। ਗੁਲਜ਼ਾਰ ਸਿੰਘ ਸੰਧੂ ਤਬੀਅਤਨ ਬੜੇ ਹੀ ਨਰਮ ਦਿਲ ਇਨਸਾਨ ਸਨ। ਉਹ ਪਿੱਛੋਂ ਖੁਦ ਕਹਿੰਦੇ ਰਹੇ ਸਨ ਕਿ ਉਨ੍ਹਾਂ ਨੇ ਉਸ ਸਮੇਂ ਤੱਕ ਜ਼ਿੰਦਗੀ ਵਿਚ ਕਦੇ ਅਜਿਹੀ ਭੈੜੀ ਕਸ਼ਮਕਸ਼ ਦਾ ਸਾਹਮਣਾ ਨਹੀਂ ਕੀਤਾ ਸੀ। ਅਦਾਰੇ ਵਿਚ ਉਸ ਸਮੇਂ ਤੱਕ ਸਬ ਐਡੀਟਰਾਂ ਦੀਆਂ ਇਕ ਨਹੀਂ ਬਲਕਿ ਦੋ ਅਸਾਮੀਆਂ ਖਾਲੀ ਸਨ ਜਿਨ੍ਹਾਂ ਨੂੰ ਭਰਨ ਤੋਂ ਮੈਨੇਜਮੈਂਟ ਖਾਹ-ਮਖਾਹ ਅੜਿੱਕੇ ਅਟਕਾ ਰਹੀ ਸੀ। ਸਬ ਐਡੀਟਰ ਦੀ ਅਸਾਮੀ ਦਾ ਗਰੇਡ ਸਟਾਫ ਰਿਪੋਰਟਰ ਵਾਲਾ ਹੀ ਸੀ। ਸੰਧੂ ਸਾਹਿਬ ਨੇ ਧਰਮ ਸੰਕਟ ਤੋਂ ਬਚਣ ਦਾ ਸੁਖਾਲਾ ਰਾਹ ਕੱਢਦਿਆਂ ਜਨਰਲ ਮੈਨੇਜਰ ਭਾਂਬਰੀ ਨੂੰ ਦਲਜੀਤ ਸਰਾਂ ਅਤੇ ਸਿੱਧੂ-ਦੋਵਾਂ ਨੂੰ ਹੀ ਸਟਾਫ ਰਿਪੋਰਟਰ ਬਣਾ ਦੇਣ ਲਈ ਆਖ ਦਿੱਤਾ। ਬੇਲੋੜੇ ਤਣਾਓ ਤੋਂ ਬਚਣ ਦਾ ਇਸ ਤੋਂ ਚੰਗਾ ਰਸਤਾ ਵੀ ਹੋਰ ਕੋਈ ਨਹੀਂ ਸੀ। ਪ੍ਰੰਤੂ ਮੁਲਾਜਮ ਯੂਨੀਅਨ ਦੇ ਬੌਸ ਮੋਹਣ ਲਾਲ ਦੀ ਹਿੰਡ ਦਾ ਸਵਾਲ ਸੀ। ਉਸ ਨੇ ਜਨਰਲ ਮੈਨੇਜਰ ਐਸ ਡੀ ਭਾਂਬਰੀ ਨੂੰ ਵੀ ਦਬਾਇਆ ਹੋਇਆ ਸੀ ਕਿ ਸਟਾਫ ਰਿਪੋਰਟਰ ਇੱਕੋ ਹੀ ਅਤੇ ਉਹ ਵੀ ਉਸ ਦੀ ਮਰਜੀ ਅਨੁਸਾਰ ਜਗਤਾਰ ਸਿੱਧੂ ਹੀ ਬਣੇਗਾ।

ਸੰਪਾਦਕ ਨੇ ਪਹਿਲਾ ਦਾਅ ਚਲਦਾ ਨਾ ਵੇਖਦਿਆਂ ਦੂਸਰਾ ਦਾਅ ਇਹ ਚਲਾਇਆ ਕਿ ਦੋਵਾਂ ਉਮੀਦਵਾਰਾਂ ਨੂੰ ਮਹੀਨੇ ਭਰ ਲਈ ਆਪੋ-ਆਪਣੀ ਸਮੱਰਥਾ ਦਿਖਾਉਣ ਵਾਸਤੇ ਫੀਲਡ ਵਿਚ ਧੱਕ ਦਿੱਤਾ। ਪ੍ਰੰਤੂ ਦੋਵਾਂ ਵਿਚੋਂ ਇੱਕ ਦੀ ਚੋਣ ਦਾ ਮਸਲਾ ਫਿਰ ਉਵੇਂ ਜਿਵੇਂ ਹੀ ਖੜਾ ਰਿਹਾ। ਇੱਕ ਮਹੀਨਾ ਤਾਂ ਕੀ ਪੂਰੇ ਛੇ ਮਹੀਨੇ ਦਗੜ-ਦਗੜ ਹੁੰਦੀ ਰਹੀ। ਦੋਵਾਂ ਉਮੀਦਵਾਰਾਂ ਦਾ ਜੋਰ ਤਾਂ ਲੱਗਣਾ ਹੀ ਸੀ ਇਕ ਪਾਸੇ ਕਰਮਜੀਤ ਸਿੰਘ ਅਤੇ ਦੂਜੇ ਪਾਸੇ ਸ਼ਾਮ ਸਿੰਘ ਦੀ ਅਗਵਾਈ ਹੇਠ ਦੋਵੇਂ ਧੜਿਆਂ ਦੇ ਸਮਰਥਕ ਵੀ ਖਫਾ ਖੂਨ ਹੋਏ ਰਹੇ। ਸੰਧੂ ਸਾਹਿਬ ਦੇ ਇਸ ਪੈਂਤੜੇ ਅੱਗੇ ਮੋਹਣ ਲਾਲ ਜਲਦੀ ਹੀ ਕਾਹਲਾ ਪੈਣ ਲੱਗਾ ਅਤੇ ਉਸ ਦੇ ਦਾਬੇ ਹੇਠ ਜਨਰਲ ਮੈਨੇਜਰ ਨੇ ਸੰਪਾਦਕ ਸੰਧੂ ਸਾਹਿਬ ਉਤੇ ਹੋਰ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ।

ਹੁਣ ਸੰਧੂ ਸਾਹਿਬ ਨੇ ਹਾਰ ਕੇ ਜਨਰਲ ਮੈਨੇਜਰ ਜਾਂ ਮੈਨੇਜਮੈਂਟ ਨੂੰ ਕਿਸੇ ਵੀ ਗਲਤ ਠੀਕ ਆਧਾਰ 'ਤੇ ਦੋਵਾਂ ਦੀ ਸੀਨੀਆਰਟੀ ਤੈਅ ਕਰਕੇ ਸੀਨੀਅਰ ਮਿਥੇ ਗਏ ਉਮੀਦਵਾਰ ਨੂੰ ਸਟਾਫ ਰਿਪੋਰਟਰੀ ਦੀ ਬਖਸ਼ਿਸ਼ ਕਰ ਦੇਣ ਲਈ ਲਿਖਤੀ ਸਿਫਾਰਸ਼ ਕਰ ਦਿੱਤੀ। ਮੋਹਣ ਲਾਲ ਇਸੇ ਹੀ ਦਾਅ 'ਤੇ ਸੀ। ਜਗਤਾਰ ਸਿੰਘ ਸਿੱਧੂ ਸਰਟੀਫੀਕੇਟ 'ਤੇ ਲਿਖੀ ਉਮਰ ਦੇ ਹਿਸਾਬ ਦਲਜੀਤ ਨਾਲੋਂ 5-7 ਦਿਨ ਵੱਡਾ ਸੀ। ਇਹ ਪਤਾ ਲੱਗਦਿਆਂ ਹੀ ਅਗਲਿਆਂ ਨੇ ਜਗਤਾਰ ਸਿੱਧੂ ਦਾ ਨਾਂ ਉਪਰ ਤੇ ਦਲਜੀਤ ਦਾ ਨਾਂ ਹੇਠਾਂ ਲਿਖ ਕੇ ਸੀਨੀਆਰਟੀ ਵਾਲਾ ਫਰਲਾ ਸੰਪਾਦਕ ਦੇ ਮੇਜ 'ਤੇ ਲਿਆ ਟਿਕਾਇਆ। ਇਹ ਪਹਿਲੀ ਜਨਵਰੀ 1986 ਦੀ ਗੱਲ ਹੈ।

ਪਰ ਮਸਲੇ ਦਾ ਹੱਲ ਇੰਨੀ ਅਸਾਨੀ ਨਾਲ ਅਜੇ ਵੀ ਹੋਣ ਵਾਲਾ ਨਹੀਂ ਸੀ। ਜੇਕਰ ਮੋਹਣ ਲਾਲ ਜਗਤਾਰ ਦੇ ਹੱਕ ਵਿਚ ਚਟਾਨ ਵਾਂਗ ਖੜ੍ਹਾ ਸੀ ਤਾਂ ਭਾਅ ਜੀ ਕਰਮਜੀਤ ਅਤੇ ਗੁਰਦਿਆਲ ਬੱਲ ਨੇ ਵੀ ਦਲਜੀਤ ਦੇ ਹੱਕ ਵਿਚ ਸਿਰ ਧੜ ਦੀਆਂ ਬਾਜੀਆਂ ਲਾਈਆਂ ਹੋਈਆਂ ਸਨ। ਬੱਲ, ਦਲਜੀਤ ਅਤੇ ਜਗਤਾਰ-ਦੋਵਾਂ ਨਾਲੋਂ ਹੀ ਉਮਰ ਵਿਚ ਦੋ-ਤਿੰਨ ਸਾਲ ਵੱਡਾ ਸੀ। ਮੈਨੂੰ ਯਾਦ ਹੈ, ਰਾਤ ਦੀ ਡਿਊਟੀ 'ਤੇ ਮੈਂ ਵੀ ਉਸ ਦਿਨ ਬੱਲ ਦੇ ਨਾਲ ਸਾਂ। ਬੱਲ ਨੂੰ ਉਸ ਦਿਨ ਵਾਂਗ ਬੇਬਸ ਅਤੇ ਪ੍ਰੇਸ਼ਾਨ ਸ਼ਾਇਦ ਹੀ ਕਦੀ ਕਿਸੇ ਨੇ ਵੇਖਿਆ ਹੋਵੇ। ਅਗਲੇ ਦਿਨ ਹੀ ਟ੍ਰਿਬਿਊਨ ਦੇ ਟਰੱਸਟੀਆਂ ਦੀ ਦੋਮਾਹੀ ਮੀਟਿੰਗ ਵਿਚ ਜਗਤਾਰ ਸਿੱਧੂ ਦੀ ਚੋਣ ਉਪਰ ਵੀ ਪੱਕੀ ਮੋਹਰ ਲੱਗ ਜਾਣੀ ਸੀ। ਬੱਲ ਨੂੰ ਇਹ ਪਤਾ ਸੀ ਤੇ ਉਹ ਦਫਤਰੋਂ ਸਿੱਧਾ ਕਰਮਜੀਤ ਭਾਅ ਜੀ ਵਲ ਚਲਾ ਗਿਆ। ਸਾਰੀ ਰਾਤ ਸੋਚ



ਦਲਜੀਤ ਸਰਾਂ

ਸੋਚ ਕੇ ਦੋਵਾਂ ਨੇ ਬੱਲ ਦੀ ਤਰਫੋਂ ਟ੍ਰਿਬਿਊਨ ਟਰੱਸਟ ਦੇ ਉਸ ਸਮੇਂ ਦੇ ਚੇਅਰਮੈਨ ਜਨਰਲ ਪੀ. ਐਸ. ਗਿਆਨੀ ਅੱਗੇ ਪੇਸ਼ ਕਰਨ ਲਈ ਇਕ ਦਰਖਾਸਤ ਤਿਆਰ ਕੀਤੀ। ਉਸ ਪੱਤਰ ਦੀ ਨਕਲ ਅੱਜ ਤੱਕ ਮੇਰੇ ਕੋਲ ਸਾਂਭੀ ਪਈ ਹੈ।

ਟਰੱਸਟੀਆਂ ਦੀ ਮੀਟਿੰਗ ਸਵੇਰੇ 10 ਵਜੇ ਸੀ। ਉਸ ਤੋਂ ਪਹਿਲਾਂ ਪਹਿਲਾਂ ਅਜਿਹਾ ਰਸੂਖ ਵਾਲਾ ਆਦਮੀ ਲੱਭਣਾ ਵੀ ਜਰੂਰੀ ਸੀ ਜੋ ਚੇਅਰਮੈਨ ਨੂੰ ਦਰਖਾਸਤ ਪੜ੍ਹਨ ਲਈ ਰਜ਼ਾਮੰਦ ਕਰ ਸਕੇ। ਦੋਵਾਂ 'ਮੁਹਿੰਮਬਾਜ਼ਾਂ' ਨੇ ਸਵੇਰੇ 7 ਵਜੇ ਤੋਂ ਪਹਿਲਾਂ ਪਹਿਲਾਂ ਅਰਜ਼ੀ ਟਾਈਪ ਕਰਵਾਈ ਅਤੇ ਉਸੇ ਵਕਤ ਜਸਮਹਿੰਦਰ ਸਿੰਘ ਮਿੱਕੀ ਦੇ ਹਵਾਲੇ ਜਾ ਕੀਤੀ। ਇਹ ਮਿੱਕੀ ਸਾਲ 1971-72 'ਚ ਡੇਹਰਾਦੂਨ ਡੀ. ਏ. ਵੀ. ਕਾਲਜ 'ਚ ਵਿਦਿਆਰਥੀ ਯੂਨੀਅਨ ਦਾ ਬੜਾ ਜਥੇ ਵਾਲਾ ਪ੍ਰਧਾਨ ਸੀ ਅਤੇ ਬੱਲ ਦਾ ਉਸ ਨਾਲ ਉਨ੍ਹਾਂ ਦਿਨਾਂ ਤੋਂ ਹੀ ਨੇੜ ਸੀ। ਮਿੱਕੀ ਦੂਨ ਸਕੂਲ ਵਿਚ ਸੰਜੇ ਗਾਂਧੀ ਹੋਰਾਂ ਦੇ ਨਾਲ-ਨਾਲ ਜਨਰਲ ਪੀ.ਐਸ. ਗਿਆਨੀ ਦੇ ਦਾਮਾਦ ਮਮਿਕ ਸਾਹਿਬ ਨਾਲ ਵੀ ਪੜ੍ਹਿਆ ਹੋਇਆ ਸੀ। ਕਰਮਜੀਤ ਭਾਅ ਜੀ ਅਤੇ ਬੱਲ ਨੇ ਅਰਜ਼ੀ ਟਰਸਟੀ ਪੀ.ਐਸ. ਗਿਆਨੀ ਤੱਕ ਪਹੁੰਚਾਉਣ ਲਈ ਸਵੇਰੇ 8 ਵਜੇ ਤੱਕ ਮਮਿਕ ਸਾਹਿਬ ਦੀ ਕੋਠੀ ਉਸ ਦੇ ਹਵਾਲੇ ਜਾ ਕੀਤੀ।

ਬੱਲ ਨੇ ਅਰਜ਼ੀ ਰਾਹੀਂ ਇਹ ਦਾਅਵਾ ਜਤਾ ਦਿੱਤਾ ਸੀ ਕਿ ਜੇ ਸਟਾਫ ਰਿਪੋਰਟਰੀ ਦੀ ਯੋਗਤਾ ਉਮਰ ਹੈ, ਤਾਂ ਫਿਰ ਉਹ ਦੋਹਾਂ ਉਮੀਦਵਾਰਾਂ ਨਾਲੋਂ ਵੱਡਾ ਸੀ ਤੇ ਉਸ ਦਾ ਵੀ ਦਾਅਵਾ ਬਣਦਾ ਸੀ। ਇਸ ਤਰ੍ਹਾਂ ਜਗਤਾਰ ਸਿੱਧੂ ਦੇ ਮੂੰਹ ਵਿਚ ਸਟਾਫ ਰਿਪੋਰਟਰੀ ਦਾ ਲੱਡੂ ਡਿੰਗਦਾ-ਡਿੰਗਦਾ ਰਹਿ ਗਿਆ। ਪ੍ਰੰਤੂ ਪੰਡਤ ਮੋਹਣ ਲਾਲ ਵੀ ਹਾਰ ਮੰਨਣ ਵਾਲਾ ਨਹੀਂ ਸੀ। ਇਸ ਸਟੇਜ 'ਤੇ ਉਸ ਨੇ ਜਨਰਲ ਮੈਨੇਜਰ ਦੇ ਰਾਹੀਂ 'ਟ੍ਰਿਬਿਊਨ' ਗਰੁਪ ਦੇ ਮੁਖ ਸੰਪਾਦਕ ਪ੍ਰੇਮ ਭਾਟੀਏ ਨੂੰ ਵੀ ਧਿਰ ਬਣਾ ਲਿਆ। ਹਫਤਾ ਕੁ ਬਾਅਦ ਉਨ੍ਹਾਂ ਨੇ ਇੰਟਰਵਿਊ ਦੇ 'ਨਾਟਕ' ਲਈ ਤਰੀਕ ਫਿਕਸ ਕਰਵਾ ਦਿੱਤੀ। ਪ੍ਰੇਮ ਭਾਟੀਏ ਨੇ ਦੋਵਾਂ ਉਮੀਦਵਾਰਾਂ ਦੀ 'ਯੋਗਤਾ' ਨੂੰ ਪਰਖਿਆ ਅਤੇ ਮੋਹਣ ਲਾਲ ਦੇ ਉਮੀਦਵਾਰ ਦੇ ਹੱਕ ਵਿਚ ਫੈਸਲਾ ਸੁਣਾ ਦਿੱਤਾ।

ਬੱਲ ਪਿਛਲੇ ਸਾਲ ਜਦੋਂ ਮੇਰੇ ਕੋਲ ਆਇਆ ਤਾਂ ਇਹ ਗੱਲ ਚਲਣ 'ਤੇ ਮੈਂ ਹਾਸੇ 'ਚ ਕਿਹਾ, ਦਲਜੀਤ ਅਤੇ ਜਗਤਾਰ 'ਚੋਂ ਜੇਕਰ ਨੌਗਾ ਜਗਤਾਰ ਦੇ ਹੱਕ ਵਿਚ ਪੈ ਹੀ ਗਿਆ ਤਾਂ ਐਡੀ ਵੀ ਕੀ ਗੱਲ

(ਬਾਕੀ ਸਫਾ 29 'ਤੇ)

# ਦਲੀਪ ਸਿੰਘ ਸੌਂਦ-ਇੱਕ ਕ੍ਰਾਂਤੀਕਾਰੀ ਲੀਡਰ ਅਤੇ ਸਿਆਸਤਦਾਨ

ਅੱਜ ਤੋਂ ਕੋਈ 92 ਸਾਲ ਪਹਿਲਾਂ ਵੀਹ ਕੁ ਸਾਲ ਦਾ ਇਕ ਮੁੱਛ-ਫੁੱਟ ਪੰਜਾਬੀ ਗੱਭਰੂ ਆਪਣੀਆਂ ਅੱਖਾਂ ਵਿਚ ਜ਼ਿੰਦਗੀ ਦੇ ਕੁੱਝ ਨਿਵੇਕਲੇ ਸੁਪਨੇ ਲੈ ਕੇ ਸੈਨ ਫਰਾਂਸਿਸਕੋ ਵਿਚ ਸਮੁੰਦਰੀ ਰਾਸਤੇ ਦਾਖ਼ਲ ਹੋਇਆ। ਅਮਰੀਕਾ ਦੀ ਧਰਤੀ 'ਤੇ ਵਿਚਰਦਿਆਂ ਉਹ ਕੁੱਝ ਅਜਿਹੇ ਕਾਰਨਾਮੇ ਕਰ ਗਿਆ ਜਿਸ 'ਤੇ ਇਕੱਲੇ ਪੰਜਾਬੀ ਜਾਂ ਭਾਰਤੀ ਹੀ ਨਹੀਂ ਸਗੋਂ ਸਮੁੱਚੇ ਏਸ਼ੀਆਈ ਖਿੱਤੇ ਦੇ ਲੋਕ ਮਾਣ ਕਰਦੇ ਰਹਿਣਗੇ। ਖੇਤੀਬਾੜੀ ਦੀ ਪੜ੍ਹਾਈ ਕਰਨ ਲਈ ਆਏ



**ਕੁਲਦੀਪ ਸਿੰਘ ਢੀਂਡਸਾ**
ਫੋਨ: 510-676-4440

ਇਸ ਨੌਜਵਾਨ ਨੇ ਇਕ ਅਮਰੀਕਨ ਜੱਜ ਦੇ ਤੌਰ 'ਤੇ ਹੀ ਸੇਵਾ ਨਹੀਂ ਨਿਭਾਈ ਸਗੋਂ ਉਸ ਨੂੰ ਪਹਿਲਾ ਏਸ਼ੀਆਈ ਕਾਂਗਰਸਮੈਨ ਹੋਣ ਦਾ ਮਾਣ ਵੀ ਹਾਸਲ ਹੈ ਜੋ ਲਗਾਤਾਰ ਤਿੰਨ ਵਾਰ ਕੈਲੀਫੋਰਨੀਆ ਦੇ 29ਵੇਂ ਜ਼ਿਲੇ ਤੋਂ ਕਾਂਗਰਸਮੈਨ ਚੁਣਿਆ ਜਾਂਦਾ ਰਿਹਾ।

ਪੰਜਾਬ ਦੇ ਜ਼ਿਲਾ ਅੰਮ੍ਰਿਤਸਰ ਦੇ ਇੱਕ ਛੋਟੇ ਜਿਹੇ ਪਿੰਡ ਛੱਜਲਵੱਡੀ ਦੇ ਅਨਪੜ੍ਹ ਮਾਂ-ਪਿਓ ਦੇ ਘਰ ਜਨਮੇ ਇਸ ਨੌਜਵਾਨ ਦਾ ਨਾਂ ਦਲੀਪ ਸਿੰਘ ਸੌਂਦ ਸੀ। ਅਮਰੀਕਾ ਦੀ ਆਜ਼ਾਦੀ ਦਾ ਨਿੱਘ ਮਾਣ ਰਹੇ ਏਸ਼ੀਆ ਮਹਾਂਦੀਪ ਦੇ ਲੋਕ ਇਸ ਕਰਕੇ ਉਸ ਦੇ ਹਮੇਸ਼ਾ ਰਿਣੀ ਰਹਿਣਗੇ ਕਿ ਉਨ੍ਹਾਂ ਨੂੰ ਅਮਰੀਕੀ ਨਾਗਰਿਕਤਾ ਦਿਵਾਉਣ ਲਈ ਬਣਾਏ ਗਏ ਕਾਨੂੰਨ ਦਾ ਪਹਿਲਾ ਸੁਪਨਾ ਉਸ ਨੇ ਹੀ ਲਿਆ ਸੀ। ਉਸ ਦੀਆਂ ਅਤੇ ਉਸ ਦੇ ਸਾਥੀਆਂ ਦੀਆਂ ਕੋਸ਼ਿਸ਼ਾਂ ਸਦਕਾ ਹੀ ਉਹ ਕਾਨੂੰਨ ਬਣਿਆ ਸੀ ਜਿਸ ਸਦਕਾ ਅੱਜ ਅਣਗਿਣਤ ਏਸ਼ੀਆਈ ਲੋਕਾਂ ਨੂੰ ਅਮਰੀਕਨ ਨਾਗਰਿਕ ਬਣਨ ਦਾ ਅਧਿਕਾਰ ਪ੍ਰਾਪਤ ਹੈ।

ਦਲੀਪ ਸਿੰਘ ਸੌਂਦ ਨੇ ਆਪਣੀ ਅਮਰੀਕਨ ਜ਼ਿੰਦਗੀ ਦਾ ਸਫ਼ਰ ਸੈਨ ਫਰਾਂਸਿਸਕੋ ਨੇੜਲੇ ਸ਼ਹਿਰ ਬਰਕਲੇ 'ਤੋਂ ਉਥੋਂ ਦੀ ਯੂਨੀਵਰਸਿਟੀ ਵਿਚ 'ਪਰਿਜ਼ਰਵੇਸ਼ਨ ਅਤੇ ਕੈਨਿੰਗ' ਵਿਚ ਆਪਣੀ ਪੜ੍ਹਾਈ ਦੇ ਕੋਰਸ ਵਿਚ ਦਾਖਲਾ ਲੈ ਕੇ ਸ਼ੁਰੂ ਕੀਤਾ। ਇੱਥੇ ਉਸ ਸਮੇਂ ਦੇ ਗੁਰੂਘਰ ਸਟਾਕਟਨ ਦੇ ਪ੍ਰਬੰਧਕਾਂ ਦਾ ਧੰਨਵਾਦ ਵੀ ਕਰਨਾ ਬਣਦਾ ਹੈ ਜਿਨ੍ਹਾਂ ਨੇ ਬਰਕਲੇ ਯੂਨੀਵਰਸਿਟੀ ਦੇ ਨੇੜੇ ਇੱਕ ਦੋ ਮੰਜ਼ਲਾ ਘਰ (1731 ਆਲਸਟਨ ਵੇ) ਖ਼ਰੀਦ ਕੇ ਉਨ੍ਹਾਂ ਸਾਰੇ ਭਾਰਤੀ ਵਿਦਿਆਰਥੀਆਂ ਦੇ ਮੁਫ਼ਤ ਰਹਿਣ ਦਾ ਪ੍ਰਬੰਧ ਕੀਤਾ ਜੋ ਪੜ੍ਹਾਈ ਲਈ ਅਮਰੀਕਾ ਆਉਂਦੇ ਸਨ। ਦਲੀਪ ਸਿੰਘ ਸੌਂਦ ਵੀ ਇਸ ਘਰ ਵਿਚ ਰਹਿੰਦੇ ਰਹੇ। ਬਰਕਲੇ ਯੂਨੀਵਰਸਿਟੀ ਵਿਚ ਦਲੀਪ ਸਿੰਘ ਸੌਂਦ ਦਾ ਸੰਪਰਕ 'ਦੀ ਹਿੰਦੋਸਤਾਨ ਐਸੋਸੀਏਸ਼ਨ ਆਫ ਅਮਰੀਕਾ' ਦੇ ਕਾਰਕੁਨਾਂ ਨਾਲ ਹੋਇਆ। ਦੋ ਸਾਲ ਬਾਅਦ ਉਹ ਇਸ ਸੰਸਥਾ ਦੇ ਕੌਮੀ ਪ੍ਰਧਾਨ ਚੁਣੇ ਗਏ, ਜਿਸ ਸਦਕਾ ਉਨ੍ਹਾਂ ਨੂੰ ਹੋਰ ਵੀ ਏਸ਼ੀਆਈ ਨਸਲਾਂ ਦੇ ਲੋਕਾਂ ਨਾਲ ਮਿਲਣ ਦਾ ਮੌਕਾ ਮਿਲਦਾ ਰਿਹਾ।

ਦਲੀਪ ਸਿੰਘ ਸੌਂਦ ਨੇ ਖੇਤੀਬਾੜੀ ਦੀ ਪੜ੍ਹਾਈ ਖ਼ਤਮ ਕਰਨ ਉਪਰੰਤ 1922 ਵਿਚ ਹਿਸਾਬ ਦੇ ਵਿਸ਼ੇ ਵਿਚ ਐਮ. ਏ. ਦੀ ਡਿਗਰੀ ਹਾਸਿਲ ਕੀਤੀ। ਮਈ 1924 ਵਿਚ ਭਾਵੇਂ ਹਿਸਾਬ ਵਿਚ ਪੀ. ਐਚ. ਡੀ. ਦੀ ਡਿਗਰੀ ਲੈਣ ਉਪਰੰਤ ਉਨ੍ਹਾਂ ਦੇ ਨਾਂ ਨਾਲ ਡਾਕਟਰ ਸ਼ਬਦ ਤਾਂ ਜੁੜ ਗਿਆ, ਪਰ ਉਹ ਕਿਸੇ ਵੀ ਕਾਲਜ ਜਾਂ ਯੂਨੀਵਰਸਿਟੀ ਵਿਚ ਪੜ੍ਹਾ ਨਹੀਂ ਸਨ ਸਕਦੇ ਕਿਉਂਕਿ ਅਮਰੀਕੀ ਕਾਨੂੰਨ ਅਨੁਸਾਰ ਕਿਸੇ ਵੀ ਵਿਅਕਤੀ ਦੇ ਅਧਿਆਪਕ ਬਣਨ ਲਈ ਅਮਰੀਕੀ ਨਾਗਰਿਕ ਹੋਣਾ ਜ਼ਰੂਰੀ ਸੀ। ਕਿਉਂਕਿ ਉਹ ਤਤਕਾਲੀ ਕਾਨੂੰਨ ਅਨੁਸਾਰ ਨਾਗਰਿਕ ਨਹੀਂ ਸਨ ਬਣ ਸਕਦੇ ਇਸ ਲਈ ਪੀ.ਐਚ. ਡੀ. ਦੀ ਡਿਗਰੀ ਦਾ ਆਪਣੀ ਸਾਰੀ ਉਮਰ ਸਿਵਾਏ ਡਾਕਟਰ ਅਖਵਾਉਣ ਤੋਂ ਕਿਤੇ ਹੋਰ ਇਸਤੇਮਾਲ ਨਹੀਂ ਕਰ ਸਕੇ। ਅਧਿਆਪਕ ਕਿੱਤੇ ਤੋਂ ਇਲਾਵਾ, ਅਮਰੀਕਾ ਵਿਚ ਅੱਜ ਵੀ ਕੁੱਝ ਅਜਿਹੀਆਂ ਸ਼੍ਰੇਣੀਆਂ ਹਨ ਜਿਨ੍ਹਾਂ ਲਈ ਅਮਰੀਕੀ ਨਾਗਰਿਕ ਹੋਣਾ ਲਾਜ਼ਮੀ ਹੈ। ਇਨ੍ਹਾਂ ਵਿਚ ਪੁਲਿਸ ਅਫ਼ਸਰ, ਪ੍ਰੋਬੇਸ਼ਨ ਅਫ਼ਸਰ, ਜ਼ਿਊਰੀ ਡਿਊਟੀ ਅਤੇ ਅਮਰੀਕਾ ਦਾ ਰਾਸ਼ਟਰਪਤੀ ਬਣਨਾ ਆਦਿ ਸ਼ਾਮਲ ਹਨ।

ਉਸ ਸਮੇਂ 'ਏਲੀਅਨ ਲੈਂਡ ਐਕਟ' ਲਾਗੂ ਸੀ, ਜਿਸ ਰਾਹੀਂ ਏਸ਼ੀਆ ਮੂਲ ਦੇ ਲੋਕਾਂ ਨੂੰ ਰਾਜ ਵਿਚ ਜ਼ਮੀਨਾਂ ਖ਼ਰੀਦਣ ਅਤੇ ਠੇਕੇ 'ਤੇ ਲੈਣ ਦੀ ਮਨਾਹੀ ਸੀ। ਇਸ ਕਾਨੂੰਨ ਅਨੁਸਾਰ ਕੋਈ ਵੀ ਵਿਅਕਤੀ ਜੋ ਅਮਰੀਕੀ ਨਾਗਰਿਕ ਨਾ ਹੋਵੇ, ਖੇਤੀ ਵਾਲੀ ਜ਼ਮੀਨ ਨਾ ਖ਼ਰੀਦ ਸਕਦਾ ਸੀ ਅਤੇ ਨਾ ਹੀ ਠੇਕੇ/ਵਟਾਈ 'ਤੇ ਲੈ ਸਕਦਾ ਸੀ। ਕਿਉਂਕਿ ਤਤਕਾਲੀ ਕਾਨੂੰਨ ਅਨੁਸਾਰ ਸਾਰੇ ਏਸ਼ੀਆਈ ਲੋਕ ਹੀ ਨਾਗਰਿਕ ਬਣਨ ਲਈ ਅਯੋਗ ਸਨ, ਇਸ ਲਈ ਇਹ ਕਾਨੂੰਨ ਪੂਰੀ ਤਰ੍ਹਾਂ ਉਨ੍ਹਾਂ 'ਤੇ ਵੀ ਲਾਗੂ ਹੁੰਦਾ ਸੀ। 'ਦੀ ਏਲੀਅਨ ਲੈਂਡ ਲਾਅ 1920' ਨੇ ਤਾਂ ਏਸ਼ੀਅਨ ਲੋਕਾਂ ਵਲੋਂ ਜ਼ਮੀਨਾਂ ਖ਼ਰੀਦਣ ਜਾਂ ਚਕੋਤੇ ਉਤੇ ਲੈਣ 'ਤੇ ਸਖ਼ਤ ਪਾਬੰਦੀਆਂ ਲਾ ਕੇ ਉਨ੍ਹਾਂ ਦਾ ਕਾਫ਼ੀਆ ਹੋਰ ਵੀ ਤੰਗ ਕਰ ਦਿੱਤਾ ਸੀ। ਇਸ ਅਨੁਸਾਰ ਗੈਰ ਨਾਗਰਿਕ ਵਾਸੀ ਆਪਣੇ ਅਮਰੀਕਨ ਨਾਗਰਿਕ ਬੱਚਿਆਂ ਦੇ ਨਾਂ 'ਤੇ ਵੀ ਉਨ੍ਹਾਂ ਦੇ ਸਰਪ੍ਰਸਤ ਬਣ ਕੇ ਜ਼ਮੀਨ ਨਹੀਂ ਸਨ ਰੱਖ ਸਕਦੇ। ਇਹ ਗੱਲ ਸਿੱਧ ਹੋ ਜਾਣ 'ਤੇ ਕਿ ਜ਼ਮੀਨ ਕਿਸੇ ਵਿਅਕਤੀ ਦੇ ਨਾਂ ਤੇ ਕਿਸੇ ਏਸ਼ੀਅਨ ਪਰਵਾਸੀ ਵਲੋਂ ਅਦਾ ਕੀਤੇ ਪੈਸੇ ਨਾਲ ਖ਼ਰੀਦੀ ਗਈ ਹੈ, ਸਰਕਾਰ ਖ਼ੁਦ-ਬ-ਖ਼ੁਦ ਉਸ ਜ਼ਮੀਨ ਦੀ ਮਾਲਕ ਬਣ ਜਾਂਦੀ ਸੀ। ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਲਈ ਬਹੁਤ ਸਖ਼ਤ ਸਜ਼ਾਵਾਂ ਸਨ।

1928 ਵਿਚ ਦਲੀਪ ਸਿੰਘ ਸੌਂਦ ਨੇ ਮਾਰੀਅਨ ਨਾਂ ਦੀ ਇੱਕ ਅਮਰੀਕਨ ਲੜਕੀ ਨਾਲ ਵਿਆਹ ਕਰਵਾਇਆ ਜਿਸ ਨੇ ਉਨ੍ਹਾਂ ਦੇ ਤਿੰਨ ਬੱਚਿਆਂ ਨੂੰ ਜਨਮ ਦਿੱਤਾ। ਪਹਿਲਾ ਬੱਚਾ ਲੜਕਾ ਸੀ ਜਿਸ ਦਾ ਜਨਮ 1930 ਵਿਚ ਹੋਇਆ। ਦਲੀਪ ਸਿੰਘ ਸੌਂਦ ਦਾ ਕਿਸੇ ਕਾਲਿਜ ਜਾਂ ਯੂਨੀਵਰਸਿਟੀ ਵਿਚ ਪੜ੍ਹਾਉਣ ਦਾ ਸੁਪਨਾ ਜਦ ਸਾਕਾਰ ਹੁੰਦਾ ਨਜ਼ਰ ਨਾ ਆਇਆ ਤਾਂ ਉਨ੍ਹਾਂ ਨੇ ਖੇਤੀਬਾੜੀ ਨੂੰ ਹੀ ਧੰਦੇ ਦੇ ਤੌਰ 'ਤੇ ਅਪਨਾ ਲਿਆ। ਭਾਵੇਂ ਉਨ੍ਹਾਂ ਨੇ ਇੰਪੀਰੀਅਲ ਕਾਉਂਟੀ ਦੇ ਸ਼ਹਿਰ ਵੈਸਟਮੋਰਲੈਂਡ ਵਿਚ ਆਪਣੀ ਅਮਰੀਕਨ ਨਾਗਰਿਕ ਪਤਨੀ ਦੇ ਨਾਂ 'ਤੇ ਇਕ ਰੈਂਚ ਵੀ ਖ਼ਰੀਦ ਲਿਆ ਸੀ ਪਰ ਉਹ ਅਜੇ ਤੱਕ ਵੀ ਇਮੀਗ੍ਰੇਸ਼ਨ ਵਿਰੋਧੀ ਕਾਨੂੰਨ ਦੇ ਘੇਰੇ ਵਿਚੋਂ ਨਿਕਲ ਨਹੀਂ ਸੀ ਸਕਿਆ। ਇਸ ਏਸ਼ੀਆਈ ਲੋਕ-ਵਿਰੋਧੀ ਕਾਨੂੰਨ ਅਨੁਸਾਰ ਕਿਸੇ ਵੀ ਅਮਰੀਕਨ ਨਾਗਰਿਕ ਦੇ ਕਿਸੇ ਵੀ ਏਸ਼ੀਆਈ ਨਾਲ ਵਿਆਹ ਕਰਵਾਉਣ 'ਤੇ ਉਸ ਦੀ ਅਮਰੀਕਨ ਨਾਗਰਿਕਤਾ ਰੱਦ ਕੀਤੀ ਜਾ ਸਕਦੀ ਸੀ। ਇਹੀ ਕੁੱਝ ਹੋਇਆ ਦਲੀਪ ਸਿੰਘ ਸੌਂਦ ਦੀ ਅਮਰੀਕਨ ਨਾਗਰਿਕ ਪਤਨੀ ਮਾਰੀਅਨ ਨਾਲ ਵੀ। ਦਲੀਪ ਸਿੰਘ ਸੌਂਦ ਨਾਲ ਵਿਆਹ ਕਰਵਾਉਣ 'ਤੇ ਉਸ ਦੀ ਵੀ ਨਾਗਰਿਕਤਾ ਰੱਦ ਕਰ ਦਿੱਤੀ ਗਈ। ਦਲੀਪ ਸਿੰਘ ਸੌਂਦ ਨੇ ਇਸ ਕਾਨੂੰਨ ਸਬੰਧੀ ਕੁੱਝ ਨਾ ਕੁੱਝ ਕਰਨ ਦਾ ਫ਼ੈਸਲਾ ਕੀਤਾ।

ਉਨ੍ਹਾਂ ਨੇ ਇੰਪੀਰੀਅਲ ਵੈਲੀ ਵਿਚ 'ਇੰਡੀਆ ਐਸੋਸੀਏਸ਼ਨ ਆਫ਼ ਅਮਰੀਕਾ' ਨਾਂ ਦੀ ਇਕ ਜਥੇਬੰਦੀ ਬਣਾਈ ਜਿਸ ਦੇ ਉਹ ਪਹਿਲੇ ਪ੍ਰਧਾਨ ਚੁਣੇ ਗਏ। ਉਨ੍ਹਾਂ ਅਨੁਸਾਰ ਇਸ ਕਾਨੂੰਨ ਨੂੰ ਖ਼ਤਮ ਕਰਵਾਉਣ ਦੇ ਦੋ ਹੀ ਰਾਸਤੇ ਸਨ-ਪਹਿਲਾ, ਅਮਰੀਕਾ ਦੀ ਸੁਪਰੀਮ ਕੋਰਟ ਵਿਚ ਇਸ ਦੇ ਪਹਿਲੇ ਫ਼ੈਸਲਿਆਂ ਨੂੰ ਉਲਟਾਉਣਾ, ਜਿਸ ਦੇ ਤਹਿਤ ਭਾਰਤੀਆਂ ਨੂੰ ਨਾਗਰਿਕ ਬਣਨ ਤੋਂ ਅਯੋਗ ਕਰਾਰ ਦਿੱਤਾ ਗਿਆ ਸੀ ਅਤੇ ਦੂਜਾ ਰਸਤਾ ਸੀ, ਅਮਰੀਕਾ ਦੀ ਕਾਂਗਰਸ ਵਿਚ ਇੱਕ ਸਪੈਸ਼ਲ ਬਿਲ ਪਾਸ ਕਰਵਾ ਕੇ ਇਸ ਨੂੰ ਖ਼ਤਮ ਕਰਵਾਉਣਾ। ਉਨ੍ਹਾਂ ਨੇ ਦੂਸਰਾ ਰਾਹ ਚੁਣਿਆ ਅਤੇ ਪੂਰੀ ਸ਼ਿੱਦਤ ਨਾਲ ਇਸ 'ਤੇ ਕੰਮ ਕਰਨ ਦਾ ਮਨ ਬਣਾ ਲਿਆ। ਉਨ੍ਹਾਂ ਨੇ ਆਪਣੇ ਇੱਕ ਹੋਰ ਸਾਥੀ ਐਸ. ਐਸ. ਸੂੰਗਾ ਨਾਲ ਮਿਲ ਕੇ ਇਸ ਬਿਲ ਨੂੰ ਪਾਸ ਕਰਵਾਉਣ ਲਈ ਦਿਨ ਰਾਤ ਇੱਕ ਕਰ ਦਿੱਤਾ। ਦੋਵਾਂ ਨੇ ਰਲ ਕੇ ਰਾਤਾਂ ਨੂੰ ਬੈਠ ਕੇ ਪੰਜਾਬੀ ਵਿਚ ਹਜ਼ਾਰਾਂ ਭਾਰਤੀਆਂ ਨੂੰ ਖ਼ਤ ਲਿਖ ਕੇ ਆਪਣੇ ਨਾਲ ਜੋੜਿਆ। ਨਿਊ ਯਾਰਕ ਵਸਦੇ ਭਾਰਤੀਆਂ ਨਾਲ ਸੰਪਰਕ ਕਰਕੇ, ਉਨ੍ਹਾਂ ਦੇ ਦੋਸਤ ਕਾਂਗਰਸਮੈਨਾਂ ਅਤੇ ਹੋਰ ਅਫ਼ਸਰਾਂ ਤੋਂ ਮਦਦ ਮੰਗੀ।

ਆਖਰ ਕੁਨੈਕਟੀਕਟ ਤੋਂ ਕਾਂਗਰਸਵੂਮਨ ਕਲਾਰੇ ਬੂਥ ਲੂਸ, ਜੋ ਬਾਅਦ ਵਿਚ ਇਟਲੀ ਦੀ ਅੰਬੈਸਡਰ ਵੀ ਬਣੀ ਅਤੇ ਨਿਊ ਯਾਰਕ ਦੇ ਕਾਂਗਰਸਮੈਨ ਇਮੈਨੂਅਲ ਸੈਲਰ ਜੋ 'ਹਾਊਸ ਜੁਡੀਸ਼ੀਅਰੀ ਕਮੇਟੀ' ਦੇ ਚੇਅਰਮੈਨ ਵੀ ਸਨ, ਰਾਹੀਂ ਕਾਂਗਰਸ ਵਿਚ ਬਿਲ ਪੇਸ਼ ਕੀਤਾ ਗਿਆ, ਜਿਸ ਨੂੰ ਲੂਸ-ਸੈਲਰ ਬਿਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਅਖ਼ੀਰ 4 ਸਾਲ ਦੀਆਂ ਕੋਸ਼ਿਸ਼ਾਂ ਅਤੇ ਪ੍ਰੈਜ਼ੀਡੈਂਟ ਟਰੂਮੈਨ ਦੇ ਇਸ ਬਿਲ ਵਿਚ ਦਿਲਚਸਪੀ ਲੈਣ ਨਾਲ ਉਨ੍ਹਾਂ ਦੇ ਦਸਤਖ਼ਤਾਂ ਹੇਠ 3 ਜੁਲਾਈ 1946 ਨੂੰ ਇਹ ਬਿਲ ਕਾਨੂੰਨ ਬਣ ਗਿਆ ਜਿਸ ਨੇ ਏਸ਼ੀਆਈ ਲੋਕਾਂ ਲਈ ਅਮਰੀਕੀ ਨਾਗਰਿਕ ਬਣਨ ਦਾ ਰਾਹ ਪੱਧਰਾ ਕਰ ਦਿੱਤਾ। ਇਸੇ ਕਾਨੂੰਨ ਤਹਿਤ ਦਲੀਪ ਸਿੰਘ ਸੌਂਦ ਵੀ 16 ਦਸੰਬਰ 1949 ਨੂੰ ਅਮਰੀਕੀ ਨਾਗਰਿਕ ਬਣ ਗਏ।

ਨਾਗਰਿਕ ਬਣਨ ਉਪਰੰਤ 'ਇੰਪੀਰੀਅਲ ਕਾਉਂਟੀ ਡੈਮੋਕਰੇਟਿਕ ਸੈਂਟਰਲ ਕਮੇਟੀ' ਦੀ ਜੂਨ 1950 ਵਿਚ ਹੋਈ ਚੋਣ ਦੌਰਾਨ ਉਹ ਬਿਨਾ ਮੁਕਾਬਲਾ ਇਸ ਦੇ ਮੈਂਬਰ ਚੁਣੇ ਗਏ। ਨਵੰਬਰ 1950 ਵਿਚ ਇੱਕ ਲੋਕਲ ਜੱਜ ਦੀ ਮੌਤ ਹੋ ਜਾਣ ਉਪਰੰਤ ਉਨ੍ਹਾਂ ਨੇ ਜੱਜ ਬਣਨ ਲਈ ਚੋਣ ਲੜਨ ਦਾ ਫ਼ੈਸਲਾ ਕੀਤਾ। ਜੱਜ ਬਣਨ ਲਈ ਉਸ ਸਮੇਂ ਕੈਲੀਫੋਰਨੀਆ ਸਟੇਟ ਨੇ ਇੱਕ ਇਮਤਿਹਾਨ



ਦਲੀਪ ਸਿੰਘ ਸੌਂਦ ਆਪਣੀ ਪਤਨੀ ਮਾਰੀਅਨ ਨਾਲ

ਰੱਖਿਆ ਹੋਇਆ ਸੀ ਜੋ ਇਨ੍ਹਾਂ ਨੇ ਪਹਿਲੀ ਵਾਰੀ ਹੀ ਪਾਸ ਕਰਕੇ ਜੱਜ ਬਣਨ ਦੀ ਯੋਗਤਾ ਹਾਸਿਲ ਕਰ ਲਈ। ਚੋਣ ਜਿੱਤ ਕੇ ਤਾਂ ਭਾਵੇਂ ਉਹ ਜੱਜ ਬਣ ਗਏ ਪਰ ਵਿਰੋਧੀਆਂ ਵਲੋਂ ਮਾਮਲਾ ਕਚਹਿਰੀ ਵਿਚ ਲਿਜਾਇਆ ਗਿਆ। ਕਚਹਿਰੀ ਵਲੋਂ ਉਨ੍ਹਾਂ ਦੀ ਚੋਣ ਨੂੰ ਇਸ ਕਰਕੇ ਰੱਦ ਕਰ ਦਿੱਤਾ ਗਿਆ ਕਿ ਕਾਨੂੰਨ ਦੀ ਧਾਰਾ ਅਨੁਸਾਰ ਉਹ ਵਿਅਕਤੀ ਹੀ ਅਜਿਹੀ ਪੋਸਟ 'ਤੇ ਕੰਮ ਕਰ ਸਕਦਾ ਹੈ ਜੋ ਘੱਟੋ ਘੱਟ ਇੱਕ ਸਾਲ ਤੋਂ ਅਮਰੀਕੀ ਨਾਗਰਿਕ ਹੋਵੇ। ਪਰ ਦਲਿਪ ਸਿੰਘ ਸੌਂਦ ਨੂੰ ਨਾਗਰਿਕ ਬਣਿਆਂ ਅਜੇ ਇੱਕ ਸਾਲ ਪੂਰਾ ਨਹੀਂ ਸੀ ਹੋਇਆ। ਅਜਿਹੀ ਸਥਿਤੀ ਵਿਚ ਫ਼ੈਸਲਾ 'ਕਾਉਂਟੀ ਬੋਰਡ ਆਫ ਸੁਪਰਵਾਈਜ਼ਰਜ਼' ਦੇ ਹੱਥ ਵਿਚ ਸੀ। ਉਨ੍ਹਾਂ ਨੇ ਇਨ੍ਹਾਂ ਦੇ ਵਿਰੋਧੀ ਨੂੰ ਹੀ ਚੁਣ ਲਿਆ। ਜਿਸ ਦੇ ਖ਼ਿਲਾਫ਼ ਇਨ੍ਹਾਂ ਦੇ ਹਮਾਇਤੀਆਂ ਵਲੋਂ ਬੋਰਡ ਨੂੰ ਇੱਕ ਪਟੀਸ਼ਨ ਵੀ ਦਿੱਤੀ ਗਈ, ਜਿਸ 'ਤੇ ਦਸਤਖ਼ਤ ਕਰਨ ਵਾਲਿਆਂ ਦੀ ਗਿਣਤੀ ਉਨ੍ਹਾਂ ਨੂੰ ਵੋਟਾਂ ਪਾਉਣ ਵਾਲਿਆਂ ਨਾਲੋਂ ਵੀ ਦੁੱਗਣੀ ਸੀ। ਉਸ ਵੇਲੇ ਤੱਕ ਉਨ੍ਹਾਂ ਦੀ ਇੱਕ ਸਾਲ ਵਾਲੀ ਸ਼ਰਤ ਵੀ ਪੂਰੀ ਹੋ ਗਈ ਸੀ। ਪਰ ਬੋਰਡ ਨੇ ਆਪਣਾ ਫ਼ੈਸਲਾ ਨਾ ਬਦਲਿਆ। ਸਾਲ 1952 ਵਿਚ ਇੱਕ ਹੋਰ ਜੱਜ ਦੀ ਥਾਂ ਖ਼ਾਲੀ ਹੋਣ ਨਾਲ ਉਨ੍ਹਾਂ ਨੇ ਫਿਰ ਚੋਣ ਲੜੀ। ਇਸ ਵਾਰ ਉਹ ਕਾਮਯਾਬ ਹੋ ਗਏ ਅਤੇ ਇੰਪੀਰੀਅਲ ਕਾਉਂਟੀ ਦੇ ਜੱਜ ਬਣ ਗਏ ਅਤੇ ਜਨਵਰੀ 1953 ਵਿਚ ਆਪਣਾ ਕਾਰਜ ਸੰਭਾਲ ਲਿਆ।

ਪੰਜਾਬ ਦੇ ਜੰਮਿਆਂ ਲਈ ਨਿੱਤ ਮੁਹਿੰਮਾਂ ਵਾਲੀ ਅਖਾਣ ਤੋਂ ਉਹ ਵੀ ਨਾ ਬਚ ਸਕੇ। ਚਾਰਜ ਸੰਭਾਲਦਿਆਂ ਹੀ ਉਨ੍ਹਾਂ ਨੂੰ ਪਤਾ ਲੱਗਿਆ ਕਿ ਸ਼ਹਿਰ ਦੇ ਇੱਕ ਹਿੱਸੇ ਵਿਚ ਬਦਚਲਨੀ ਅਤੇ ਨਸ਼ਿਆਂ ਦੇ ਬਹੁਤ ਵੱਡੇ ਅੱਡੇ ਸਨ। ਇਨ੍ਹਾਂ ਅੱਡਿਆਂ ਦੇ ਮਾਲਕਾਂ ਨੇ ਪ੍ਰਸ਼ਾਸਨ 'ਤੇ ਆਪਣੀ ਪੂਰੀ ਧਾਂਕ ਜਮਾਈ ਹੋਈ ਸੀ। ਉਨ੍ਹਾਂ ਦੇ ਅੰਦਰਲੇ ਪੰਜਾਬੀ ਨੇ ਉਨ੍ਹਾਂ ਨੂੰ ਸਮਾਜ ਵਿਚੋਂ ਇਸ ਬੀਮਾਰੀ ਨੂੰ ਖ਼ਤਮ ਕਰਨ ਲਈ ਲਲਕਾਰਿਆ। ਧਾਰਮਿਕ ਜਥੇਬੰਦੀਆਂ, ਡਿਸਟ੍ਰਿਕਟ ਅਟਾਰਨੀ ਅਤੇ ਪੁਲਿਸ ਮੁਖੀ ਦੇ ਸਹਿਯੋਗ ਨਾਲ ਉਨ੍ਹਾਂ ਨੇ ਥੋੜ੍ਹੇ ਸਮੇਂ ਵਿਚ ਹੀ ਅਜਿਹੇ ਲੋਕਾਂ ਨੂੰ ਬਦਲਣ, ਜੇਲ੍ਹਾਂ ਵਿਚ ਬੰਦ ਕਰਨ ਅਤੇ ਇਲਾਕਾ ਛੱਡ ਕੇ ਕਿਤੇ ਹੋਰ ਚਲੇ ਜਾਣ ਲਈ ਮਜਬੂਰ ਕਰ ਦਿੱਤਾ ਅਤੇ ਇਸ ਇਲਾਕੇ ਨੂੰ ਦੋਵੇਂ ਬਲਾਵਾਂ ਤੋਂ ਮੁਕਤ ਕਰਵਾ ਲਿਆ।

ਇਸ ਸਮੇਂ ਦੌਰਾਨ ਹੀ ਉਹ 1954 ਵਿਚ 'ਇੰਪੀਰੀਅਲ ਕਾਉਂਟੀ ਡੈਮੋਕਰੇਟਿਕ ਸੈਂਟਰਲ ਕਮੇਟੀ' ਦੇ ਚੇਅਰਮੈਨ ਚੁਣੇ ਗਏ। 1956 ਵਿਚ ਉਨ੍ਹਾਂ ਨੂੰ ਡੈਮੋਕਰੇਟਿਕ ਪਾਰਟੀ ਵਲੋਂ ਕੈਲੀਫੋਰਨੀਆ ਦੇ 29ਵੇਂ ਜ਼ਿਲੇ ਤੋਂ ਪਾਰਟੀ ਉਮੀਦਵਾਰ ਵਜੋਂ ਕਾਂਗਰਸ ਲਈ ਚੋਣ ਮੈਦਾਨ ਵਿਚ ਉਤਾਰਿਆ ਗਿਆ। ਵਿਰੋਧੀ ਪਾਰਟੀ ਦੇ ਉਮੀਦਵਾਰ ਨੇ ਉਨ੍ਹਾਂ ਨੂੰ ਚੋਣ ਮੈਦਾਨ ਵਿਚੋਂ ਕੱਢਣ ਲਈ ਉਨ੍ਹਾਂ ਦੇ ਖ਼ਿਲਾਫ਼ ਇੱਕ ਪਟੀਸ਼ਨ ਫਰਿਜ਼ਨੋ ਦੀ ਅਦਾਲਤ ਵਿਚ ਪੇਸ਼ ਕੀਤੀ ਜਿਸ ਦਾ ਆਧਾਰ ਕਿਸੇ ਵੀ ਵਿਅਕਤੀ ਦਾ ਕਾਂਗਰਸਮੈਨ ਬਣਨ ਲਈ 7 ਸਾਲ ਤੋਂ ਅਮਰੀਕੀ ਨਾਗਰਿਕ ਹੋਣਾ ਜ਼ਰੂਰੀ ਸੀ। ਚੋਣ ਲੜਨ ਸਮੇਂ ਸ੍ਰੀ ਸੌਂਦ ਇਹ ਸ਼ਰਤ ਪੂਰੀ ਨਹੀਂ ਸਨ ਕਰਦੇ ਪ੍ਰੰਤੂ ਕਾਨੂੰਨ ਦੀ ਇਸ ਧਾਰਾ ਤੋਂ ਉਹ ਬਹੁਤ ਚੰਗੀ ਤਰ੍ਹਾਂ ਜਾਣੂ ਸਨ। ਉਨ੍ਹਾਂ ਨੂੰ ਪਤਾ ਸੀ ਕਿ ਜੇ ਉਹ ਨਵੰਬਰ 1956 ਵਿਚ ਚੋਣ ਜਿੱਤ ਗਏ ਤਾਂ ਉਨ੍ਹਾਂ ਨੂੰ ਅਹੁਦੇ ਦੀ ਸੌਂਹ ਜਨਵਰੀ 1957 ਵਿਚ ਹੀ ਚੁਕਾਈ ਜਾਵੇਗੀ ਅਤੇ ਉਸ ਸਮੇਂ ਤੱਕ ਉਨ੍ਹਾਂ ਨੂੰ ਨਾਗਰਿਕ ਬਣਿਆਂ 7 ਸਾਲ ਅਤੇ 16 ਦਿਨ ਹੋ ਗਏ ਹੋਣਗੇ। ਫਰਿਜ਼ਨੋ ਦੀ ਅਪੀਲ ਕੋਰਟ ਦੇ ਫ਼ੈਸਲੇ ਨੂੰ ਵਿਰੋਧੀ ਕੈਲੀਫੋਰਨੀਆ ਦੀ ਸੁਪਰੀਮ ਕੋਰਟ ਵੀ ਲੈ ਕੇ ਗਏ ਪਰ ਅਦਾਲਤ ਨੇ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਇਹ ਗੱਲ ਉਸ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ। ਅਖ਼ਬਾਰਾਂ 'ਚ ਇਸ ਸਬੰਧੀ ਛਪੀਆਂ ਖ਼ਬਰਾਂ ਨੇ ਸ੍ਰੀ ਸੌਂਦ ਦਾ ਨਾਂ ਪੂਰੇ ਰਾਜ ਅਤੇ ਖ਼ਾਸ ਕਰਕੇ ਉਨ੍ਹਾਂ ਦੇ ਚੋਣ ਹਲਕੇ ਰਿਵਰਸਾਈਡ ਅਤੇ ਇੰਪੀਰੀਅਲ ਕਾਉਂਟੀਆਂ ਵਿਚ ਪੂਰੀ ਤਰ੍ਹਾਂ ਫ਼ੈਲਾ ਦਿੱਤਾ ਅਤੇ ਲੋਕ ਉਨ੍ਹਾਂ ਬਾਰੇ ਗੱਲਾਂ ਕਰਨ ਲੱਗ ਪਏ।

ਵਿਰੋਧੀ ਰਿਪਬਲਿਕਨ ਉਮੀਦਵਾਰ ਸ੍ਰੀਮਤੀ ਓਡਲਮ ਨੇ ਚੋਣ ਪ੍ਰਚਾਰ ਵਿਚ ਉਨ੍ਹਾਂ ਦੇ ਭਾਰਤੀ ਪਿਛੋਕੜ ਨੂੰ ਵੱਡੇ ਪੱਧਰ 'ਤੇ ਉਭਾਰਿਆ ਪਰ ਉਨ੍ਹਾਂ ਨੇ ਇਹ ਚੋਣ ਆਪਣੀ ਯੋਗਤਾ ਦੇ ਆਧਾਰ 'ਤੇ ਹੀ ਲੜਨ ਅਤੇ ਆਪਣੇ ਵਿਰੋਧੀਆਂ ਖ਼ਿਲਾਫ਼ ਇੱਕ ਵੀ ਸ਼ਬਦ ਨਾ ਕਹਿਣ ਸਗੋਂ ਇਸ ਗੱਲ ਨੂੰ ਆਪਣੇ ਫ਼ਾਇਦੇ ਲਈ ਇਸਤੇਮਾਲ ਕਰਨ ਦਾ ਫ਼ੈਸਲਾ ਕੀਤਾ। ਉਨ੍ਹਾਂ ਨੇ ਆਪਣੇ ਟੈਲੀਵਿਜ਼ਨ ਪ੍ਰਸਾਰਣ ਵਿਚ ਕਿਹਾ ਕਿ ਜੇ ਉਹ ਚੋਣ ਜਿੱਤ ਗਏ ਤਾਂ ਉਹ ਭਾਰਤ ਅਤੇ ਪੂਰਬ ਦੇ ਦੇਸ਼ਾਂ ਲਈ ਤੁਰੰਤ ਰਵਾਨਾ ਹੋ ਜਾਣਗੇ ਅਤੇ ਉਥੋਂ ਦੇ ਲੋਕਾਂ ਨੂੰ ਮਿਲ ਕੇ ਇਹ ਗੱਲ ਦੱਸਣਗੇ ਕਿ ਕਮਿਊਨਿਸਟਾਂ ਦਾ ਜੋ ਕੂੜ ਪ੍ਰਚਾਰ ਤੁਸੀਂ ਸੁਣਦੇ ਆਏ ਹੋ ਕਿ ਅਮਰੀਕਾ ਦੇ ਲੋਕਾਂ ਵਿਚ ਤੁਹਾਡੇ ਪ੍ਰਤੀ ਘਿਰਣਾ ਹੈ, ਉਹ ਸੱਚ ਨਹੀਂ ਹੈ। ਮੇਰੇ ਵੱਲ ਵੇਖੋ, ਮੈਂ ਅਮਰੀਕਨ ਲੋਕ-ਰਾਜ ਦੀ ਕਾਰਗੁਜ਼ਾਰੀ ਦੀ ਜਿਉਂਦੀ ਜਾਗਦੀ ਉਦਾਹਰਣ ਹਾਂ। ਮੈਨੂੰ ਕੈਲੀਫੋਰਨੀਆ ਸਟੇਟ ਦੇ ਰੂੜ੍ਹੀਵਾਦੀ ਲੋਕਾਂ ਨੇ ਵੋਟ ਦਾ ਆਪਣੀ ਮਰਜ਼ੀ ਨਾਲ ਇਸਤੇਮਾਲ ਕਰਕੇ ਦੁਨੀਆਂ ਦੀ ਬਹੁਤ ਹੀ ਮਹੱਤਵਪੂਰਨ ਅਤੇ ਸ਼ਕਤੀਸ਼ਾਲੀ ਵਿਧਾਨਕ ਸੰਸਥਾ ਦਾ ਮੈਂਬਰ ਚੁਣਿਆ ਹੈ। ਦੁਨੀਆਂ ਵਿਚ ਹੋਰ ਕੋਈ ਅਜਿਹੀ ਥਾਂ ਨਹੀਂ ਜਿੱਥੇ ਅਜਿਹਾ ਕੁੱਝ ਵਾਪਰ ਸਕੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇ ਮੈਂ ਚੋਣ ਹਾਰ ਗਿਆ ਤਾਂ ਮੈਂ ਸਮਝਾਂਗਾ ਕਿ ਮੇਰੀ ਹਾਰ ਮੇਰੀ ਜਨਮ ਭੂਮੀ ਕਰਕੇ ਜਾਂ ਮੇਰੀ ਚਮੜੀ ਦੇ ਰੰਗ ਕਰਕੇ ਨਹੀਂ ਹੋਈ ਸਗੋਂ ਇਸ ਦਾ ਕਾਰਨ ਵਿਧਾਨਘੜਨੀ ਦੇ 29ਵੇਂ ਜ਼ਿਲੇ ਦੇ ਵੋਟਰਾਂ ਵਲੋਂ ਮੇਰੇ ਨਾਲੋਂ ਵਧੀਆ ਕਿਸੇ ਹੋਰ ਯੋਗ ਉਮੀਦਵਾਰ ਨੂੰ ਵਾਸ਼ਿੰਗਟਨ ਭੇਜਣ ਦਾ ਫ਼ੈਸਲਾ ਹੈ।

ਉਨ੍ਹਾਂ ਦੀ ਜਿੱਤ ਉਸ ਸਮੇਂ ਯਕੀਨੀ ਹੋ ਗਈ ਜਦੋਂ ਅਮਰੀਕਾ ਦੇ ਜਮਾਂਦਰੂ ਲੋਕ ਵੀ ਆਪਣੇ ਕਾਰੋਬਾਰ ਛੱਡ ਕੇ ਚੋਣ ਪ੍ਰਚਾਰ ਲਈ ਉਨ੍ਹਾਂ ਦੇ ਨਾਲ ਹੋ ਤੁਰੇ। ਪਾਮਸਪਰਿੰਗ ਇਲਾਕੇ ਦੀ ਰਹਿਣ ਵਾਲੀ ਇੱਕ ਅਮਰੀਕਨ ਔਰਤ ਸ੍ਰੀਮਤੀ ਐਮੀ ਕਰਾਫਟ ਨੇ ਤਾਂ ਆਪਣੇ ਟਰੇਲਰ ਨੂੰ ਹੀ 'ਸੌਂਦ ਫਾਰ ਕਾਂਗਰਸ' ਦਾ ਹੈਡਕੁਆਰਟਰ ਬਣਾ ਕੇ, ਇਸ ਉਪਰ ਦਲੀਪ ਸਿੰਘ ਸੌਂਦ ਨੂੰ ਕਾਂਗਰਸ ਲਈ ਚੁਣਨ ਲਈ ਵੱਡੇ ਵੱਡੇ ਸਾਈਨ ਲਗਾ ਕੇ ਅਤੇ ਆਪਣੀ ਕਾਰ ਦੇ ਪਿੱਛੇ ਬੰਨ੍ਹ ਕੇ ਸ਼ਹਿਰ ਸ਼ਹਿਰ ਅਤੇ ਗਲੀ ਗਲੀ ਘੁਮਾ ਦਿੱਤਾ। ਆਖ਼ਰ ਆਪਣੀ ਵਿਰੋਧੀ ਅਮੀਰਜ਼ਾਦੀ ਨੂੰ 3300 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਉਹ ਪਹਿਲੇ ਏਸ਼ੀਆਈ ਕਾਂਗਰਸਮੈਨ ਬਣ ਗਏ ਅਤੇ ਇਹ ਖ਼ਬਰ ਪੂਰੀ ਦੁਨੀਆਂ ਵਿਚ ਫ਼ੈਲ ਗਈ। ਦਲੀਪ ਸਿੰਘ ਸੌਂਦ ਨਾਲ ਮੁਲਾਕਾਤ ਕਰਨ ਵਾਲਿਆਂ ਦਾ ਤਾਂਤਾ ਲੱਗ ਗਿਆ। 'ਯੂਨਾਈਟਿਡ ਸਟੇਟਸ ਇਨਫਰਮੇਸ਼ਨ ਏਜੰਸੀ' ਵਲੋਂ ਫ਼ੋਟੋਗ੍ਰਾਫ਼ਰਾਂ ਅਤੇ ਰਿਪੋਰਟਰਾਂ ਦੀ ਭੇਜੀ ਗਈ ਇੱਕ ਟੀਮ ਵਲੋਂ ਉਨ੍ਹਾਂ ਨਾਲ ਕੀਤੀਆਂ ਰੇਡੀਓ ਮੁਲਾਕਾਤਾਂ ਦੀਆਂ ਟੇਪਾਂ ਅਤੇ ਤਸਵੀਰਾਂ ਦੀ ਇੱਕ ਨਿਊਜ਼ ਰੀਲ ਬਣਾ ਕੇ ਦੁਨੀਆਂ ਭਰ ਵਿਚ ਵੰਡੀ ਗਈ।

ਚੋਣਾਂ ਵਾਅਦੇ ਮੁਤਾਬਿਕ ਆਪਣੇ ਅਹੁਦੇ ਦੀ ਸਹੁੰ ਚੁੱਕਣ ਤੋਂ ਬਾਅਦ ਸ੍ਰੀ ਸੌਂਦ ਭਾਰਤ ਅਤੇ ਏਸ਼ੀਆ ਦੇ ਹੋਰ ਦੇਸ਼ਾਂ ਦੇ ਦੌਰੇ 'ਤੇ ਨਾ ਜਾ ਸਕੇ। ਇਸ ਦੇ ਦੋ ਕਾਰਨ ਸਨ, ਪਹਿਲਾ ਇਹ ਕਿ ਉਸ ਸਮੇਂ ਦੇ ਭਾਰਤੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦਾ ਅਮਰੀਕਾ ਦੇ ਦੌਰੇ 'ਤੇ ਆਉਣਾ ਅਤੇ ਦੂਜਾ ਆਪਣੇ ਹਲਕੇ ਦੇ ਲੋਕਾਂ ਦੀ ਸਹੂਲਤ ਅਤੇ ਆਪਣੀ ਜ਼ਿੰਮੇਵਾਰੀ ਨੂੰ ਪੂਰੇ ਮਨ ਅਤੇ ਤਨਦੇਹੀ ਨਾਲ ਨਿਭਾਉਣ ਲਈ ਕੈਲੀਫੋਰਨੀਆ ਅਤੇ ਵਾਸ਼ਿੰਗਟਨ ਡੀ.ਸੀ. ਵਿਚ ਆਪਣੇ ਦਫ਼ਤਰ ਸਥਾਪਤ ਕਰਨੇ ਅਤੇ ਆਪਣੀਆਂ ਜ਼ਿੰਮੇਵਾਰੀਆਂ ਤੋਂ ਜਾਣੂ ਹੋਣਾ।

24 ਮਈ 1957 ਨੂੰ ਉਹ ਸੈਨ ਫਰਾਂਸਿਸਕੋ ਤੋਂ ਅਮਰੀਕਾ ਦੀ ਕਾਂਗਰਸ ਦੇ ਅਹੁਦੇ ਦੀ ਹੈਸੀਅਤ ਵਿਚ ਦੱਖਣੀ ਏਸ਼ੀਆ ਦੇ ਦੇਸ਼ਾਂ ਅਤੇ ਭਾਰਤ ਲਈ ਰਵਾਨਾ ਹੋਏ। ਇਸ ਸਮੇਂ ਉਨ੍ਹਾਂ ਦੀ ਲੜਕੀ 'ਐਲੀ' ਅਤੇ ਪਤਨੀ 'ਮਾਰੀਅਨ' ਵੀ ਨਾਲ ਸਨ। ਉਹ ਅਮਰੀਕਨ ਸਰਕਾਰ ਦੇ ਨੁਮਾਇੰਦੇ ਦੇ ਤੌਰ 'ਤੇ ਜਪਾਨ, ਤਾਇਵਾਨ, ਹਾਂਗਕਾਂਗ, ਵੀਅਤਨਾਮ, ਇੰਡੋਨੇਸ਼ੀਆ, ਸਿੰਘਾਪੁਰ, ਫ਼ਿਲੀਪੀਨ ਅਤੇ ਬਰਮਾ ਹੁੰਦੇ ਹੋਏ 27 ਨਵੰਬਰ 1957 ਨੂੰ ਰਾਤੀਂ 10 ਵਜ ਕੇ 30 ਮਿੰਟ 'ਤੇ ਕਲਕੱਤਾ (ਭਾਰਤ) ਵਿਚ ਜਾ ਉਤਰੇ। ਉਨ੍ਹਾਂ ਦੀ ਖ਼ੁਸ਼ੀ ਦੀ ਉਸ ਸਮੇਂ ਕੋਈ ਹੱਦ ਨਾ ਰਹੀ ਜਦੋਂ ਪੂਰੇ 37 ਸਾਲਾਂ ਬਾਅਦ ਉਨ੍ਹਾਂ ਨੇ ਆਪਣੀ ਜਨਮ ਭੂਮੀ 'ਤੇ ਪੈਰ ਧਰਿਆ। ਉਨ੍ਹਾਂ ਦਾ ਜਹਾਜ਼ 6 ਘੰਟੇ ਲੇਟ ਹੋਣ ਦੇ ਬਾਵਜਦ ਕਲਕੱਤੇ ਦੀਆਂ ਹਨੇਰੀਆਂ ਸੜਕਾਂ 'ਤੇ ਹਜ਼ਾਰਾਂ ਲੋਕਾਂ ਨੇ ਉਨ੍ਹਾਂ ਦਾ ਸੁਆਗਤ ਕੀਤਾ। ਬਿਰਲਾ ਬ੍ਰਦਰਜ਼ ਨੇ ਉਨ੍ਹਾਂ ਨੂੰ ਆਪਣੇ ਘਰ ਨਾਸ਼ਤਾ ਕਰਵਾ ਕੇ ਮਹਿਮਾਨ ਨਿਵਾਜ਼ੀ ਕੀਤੀ। ਕਲਕੱਤੇ ਤੋਂ ਜਹਾਜ਼ ਰਾਹੀਂ ਉਹ ਦਿੱਲੀ ਪਹੁੰਚ ਗਏ।

ਦਿੱਲੀ ਤੋਂ ਅਮਰੀਕੀ ਸਫ਼ੀਰ ਨੇ ਅਮਰੀਕਨ ਏਅਰ ਫੋਰਸ ਦੇ ਜਹਾਜ਼ ਰਾਹੀਂ ਉਨ੍ਹਾਂ ਨੂੰ ਚੰਡੀਗੜ੍ਹ ਲਈ ਰਵਾਨਾ ਕੀਤਾ ਜਿੱਥੇ ਉਨ੍ਹਾਂ ਦਾ ਸਵਾਗਤ ਉਨ੍ਹਾਂ ਦੇ ਬਰਕਲੇ ਯੂਨੀਵਰਸਿਟੀ ਦੇ ਪੁਰਾਣੇ ਮਿੱਤਰ ਅਤੇ ਉਸ ਸਮੇਂ ਦੇ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਕੀਤਾ। ਉਥੋਂ ਉਹ ਰੇਲ ਰਾਹੀਂ ਅੰਮ੍ਰਿਤਸਰ ਲਈ ਰਵਾਨਾ ਹੋ ਗਏ। ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਲੈ ਕੇ ਉਨ੍ਹਾਂ ਦੇ ਪਿੰਡ ਛੱਜਲਵੱਡੀ ਤੱਕ 16 ਮੀਲ ਦੇ ਰਾਸਤੇ ਵਿਚ ਸੜਕ ਦੇ ਦੋਵੇਂ ਪਾਸੇ ਖੜ੍ਹੀ ਭੀੜ ਨੇ ਉਨ੍ਹਾਂ ਦਾ ਨਿੱਘਾ ਸੁਆਗਤ ਕੀਤਾ। ਲੋਕਾਂ ਦਾ ਇਤਨਾ ਇੱਕਠ ਸੀ ਉਨ੍ਹਾਂ ਦੀਆਂ ਕਾਰਾਂ ਦਾ ਕਾਫ਼ਲਾ ਛੱਜਲਵੱਡੀ ਤੋਂ 4 ਮੀਲ ਪਹਿਲਾਂ ਹੀ ਰੋਕਣਾ ਪਿਆ, ਜਿੱਥੋਂ ਉਹ ਪੈਦਲ ਆਪਣੇ ਜੱਦੀ ਘਰ ਪਹੁੰਚੇ ਅਤੇ ਪਰਿਵਾਰ ਦੇ ਮੈਂਬਰਾਂ ਨਾਲ ਦੇਸੀ ਖਾਣੇ ਦਾ ਅਨੰਦ ਮਾਣਿਆ।

ਆਪਣੇ ਇਸ ਦੌਰੇ ਦੌਰਾਨ ਭਾਰਤੀ ਪਾਰਲੀਮੈਂਟ ਦੇ ਦੋਵਾਂ ਸਦਨਾਂ ਨੂੰ ਵੀ ਉਨ੍ਹਾਂ ਨੂੰ ਸੰਬੋਧਨ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਨੇ ਕਿਹਾ ਕਿ ਸਮੁੰਦਰ ਤੋਂ ਦੂਜੇ ਪਾਸੇ ਅਮਰੀਕਾ ਦੇ ਲੋਕ ਤੁਹਾਡੇ ਵੱਲ ਭਾਈਚਾਰੇ ਅਤੇ ਦੋਸਤੀ ਦਾ ਹੱਥ ਫ਼ੈਲਾ ਰਹੇ ਹਨ। ਜੇ ਫੜ ਸਕਦੇ ਹੋ ਤਾਂ ਫੜ ਲਵੋ। ਜੇ ਤੁਸੀਂ ਦੁਨੀਆਂ ਵਿਚ ਲੋਕ ਰਾਜ ਅਤੇ ਆਜ਼ਾਦੀ ਬਰਕਰਾਰ ਰੱਖਣਾ ਚਾਹੁੰਦੇ ਹੋ ਤਾਂ ਦੁਨੀਆਂ ਦੇ ਦੋ ਮਹਾਨ ਲੋਕਤੰਤਰੀ ਦੇਸ਼ਾਂ-ਅਮਰੀਕਾ ਅਤੇ

(ਬਾਕੀ ਅਗਲੇ ਸਫੇ 'ਤੇ)

ਭਾਰਤ ਨੂੰ ਆਪਸੀ ਸਬੰਧ ਨਜ਼ਦੀਕੀ ਅਤੇ ਗੂੜ੍ਹੇ ਬਣਾਈ ਰੱਖਣ ਦੀ ਸਖ਼ਤ ਜ਼ਰੂਰਤ ਹੈ।

ਆਪਣੀ ਯਾਦਾਂ ਦੀ ਪਟਾਰੀ ਸਮੇਟ ਕੇ ਅਤੇ ਅਮਰੀਕਨ ਸਰਕਾਰ ਵਲੋਂ ਲਾਈ ਜ਼ਿੰਮੇਵਾਰੀ ਨਿਭਾਉਂਦਾ ਇਹ ਪੰਜਾਬ-ਪੁੱਤਰ ਆਪਣੇ ਨਵੇਂ ਵਤਨ ਪਰਤ ਆਇਆ ਅਤੇ ਸਰਕਾਰ ਨੂੰ ਬਹੁਤ ਹੀ ਜਾਣਕਾਰੀ ਭਰਪੂਰ ਰਿਪੋਰਟ ਪੇਸ਼ ਕੀਤੀ, ਜਿਸ ਨਾਲ ਸਰਕਾਰ ਨੂੰ ਪੂਰਬੀ ਦੇਸਾਂ ਅਤੇ ਅਮਰੀਕਾ ਵਿਚਾਲੇ ਸਬੰਧਾਂ ਨੂੰ ਸੁਧਾਰਨ ਵਿਚ ਕਾਫ਼ੀ ਮਦਦ ਮਿਲੀ। ਸ੍ਰੀ ਸੌਂਦ ਨੇ ਅਮਰੀਕੀ ਸਦਨ ਵਿਚ ਕੁੱਝ ਬਿਲ ਵੀ ਪੇਸ਼ ਕੀਤੇ ਜਿਨ੍ਹਾਂ ਨੂੰ ਕਾਨੂੰਨ ਦਾ ਰੁਤਬਾ ਵੀ ਹਾਸਿਲ ਹੋਇਆ।

ਉਹ ਲਗਾਤਾਰ ਤਿੰਨ ਵਾਰ ਆਪਣੇ ਹਲਕੇ ਤੋਂ ਕਾਂਗਰਸਮੈਨ ਚੁਣੇ ਜਾਂਦੇ ਰਹੇ। 1962 ਦੀ ਬਸੰਤ ਰੁੱਤ ਸਮੇਂ ਜਦੋਂ ਉਹ ਕੈਲੀਫੋਰਨੀਆ ਤੋਂ ਵਾਸ਼ਿੰਗਟਨ ਡੀ.ਸੀ. ਹਵਾਈ ਜਹਾਜ ਰਾਹੀਂ ਜਾ ਰਹੇ ਸਨ ਤਾਂ ਰਾਸਤੇ ਵਿਚ ਉਨ੍ਹਾਂ ਨੂੰ ਅਚਾਨਕ ਦੌਰਾ ਪੈ ਗਿਆ ਜਿਸ ਨੇ ਉਨ੍ਹਾਂ ਨੂੰ ਬਾਕੀ ਰਹਿੰਦੀ ਜ਼ਿੰਦਗੀ ਲਈ ਗਤੀਹੀਣ ਬਣਾ ਦਿੱਤਾ। ਉਨ੍ਹਾਂ ਦੇ ਸਰੀਰ ਦੇ ਸੱਜੇ ਹਿੱਸੇ ਨੇ ਕੰਮ ਕਰਨਾ ਬੰਦ ਕਰ ਦਿੱਤਾ ਅਤੇ ਉਹ ਬੋਲਣ ਤੋਂ ਵੀ ਲਾਚਾਰ ਹੋ ਗਏ। ਉਨ੍ਹਾਂ ਦੀ ਜ਼ਿੰਦਗੀ ਦੇ ਇਨ੍ਹਾਂ ਆਖ਼ਰੀ ਦਿਨਾਂ ਦੌਰਾਨ ਉਨ੍ਹਾਂ ਦੀ ਧਰਮ ਪਤਨੀ 'ਮਾਰੀਅਨ' ਨੇ ਉਨ੍ਹਾਂ ਦੀ ਬਹੁਤ ਸੇਵਾ ਕੀਤੀ ਅਤੇ ਅਖ਼ੀਰ 22 ਅਪਰੈਲ 1973 ਨੂੰ ਇਹ ਹੋਣਹਾਰ ਲੀਡਰ ਇਸ ਫ਼ਾਨੀ ਦੁਨੀਆਂ ਨੂੰ 73 ਸਾਲ ਦੀ ਉਮਰ ਭੋਗ ਕੇ ਹਮੇਸ਼ਾਂ ਲਈ ਅਲਵਿਦਾ ਕਹਿ ਗਿਆ।


ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ

Radio Chann Pardesi

ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ

ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ

tunein · market · iPhone

ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ

RADIO CHANN PARDESI

ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ

ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579


https://www.facebook.com/ChannPardesiRadio Email : info@channpardesi.com
www.channpardesi.com



**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay



Gurbans Singh Gill
Realtor

15 Years Experiance
in Real Estate
e-mail: gurbans@gotracy.com
Fax: 209-836-0706
www.gotracy.com

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD
Millennium

Gurbans Gill 209-815-1869



ਪੰਜਾਬੀ ਰੇਡੀਓ ਯੂਐਸਏ ਵਲੋਂ ਬੜੇ ਹੀ ਮਾਣ ਨਾਲ..
24 ਘੰਟੇ ਚੱਲਣ ਵਾਲਾ ਗੁਰਬਾਣੀ ਰੇਡੀਓ ਸ਼ੁਰੂ
www.GurbaniRadio.org
ਫੋਨ 'ਤੇ ਸੁਣਨ ਲਈ ਕਾਲ ਕਰੋ
605.475.6868 Ext. 4
832.551.5029 Ext. 4

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
Studio Telephone : (408) 272-5200

ਪੰਜਾਬੀ ਰੇਡੀਓ ਦੇ ਪ੍ਰੋਗਰਾਮ

- **ਸਵੇਰੇ 4 ਵਜੇ** ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- ਆਤਮਿਕ ਆਨੰਦ ਪ੍ਰੋਗਰਾਮ ☞ ਸ਼ਬਦ ਗੁਰਬਾਣੀ
- ਘਰ ਸੰਸਾਰ, ਦੇਸੋਂ ਪਰਦੇਸ, ਸੁਰ ਪੰਜਾਬ ਦੇ, ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ ☞ 'ਬੌਲੀਵੁੱਡ ਹਿੱਟਸ' (Bollywood Hits)
- ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' ☞ ਖ਼ਬਰ 'ਤੇ ਨਜ਼ਰ ☞ ਸਿਹਤ ਸੰਭਾਲ- ਘਰੇਲੂ ਨੁਸਖਿਆਂ ਦਾ ਹਿੱਟ ਪ੍ਰੋਗਰਾਮ LIVE
- ਯੂਐਸ ਚੋਣਾਂ 2012 ਸ਼ੋਅ ☞ ਝਿਲਮਿਲ ਤਾਰੇ, ਬੱਚਿਆਂ ਲਈ ਖਾਸ ਪ੍ਰੋਗਰਾਮ ☞ ਧੰਨ ਲਿਖਾਰੀ ਨਾਨਕਾ- ਕਵੀ ਦਰਬਾਰ
- 'ਕੁਝ ਗੱਲਾਂ ਕੁੱਝ ਗੀਤ' ☞ 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- **6 ਵਜੇ ਸ਼ਾਮ** 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)
- ਸੋਮਵਾਰ ਭਖਦੇ ਮਸਲਿਆਂ 'ਤੇ LIVE Talk Show (ਸੁਸ਼ੀਲ ਦੁਸਾਂਝ) ☞ 'ਇਕ ਸੋਚ' ☞ ਜੌਬ ਐਂਡ ਬਿਜਨਸ ਸ਼ੋਅ
- ਖ਼ਬਰਸਾਰ (ਜਸਵਿੰਦਰ ਸਿੰਘ ਬਿੱਟਾ) ☞ ਇਕ ਖ਼ਾਸ ਮੁਲਾਕਾਤ ☞ ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
- ਪਾਣੀ 'ਚ ਮਧਾਣੀ ☞ ਬੁਝਾਰਤਾਂ ਦਾ ਹਿੱਟ ਪ੍ਰੋਗਰਾਮ (ਸ਼ੁੱਕਰਵਾਰ ਰਾਤ 8:30 ਤੋਂ 10:00 ਵਜੇ)

ਤਾਜ਼ੀਆਂ ਖ਼ਬਰਾਂ ਰੇਡੀਓ 'ਤੇ
ਪੰਜਾਬ ਤੋਂ ਸੁਸ਼ੀਲ ਦੁਸਾਂਝ
ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
ਅੰਤਰਰਾਸ਼ਟਰੀ ਖ਼ਬਰਾਂ- ਗੁਰਪ੍ਰੀਤ ਸਿੰਘ
ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ
ਹੁਣ ਇਹ ਸਾਰੀਆਂ ਖ਼ਬਰਾਂ ਅਤੇ ਬੀਬੀਸੀ ਹਿੰਦੀ ਤੁਸੀਂ 24 ਘੰਟੇ ਕਾਲ ਕਰਕੇ ਸੁਣ ਸਕਦੇ ਹੋ
605.475.6868 Ext. 1 ਜਾਂ
832.551.5029 Ext. 1

ਨਵੇਂ ਪ੍ਰੋਗਰਾਮ

- **ਸੱਜਰੀ ਸਵੇਰ** -ਸੋਮਵਾਰ ਤੋਂ ਸ਼ਨਿਚਰਵਾਰ
- **ਨਜ਼ਰੀਆ** -ਸਮਾਜਿਕ ਮਸਲਿਆਂ ਬਾਰੇ ਰੋਜਾਨਾ ਰਾਤ ਨੂੰ
- **ਤੁਹਾਡੇ ਸ਼ਹਿਰ ਦੇ ਵਿਹੜੇ** -ਸ਼ਹਿਰਾਂ ਦਾ ਇਤਿਹਾਸ ਤੇ ਰੌਚਕ ਜਾਣਕਾਰੀ
- **ਟੌਪ 10** -ਨਵੇਂ ਗੀਤਾਂ ਦਾ ਵੋਟਾਂ 'ਤੇ ਆਧਾਰਤ ਪ੍ਰੋਗਰਾਮ

ਹੁਣ ਕਿਸੇ ਵੀ ਫੋਨ ਤੋਂ ਕਾਲ ਕਰਕੇ ਸੁਣ ਸਕਦੇ ਹੋ ਪੰਜਾਬੀ ਰੇਡੀਓ ਯੂਐਸਏ
ਹਫ਼ਤੇ ਦੇ ਸੱਤੇ ਦਿਨ 24 ਘੰਟੇ - ਸੁਣਨ ਲਈ ਕਾਲ ਕਰੋ ਜੀ
605.475.6868 • 832.551.5029

ਹੋਰ ਜਾਣਕਾਰੀ ਲਈ 408.722.7698 • Email: info@punjabiradiousa.com • 3750 McKee Road, # B, San Jose CA 95127 • Listen LIVE www.punjabiradiousa.com

ਗੁਰਮਤਿ ਗਿਆਨ

# ਗੁਰੂ ਗ੍ਰੰਥ ਸਾਹਿਬ ਵਿਚ ਸ਼ਹਾਦਤ ਅਤੇ ਗ਼ਦਰੀ ਸ਼ਹੀਦ



ਡਾ. ਗੁਰਨਾਮ ਕੌਰ, ਕੈਨੇਡਾ

ਸਿੱਖ ਆਦਰਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪ੍ਰਕਾਸ਼ਿਤ ਹਨ ਅਤੇ ਸਿੱਖ ਜੀਵਨ-ਜਾਚ ਇਨ੍ਹਾਂ ਆਦਰਸ਼ਾਂ ਦਾ ਅਮਲੀ ਪ੍ਰਕਾਸ਼ਨ ਹੈ। ਸਿੱਖ ਧਰਮ ਵਿਚ ਸ਼ਹਾਦਤ ਦਾ ਸੰਕਲਪ ਭਾਰਤੀ ਧਰਮਾਂ ਦੇ ਸੰਦਰਭ ਵਿਚ ਬਿਲਕੁਲ ਹੀ ਇੱਕ ਨਿਵੇਕਲਾ ਅਤੇ ਨਵਾਂ ਸੰਕਲਪ ਹੈ ਕਿਉਂਕਿ ਇਸ ਤੋਂ ਪਹਿਲਾਂ ਇਹ ਭਾਰਤੀ ਧਾਰਮਿਕ ਪਰੰਪਰਾਵਾਂ ਵਿਚ ਪ੍ਰਾਪਤ ਹੀ ਨਹੀਂ ਹੈ। ਇਸ ਤੋਂ ਪਹਿਲਾਂ ਸਿਰਫ 'ਬਲੀ' ਦਾ ਸੰਕਲਪ ਅਤੇ ਪਰੰਪਰਾ ਹੀ ਮਿਲਦੀ ਹੈ। 'ਸ਼ਹਾਦਤ' ਸ਼ਬਦ ਫਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਮੂਲ 'ਸ਼ਾਹਦ' ਹੈ। 'ਸ਼ਹਾਦਤ' ਦਾ ਅਰਥ ਹੈ ਸੱਚ ਦੇ ਗਵਾਹ ਵਜੋਂ ਪੇਸ਼ ਹੋਣਾ ਅਤੇ ਇਸ ਦਾ ਪੰਜਾਬੀ ਰੂਪ ਹੈ 'ਸ਼ਾਹਦ'। ਇਸ ਲਈ ਸਿੱਖ ਆਦਰਸ਼ਾਂ ਅਨੁਸਾਰ ਇਸ ਦਾ ਅਰਥ ਹੈ-ਮਨੁੱਖ ਤੋਂ ਸੱਚ ਲਈ ਖੜ੍ਹੇ ਹੋਣ ਦੀ ਉਮੀਦ ਕਰਨਾ, ਸਤਿ ਲਈ ਵਚਨਬੱਧ ਹੋਣਾ।

ਉਪਰ ਜ਼ਿਕਰ ਹੈ ਕਿ ਸਿੱਖ ਧਰਮ ਦੇ ਪ੍ਰਕਾਸ਼ਨ ਤੋਂ ਪਹਿਲਾਂ ਭਾਰਤੀ ਅਧਿਆਤਮਕ/ਧਾਰਮਿਕ ਪਰੰਪਰਾਵਾਂ ਵਿਚ 'ਬਲੀ' ਦੀ ਪਰੰਪਰਾ ਅਤੇ ਸੰਕਲਪ ਪ੍ਰਾਪਤ ਹੈ, ਸ਼ਹਾਦਤ ਦਾ ਨਹੀਂ। 'ਬਲੀ' ਦੀ ਵਸਤੂ ਮਨੁੱਖ, ਜਾਨਵਰ ਜਾਂ ਪਦਾਰਥ ਕੋਈ ਵੀ ਹੋ ਸਕਦੀ ਹੈ। 'ਬਲੀ' ਸਵੈ-ਇੱਛਤ ਨਹੀਂ ਹੁੰਦੀ ਕਿਉਂਕਿ ਇਸ ਵਿਚ ਬਲੀ ਦਿੱਤੇ ਜਾਣ ਵਾਲੇ ਮਨੁੱਖ ਜਾਂ ਜਾਨਵਰ, ਵਸਤੂ ਦੀ ਨਿਜੀ ਇੱਛਾ ਸ਼ਾਮਲ ਨਹੀਂ ਹੁੰਦੀ। 'ਬਲੀ' ਦੂਸਰੀ ਧਿਰ ਵੱਲੋਂ ਕਿਸੇ ਦੇਵਤਾ, ਦੇਵਤਿਆਂ ਜਾਂ ਦੇਵੀ ਨੂੰ ਖੁਸ਼ ਕਰਨ ਲਈ ਦਿੱਤੀ ਜਾਂਦੀ ਹੈ। ਇਸ ਵਿਚ ਕੋਈ ਚੋਣ ਜਾਂ ਸਵੈ-ਇੱਛਾ ਸ਼ਾਮਲ ਨਹੀਂ ਹੁੰਦੀ ਕਿਉਂਕਿ ਇਹ ਬਾਹਰੋਂ ਠੋਸਿਆ ਹੋਇਆ ਕਰਮ ਹੈ। ਪਿਛਲੇ ਲੇਖ ਵਿਚ ਵੀ ਇਸ਼ਾਰਾ ਕੀਤਾ ਸੀ ਕਿ ਸਿੱਖ ਧਰਮ-ਚਿੰਤਨ ਵਿਚ ਪ੍ਰਾਪਤ ਸ਼ਹਾਦਤ ਦਾ ਕਰਮ ਕੋਈ ਬਾਹਰੋਂ ਲੱਦਿਆ ਹੋਇਆ ਕਰਮ ਨਹੀਂ ਕਿਉਂਕਿ ਇਹ ਸ਼ਹਾਦਤ ਦੇਣ ਵਾਲੇ ਵਲੋਂ ਚੁਣਿਆ ਹੋਇਆ ਰਸਤਾ ਹੈ ਜਿਸ ਵਿਚ ਨਿਜੀ ਇੱਛਾ ਸ਼ਾਮਲ ਹੈ। ਇਸ ਵਿਚ ਇੱਛਾ ਅਤੇ ਚੋਣ ਦੋਵੇਂ ਸ਼ਾਮਲ ਹਨ ਕਿਉਂਕਿ ਇਸ ਰਸਤੇ 'ਤੇ ਇੱਕ ਅਹਿਦ ਵਜੋਂ ਡੂੰਘੀ ਸੋਚ-ਵਿਚਾਰ ਤੋਂ ਪਿੱਛੋਂ ਕਦਮ ਰੱਖਣ ਦੀ ਪ੍ਰੇਰਨਾ ਕੀਤੀ ਗਈ ਹੈ। ਇਹ 'ਪ੍ਰੇਮ' ਦਾ ਮਾਰਗ ਹੈ। ਇਸ ਦੇ ਨਾਲ ਹੀ ਇਹ ਇੱਕ ਐਸੀ ਪ੍ਰਾਪਤੀ ਹੈ ਜੋ ਯੋਗਤਾ-ਮੂਲਕ ਹੈ, ਇਸ ਨੂੰ ਪ੍ਰਾਪਤ ਕਰਨ ਲਈ ਮਨੁੱਖ ਨੂੰ ਇਸ ਦੇ ਯੋਗ ਹੋਣਾ ਪੈਂਦਾ ਹੈ। ਸ਼ਹਾਦਤ ਉਹ ਪੜਾਅ ਹੈ, ਜਿਸ ਨੂੰ ਮਨੁੱਖ ਜਿਉਂਦੇ ਜੀਅ ਪ੍ਰਾਪਤ ਕਰ ਲੈਂਦਾ ਹੈ। ਇਸ ਵਿਚ ਮਨੁੱਖ ਨੂੰ ਹਉਮੈ ਵਰਗੇ ਤੰਗ ਨਜ਼ੀਏ ਤੋਂ, ਮੇਰ-ਤੇਰ ਤੋਂ ਉਤੇ ਉਠਣਾ ਪੈਂਦਾ ਹੈ। ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਵਰਗੀਆਂ ਬੁਰਾਈਆਂ ਦਾ ਤਿਆਗ ਕਰਨਾ ਪੈਂਦਾ ਹੈ, ਇਨ੍ਹਾਂ ਤੋਂ ਛੁਟਕਾਰਾ ਪਾਉਣਾ ਪੈਂਦਾ ਹੈ। ਇਸ ਪ੍ਰਾਪਤੀ ਦੇ ਜਗਿਆਸੂ ਨੂੰ ਉਦਮ ਕਰਨਾ ਪੈਂਦਾ ਹੈ। ਇਸ ਵਿਚ 'ਨਦਰਿ' ਵੀ ਸ਼ਾਮਲ ਹੈ। ਇਸ ਦੀ ਪ੍ਰਾਪਤੀ ਗੁਰੂ ਅਤੇ ਅਕਾਲ ਪੁਰਖ ਦੀ ਮਿਹਰ ਰਾਹੀਂ ਹੁੰਦੀ ਹੈ।

ਸ਼ਹਾਦਤ ਦੇ ਸੰਕਲਪ ਨਾਲ ਜੋ ਦੂਸਰਾ ਮਹੱਤਵਪੂਰਨ ਨੁਕਤਾ ਜੁੜਿਆ ਹੋਇਆ ਹੈ, ਉਹ ਇਹ ਹੈ ਕਿ ਸ਼ਹਾਦਤ ਸੱਚ ਜਾਂ ਸਤਿ ਦੀ ਗਵਾਹੀ ਹੈ। ਸਤਿ ਤੋਂ ਇਥੇ ਭਾਵ ਸਰਬਵਿਆਪਕ ਸਤਿ ਹੈ। ਇਸ ਲਈ ਇਸ ਦੇ ਅਮਲ ਦਾ ਘੇਰਾ ਬਹੁਤ ਵਿਸ਼ਾਲ ਹੈ ਜਿਸ ਵਿਚ ਸਾਰੀ ਮਨੁੱਖਤਾ ਸ਼ਾਮਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ, ਸ਼ਹਾਦਤ ਦੇ ਸਾਹਮਣੇ ਰੱਖਿਆ ਗਿਆ ਆਦਰਸ਼ ਸਾਰੀ ਮਨੁੱਖਤਾ ਲਈ ਇਨਸਾਫ਼, ਸਭ ਦੇ ਮਾਣ, ਸਵੈਮਾਣ, ਇੱਜ਼ਤ, ਆਜ਼ਾਦੀ ਲਈ ਲੜਨਾ ਅਤੇ ਰੱਖਿਆ ਕਰਨਾ ਹੈ। ਸਿੱਖ ਇਤਿਹਾਸ ਵਿਚੋਂ ਬਹੁਤ ਸਾਰੀਆਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਪਰ ਦੱਸੇ ਸ਼ਹਾਦਤ ਦੇ ਸੰਕਲਪ ਨਾਲ ਜੁੜੇ ਆਦਰਸ਼ਾਂ ਦੀ ਬਿਹਤਰ ਉਦਾਹਰਣ ਪੇਸ਼ ਕਰਦੀਆਂ ਹਨ। ਗੁਰੂ ਸਾਹਿਬਾਨ ਨੇ ਸ਼ਹਾਦਤ ਦੇ ਇਨ੍ਹਾਂ ਆਦਰਸ਼ਾਂ ਦਾ ਅਮਲੀ ਪ੍ਰਕਾਸ਼ਨ ਆਪਣੇ ਜੀਵਨ-ਕਾਲ ਵਿਚ ਕੀਤਾ। ਗੁਰਮਤਿ ਅਨੁਸਾਰ ਜਿਹੜਾ ਸਿਧਾਂਤ ਅਮਲ ਵਿਚ ਨਹੀਂ ਆ ਸਕਦਾ, ਉਹ ਬੇਕਾਰ ਹੈ। ਗੁਰੂ ਸਾਹਿਬਾਨ ਨੇ ਆਪਣੇ ਅਮਲੀ ਜੀਵਨ ਵਿਚ ਸ਼ਹਾਦਤ ਦੇ ਇਸ ਸੰਕਲਪ ਨੂੰ ਸਾਕਾਰ ਕਰਦਿਆਂ ਸਿੱਧ ਕੀਤਾ ਕਿ ਇਨਸਾਫ਼ ਲਈ ਸ਼ਹੀਦ ਹੋਣਾ ਮਨੁੱਖ ਦਾ ਹੱਕ ਵੀ ਹੈ ਅਤੇ ਫ਼ਰਜ਼ ਵੀ ਹੈ। ਸਾਡੇ ਸਾਹਮਣੇ ਪਹਿਲੀ ਉਦਾਹਰਣ ਪੰਜਵੀਂ ਨਾਨਕ ਜੋਤਿ ਗੁਰੂ ਅਰਜਨ ਦੇਵ ਜੀ ਦੀ ਹੈ ਅਤੇ ਦੂਸਰੀ ਉਦਾਹਰਣ ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੈ। ਗੁਰੂ ਸਾਹਿਬਾਨ ਨੇ ਦਿੱਤੀਆਂ ਗਈਆਂ ਤਰਜੀਹਾਂ ਵਿਚੋਂ ਸ਼ਹਾਦਤ ਦਾ ਰਾਹ ਚੁਣਿਆ। ਗੁਰਮਤਿ ਚਿੰਤਨ ਅਨੁਸਾਰ ਕਿਸੇ ਵਿਸ਼ੇਸ਼ ਧਰਮ ਵਿਚ ਵਿਸ਼ਵਾਸ ਕਰਨਾ, ਕਿਸੇ ਖਾਸ ਧਰਮ ਗ੍ਰੰਥ ਨੂੰ ਮੰਨਣਾ, ਆਪਣੇ ਇਸ਼ਟ ਨੂੰ ਧਿਆਉਣਾ ਹਰ ਮਨੁੱਖ ਦਾ ਮੌਲਿਕ ਅਧਿਕਾਰ ਹੈ ਅਤੇ ਇਸ ਅਧਿਕਾਰ ਨੂੰ ਮਾਨਣ ਦੀ ਆਜ਼ਾਦੀ ਹਰ ਮਨੁੱਖ ਨੂੰ ਹੋਣੀ ਚਾਹੀਦੀ ਹੈ। ਗੁਰੂ ਸਾਹਿਬਾਨ ਦੀ ਸ਼ਹਾਦਤ ਦਾ ਵਿਸਥਾਰ ਦੇ ਸਕਣ ਦੀ ਇਥੇ ਗੁੰਜਾਇਸ਼ ਨਹੀਂ ਹੈ। ਇਸ ਲੇਖ ਦਾ ਮਨੋਰਥ ਗ਼ਦਰੀਆਂ ਨੇ ਦੇਸ਼ ਦੀ ਆਜ਼ਾਦੀ ਅਤੇ ਇਨਸਾਫ ਵਾਸਤੇ ਜੋ ਕੁੱਝ ਕੀਤਾ, ਉਸ ਵਿਚ ਉਨ੍ਹਾਂ ਦੇ ਸਿੱਖੀ ਪਿਛੋਕੜ ਦਾ ਹੱਥ ਹੈ, ਇਸ ਤੱਥ ਨੂੰ ਸਾਹਮਣੇ ਲਿਆਉਣਾ ਹੈ। ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਅਮਰੀਕਾ ਅਤੇ ਕੈਨੇਡਾ ਜਾ ਕੇ ਵੱਸਣ ਵਾਲਿਆਂ ਵਿਚ 99% ਪੰਜਾਬੀ ਸਨ ਅਤੇ ਪੰਜਾਬੀਆਂ ਵਿਚੋਂ 90% ਸਿੱਖ ਸਨ ਜਿਥੇ ਗ਼ਦਰ ਲਹਿਰ ਅਰਥਾਤ ਹਥਿਆਰਬੰਦ ਇਨਕਲਾਬੀ ਲਹਿਰ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਸ਼ੁਰੂ ਹੋਈ। ਇਸ ਸੰਦਰਭ ਵਿਚ ਚੋਣਵੇਂ ਗ਼ਦਰੀਆਂ ਦੀਆਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ।

ਸ. ਭਗਤ ਸਿੰਘ ਦੇ ਪਰਿਵਾਰ ਦਾ ਸਿੱਖੀ ਪਿਛੋਕੜ: ਸ਼ਹੀਦ ਭਗਤ ਸਿੰਘ ਦੇ ਪਰਿਵਾਰਕ ਪਿਛੋਕੜ ਦੇ ਸਿੱਖੀ ਸੰਦਰਭ ਨੂੰ ਜਾਣਨਾ ਬਹੁਤ ਜ਼ਰੂਰੀ ਹੈ। ਇਸ ਦੀ ਵਜ੍ਹਾ ਇਹ ਹੈ ਕਿ ਆਮ ਹੀ ਭਗਤ ਸਿੰਘ ਦੇ ਪਰਿਵਾਰ ਨੂੰ ਆਰੀਆ-ਸਮਾਜੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਭਗਤ ਸਿੰਘ ਦਾ ਖ਼ਾਨਦਾਨ ਜਿੱਥੇ ਮੁੱਢੋਂ-ਸੁੱਢੋਂ ਇਨਕਲਾਬੀ ਸੀ, ਉਥੇ ਸਿੱਖ ਧਰਮ ਵਿਚ ਵੀ ਪੂਰਨ ਵਿਸ਼ਵਾਸ ਰੱਖਦਾ ਸੀ। ਬ੍ਰਿਟਿਸ਼ ਰਾਜ ਦੇ ਜ਼ੁਲਮਾਂ ਦੇ ਖ਼ਿਲਾਫ਼ 'ਪੱਗੜੀ ਸੰਭਾਲ ਜੱਟਾ' ਲਹਿਰ ਦਾ ਜ਼ਿਕਰ ਕਰਦਿਆਂ, ਸ. ਭਗਤ ਸਿੰਘ ਦੇ ਚਾਚਾ ਮਸ਼ਹੂਰ ਗ਼ਦਰੀ ਸ. ਅਜੀਤ ਸਿੰਘ ਜਿਸ ਦੇ ਨਾਇਕ ਸਨ, ਨੇ ਭਗਤ ਸਿੰਘ ਦੇ ਪੜਦਾਦਾ ਸ. ਫਤਿਹ ਸਿੰਘ ਦੇ ਐਂਗਲੋ-ਸਿੱਖ ਲੜਾਈਆਂ ਵਿਚ ਖ਼ਾਲਸਾ ਫੌਜ ਵੱਲੋਂ ਹਿੱਸਾ ਲੈਣ ਦੀ ਗੱਲ ਕੀਤੀ ਹੈ।

ਇਸ ਤੱਥ ਦਾ ਜ਼ਿਕਰ ਕਰਦਿਆਂ ਸ. ਅਜੀਤ ਸਿੰਘ ਨੇ ਲਿਖਿਆ ਹੈ ਕਿ 'ਉਨ੍ਹਾਂ ਦੇ ਵਡੇਰਿਆਂ ਵਿਚੋਂ ਇੱਕ ਨੇ ਇਹ ਦੇਖਦੇ ਹੋਏ ਕਿ ਬਦੇਸ਼ੀਆਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ, ਭਾਰਤੀ ਮਹਾਂਦੀਪ ਦੇ ਇੱਕੋ-ਇੱਕ ਕੌਮੀ ਆਜ਼ਾਦ ਮੁਲਕ ਪੰਜਾਬ ਦੇ ਬਾਸ਼ਿੰਦਿਆਂ ਨੂੰ ਗ਼ੁਲਾਮ ਬਣਾਉਣ ਦੀ ਸ਼ਰਾਰਤੀ ਖੇਡ ਖੇਡਣੀ ਸ਼ੁਰੂ ਕਰ ਦਿੱਤੀ, ਬ੍ਰਿਟਿਸ਼ ਘੁਸਪੈਠੀਆਂ ਨੂੰ ਭਜਾਉਣ ਲਈ ਹਥਿਆਰ ਚੁੱਕੇ। ਉਸ ਨੇ ਅੰਗਰੇਜ਼ਾਂ ਦੇ ਖਿਲਾਫ ਲੜ ਰਹੀਆਂ ਖ਼ਾਲਸਾ ਫੌਜਾਂ ਵਲੋਂ ਲੜੀਆਂ ਗਈਆਂ ਮੁਦਕੀ, ਅਲੀਵਾਲ ਅਤੇ ਸਭਰਾਉਂ ਦੀਆਂ ਜੰਗਾਂ ਵਿਚ ਹਿੱਸਾ ਲਿਆ। ਅੰਗਰੇਜ਼ਾਂ ਖ਼ਿਲਾਫ ਲੜਨ ਕਰਕੇ ਉਨ੍ਹਾਂ ਦੇ ਪਰਿਵਾਰ ਦੀਆਂ ਜਗੀਰਾਂ ਜ਼ਬਤ ਕਰ ਲਈਆਂ ਗਈਆਂ। ਪਰ ਜਦੋਂ 1857 ਵਿਚ ਕੁੱਝ ਮੁਖੀਏ ਸਰਦਾਰ ਅਤੇ ਰਾਜੇ ਅੰਗਰੇਜ਼ਾਂ ਦੀ ਮਦਦ ਕਰਨ ਲਈ ਆਪਣੇ ਉਨ੍ਹਾਂ ਲੋਕਾਂ ਦੇ ਖ਼ਿਲਾਫ ਲੜਨ ਗਏ ਜਿਹੜੇ ਆਪਣੇ ਲੋਕਾਂ ਨੂੰ ਅੰਗਰੇਜ਼ਾਂ ਦੇ ਜ਼ਾਲਮ ਜੂਲੇ ਤੋਂ ਆਜ਼ਾਦ ਕਰਾਉਣ ਲਈ ਆਜ਼ਾਦੀ ਦੀ ਜੰਗ ਲੜ ਰਹੇ ਸਨ ਅਤੇ ਆਪਣੀਆਂ ਜਾਨਾਂ ਵਾਰ ਰਹੇ ਸਨ। ਉਨ੍ਹਾਂ ਦੇ ਪਿਆਰੇ ਦਾਦਾ ਜੀ ਸ. ਫਤਿਹ ਸਿੰਘ ਨੂੰ ਮਜੀਠੀਆ ਸ. ਸੂਰਤ ਸਿੰਘ, ਸੁੰਦਰ ਸਿੰਘ ਮਜੀਠੀਆ ਦੇ ਪਿਤਾ ਨੇ ਸ਼ਾਮਲ ਹੋਣ ਲਈ ਸੱਦਾ ਭੇਜਿਆ। ਉਨ੍ਹਾਂ ਨੇ ਅਜਿਹਾ ਕੰਮ ਕਰਨ ਤੋਂ ਬੁਰੀ ਤਰ੍ਹਾਂ ਇਨਕਾਰ ਕਰ ਦਿੱਤਾ। ਸੂਰਤ ਸਿੰਘ ਨੇ ਉਨ੍ਹਾਂ ਨੂੰ ਦੱਸਿਆ ਕਿ ਜੇ ਉਹ ਲੜਾਈ ਵਿਚ ਉਸ ਨਾਲ ਚੱਲ ਕੇ ਸਾਥ ਦੇਣਗੇ ਤਾਂ ਉਨ੍ਹਾਂ ਦੇ ਪਰਿਵਾਰ ਦੀ ਜ਼ਬਤ ਕੀਤੀ ਜਾਗੀਰ ਵਾਪਸ ਕਰ ਦਿੱਤੀ ਜਾਵੇਗੀ ਜਾਂ ਉਸ ਦੇ ਬਦਲੇ ਹੋਰ ਦੇ ਦਿੱਤੀ ਜਾਵੇਗੀ।'

ਸ. ਅਜੀਤ ਸਿੰਘ ਵੱਲੋਂ ਆਪਣੀ ਪੁਸਤਕ ਵਿਚ ਦੱਸੀ ਇਸ ਘਟਨਾ ਤੋਂ ਪਤਾ ਲਗਦਾ ਹੈ ਕਿ ਸ. ਫਤਿਹ ਸਿੰਘ ਇੱਕ ਸੱਚੇ ਸਿੱਖ ਭਾਵ ਸੰਤ-ਸਿਪਾਹੀ ਸਨ ਜਿਨ੍ਹਾਂ ਨੇ ਭਾਰਤ ਉਪ-ਮਹਾਂਦੀਪ ਵਿਚ ਇੱਕੋ-ਇੱਕ ਸੁਤੰਤਰ ਧਰਤੀ ਪੰਜਾਬ (ਸਿੱਖ ਰਾਜ) ਨੂੰ ਗ਼ੁਲਾਮੀ ਤੋਂ ਬਚਾਉਣ ਲਈ ਐਂਗਲੋ-ਸਿੱਖ ਲੜਾਈਆਂ ਵਿਚ ਹਿੱਸਾ ਲਿਆ, ਆਪਣੀ ਪਰਿਵਾਰਕ ਜਗੀਰ ਅੰਗਰੇਜ਼ਾਂ ਤੋਂ ਕੁਰਕ ਕਰਵਾਈ। ਇਹੀ ਨਹੀਂ ਜਿੱਥੇ ਸੂਰਤ ਸਿੰਘ ਮਜੀਠੀਏ ਵਰਗੇ ਕਈ ਸਰਦਾਰਾਂ ਨੇ ਆਪਣੀਆਂ ਜਗੀਰਾਂ ਵਾਪਸ ਲੈਣ ਲਈ 1857 ਦੇ ਗ਼ਦਰ ਵੇਲੇ ਆਪਣੇ ਹੀ ਲੋਕਾਂ ਦੇ ਖਿਲਾਫ ਅੰਗਰੇਜ਼ਾਂ ਦਾ ਸਾਥ ਦਿੱਤਾ, ਉਥੇ ਸ. ਫਤਿਹ ਸਿੰਘ ਨੇ ਇਸ ਨੂੰ ਆਪਣੇ ਲੋਕਾਂ ਨਾਲ ਗ਼ੱਦਾਰੀ ਸਮਝਦੇ ਹੋਏ ਇਸ ਵਿਚ ਹਿੱਸਾ ਲੈਣ ਤੋਂ ਸਾਫ ਇਨਕਾਰ ਕਰ ਦਿੱਤਾ, ਜਗੀਰ ਵਾਪਸ ਲੈਣ ਦੇ ਲਾਲਚ ਵਿਚ ਵੀ ਨਹੀਂ ਆਏ। ਇਸ ਤੋਂ ਉਨ੍ਹਾਂ ਦੇ ਇੱਕ ਚੰਗੇ ਸਿੱਖ ਹੋਣ ਦਾ ਸਬੂਤ ਵੀ ਮਿਲਦਾ ਹੈ।

ਸ. ਅਜੀਤ ਸਿੰਘ ਨੇ ਆਪਣੀ ਇਸ ਪੁਸਤਕ ਵਿਚ ਆਪਣੇ ਅੰਮ੍ਰਿਤਧਾਰੀ ਹੋਣ ਦਾ ਅਤੇ ਆਪਣੇ ਪੁਰਖਿਆਂ ਦੇ ਅੰਮ੍ਰਿਤਧਾਰੀ ਸਿੱਖ ਹੋਣ ਦਾ ਜ਼ਿਕਰ ਵੀ ਕੀਤਾ ਹੈ। ਸ. ਅਜੀਤ ਸਿੰਘ ਅਨੁਸਾਰ ਉਹ ਅਤੇ ਉਨ੍ਹਾਂ ਦੇ ਵੱਡੇ ਭਰਾ (ਸ. ਕਿਸ਼ਨ ਸਿੰਘ, ਸ਼ਹੀਦ ਭਗਤ ਸਿੰਘ ਦੇ ਪਿਤਾ) ਬਚਪਨ ਵਿਚ ਅਨੰਦਪੁਰ ਅੰਮ੍ਰਿਤ (ਖੰਡੇ ਦੀ ਪਾਹੁਲ) ਛਕਣ ਲਈ ਗਏ ਸੀ। ਇਹ ਹੋਲੀ ਦਾ ਮੌਕਾ ਸੀ ਜਿਸ ਨੂੰ ਸਿੱਖਾਂ ਦੇ ਤਿਉਹਾਰ ਦੇ ਰੂਪ ਵਿਚ ਹੋਲਾ ਕਿਹਾ ਜਾਂਦਾ ਹੈ। ਅਜੀਤ ਸਿੰਘ ਨੂੰ ਬਚਪਨ ਦੀ ਇਹ ਘਟਨਾ ਬਹੁਤ ਚੰਗੀ ਤਰ੍ਹਾਂ ਯਾਦ ਸੀ ਜਦੋਂ ਉਨ੍ਹਾਂ ਨੂੰ ਸਿੰਘ ਸਜਾਉਣ ਅਤੇ ਅਮਰ ਹੋ ਜਾਣ ਲਈ ਮਿੱਠਾ ਅੰਮ੍ਰਿਤ ਛਕਾਇਆ ਗਿਆ, ਇਸ ਦੇ ਕੁੱਝ ਛਿੱਟੇ, ਪਵਿੱਤਰ ਕਰਨ ਦੇ ਚਿੰਨ੍ਹ ਵਜੋਂ ਉਨ੍ਹਾਂ ਦੇ ਚਿਹਰੇ 'ਤੇ ਵੀ ਮਾਰੇ ਗਏ। ਅਜੀਤ ਸਿੰਘ ਨੇ ਵਰਣਨ ਕੀਤਾ ਹੈ ਕਿ ਇਸ ਰਸਮ ਵਿਚੋਂ ਜੋ ਵੀ ਇਨਸਾਨ ਗੁਜ਼ਰਦਾ ਹੈ, ਉਸ ਨੂੰ ਇਹ ਰਸਮ ਦ੍ਰਿੜ ਕਰਵਾਉਂਦੀ ਹੈ ਕਿ ਉਸ ਨੇ ਮੌਤ ਦਾ ਭੈ ਨਹੀਂ ਖਾਣਾ, ਦੂਸਰਿਆਂ ਨੂੰ ਦਬਾਉਣ ਵਾਲਿਆਂ, ਦੂਸਰਿਆਂ 'ਤੇ ਜ਼ੁਲਮ ਕਰਨ ਵਾਲੇ ਜ਼ਾਲਮਾਂ ਅਤੇ ਧੱਕੜਾਂ ਖਿਲਾਫ ਲੜਨਾ ਹੈ ਅਤੇ ਕਮਜ਼ੋਰਾਂ, ਗ਼ਰੀਬਾਂ, ਬਜ਼ੁਰਗਾਂ, ਬੱਚਿਆਂ ਦੀ ਰੱਖਿਆ ਅਤੇ ਇਸਤਰੀਆਂ ਦੀ ਇੱਜ਼ਤ ਦੀ ਰੱਖਿਆ ਕਰਨੀ ਹੈ। ਅੰਮ੍ਰਿਤ ਛਕਣ ਦੇ ਸਮੇਂ ਤੋਂ ਅੰਮ੍ਰਿਤਧਾਰੀ ਨੇ ਮਨ ਅਤੇ ਸਰੀਰ ਵਲੋਂ ਪਵਿੱਤਰ ਰਹਿਣਾ ਹੈ। ਇਹੀ ਕਾਰਨ ਹੈ ਕਿ ਸਿੱਖਾਂ ਨੂੰ ਖ਼ਾਲਸਾ ਭਾਵ ਸ਼ੁਧ ਕਿਹਾ ਜਾਂਦਾ ਹੈ।

ਸ. ਅਜੀਤ ਸਿੰਘ ਨੇ ਅੱਗੇ ਲਿਖਿਆ ਹੈ ਕਿ ਰਸਮ ਤੋਂ ਬਾਅਦ ਜਿਹੜੇ ਬਾਹਰੋਂ ਤਾਂ ਖ਼ਾਲਸਾ ਸਰੂਪ ਰੱਖਦੇ ਹਨ ਪਰ ਅੰਦਰੋਂ ਕਪਟੀ ਹਨ ਉਹ ਪੰਥ ਅਤੇ ਅੰਮ੍ਰਿਤ ਵਰਗੇ ਪਵਿੱਤਰ ਕਾਰਜ ਲਈ ਬਦਨਾਮੀ ਖੱਟਦੇ ਹਨ। ਇਹ ਗੁਰੂ ਵੱਲੋਂ ਸਿੱਖਿਆ ਦਿੱਤੀ ਗਈ ਹੈ। ਹੋਲੇ ਦੇ ਤਿਉਹਾਰ 'ਤੇ ਸ਼ਾਮਲ ਹੋਣ ਵਾਲੇ ਸਭ ਦੇ ਕੱਪੜਿਆਂ ਅਤੇ ਚਿਹਰੇ 'ਤੇ ਲਾਲ ਰੰਗ ਪਾਇਆ ਜਾਂਦਾ ਹੈ ਜਿਸ ਨੂੰ ਗ਼ੁਲਾਲ ਕਹਿੰਦੇ ਹਨ। ਲੋਕਾਂ ਨੂੰ ਨਵੇਂ ਕੱਪੜੇ ਪਾਏ ਹੋਏ ਅਤੇ ਗ਼ੁਲਾਲ ਨਾਲ ਰੰਗੇ ਹੋਏ ਅੰਮ੍ਰਿਤ ਛਕਣ ਲਈ ਅਨੰਦਪੁਰ ਜਾਂਦੇ ਦੇਖਣਾ ਬਹੁਤ ਚੰਗਾ ਲਗਦਾ ਸੀ। ਅਜੀਤ ਸਿੰਘ ਅਨੁਸਾਰ ਉਨ੍ਹਾਂ ਦੇ ਪਰਿਵਾਰ ਵਿਚ ਦਸਵੇਂ ਗੁਰੂ ਦੇ ਸਮੇਂ ਤੋਂ ਹੀ ਪਰਿਵਾਰ ਦੇ ਪੁਰਸ਼ਾਂ ਨੂੰ ਅਨੰਦਪੁਰ ਲੈ ਕੇ ਜਾਣ ਦੀ ਪਰੰਪਰਾ ਸੀ। ਸ. ਅਜੀਤ ਸਿੰਘ ਨੇ ਆਪਣਾ ਸਾਰਾ ਜੀਵਨ ਕੌਮੀ ਆਜ਼ਾਦੀ ਅਤੇ ਦੇਸ਼ ਦੀ ਖ਼ਾਤਰ ਸੰਘਰਸ਼ ਲਈ ਲਾ ਦਿੱਤਾ। ਆਪਣੀ ਪੁਸਤਕ ਵਿਚ ਉਪਰ ਦਿੱਤੇ ਉਨ੍ਹਾਂ ਦੇ ਵਰਣਨ ਤੋਂ ਸਪਸ਼ਟ ਜਾਣਕਾਰੀ ਮਿਲਦੀ ਹੈ ਕਿ ਉਨ੍ਹਾਂ ਦਾ ਪਰਿਵਾਰ ਦੇਸ਼ ਦੀ ਖਾਤਰ ਵਿਰਸੇ ਵਿਚ ਗ੍ਰਹਿਣ ਕੀਤੇ ਸਿੱਖੀ ਸਿਧਾਂਤਾਂ ਅਨੁਸਾਰ ਲੜਦਾ ਰਿਹਾ।

"ਸਿੱਖ ਰੈਵੋਲੂਸ਼ਨ" ਦੇ ਲਿਖਾਰੀ ਜਗਜੀਤ ਸਿੰਘ ਨੇ ਆਪਣੀ ਪੁਸਤਕ 'ਗ਼ਦਰ ਪਾਰਟੀ ਲਹਿਰ' ਵਿਚ ਬਾਰੇ ਲਿਖਿਆ ਹੈ ਕਿ ਕਿਸ ਤਰ੍ਹਾਂ ਸਿੱਖ ਧਰਮ ਪੰਜਾਬ ਦੇ ਲੋਕਾਂ ਦੀ ਇਨਕਲਾਬੀ ਸ਼ਕਤੀ ਤੇ ਅਸਰ-ਅੰਦਾਜ਼ ਹੋਇਆ, "ਸਿੱਖ ਇਨਕਲਾਬੀ ਅੰਦੋਲਨ ਵਿਚ ਹਿੱਸਾ ਲੈਣ ਨੇ ਕੇਂਦਰੀ ਪੰਜਾਬ ਦੇ ਕਿਸਾਨ ਦੀ ਸੁੱਤੀ ਹੋਈ ਰਾਜਸੀ ਇਨਕਲਾਬੀ ਕਲਾ ਨੂੰ ਪਹਿਲੀ ਵੇਰ ਜਗਾਇਆ ਅਤੇ ਇਹ ਪ੍ਰਗਟ ਕੀਤਾ ਕਿ ਉਹ ਕਬਾਇਲੀ ਪੱਧਰ ਤੋਂ ਉਚੇਰੇ ਸਮਾਜਿਕ ਨਿਸ਼ਾਨਿਆਂ ਲਈ ਕਿਤਨੀ ਕੁਰਬਾਨੀ ਕਰ ਸਕਦਾ ਹੈ। ਇਸ ਨੇ ਉਸ ਦੀ ਨਾ-ਸਾਧੀ ਹੋਈ ਦਲੇਰੀ ਨੂੰ ਸਾਧਿਆ ਅਤੇ ਸਾਬਤ ਕੀਤਾ ਕਿ ਜਦ ਕਿਸੇ ਇਨਕਲਾਬੀ ਆਦਰਸ਼ ਦੀ ਉਸ ਨੂੰ ਸੱਚ-ਮੁੱਚ ਪਕੜ ਹੋ ਜਾਵੇ, ਤਾਂ ਉਹ ਕਠਿਨ ਤੋਂ ਕਠਿਨ ਔਕੜਾਂ ਵਿਚ ਇਰਾਦੇ ਦੀ ਕਿਤਨੀ ਦ੍ਰਿੜਤਾ ਅਤੇ ਪੁਖਤਾਈ ਵਿਖਾ ਸਕਦਾ ਹੈ ਅਤੇ ਸਾਲਾਂ-ਬੱਧੀ ਤਸੀਹੇ ਅਤੇ ਮੁਸੀਬਤਾਂ ਝੱਲਣ ਅਤੇ ਢਹਿੰਦੀਆਂ ਕਲਾ ਵਾਲੇ ਹਾਲਾਤ ਵਿਚੋਂ ਲੰਘਣ ਦੇ ਬਾਵਜੂਦ ਸਮਝੌਤਾ ਕੀਤੇ ਬਗੈਰ ਕਿਸ ਤਰ੍ਹਾਂ ਆਪਣੇ ਨਿਸ਼ਾਨੇ ਵਲ ਅਡੋਲ ਤੁਰਿਆ ਜਾ ਸਕਦਾ ਹੈ।" (ਪੰਨਾ 53)

ਇਸੇ ਦਲੇਰੀ ਦਾ ਪ੍ਰਗਟਾਵਾ ਸਿੱਖ ਗ਼ਦਰੀਆਂ ਦੇ ਬਿਆਨਾਂ ਤੋਂ ਹੁੰਦਾ ਹੈ ਜੋ ਉਨ੍ਹਾਂ ਨੇ ਸਮੇਂ ਸਮੇਂ ਦਿੱਤੇ। ਜਗਜੀਤ ਸਿੰਘ ਨੇ ਉਸ ਸਮੇਂ ਜਿਸ ਜੋਸ਼ ਅਤੇ ਸਪਿਰਿਟ ਨਾਲ ਹਿੰਦੋਸਤਾਨੀ ਇਨਕਲਾਬ ਕਰਨ ਵਾਸਤੇ ਹਿੰਦ ਨੂੰ ਜਾਣ ਲਈ ਤਿਆਰ ਹੋਏ, ਉਸ ਦਾ ਜ਼ਿਕਰ ਕਰਦਿਆਂ ਲਿਖਿਆ ਹੈ, "ਇਕ ਪਤੀ ਨੇ ਆਪਣੀ ਪਤਨੀ ਨੂੰ ਚਿੱਠੀ (ਜੋ ਸੀ. ਆਈ. ਡੀ. ਦੇ ਹੱਥ ਲੱਗੀ) ਲਿਖਿਆ, "ਥੋੜੀ ਦੇਰ ਨੂੰ ਇੱਕ ਵੱਡਾ ਗ਼ਦਰ ਹੋਵੇਗਾ। ਸਾਡੇ ਹੱਥ ਵਿਚ ਤਲਵਾਰ ਅਤੇ ਬੰਦੂਕ ਹੋਵੇਗੀ ਅਤੇ ਅੱਗੇ ਵੱਧਦੇ ਹੋਏ ਅਸੀਂ ਮਰਾਂਗੇ ਅਤੇ ਮਾਰਾਂਗੇ। ਅਸੀਂ (ਗੁਰੂ) ਗੋਬਿੰਦ ਸਿੰਘ ਦੇ ਸਪੁੱਤਰ ਹਾਂ। ਜੇ ਜਿਉਂਦੇ ਰਹੇ ਤਾਂ ਮਿਲਾਂਗੇ।" (ਪੰਨਾ 215-16) ਇਸੇ ਦੀ ਇੱਕ ਹੋਰ ਉਦਾਹਰਣ ਦਿੰਦਿਆਂ ਜਗਜੀਤ ਸਿੰਘ ਨੇ ਲਿਖਿਆ ਹੈ, "ਕੈਲੀਫੋਰਨੀਆ ਤੋਂ ਇਕ ਸਿੱਖ ਨੇ 82 ਨੰਬਰ ਪੰਜਾਬੀ ਪਲਟਨ ਦੇ ਇਕ ਸਿਪਾਹੀ ਨੂੰ ਨੁਸ਼ੈਹਰੇ (ਸਰਹੱਦੀ ਸੂਬੇ ਵਿਚ) ਲਿਖਿਆ, '...ਅਮਰੀਕਾ ਅਤੇ ਕੈਨੇਡਾ ਵਿਚ ਰਹਿਣ ਵਾਲੇ ਸਾਰੇ ਹਿੰਦੀ ਮਰਨ ਮਾਰਨ ਲਈ ਤਿਆਰ ਹਨ।" (ਪੰਨਾ 216)

ਕੈਨੇਡਾ, ਅਮਰੀਕਾ ਰਹਿੰਦੇ ਸਿੱਖ ਹਿੰਦੋਸਤਾਨ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣ ਲਈ ਕਿਵੇਂ ਹਿੰਦੋਸਤਾਨ ਵਿਚ ਜਾ ਕੇ ਗ਼ਦਰ ਕਰਨ ਵਾਸਤੇ ਤੱਤਪਰ ਸਨ, ਇਸ ਦਾ ਅੰਦਾਜ਼ਾ ਜਗਜੀਤ ਸਿੰਘ ਵੱਲੋਂ ਆਪਣੀ ਪੁਸਤਕ ਵਿਚ ਦਿੱਤੇ ਵੇਰਵਿਆਂ ਤੋਂ ਲਗਦਾ ਹੈ, "ਵਿਕਟੋਰੀਆ (ਕੈਨੇਡਾ) ਤੋਂ ਅਗਸਤ ਦੇ ਅਖੀਰ ਵਿਚ ਇਕ ਗੋਰੇ ਨੇ ਅੰਗਰੇਜ਼ਾਂ ਦੇ ਲੜਾਈ ਦੇ ਵਜ਼ੀਰ ਨੂੰ ਲਿਖਿਆ ਕਿ ਉਸ ਦੇ ਇਕ ਮਿੱਤਰ, ਜੋ ਜਾਇਦਾਦ ਬਾਰੇ ਦਲਾਲੀ ਦਾ ਕੰਮ ਕਰਦਾ ਹੈ, ਨੂੰ ਇਕ ਸਿੱਖ ਨੇ ਹਦਾਇਤ ਕੀਤੀ ਹੈ ਕਿ ਉਸ ਦੀ ਜਾਇਦਾਦ ਦੇ ਦੋ ਟੁਕੜੇ ਅੱਧੀ ਕੀਮਤ ਉਤੇ ਵੇਚ ਦੇਵੇ। ਸਿੱਖ ਨੇ ਕਿਹਾ ਕਿ ਇਹ ਮਾਇਆ ਹਿੰਦੀਆਂ ਨੂੰ ਦੇਸ ਭੇਜਣ ਵਾਸਤੇ ਚਾਹੀਦੀ ਹੈ, ਅਤੇ ਦੋ ਮਹੀਨਿਆਂ ਤਕ ਅਮਰੀਕਾ ਵਿਚ ਮੁਸ਼ਕਲ ਨਾਲ ਹੀ ਕੋਈ ਹਿੰਦੀ ਰਹਿ ਜਾਵੇਗਾ। ਉਹ ਹਿੰਦੀਆਂ ਦੇ ਨਿਕਾਸ ਦਾ ਕਾਰਨ ਨਹੀਂ ਸੀ ਦੱਸਦਾ, ਪਰ ਉਸ ਨੇ ਇਸ਼ਾਰਾ ਕੀਤਾ ਕਿ ਇਹ ਬਰਤਾਨਵੀ ਸਰਕਾਰ ਦੇ ਉਲਟ ਹੈ।" (ਪੰਨਾ 217)

ਹਿੰਦ ਨੂੰ ਗ਼ਦਰ ਵਿਚ ਸਫਲ ਬਣਾਉਣ ਲਈ ਅਮਰੀਕਾ ਵਸਦੇ ਸਿੱਖ ਆਪਣੀਆਂ ਜ਼ਮੀਨਾਂ ਧੜਾ-ਧੜ ਵੇਚ ਰਹੇ ਸੀ, ਗੁਰੂ ਘਰ ਉਨ੍ਹਾਂ ਦੀ ਸਹਾਇਤਾ ਕਰ ਰਹੇ ਸਨ। ਜਗਜੀਤ ਸਿੰਘ ਨੇ ਸੀ.ਆਈ.ਡੀ. ਦੇ ਡਾਇਰੈਕਟਰ ਦੀ ਇਕ ਰਿਪੋਰਟ ਦੇ ਹਵਾਲੇ ਨਾਲ ਲਿਖਿਆ ਹੈ ਕਿ ਇਸ ਸਬੰਧ ਵਿਚ ਸਟਾਕਟਨ ਦੇ ਖ਼ਾਲਸਾ ਦੀਵਾਨ ਨੇ ਇੱਕ ਕੰਪਨੀ ਨਾਲ ਪ੍ਰਬੰਧ ਕੀਤਾ। (ਪੰਨਾ 218)

**(ਚਲਦਾ)**

## ਗੋਬਿੰਦੁ ਗੁਣੀ ਨਿਧਾਨੁ ਗੁਰਮੁਖਿ ਜਾਣੀਐ

ਗੁਰਬਾਣੀ ਗਿਆਨ

ਆਸਾ ਮਹਲਾ ੫
ਗੋਬਿੰਦੁ ਗੁਣੀ ਨਿਧਾਨੁ
ਗੁਰਮੁਖਿ ਜਾਣੀਐ॥
ਹੋਇ ਕ੍ਰਿਪਾਲੁ ਦਇਆਲੁ
ਹਰਿ ਰੰਗੁ ਮਾਣੀਐ॥
ਆਵਹੁ ਸੰਤ ਮਿਲਾਹ
ਹਰਿ ਕਥਾ ਕਹਾਣੀਆ॥
ਅਨਦਿਨੁ ਸਿਮਰਹ ਨਾਮੁ
ਤਜਿ ਲਾਜ ਲੋਕਾਣੀਆ॥ਰਹਾਉ॥
ਜਪਿ ਜਪਿ ਜੀਵਾ ਨਾਮੁ
ਹੋਵੈ ਅਨਦੁ ਘਣਾ॥
ਮਿਥਿਆ ਮੋਹੁ ਸੰਸਾਰੁ
ਝੂਠਾ ਵਿਣਸਣਾ॥
ਚਰਣ ਕਮਲ ਸੰਗਿ ਨੇਹੁ
ਕਿਨੈ ਵਿਰਲੈ ਲਾਇਆ॥
ਧੰਨੁ ਸੁਹਾਵਾ ਮੁਖੁ
ਜਿਨਿ ਹਰਿ ਧਿਆਇਆ॥
ਜਨਮ ਮਰਨ ਦੁਖ ਕਾਲ
ਸਿਮਰਤ ਮਿਟਿ ਜਾਵਈ॥
ਨਾਨਕ ਕੈ ਸੁਖੁ ਸੋਇ
ਜੋ ਪ੍ਰਭ ਭਾਵਈ॥

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਭੂ ਪਿਆਰਿਆਂ ਨੂੰ ਪੁਕਾਰਦੇ ਹਨ ਕਿ ਆਵਹੁ ਸੰਤ ਜਨੋ, ਇਕੱਠੇ ਬੈਠ ਕੇ ਪਰਮਾਤਮਾ ਦੀ ਸਿਫ਼ਤ ਸਾਲਾਹ ਦੀਆਂ ਕਥਾ ਤੇ ਕਹਾਣੀਆਂ ਸੁਣੀਏ। ਤਜਿ ਲਾਜ, ਭਾਵ ਲੋਕ ਲਾਜ ਦੀਆਂ ਗੱਲਾਂ ਛੱਡ ਕੇ ਹਰ ਵੇਲੇ ਹੀ ਪ੍ਰਭੂ ਦਾ ਨਾਮ ਸਿਮਰਨ ਕਰੀਏ। ਉਹ ਮਿਹਰਬਾਨ ਪ੍ਰਭੂ ਤਾਂ ਸਾਰੇ ਗੁਣਾਂ ਦਾ ਖ਼ਜ਼ਾਨਾ ਹੈ ਅਤੇ ਗੁਰੂ ਦੀ ਮਤਿ ਲੈ ਕੇ ਹੀ ਪ੍ਰਭੂ ਜੀ ਨਾਲ ਪ੍ਰੀਤ ਪਾਈ ਜਾ ਸਕਦੀ ਹੈ ਅਤੇ ਉਹ ਦਇਆ ਦਾ ਮਾਲਕ ਪ੍ਰਭੂ ਜੇ ਕ੍ਰਿਪਾ ਕਰ ਦੇਵੇ ਤਾਂ ਹੀ ਉਸ ਦੀ ਪ੍ਰੀਤ ਦਾ ਅਨੰਦ ਮਾਣਿਆ ਜਾ ਸਕਦਾ ਹੈ।

ਜਪਿ ਜਪਿ ਜੀਵਾ ਨਾਮੁ
ਹੋਵੈ ਅਨਦੁ ਘਣਾ॥
ਮਿਥਿਆ ਮੋਹੁ ਸੰਸਾਰੁ
ਝੂਠਾ ਵਿਣਸਣਾ॥

ਹੇ ਪ੍ਰਭੂ ਪਰਮਾਤਮਾ ਦੇ ਪਿਆਰੇ ਸੰਤ ਜਨੋ! ਮੈਂ ਤਾਂ ਉਸ ਮਿਹਰਬਾਨ ਪ੍ਰਭੂ ਦਾ ਨਾਮ ਜਪ ਜਪ ਕੇ ਹੀ ਜਿਉਂਦਾ ਹਾਂ ਅਤੇ ਨਾਮ ਸਿਮਰਨ ਨਾਲ ਹੀ ਮੇਰੇ ਅੰਦਰ ਘਣਾ, ਭਾਵ ਬਹੁਤ ਜ਼ਿਆਦਾ ਅਨੰਦ ਭੀ ਆਉਂਦਾ ਹੈ ਤੇ ਉਸ ਅਨੰਦਮਈ ਅਵਸਥਾ ਵਿਚ ਮੈਨੂੰ ਪ੍ਰਤੱਖ ਪ੍ਰਤੀਤ ਹੁੰਦਾ ਹੈ ਕਿ ਇਸ ਦਿਸ ਰਹੇ ਫਾਨੀ ਸੰਸਾਰ ਦਾ ਮੋਹ ਤਾਂ ਬੇਅਰਥ ਹੈ, ਇਹ ਮਿਥਿਆ ਭਾਵ ਝੂਠਾ ਹੈ। ਇਸ ਸੰਸਾਰ ਨਾਲ ਮੋਹ ਲਾ ਕੇ ਜੀਵ ਨੂੰ ਸੁੱਖ ਅਨੰਦ ਪ੍ਰਾਪਤ ਨਹੀਂ ਹੋ ਸਕਦਾ ਕਿਉਂਕਿ ਇਹ ਸੰਸਾਰ ਤਾਂ ਵਿਣਸਣਾ, ਭਾਵ ਖ਼ਤਮ ਹੋ ਜਾਣ ਵਾਲਾ ਹੈ; ਫਿਰ ਇਸ ਝੂਠੇ ਸੰਸਾਰ ਦੇ ਮੋਹ ਵਿਚੋਂ ਸਾਨੂੰ ਆਤਮਿਕ ਅਨੰਦ ਤੇ ਸੁਖ ਕਿਵੇਂ ਮਿਲ ਸਕਦੇ ਹਨ? ਸੋ ਆਉ, ਨਾਮ ਜਪੀਏ।

ਚਰਣ ਕਮਲ ਸੰਗਿ ਨੇਹੁ
ਕਿਨੈ ਵਿਰਲੈ ਲਾਇਆ॥
ਧੰਨੁ ਸੁਹਾਵਾ ਮੁਖੁ
ਜਿਨਿ ਹਰਿ ਧਿਆਇਆ॥

ਹੇ ਪ੍ਰਭੂ ਦੇ ਪਿਆਰਿਉ! ਕਿਨੈ ਵਿਰਲੈ, ਭਾਵ ਕਿਸੇ ਵਿਰਲੇ ਭਾਗਾਂ ਵਾਲੇ ਜੀਵ ਨੇ ਹੀ ਅਕਾਲ ਪੁਰਖ ਪ੍ਰਭੂ ਦੇ ਚਰਨ ਕਮਲ, ਭਾਵ ਕਮਲ ਫੁੱਲ ਵਰਗੇ ਸੋਹਣੇ ਤੇ ਕੋਮਲ ਚਰਨਾਂ ਨਾਲ ਪਿਆਰ ਕੀਤਾ ਹੈ ਅਤੇ ਜਿਸ ਵੀ ਵਡਭਾਗੇ ਜੀਵ ਨੇ ਆਪਣਾ ਪ੍ਰੇਮ ਉਸ ਪ੍ਰਭੂ ਨਾਲ ਪਾ ਲਿਆ ਹੈ ਅਤੇ ਪ੍ਰਭੂ ਦਾ ਨਾਮ ਸਿਮਰਨ ਕੀਤਾ ਹੈ, ਉਹ ਮੂੰਹ ਹੀ ਵਡਭਾਗਾ ਹੈ ਅਤੇ ਉਹ ਮੂੰਹ ਸੁਹਾਵਾ, ਭਾਵ ਅਤਿ ਸੋਹਣਾ ਹੈ। ਸੋ, ਆਉ ਪ੍ਰਭੂ ਦੇ ਪਿਆਰਿਉ! ਇਕੱਠੇ ਬੈਠ ਕੇ, ਮਿਲ ਕੇ ਸਤਿਸੰਗ ਕਰੀਏ ਤੇ ਮਾਲਿਕ ਦੇ ਗੁਣਾਂ ਦਾ ਗਾਇਣ ਕਰੀਏ।

ਜਨਮ ਮਰਨ ਦੁਖ ਕਾਲ
ਸਿਮਰਤ ਮਿਟਿ ਜਾਵਈ॥
ਨਾਨਕ ਕੈ ਸੁਖੁ ਸੋਇ
ਜੋ ਪ੍ਰਭ ਭਾਵਈ॥

ਇਸ ਸ਼ਬਦ ਦੇ ਅਖੀਰ ਵਿਚ ਗੁਰਦੇਵ ਪਿਤਾ ਬਖ਼ਸ਼ਿਸ਼ ਕਰਦੇ ਹਨ ਕਿ ਹੇ ਪ੍ਰਭੂ ਜੀ ਦੇ ਪਿਆਰਿਉ! ਉਸ ਮਿਹਰਬਾਨ ਪ੍ਰਭੂ ਦੇ ਨਾਮ ਦਾ ਸਿਮਰਨ ਕਰ ਕੇ ਜਨਮ ਅਤੇ ਮਰਨ ਦਾ ਗੇੜ ਭੀ ਮੁੱਕ ਜਾਂਦਾ ਹੈ। ਪਰਮਾਤਮਾ ਦਾ ਸਿਮਰਨ ਕਰ ਕੇ ਕਾਲ, ਭਾਵ ਮੌਤ ਦੇ ਦੁੱਖ ਦਾ ਭੈਅ ਭੀ ਖਤਮ ਹੋ ਜਾਂਦਾ ਹੈ ਅਤੇ ਹੇ ਮੇਰੇ ਪ੍ਰਭੂ ਜੀ ਦੇ ਪਿਆਰੇ ਸੰਤ ਭਗਤ ਜਨੋ, ਜੋ ਮੇਰੇ ਮਾਲਕ ਪ੍ਰਭੂ ਜੀ ਨੂੰ ਭਾਵਈ, ਭਾਵ ਚੰਗਾ ਲਗਦਾ ਹੈ, ਪਿਆਰਾ ਲੱਗਦਾ ਹੈ, ਉਹ ਹੀ ਚੰਗਾ ਹੈ; ਉਹਦੇ ਹੁਕਮ ਵਿਚ ਰਹਿਣਾ ਹੀ ਨਾਨਕ ਲਈ ਸਭ ਤੋਂ ਵੱਡਾ ਸੁੱਖ ਹੈ ਜੋ ਸਿਮਰਨ ਨਾਲ ਹੀ ਮਿਲਦਾ ਹੈ।

ਆਉ ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ ਜੀ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਮੰਨ ਭਗਵਾਨ ਕੌਰੇ ਦੁਨੀਆਂ ਬਦਲ ਗਈ ਸਾਰੀ

*ਔਰਤਾਂ ਕਰਵਾ ਚੌਥ ਵਾਲੇ ਦਿਨ ਵਧੇਰੇ ਕਰ ਕੇ ਚੁੱਪ ਹੀ ਰਹਿੰਦੀਆਂ ਹਨ ਕਿਉਂਕਿ ਭੁੱਖੇ ਢਿੱਡ ਨੂੰ ਗੱਲਾਂ ਕਰਨ ਦੀ ਆਦਤ ਹੀ ਨਹੀਂ ਹੁੰਦੀ। ਵਕਤ ਕਿਹੋ ਜਿਹਾ ਆ ਰਿਹਾ ਹੈ ਕਿ ਮਨੁੱਖ ਫੂਕ ਛਕਾਉਣ ਵਾਲੇ ਨੂੰ ਦੇਵਤਾ ਮੰਨਣ ਲੱਗ ਪਿਆ ਹੈ। ਸਿਆਸੀ ਲੋਕਾਂ ਦੁਆਲੇ ਇਹ ਭੀੜ ਵਧੀ ਜਾਂਦੀ ਹੈ। ਸਿਆਸਤ ਵਿਚ ਹੁਣ ਵਿਰੋਧ ਨਹੀਂ ਚੱਲ ਰਿਹਾ, ਕਿਉਂਕਿ ਦਰਜਨਾਂ ਮੁਕੱਦਮਿਆਂ ਨਾਲ ਫਿਰ ਖਾਹ-ਮਖਾਹ ਮੱਥਾ ਮਾਰਨਾ ਪੈਂਦਾ ਹੈ। ਦਸਹਿਰਾ ਦੇਖ ਕੇ ਮੁੜਦੇ ਰੁਲਦੂ ਅਮਲੀ ਨੂੰ ਜ਼ੈਲਦਾਰਾਂ ਦੇ ਨਿੰਮੇ ਨੇ ਵਿਅੰਗ 'ਚ ਪੁੱਛਿਆ, 'ਕੀ ਵੇਖ ਕੇ ਆਇਆਂ ਤਾਇਆ?' ਨਸ਼ੇ ਦੀ ਲੋਰ ਵਿਚ ਉਹ ਵੀ ਕਿਹੜਾ ਘੱਟ ਸੀ, ਕਹਿਣ ਲੱਗਾ, 'ਵੇਖਣਾ ਕੀ ਸੀ ਜ਼ੈਲਦਾਰਾ! ਉਹੀ ਕਾਗਤਾਂ ਦਾ ਰਾਵਣ ਫੂਕੀ ਜਾਂਦੇ ਐ।' ਨਿੰਮੇ ਨੇ ਫਿਰ ਟਕੋਰ ਲਾਈ, 'ਤਾਇਆ ਇਹਨੂੰ ਕਹਿੰਦੇ ਨੇ ਨੇਕੀ ਦੀ ਬਦੀ 'ਤੇ ਜਿੱਤ।' ਪੈ ਗਿਆ ਫਿਰ ਰੁਲਦੂ ਟੁੱਟ ਕੇ, 'ਤੈਂ ਸਾਲਿਆ ਪਹਿਲੀ ਤੀਵੀਂ ਦਾਜ ਘੱਟ ਲਿਆਉਣ ਕਰ ਕੇ ਸਾੜ ਕੇ ਮਾਰੀ, ਦੂਜੀ ਦੇ ਜੁਆਕ ਜੰਮਣਾ ਨੀਂ ਹੋਇਆ, ਤਾਂ ਤੈਂ ਉਹ ਘਰੋਂ ਕੱਢੀ। ਹੁਣ ਤੂੰ ਕੰਜਰ ਦਿਆ ਪੰਜਾਹਵਿਆਂ ਨੂੰ ਟੱਪ ਕੇ ਪੱਚੀਆਂ ਸਾਲਾਂ ਦੀ ਹੋਰ ਵਿਆਹ ਕੇ ਲੈ ਆਇਐਂ। ਭਗਵਾਨ ਵੀ ਅੱਖਾਂ ਦਾ ਅਪ੍ਰੇਸ਼ਨ ਕਰਾਉਣ ਗਿਆ ਲਗਦੈ। ਸਮਝ ਨੀਂ ਪੈਂਦੀ, ਪਈ ਹਰਾਮ ਦਿਓ! ਤੁਹਾਡਾ ਵਧ ਕੌਣ ਕਰੂ?'...ਤੇ ਨਿੰਮੇ ਨੂੰ ਲੱਗਾ ਸੀ, ਜ਼ੈਲਦਾਰੀ ਅਮਲੀ ਨੇ ਪੈਰਾਂ ਹੇਠ ਰੋਲ'ਤੀ।...ਪੈਸੇ ਪਿੱਛੇ ਦੌੜਿਆ ਮਨੁੱਖ ਗਿਆਨ ਦਾ ਖ਼ਜ਼ਾਨਾ ਹੋਰਾਂ ਨੂੰ ਹੀ ਲੁਟਾਈ ਜਾ ਰਿਹਾ ਹੈ। ਕੁੱਖ ਸੁਲੱਖਣੀ ਨਾ ਹੋਣ ਕਰ ਕੇ ਤਲਾਕ ਦਾ ਮੁਕੱਦਮਾ ਲੜ ਰਹੀ ਔਰਤ ਸੋਚ ਰਹੀ ਹੁੰਦੀ ਹੈ, 'ਇਸ ਨਕਲੀ ਪਤੀ-ਪਰਮੇਸ਼ਵਰ ਦੀਆਂ ਜਾਭਾਂ ਪਾੜ ਕੇ ਖਰਬੂਜੇ ਵਾਂਗ ਦੋ ਹਿੱਸੇ ਕਰ ਦਿਆਂ।' ਕਈਆਂ ਨੇ ਵਿਆਹ ਤਾਂ ਚਾਰ ਚਾਰ ਕਰਵਾਏ ਸਨ ਪਰ ਪਤਨੀ ਇਕ ਵੀ ਰੱਖ ਨਹੀਂ ਸਕੇ। ਉਂਜ, ਇਨ੍ਹਾਂ ਨੇ ਵਿਆਹ ਦੀਆਂ ਫੋਟੋਆਂ ਵਾਲੀਆਂ ਐਲਬਮਾਂ ਸੰਭਾਲ ਕੇ ਰੱਖੀਆਂ ਜ਼ਰੂਰ ਹੁੰਦੀਆਂ ਹਨ। ਸੱਚੀਂ...ਲਾਲਚ ਤੇ ਕਾਹਲ ਚੁਪੇੜਾਂ ਮਾਰ ਕੇ ਸਬਰ ਦਾ ਮੂੰਹ ਲਾਲ ਕਰੀ ਜਾ ਰਹੇ ਹਨ।*

ਅੱਜ ਦੇ ਯੁੱਗ ਵਿਚ ਲੋਕ ਦਾਜ ਦੇ ਲੋਭੀ ਹੋਣ ਕਾਰਨ ਇਸ (ਦਾਜ) ਦਾ ਵਿਰੋਧ ਹੋ ਰਿਹਾ ਹੈ। ਜਦੋਂ ਰੁਜ਼ਗਾਰ ਦੇ ਸਾਧਨ ਸੁਰੱਖਿਅਤ ਨਹੀਂ ਸਨ ਤਾਂ ਵਿਆਹ ਦੀ ਉਡੀਕ ਸਉਣ ਦੇ ਛਰਾਟੇ ਵਾਂਗ ਹੁੰਦੀ ਸੀ ਕਿਉਂਕਿ ਬਹੂ ਦੇ ਆਉਣ ਨਾਲ ਘਰ 'ਚ ਰੌਣਕ ਵੀ ਆ ਜਾਂਦੀ ਹੈ ਤੇ ਘਰ ਭਰ ਵੀ ਜਾਂਦਾ ਸੀ। ਸੱਚਾਈ ਇਹ ਹੈ ਕਿ ਹਾਲਾਤ ਨੇ ਲੋੜਾਂ ਤਾਂ ਬਦਲ ਦਿੱਤੀਆਂ ਹਨ ਪਰ ਲਾਲਚ ਨਹੀਂ ਬਦਲੇ।

ਉਦੋਂ ਮੈਂ ਸੱਤਵੀਂ ਅੱਠਵੀਂ 'ਚ ਪੜ੍ਹਦਾ ਹੋਵਾਂਗਾ ਕਿ ਪਿੰਡ ਦੇ ਲਹਿੰਦੇ ਪਾਸੇ ਇਕ ਘਰ ਵਿਚ ਮੈਨੂੰ ਇਕ ਖ਼ਤ ਪੜ੍ਹਨ ਲਈ ਬੁਲਾਇਆ ਗਿਆ। ਹਨੇਰਾ ਹੋਣ ਕਾਰਨ ਮਾਂ ਮੇਰੇ ਨਾਲ ਉਸ ਘਰ ਤੀਕਰ ਗਈ। ਮੈਨੂੰ ਇਹ ਤਾਂ ਪਤਾ ਸੀ ਕਿ ਇਸ ਘਰ ਦਾ ਇਕ ਬੁੜ੍ਹਾ ਬਹੁਤ ਬਿਮਾਰ ਹੈ ਪਰ ਬਿਮਾਰੀ ਕੀ ਹੈ, ਇਹਦੇ ਬਾਰੇ ਇਲਮ ਨਹੀਂ ਸੀ। ਖ਼ੈਰ!...ਮੈਂ ਚਿੱਠੀ ਪੜ੍ਹੀ ਜੋ ਉਸੇ ਬੁੜ੍ਹੇ ਪੂਰਨ ਸਿੰਘ ਦੀ ਧੀ ਨੇ ਵਲਾਇਤੋਂ ਲਿਖੀ ਸੀ। ਉਸ ਘਰ ਦੇ ਕਈ ਜੀਆਂ ਨੇ ਮੈਨੂੰ ਅੰਦਰ ਲਿਜਾ ਕੇ ਚਿੱਠੀ ਸੁਣਾਈ, ਕਿਉਂਕਿ ਮੰਜੇ 'ਤੇ ਬੇਸੁਰਤ ਜਿਹੇ ਪਏ ਉਸ ਬਜ਼ੁਰਗ ਦੁਆਲੇ ਕਈ ਸਿਆਣੇ ਬੰਦੇ ਵੀ ਉਹਦੀ ਸੁੱਖ ਸਾਂਦ ਪੁੱਛਣ ਲਈ ਆਏ ਹੋਏ ਸਨ। ਚਿੱਠੀ ਵਿਚ ਧੀ ਨੇ ਇਕੋ ਗੱਲ ਵਾਰ ਵਾਰ ਕਹੀ ਸੀ ਕਿ ਚਲੋ, ਬਾਪੂ ਨੇ ਇਸ ਧਰਤੀ 'ਤੇ ਬਹੁਤ ਸਜ਼ਾ ਕੱਟ ਲਈ ਹੈ, ਹੁਣ ਨਦੀ ਕਿਨਾਰੇ ਰੁਖੜਾ ਹੈ, ਜੇ ਮੈਂ ਨਾ ਪਹੁੰਚ ਸਕੀ ਤਾਂ ਅਰਦਾਸ ਵਿਚ ਇਹੋ ਹੱਥ ਜੋੜਿਓ, ਪਈ 'ਹੇ ਵਾਹਿਗੁਰੂ! ਹੁਣ ਇਹਨੂੰ ਹੋਰ ਨਰਕ ਨਾ ਵਿਖਾਈਂ।'

ਉਸ ਘਰੋਂ ਨਿਕਲੇ ਤਾਂ ਕਾਫੀ ਹਨੇਰਾ ਹੋ ਗਿਆ ਸੀ। ਉਸ ਬਜ਼ੁਰਗ ਦੁਆਲੇ ਬੈਠੇ ਬਜ਼ੁਰਗ ਵੀ ਸਾਡੇ ਅੱਗੇ ਅੱਗੇ ਤੁਰੇ ਜਾ ਰਹੇ ਸਨ ਪਰ ਉਨ੍ਹਾਂ ਦੀ ਗੱਲਬਾਤ ਬੜੀ ਅਜੀਬ ਲੱਗੀ। ਇਕ ਕਹਿਣ ਲੱਗਾ, "ਵੇਖ ਲੈ ਜਾਗਰਾ, ਛੇ ਮਹੀਨੇ ਹੋ ਗਏ ਨੇ ਘੰਡ 'ਚ ਸਾਹ ਫਸੇ ਨੂੰ, ਹਾਲੇ ਵੀ ਲਗਦਾ ਨਹੀਂ ਛੁਟਕਾਰਾ ਹੋ ਜੂ।"

ਦੂਜਾ ਕਹਿਣ ਲੱਗਾ, "ਛੇ ਸੱਤ ਵਾਰ ਗੀਤਾ ਪੜ੍ਹ ਕੇ ਸੁਣਾ'ਤੀ, ਫਿਰ ਵੀ ਜਾਨ ਪਤਾ ਨੀਂ ਕਿੱਥੇ ਅੜੀ ਪਈ ਐ?"

"ਇਹਨੇ ਸਾਲੇ ਨੇ ਹਾਲੇ ਨੀਂ ਮਰਨਾ। ਮਸੂਮਾਂ ਦਾ ਕਾਤਲ, ਹਾਲੇ ਮੱਛੀ ਵਾਂਗ ਹੋਰ ਤੜਫੂ।" ਇਕ ਹੋਰ ਬੋਲਿਆ।

ਪਹਿਲਾ ਜਣਾ ਫਿਰ ਹੁੰਗਾਰਾ ਭਰ ਕੇ ਕਹਿਣ ਲੱਗਾ, "ਭਜਨਿਆ ਸਭ ਸਵਰਗ ਨਰਕ ਤੇ ਕਰਨੀ ਭਰਨੀ ਏਥੇ ਈ ਐ।"

ਬਚਪਨ ਕਰ ਕੇ ਮੈਨੂੰ ਇਨ੍ਹਾਂ ਸਿਆਣਿਆਂ ਦੀ ਗੱਲ ਸਮਝ ਨਹੀਂ ਪੈ ਰਹੀ ਸੀ। ਘਰ ਆ ਕੇ ਬੇਬੇ ਨੂੰ ਪੁੱਛਿਆ, "ਮਾਂ ਉਹ ਸਾਰੇ ਲੋਕ ਤਾਏ ਪੂਰਨ ਬਾਰੇ ਏਦਾਂ ਕਿਉਂ ਕਹਿ ਰਹੇ ਸਨ?"

"ਪੁੱਤ, ਪਤਾ ਤਾਂ ਮੈਨੂੰ ਵੀ ਨੀਂ ਬਹੁਤਾ...ਤੇਰਾ ਦਾਦਾ ਦੱਸਦਾ ਹੁੰਦਾ ਸੀ ਕਿ ਆਪਣੇ ਪਿੰਡ ਘੋੜਵਾਹ ਮੁਸਲਮਾਨ ਰਾਜਪੂਤਾਂ ਦੇ ਵੀਹ ਪੰਝੀ ਘਰ ਸਨ। ਬੜੇ ਚੰਗੇ ਲੋਕ ਸਨ। ਸਾਰਾ ਪਿੰਡ ਉਨ੍ਹਾਂ ਨੂੰ ਪੁੱਛ ਕੇ ਗੱਲ ਕਰਦਾ ਸੀ। ਜਿੱਦਣ ਮੁਲਕ ਟੁਕੜੇ ਹੋਇਆ, ਰੌਲੇ ਪਏ ਤਾਂ ਇਸੇ ਪੂਰਨ ਸਿੰਘ ਨੇ ਇਨ੍ਹਾਂ ਰਾਜਪੂਤਾਂ ਦੇ ਵੀਹ ਤੋਂ ਵੱਧ ਮਾਸੂਮ ਬੱਚੇ ਮਾਰੇ ਸਨ। ਬੱਚਿਆਂ ਦੀਆਂ ਲਾਸ਼ਾਂ ਬਰਛਿਆਂ 'ਤੇ ਟੰਗ ਕੇ ਨੱਚਦਾ ਸੀ। ਬੱਸ ਗੱਲ ਉਹੀ ਐ, ਤਾਹੀਂ ਹਰ ਕੋਈ ਇਹਨੂੰ ਵੇਖ ਕੇ ਆਂਹਦਾ-ਕਰਨੀ ਭਰਨੀ ਇੱਥੇ ਈ ਐ।"

ਜਿਹੜਾ ਪੁੱਤ ਆਪਣੀ ਬੀਵੀ ਪ੍ਰਤੀ ਕੋਈ ਗਿਲਾ ਸ਼ਿਕਵਾ ਆਪਣੀ ਮਾਂ ਨਾਲ ਨਾ ਕਰੇ ਤਾਂ ਮਾਂ ਆਖਦੀ ਐ, "ਮੇਰਾ ਪੁੱਤ ਭੋਲੈ, ਸਾਰਾ ਕੁਝ ਅੰਦਰੇ ਖਪਾਈ ਜਾਂਦੈ", ਪਰ ਆਹ ਦਰਦਨਾਕ ਵਿਥਿਆ ਸੁਣ ਕੇ ਤੁਹਾਨੂੰ ਲੱਗੇਗਾ ਕਿ ਉਪਰ ਵਾਲਾ ਹਿਸਾਬ ਕਿਤਾਬ ਇੱਥੇ ਹੀ ਬਰਾਬਰ ਕਰ ਕੇ ਕਰਨੀ ਭਰਨੀ ਦੇ ਗੇੜ ਮੁਕਾਈ ਜਾਂਦੈ!

ਵਿਹੜੇ ਵਿਚ ਚਾਰ ਲਾਸ਼ਾਂ ਪਈਆਂ ਸਨ। ਸਾਰਾ ਪਿੰਡ ਮੌਤ 'ਤੇ ਘੱਟ, ਮੌਤ ਦੇ ਕਾਰਨਾਂ ਅਤੇ ਹੋਣੀ ਦੇ ਕਰਾਰੇ ਹੱਥਾਂ ਨੂੰ ਚੇਤੇ ਕਰ ਕੇ ਵੱਧ ਰੋ ਰਿਹਾ ਸੀ। ਪੁੱਤ, ਨੂੰਹ, ਪੋਤੀ ਤੇ ਜਵਾਨ ਪੋਤਰੇ ਦੀਆਂ ਕੋਠੇ ਜਿੱਡੀਆਂ ਲੋਥਾਂ ਵੇਖ ਕੇ ਬੁੱਢੀ ਨੰਦ ਕੌਰ ਪਿੱਟ ਰਹੀ ਸੀ, "ਵੇ ਡਾਢਿਆ...ਤੈਂ ਸਾਡਾ ਟੱਬਰ ਖਾ ਲਿਆ...ਤੂੰ ਵੀ ਇਨਸਾਫ ਨਹੀਂ, ਪਾਪ ਕਰਦੈਂ। ਮੇਰਾ ਪੁੱਤ ਜਰਨੈਲ ਸਿੰਹੁ ਆਂਹਦਾ ਸੀ-ਮਾਂ, ਪੋਤਾ ਤੇਰਾ ਸੁਖਬੀਰ ਦਿਨਾਂ 'ਚ ਚੜ੍ਹ ਜੂ ਅਮਰੀਕਾ ਨੂੰ ਜਹਾਜ਼...ਤੇ ਆਹ ਹੁਣ ਪਿਉ-ਪੁੱਤ 'ਕੱਠੇ ਪਏ ਆ।...ਨੀ ਭਗਵਾਨ ਕੁਰੇ, ਚਾਵਾਂ ਨਾਲ ਲੈ ਕੇ ਗਈ ਸੀ ਭਤੀਜੇ ਨੂੰ, ਪਰ ਤੇਰੀ ਸੇਵਾ ਵੀ ਇਨ੍ਹਾਂ ਦੇ ਭਾਗਾਂ 'ਚ ਨਹੀਂ ਸੀ।"...ਤੇ ਨਾਲ ਹੀ ਨੰਦ ਕੌਰ ਨੂੰ ਵਾਰ ਵਾਰ ਦੰਦ-ਛਿੱਕਲ ਪੈ ਰਹੀ ਸੀ। ਚਾਰੇ ਲਾਸ਼ਾਂ ਗੋਤਾਖੋਰਾਂ ਨੇ ਸਤਲੁਜ 'ਚੋਂ ਚੌਵੀ ਘੰਟਿਆਂ ਦੀ ਮੁਸ਼ੱਕਤ ਤੋਂ ਪਿੱਛੋਂ ਮਸਾਂ ਬਾਹਰ ਕੱਢੀਆਂ ਸਨ। ਪੂਰਾ ਇਲਾਕਾ ਸੁੰਨ ਸੀ ਕਿ ਜਰਨੈਲ ਸਿੰਘ ਨੇ ਅਚਾਨਕ, ਦੋਹਾਂ ਬੱਚਿਆਂ ਸਮੇਤ ਕਾਰ ਦਰਿਆ ਵਿਚ ਸੁੱਟ ਕੇ ਖੁਦਕੁਸ਼ੀ ਕਿਉਂ ਕੀਤੀ?...ਤੇ ਇਹ ਭੇਤ ਸਿਰਫ਼ ਦੁਨੀਆਂ ਬਣਾਉਣ ਵਾਲਾ ਜਾਣਦਾ ਸੀ।

ਭਗਵਾਨ ਕੌਰ ਦਾ ਇਕਲੌਤਾ ਪੁੱਤਰ ਸੀ ਜਗੀਰ ਸਿੰਘ, ਪਰ ਵੀਹ ਕੁ ਸਾਲਾਂ ਦੀ ਉਮਰ ਵਿਚ ਦਿਮਾਗੀ ਬੁਖ਼ਾਰ ਕਾਰਨ ਉਹ ਆਪਣਾ ਸੰਤੁਲਨ ਖੋ ਬੈਠਾ। ਬੋਲਾ-ਬਾਲਾ ਹੋ ਗਿਆ ਤੇ ਜਦੋਂ ਪੰਜਾਹ ਕੁ ਸਾਲਾਂ ਦੀ ਉਮਰ ਵਿਚ ਉਸ ਦੀ ਮੌਤ ਹੋਈ ਤਾਂ ਚੱਲਣਾ-ਫਿਰਨਾ ਤਾਂ ਇਕ ਪਾਸੇ, ਉਹ ਮੰਜੇ 'ਤੇ ਪਿਆ ਵੀ ਨਹੀਂ ਸੀ ਦਿਸਦਾ; ਪਰ ਪੁੱਤ ਦੀ ਸੇਵਾ ਸੰਭਾਲ ਕਰਦਿਆਂ ਭਗਵਾਨ ਕੌਰ ਨੇ ਕਦੇ ਵੀ ਮੱਥੇ ਤਿਊੜੀ ਨਹੀਂ ਸੀ ਪਾਈ ਤੇ ਉਹਨੂੰ ਇੰਨਾ ਝੋਰਾ ਆਪਣੇ ਪਤੀ ਗੁਲਜ਼ਾਰ ਦੀ ਮੌਤ ਦਾ ਵੀ ਨਹੀਂ ਸੀ, ਜਿੰਨਾ ਪੁੱਤ ਦੇ ਤੁਰ ਜਾਣ ਦਾ ਹੋਇਆ ਸੀ। ਹਾਲਾਂਕਿ ਪੁੱਤ ਦੀ ਬਿਮਾਰੀ ਦੇ ਇਲਾਜ 'ਤੇ ਉਹਦੀ ਇਕ ਕਿੱਲਾ ਜ਼ਮੀਨ ਗਹਿਣੇ ਹੋ ਗਈ ਸੀ। ਬਾਕੀ ਬਚਦੇ ਨੌਂ ਕਿੱਲਿਆਂ ਨਾਲ ਉਹਦੇ ਪੱਲੇ ਚਾਰ ਪੈਸੇ ਵੀ ਸਨ ਤੇ ਹਾਲਾ ਵੀ ਠੀਕ ਆਈ ਜਾਂਦਾ ਸੀ।

ਫਿਰ ਕਈ ਸਾਲ ਬੀਤ ਗਏ। ਉਹ ਆਪੇ ਪਕਾਉਂਦੀ ਤੇ ਖਾਂਦੀ। ਉਮਰ ਭਗਵਾਨ ਕੌਰ ਦੀ ਅੱਸੀਆਂ ਨੂੰ ਢੁੱਕਣ ਵਾਲੀ ਹੋਵੇਗੀ। ਰਿਸ਼ਤੇਦਾਰਾਂ ਤੇ ਸ਼ਰੀਕੇ ਵਾਲਿਆਂ ਨੇ ਬਹੁਤ ਵਾਰ ਉਹਨੂੰ ਕਿਹਾ ਸੀ ਕਿ ਆਪਣੇ ਕਿਸੇ ਨੇੜਲੇ ਰਿਸ਼ਤੇਦਾਰ ਨੂੰ ਲੈ ਆ, ਬੁਢਾਪਾ ਚੰਗਾ ਨਿਕਲ ਜਾਵੇਗਾ ਪਰ ਉਹ ਹਮੇਸ਼ਾ ਇਹੋ ਆਖਦੀ ਕਿ ਕੋਈ ਵੀ ਮੇਰੀ ਸੇਵਾ, ਸੇਵਾ-ਭਾਵਨਾ ਨਾਲ ਨਹੀਂ, ਜ਼ਮੀਨ ਦੇ ਲਾਲਚ ਨੂੰ ਕਰੇਗਾ।

ਸਾਲ ਕੁ ਉਹਨੇ ਹੋਰ ਅਜਿਹੇ ਸਲਾਹ ਮਸ਼ਵਰੇ ਵਿਚ ਲੰਘਾ ਦਿੱਤਾ। ਫਿਰ ਉਹਨੇ ਆਪਣੇ ਭਤੀਜੇ ਜਰਨੈਲ ਸਿੰਘ ਨੂੰ ਆਪਣੇ ਕੋਲ ਪਰਿਵਾਰ ਸਮੇਤ ਬੁਲਾ ਲਿਆ। ਜਰਨੈਲ ਤੇ ਜਗੀਰ ਸਿੰਹੁ ਉਮਰ ਵਿਚ ਹਾਣੀ ਹੀ ਸਨ। ਖ਼ੈਰ! ਨੂੰਹ ਸਵਰਨੋ, ਭੂਆ ਦਾ ਪੂਰਾ ਖਿਆਲ ਰੱਖਦੀ। ਜਰਨੈਲ ਸਿੰਹੁ ਨੇ ਬੇਟੇ ਸੁਖਬੀਰ ਅਤੇ ਧੀ ਤੀਰਥੋ ਨੂੰ ਕਾਲਜ ਪੜ੍ਹਨੇ ਪਾ ਦਿੱਤਾ। ਹੁਣ ਭਗਵਾਨ ਕੌਰ ਨੂੰ ਪਰਿਵਾਰ ਵਰਗਾ ਸੁੱਖ ਨਸੀਬ ਹੋਣ ਲੱਗ ਪਿਆ ਸੀ ਤੇ ਇਕ ਦਿਨ ਉਹਨੇ ਜਰਨੈਲ ਸਿੰਹੁ ਨੂੰ ਨਾਲ ਲਿਆ ਤੇ ਕਚਹਿਰੀ ਜਾ ਕੇ ਨੌਂ ਕਿੱਲਿਆਂ ਦੀ ਵਸੀਅਤ ਉਹਦੇ ਨਾਂ 'ਤੇ ਕਰਵਾਈ, ਤੇ ਆਖਣ ਲੱਗੀ, "ਮੇਰੇ ਮਰਨ ਪਿੱਛੋਂ ਭਾਵੇਂ ਇਸ ਜ਼ਮੀਨ ਦਾ ਜੋ ਮਰਜ਼ੀ ਕਰੀਂ ਪਰ ਮੇਰੇ ਜਿਉਂਦੇ ਜੀਅ ਇਹ ਮੇਰੇ ਲਈ ਤੈਥੋਂ ਵੀ ਵੱਧ ਪਿਆਰੀ ਹੈ।"

ਜਰਨੈਲ ਸਿੰਘ ਦੇ ਇਕ ਦੋਸਤ ਦਾ ਮੁੰਡਾ ਅਮਰੀਕਾ ਚਲੇ ਗਿਆ ਤੇ ਉਹ ਵੀ ਸੋਚਣ ਲੱਗਾ ਕਿ ਇਥੇ ਕਿਹੜਾ ਪੜ੍ਹ ਲਿਖ ਕੇ ਨੌਕਰੀਆਂ ਮਿਲਦੀਆਂ ਨੇ, ਸੁਖਬੀਰ ਨੂੰ ਵੀ ਬਾਹਰ ਹੀ ਘੱਲ ਦਿੰਦੇ ਹਾਂ। ਦੋਸਤ ਨੂੰ ਨਾਲ ਲੈ ਕੇ ਉਹ ਵੀ ਉਸੇ ਏਜੰਟ ਕੋਲ ਚਲਾ ਗਿਆ ਜਿਸ ਰਾਹੀਂ ਉਹਦਾ ਬੇਟਾ ਗਿਆ ਸੀ। ਗੱਲ ਪੰਦਰਾਂ ਲੱਖ ਰੁਪਏ 'ਚ ਤੈਅ ਹੋ ਗਈ।

ਘਰੇ ਆ ਕੇ ਜਰਨੈਲ ਸਿੰਘ ਨੇ ਆਪਣੀ ਪਤਨੀ ਨਾਲ ਗੱਲ ਕੀਤੀ ਕਿ ਆਪਣੇ ਪੱਲੇ ਤਾਂ ਤਿੰਨ ਕਨਾਲ ਪਿੰਡ ਦੀ ਨਿਆਈਂ ਵਾਲੀ ਜ਼ਮੀਨ ਵੇਚ ਕੇ ਮਸਾਂ ਪੰਜ-ਛੇ ਲੱਖ ਬਣਨਗੇ, ਬਾਕੀ ਕਿਥੋਂ ਲਿਆਵਾਂਗੇ? ਸਵਰਨੋ ਕਹਿਣ ਲੱਗੀ, "ਭੂਆ ਦੇ ਗੋਡੇ ਫੜੋ, ਉਹ ਕਿਹੜਾ ਅਜਿਹੇ ਸ਼ੁਭ ਕੰਮ 'ਚ ਦੇਰੀ ਕਰਨ ਲੱਗੀ ਐ। ਨਾਲੇ ਹੁਣ ਤਾਂ ਅਸੀਂ ਉਹਦੇ ਤੇ ਉਹ ਸਾਡੀ।"

"ਗੱਲ ਤਾਂ ਤੇਰੀ ਠੀਕ ਐ, ਹੋਰ ਹੱਥ ਵੀ ਕਿਤੋਂ ਨੀਂ ਪੈਣਾ?" ਕਹਿ ਕੇ ਜਰਨੈਲ ਸਿੰਹੁ ਗੰਭੀਰ ਹੋ ਗਿਆ।

ਆਥਣੇ ਰੋਟੀ ਪਾਣੀ ਛਕ ਕੇ ਜਰਨੈਲ ਨੇ ਭੂਆ ਨਾਲ ਗੱਲ ਚਲਾਈ ਕਿ ਹੁਣ ਸਾਡਾ ਤੇਰੇ ਬਿਨ ਕੌਣ ਐ? ਸੁਖਬੀਰ ਅਮਰੀਕਾ ਚਲੇ ਜਾਵੇਗਾ ਤਾਂ ਵਧੇਰੇ ਕਮਾਊ ਡਾਲਰ। ਇਕ ਕਿੱਲਾ ਗਹਿਣੇ ਰੱਖ ਦੇ, ਛੁਡਾ ਲਾਂਗੇ ਛੇਤੀ।

ਭਗਵਾਨ ਕੌਰ ਨੂੰ ਲੱਗਾ ਕਿ ਲੱਗੀ ਸੰਨ੍ਹ ਲੱਗਣ। ਉਹੀ ਗੱਲ ਹੋਈ ਜਿਹਦਾ ਡਰ ਸੀ। ਲਾਲਚ ਨੇ ਕੱਢ ਲਈ ਨਾਗ ਵਾਂਗ ਪਟਾਰੀ 'ਚੋਂ ਸਿਰੀ ਬਾਹਰ, ਪਰ ਉਹਨੇ ਠਰ੍ਹੰਮੇ ਤੋਂ ਕੰਮ ਲੈਂਦਿਆਂ ਜਰਨੈਲ ਨੂੰ ਕਿਹਾ, "ਪੁੱਤ, ਸਭ ਕੁਝ ਤੇਰੇ ਹਵਾਲੇ ਕਰ ਚੁੱਕੀ ਹਾਂ। ਮੈਂ ਸੁਖਬੀਰ ਦੀ ਦੋਖਣ ਨਹੀਂ ਪਰ ਮੇਰੇ ਕੋਲ ਅੱਸੀ-ਨੱਬੇ ਹਜ਼ਾਰ ਹੈਗਾ, ਉਹ ਲੈ ਲੈ...ਜਿਉਂਦੇ ਜੀਅ ਮੈਂ ਜ਼ਮੀਨ ਦਾ ਟੁਕੜਾ ਨੀਂ ਦੇਣਾ। ਨਾ ਮੁੜ ਕੇ ਇਹ ਸਵਾਲ ਰੱਖੀਂ ਮੇਰੇ ਅੱਗੇ।"

ਦੋ ਚਾਰ ਦਿਨ ਫਿਰ ਲੰਘ ਗਏ। ਗੱਲ ਹੋਰ ਕਿਤੇ ਬਣੇ ਨਾ। ਏਜੰਟ ਪੈਸੇ ਮੰਗੇ। ਜਰਨੈਲ ਨੂੰ ਲੱਗਾ ਕਿ ਭੂਆ ਨੇ ਉਹਦੀ ਲੰਕਾ ਨੀਂ ਬਣਨ ਦੇਣੀ। ਇਕ ਦਿਨ ਫਿਰ ਉਹਨੇ ਭਗਵਾਨ ਕੌਰ ਨੂੰ ਕਿਹਾ, "ਭੂਆ, ਵੇਚ ਦੇ ਇਕ ਕਿੱਲਾ। ਪੁੱਤ ਮੇਰਾ ਬਾਹਰ ਚਲੇ ਜਾਊ। ਅੱਠ ਕਿੱਲੇ ਹੋਰ ਹੈਗੇ ਈ ਆ।"

ਭਗਵਾਨ ਕੌਰ ਪੈ ਗਈ ਟੁੱਟ ਕੇ, "ਅੱਜ ਤੋਂ ਬਾਅਦ ਜ਼ਮੀਨ ਦਾ ਨਾਂ ਨਾ ਲਈਂ। ਮੈਨੂੰ ਨੀਂ ਤੇਰੀ ਸੇਵਾ ਦੀ ਲੋੜ, ਆਪੇ ਪਕਾ ਕੇ ਖਾ ਲਊਂ। ਦੋ ਸਾਲ ਨੀਂ ਕੱਟੇ, ਪੈ ਗਈ ਭੁੱਖ...ਤੈਨੂੰ ਤਾਂ ਮੈਂ ਪੁੱਤ ਬਣਾ ਕੇ ਲਿਆਈ ਸੀ, ਪਰ ਤੂੰ ਤਾਂ ਪੂਰਾ ਲਾਲਚੀ ਨਿਕਲਿਆ। ਜੇ ਮੁੜ ਕੇ ਇਹ ਗੱਲ ਆਖੀ ਤਾਂ ਆਪਣੀ ਟਿੰਡ-ਫੌਹੜੀ ਚੱਕ ਕੇ ਤੁਰਦਾ ਬਣੀਂ।"

ਜਰਨੈਲ ਸਿੰਘ ਨੇ ਬੜੀ ਬੇਇੱਜ਼ਤੀ ਮਹਿਸੂਸ ਕੀਤੀ। ਉਹ ਭੁੱਖਾ ਹੀ ਪਿਛਲੇ ਕਮਰੇ 'ਚ ਜਾ ਕੇ ਕੁੰਡੀ ਲਾ ਸ਼ਾਂਤ ਹੋ ਗਿਆ। ਅਗਲੇ ਦਿਨ ਉਹ ਸਵੇਰੇ ਉਠਿਆ ਤੇ ਘਰੋਂ ਨਿਕਲ ਗਿਆ। ਆਥਣੇ ਜਦੋਂ ਦਾਰੂ 'ਚ ਟੁੰਨ ਹੋ ਕੇ ਘਰੇ ਵੜਿਆ ਤਾਂ ਭਗਵਾਨ ਕੌਰ ਮੁਹਰੇ 'ਤੇ ਬੈਠੀ ਰੋਟੀ ਖਾ ਰਹੀ ਸੀ। ਲੜਖੜਾਉਂਦੀ ਆਵਾਜ਼ ਵਿਚ ਬੋਲਿਆ, "ਭੂਆ...ਬੋਲ, ਕਿੱਲਾ ਗਹਿਣੇ ਰੱਖਣਾ ਕਿ ਨਹੀਂ?"

"ਭੌਂਕ ਨਾ ਕੁੱਤੇ ਵਾਂਗ। ਰਾਤ ਕੱਟ ਤੇ ਸਵੇਰੇ ਆਪਣਾ ਟੱਬਰ ਲੈ ਕੇ ਪਿੰਡ ਚੱਲ ਆਪਣੇ। ਮੈਂ ਨੀਂ ਦੇਖਣਾ ਤੇਰਾ ਮੂੰਹ।" ਭਗਵਾਨ ਕੌਰ ਇਕੋ ਸਾਹ ਬਹੁਤ ਕੁਝ ਕਹਿ ਗਈ।

"ਮੈਂ ਫਾਹਾ ਤੇਰਾ ਈ ਵੱਢਣ ਲੱਗਾਂ, ਹੁਣ ਸਾਰੀ ਵੇਚ ਕੇ ਖਾਊਂ।"...ਤੇ ਸਵਰਨੋ ਦੇ ਘੋਟਣਾ ਫੜਦਿਆਂ ਫੜਦਿਆਂ ਜਰਨੈਲ ਸਿੰਘ ਨੇ ਦੋ ਭੂਆ ਦੇ ਮੌਰ 'ਚ ਜੜ ਦਿੱਤੇ। ਰੋਟੀ ਖਾਂਦੀ ਅੱਸੀ ਸਾਲਾਂ ਦੀ ਬੁੱਢੀ ਢੇਰੀ ਹੋ ਗਈ। ਨਾ ਉਹਨੇ ਉਈ, ਨਾ ਹਾਏ ਕਹੀ।

ਚਾਰੇ ਜੀਅ ਠਠੰਬਰ ਗਏ। ਸੁੱਝੇ ਕੁਝ ਨਾ, ਜਿਵੇਂ ਬਿਨਾ ਸ਼ਿਕਾਰ ਤੋਂ ਤੀਰ ਚੱਲ ਗਿਆ ਹੋਵੇ। ਅੱਧੀ ਰਾਤ ਬੈਠਿਆਂ ਲੰਘ ਗਈ। ਜਰਨੈਲ ਨੇ ਸੋਚਿਆ-ਆਏਂ ਤਾਂ ਗੱਲ ਨਹੀਂ ਬਣਨੀ। ਦਿਨ ਚੜ੍ਹ ਗਿਆ ਤਾਂ ਕਤਲ ਗਲ ਪੈ ਜੂ। ਉਹਨੇ ਭੂਆ ਘਨੇੜੀ ਲਾਈ ਤੇ ਉਸ ਇਤਿਹਾਸਕ ਬੇਈਂ 'ਚ ਸੁੱਟ ਆਇਆ ਜਿਥੇ ਬੂਟੀ 'ਤੇ ਜਿੱਲ੍ਹ ਦੀ ਤਹਿ ਲੈਂਟਰ ਵਾਂਗ ਬੱਝੀ ਹੋਈ ਸੀ। ਭਗਵਾਨ ਕੌਰ ਉਹਦੇ 'ਤੇ ਜਾ ਟਿਕੀ। ਹਵਾ ਸਾਰੀ ਰਾਤ ਚਲਦੀ ਰਹੀ ਤੇ ਸਵੇਰ ਤੱਕ ਬੂਟੀ ਦਾ ਉਹ ਟੁਕੜਾ ਸੱਠ-ਸੱਤਰ ਮੀਲ ਦਾ ਸਫ਼ਰ ਤੈਅ ਕਰ ਕੇ ਫਿਰੋਜ਼ਪੁਰ ਲਾਗੇ ਪੁੱਜ ਗਿਆ ਤਾਂ ਬੇਹੋਸ਼ ਹੋਈ ਭਗਵਾਨ ਕੌਰ ਦੀ ਅੱਖ ਵੀ ਖੁੱਲ੍ਹ ਗਈ। ਬਾਹਰ ਕੱਢਣ ਲਈ ਲੱਗੀ ਪਾਉਣ ਦੁਹਾਈ। ਨਾਲ ਹੀ ਖੇਤਾਂ 'ਚ ਕੰਮ ਕਰਦੇ ਜ਼ਿਮੀਂਦਾਰਾਂ ਨੇ ਜਦੋਂ ਬੇਵੱਸ ਔਰਤ ਦੀ ਆਵਾਜ਼ ਸੁਣੀ ਤਾਂ ਉਹ ਭੱਜ ਕੇ ਆਏ। ਉਹਨੂੰ ਬਾਹਰ ਕੱਢਿਆ।

ਭਗਵਾਨ ਕੌਰ ਕਹਿਣ ਲੱਗੀ-ਮੈਨੂੰ ਮੇਰੇ ਐਸ ਪਿੰਡ ਛੱਡ ਆਵੋ, ਤੁਹਾਡਾ ਭਲਾ ਹੋਵੇਗਾ। ਹਾਲੇ ਉਧਰ ਸਾਰੀ ਰਾਤ ਵਸੀਅਤ ਲੱਭਣ ਵਾਲੇ ਜਰਨੈਲ ਦੇ ਪੱਲੇ ਕਾਗਜ਼ ਦਾ ਟੁਕੜਾ ਨਾ ਪਿਆ, ਤੇ ਭੂਆ ਦੇ ਗੁੰਮ ਹੋਣ ਦੀ ਖ਼ਬਰ ਬਾਹਰ ਕੱਢਣ ਦੀਆਂ ਸਲਾਹਾਂ ਅਜੇ ਹੋ ਹੀ ਰਹੀਆਂ ਸਨ ਕਿ ਭਗਵਾਨ ਕੌਰ ਨੇ ਪਿੰਡ ਦੇ ਸਰਪੰਚ ਨਾਲ ਬਿਕਰਮ ਤੇ ਬੇਤਾਲ ਵਾਂਗ ਘਰ ਦੇ ਬੂਹੇ 'ਚ ਖੜ੍ਹੀ ਹੋ ਕੇ ਵਸੀਅਤ ਦੇ ਟੁਕੜੇ ਕਰਦਿਆਂ ਕਿਹਾ, "ਜਰਨੈਲ ਸਿਹਾਂ, ਮੇਰੇ ਘਰੋਂ ਨਿਕਲ ਜਾਓ। ਮੈਂ ਤੁਹਾਨੂੰ ਪੁਲਿਸ ਹਵਾਲੇ ਨਹੀਂ ਕਰਾਂਗੀ। ਮੇਰਾ ਇਨਸਾਫ ਉਪਰ ਵਾਲਾ ਕਰੇਗਾ।" ਉਂ ਉਹਨੇ ਰਾਤ ਦੇ ਘੋਟਣੇ ਤੇ ਬੇਹੋਸ਼ ਹੋਣ ਵਾਲੀ ਸਾਰੀ ਗੱਲ ਪਿੰਡ ਦੀ ਪਰ੍ਹਿਆਂ ਵਿਚ ਖੋਲ੍ਹ ਦਿੱਤੀ ਸੀ।

...ਤੇ ਜਰਨੈਲ ਨੇ ਆਪਣੀ ਫੀਅਟ ਕਾਰ ਸਟਾਰਟ ਕੀਤੀ, ਤੇ ਪਤਨੀ, ਧੀ ਤੇ ਪੁੱਤ ਨੂੰ ਲੈ ਕੇ ਭੂਆ ਦੇ ਪਿੰਡੋਂ ਨਿਕਲ ਪਿਆ। ਹਲਕਾ ਹਲਕਾ ਮੀਂਹ ਪੈਣ ਲੱਗ ਪਿਆ ਸੀ। ਆਪਣੀ ਘਰਵਾਲੀ ਨੂੰ ਕਹਿਣ ਲੱਗਾ, "ਸਵਰਨ ਕੌਰੇ, ਮੁਰਗੀ ਹੀ ਨਹੀਂ ਬਚੀ ਤਾਂ ਆਂਡਾ ਕਿਥੋਂ ਮਿਲੇਗਾ?"

"ਮੇਰੀ ਗੱਲ ਮੰਨੋ ਤਾਂ ਆਪਾਂ ਜਿਸ ਸਿਆਣੇ ਕੋਲ ਜਾਨੇ ਹੁੰਨੇ ਆਂ, ਉਹਦੀ ਸਲਾਹ ਲੈ ਲਵੋ।"

"ਗੱਲ ਤਾਂ ਤੇਰੀ ਠੀਕ ਐ।" ਤੇ ਜਰਨੈਲ ਪੁੱਛਾਂ ਦੇਣ ਵਾਲੇ ਕਲਯੁੱਗੀ ਸਾਧ ਦੇ ਡੇਰੇ ਪਹੁੰਚ ਗਿਆ। ਸਾਰੀ ਗੱਲ ਦੱਸੀ ਤੇ ਇਹ ਵੀ ਆਖ ਦਿੱਤਾ ਕਿ ਨੌਂ ਕਿੱਲੇ ਜਮੀਨ ਤਾਂ ਹੱਥੋਂ ਚੱਲੀ ਹੀ ਹੈ ਭੂਆ ਵੀ ਗਈ। ਸਕੀਮ ਵੀ ਸਿਰੇ ਨਹੀਂ ਲੱਗੀ।

ਸਾਧ ਦੰਦਾਂ 'ਚ ਖਿੜ ਪਿਆ, "ਕਿੰਨੇ ਪੈਸੇ ਆ ਕੋਲ ਜਰਨੈਲ ਸਿਹਾਂ?"

"ਹੈਗਾ ਦਸ ਕੁ ਹਜ਼ਾਰ।"

"ਨੌਂ ਮੇਰੇ ਕੋਲ ਫੜਾ। ਜਦ ਤੱਕ ਮੈਂ ਪੂਜਾ ਕਰਦਾਂ, ਚਾਰ ਨਾਰੀਅਲ ਲੈ ਕੇ, ਚਾਰੇ ਜਣੇ ਮੱਥੇ ਨਾਲ ਲਾ ਕੇ, ਦਰਿਆ ਨੂੰ ਮੱਥਾ ਟੇਕ ਕੇ ਰੋੜ੍ਹ ਦੇਵੀਂ ਸੂਰਜ ਮਿਟਣ ਤੋਂ ਪਹਿਲਾਂ; ਭੂਆ ਤਾਂ ਦਿਨ ਚੜ੍ਹਦੇ ਨੂੰ ਤੈਨੂੰ ਲੈਣ ਆਈ ਹੋਊ।"

"ਸੂਰਜ! ਬਾਹਰ ਤਾਂ ਜਨਾਬ ਬੱਦਲ ਤੇ ਮੀਂਹ ਦਾ ਤੂਫ਼ਾਨ ਚੜ੍ਹਿਆ ਪਿਐ।"

"ਬੱਦਲਾਂ 'ਚ ਕਿਤੇ ਸੂਰਜ ਨੀਂ ਡੁੱਬਦਾ ਭੋਲਿਆ। ਛੇ ਵੱਜ ਕੇ ਪੈਂਤੀ ਮਿੰਟ 'ਤੇ ਡੁੱਬੇਗਾ ਅੱਜ।"

ਤੇ ਜਰਨੈਲ ਨੇ ਘੜੀ ਵੱਲ ਵੇਖਿਆ ਤਾਂ ਸਾਢੇ ਪੰਜ ਵੱਜ ਚੁੱਕੇ ਸਨ। ਉਹਨੇ ਸ਼ਹਿਰੋਂ ਆ ਕੇ ਨਾਰੀਅਲ ਖਰੀਦੇ। ਗੱਡੀ ਦਰਿਆ ਤੱਕ ਬਹੁਤ ਭਜਾਈ, ਤਦ ਵੀ ਸਾਢੇ ਛੇ ਹੋ ਚੁੱਕੇ ਸਨ। ਕਾਹਲੀ 'ਚ ਚਹੁੰਆਂ ਦੇ ਮੱਥੇ ਨਾਲ ਨਾਰੀਅਲ ਛੁਹਾਏ ਤੇ ਗੱਡੀ ਚਲਦੀ ਹੀ ਛੱਡ ਕੇ ਹਾਲੇ ਦਰਿਆ ਵੱਲ ਤੁਰਿਆ ਹੀ ਸੀ ਕਿ ਮੋਹਲੇਧਾਰ ਵਰ੍ਹੇ ਮੀਂਹ 'ਚ ਭੱਜੇ ਆਉਂਦੇ ਟਰੱਕ ਨੇ ਫੀਅਟ ਨੂੰ ਹਵਾ ਨਾਲ ਹੀ ਧੱਕ ਦਿੱਤਾ। ਕਾਰ ਨੇ ਜਰਨੈਲ ਨੂੰ ਧੱਕਾ ਦੇ ਕੇ ਦਰਿਆ 'ਚ ਸੁੱਟ ਲਿਆ ਤੇ ਜਦੋਂ ਤੱਕ ਕੋਈ ਸੰਭਲਦਾ, ਭਾਣਾ ਵਰਤ ਚੁੱਕਾ ਸੀ।

ਇਕ ਸਕੂਟਰ ਸਵਾਰ ਨੇ ਪੁਲਿਸ ਨੂੰ ਇਹ ਦ੍ਰਿਸ਼ ਅੱਖੀਂ ਦੇਖਿਆ ਹੋਣ ਕਾਰਨ ਸੂਚਿਤ ਕੀਤਾ ਤੇ ਲਾਸ਼ਾਂ ਅਗਲੇ ਦਿਨ ਬੜੀ ਮੁਸ਼ਕਲ ਨਾਲ ਪ੍ਰਸ਼ਾਸਨ ਨੇ ਗੋਤਾਖੋਰਾਂ ਦੀ ਮਦਦ ਨਾਲ ਕੱਢੀਆਂ।

ਲਾਸ਼ਾਂ ਸਿਰਹਾਣੇ ਬੈਠੀ ਭਗਵਾਨ ਕੌਰ ਚਹੁੰਆਂ ਵੱਲ ਵੇਖ ਕੇ ਸੋਚ ਰਹੀ ਸੀ, "ਲਗਦੈ, ਰੱਬ ਮੈਨੂੰ ਬੇਈਂ 'ਚੋਂ ਬਚਾਉਣ ਵੇਲੇ ਨਾਲ ਹੀ ਮੇਰੇ ਨਾਲ ਘਰ ਮੁੜ ਆਇਆ ਸੀ।"

ਲਗਦੈ...ਰੱਬ ਵੀ ਕਈ ਮੁਕੱਦਮਿਆਂ ਦੀ ਸੁਣਵਾਈ ਫਾਸਟ ਟਰੈਕ 'ਚ ਕਰਨ ਲੱਗ ਪਿਐ।

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਭਰਮ

ਰਾਮ ਦੇਵ ਦੀ ਗੱਲ ਨਾ ਉਹ ਰਹਿ ਗਈ, ਅੰਨਾ ਕੇਜਰੀਵਾਲ ਨਾਲ ਉਲਝਿਆ ਏ।
ਜੰਤਨ ਮੰਤਰ 'ਤੇ ਛੱਡ ਲਏ ਬੜੇ ਮੰਤਰ, ਮਸਲਾ ਫੇਰ ਵੀ ਕੋਈ ਨਾ ਸੁਲਝਿਆ ਏ।
ਸੁਖਬੀਰ ਸਿੱਧੀਆਂ ਪਾਕਿ ਨਾਲ ਜੋੜ ਤਾਰਾਂ, ਕਈ ਰੇਤ ਦੇ ਮਹਿਲ ਬਣਾਈ ਜਾਂਦਾ।
ਵਿਤੋਂ ਬਾਹਰ ਮਜੀਠੀਆ ਹੋਇਆ ਫਿਰਦਾ, ਗੁਣ ਭੈਣ ਤੇ ਜੀਜੇ ਦੇ ਗਾਈ ਜਾਂਦਾ।
ਐਵੇਂ ਦੂਜਿਆਂ ਨੂੰ ਭਰਮ ਦੇ ਵਿਚ ਪਾਇਆ, ਟੋਆ ਆਪਣੇ ਲਈ ਹੀ ਜਾਣ ਖੋਦੀ।
ਮਨਮੋਹਨ ਦਿੱਲੀ ਦੇ ਵਿਚ ਪ੍ਰੇਸ਼ਾਨ ਰਹਿੰਦਾ ਤੇ ਉਲਝਿਆ ਪਿਆ ਗੁਜਰਾਤ ਦੇ ਵਿਚ ਮੋਦੀ।

# ਦਲਜੀਤ ਅਤੇ ਜਗਤਾਰ ਵਿਚਾਲੇ ਸਟਾਫ ਰਿਪੋਰਟਰੀ ਲਈ ਜੰਗ

*(ਸਫ਼ਾ 25 ਦੀ ਬਾਕੀ)*

ਸੀ? ਪਰ ਉਹ ਇਸ ਗੱਲ 'ਤੇ ਬਜ਼ਿਦ ਸੀ ਕਿ ਜਗਤਾਰ ਦੇ ਮੁਕਾਬਲੇ ਦਲਜੀਤ ਹਰ ਪੱਖ ਤੋਂ ਬੇਹਤਰ ਸੀ। ਇਨਸਾਨੀ ਪੱਖ ਤੋਂ, ਭਾਸ਼ਾ ਦੇ ਸੰਜਮ ਤੇ ਸ਼ਬਦਾਂ ਦੇ ਸੰਗੀਤ ਦੀ ਸਮਝ ਦੇ ਪੱਖੋਂ, ਰਾਜਨੀਤਿਕ ਅਤੇ ਸਮਾਜਿਕ ਸੋਝੀ ਪੱਖੋਂ, ਜ਼ਿੰਦਗੀ ਦੇ ਬੁਨਿਆਦੀ ਮੁੱਲਾਂ ਪ੍ਰਤੀ ਸੰਵੇਦਨਾ ਦੇ ਪੱਖੋਂ-ਗੱਲ ਕੀ ਸਾਰੇ ਹੀ ਪੱਖਾਂ ਤੋਂ ਜਗਤਾਰ ਦੇ ਮੁਕਾਬਲੇ ਦਲਜੀਤ ਨਿਸ਼ਚੇ ਹੀ ਸਹੀ ਸੀ। ਦਲਜੀਤ ਵਿਚ ਸੰਗ ਸੀ, ਸ਼ਰਮ ਸੀ, ਸਨੇਹ ਦੀ ਸਮਰੱਥਾ ਸੀ। ਫਿਰ ਕਹਿਣ ਲੱਗਾ, ਇਸ ਦੇ ਉਲਟ ਜਗਤਾਰ ਸਿੱਧੂ ਦਿਨਾਂ ਵਿਚ ਹੀ ਅਜਿਹੀਆਂ ਸਾਰੀਆਂ ਕਦਰਾਂ ਨੂੰ ਛੱਡ ਕੇ ਮਿੰਨਾ ਸਿਆਸਤਦਾਨ ਬਣ ਗਿਆ ਹੋਇਆ ਸੀ।

ਇਹ ਕਥਾ ਮੈਂ ਇਸ ਕਰਕੇ ਛੋਹੀ ਸੀ ਕਿ ਪਾਠਕ ਅੰਦਾਜ਼ਾ ਲਾ ਸਕਣ ਕਿ ਹੱਕ ਹਕੂਕ ਦੀ ਰਾਖੀ ਦੇ ਨਾਂ 'ਤੇ ਲੰਮੀ ਜੱਦੋ-ਜਹਿਦ ਤੋਂ ਬਣੇ ਕਿਸੇ ਸੰਗਠਨ ਦੀ ਵਾਗਡੋਰ ਗਲਤ ਕਿਸਮ ਦੇ ਲੋਕਾਂ ਦੇ ਹੱਥਾਂ ਵਿਚ ਆ ਜਾਣ 'ਤੇ ਅਕਸਰ ਹੀ ਕਿਸ ਕਿਸਮ ਦੇ ਭਾਣੇ ਵਾਪਰ ਜਾਂਦੇ ਹਨ? ਟ੍ਰਿਬਿਊਨ ਅਦਾਰੇ ਵਿਚ ਜਨਰਲ ਮੈਨੇਜਰ ਰੁਲੀਆ ਰਾਮ ਸ਼ਰਮਾ ਦੀ ਸਾਲਾਂ ਬੱਧੀ ਪੂਰੀ ਦਹਿਸ਼ਤ ਬਣੀ ਰਹੀ ਸੀ ਪ੍ਰੰਤੂ ਯੂਨੀਅਨ ਬਣਦਿਆਂ ਹੀ ਮੋਹਣ ਲਾਲ 'ਕਲਰਕ' ਨੇ ਆਪਣੇ ਨਾਲ ਅਸਹਿਮਤੀ ਰੱਖਣ ਵਾਲਿਆਂ ਦੇ ਅਜਿਹੇ ਕੱਤਿਲ ਕੱਢੇ ਕਿ ਰੁਲੀਆ ਰਾਮ ਦੀ ਦਹਿਸ਼ਤ ਦਿਨਾਂ ਵਿਚ ਹੀ ਭੁੱਲ ਗਈ। ਜਾਬਰ ਕਿਸਮ ਦੇ ਜਨਰਲ ਸਕੱਤਰ ਦੇ ਹੁੰਦਿਆਂ ਪਰੂਫ ਰੀਡਰ ਵਾਲੇ 'ਪਿੰਜਰੇ' ਵਿਚੋਂ ਮੁਕਤ ਹੋ ਸਕਣ ਦੀ ਮੇਰੀ ਹਸਰਤ ਹੋਰ ਵੀ ਕਠਿਨ ਹੋ ਗਈ।

# ਪ੍ਰੋ. ਹਰਪਾਲ ਸਿੰਘ ਪੰਨੂੰ ਦੀਆਂ ਗੱਲਾਂ ਦਾ ਜਵਾਬ

**ਪ੍ਰਤੀਕਰਮ**

ਪ੍ਰੋ. ਹਰਪਾਲ ਸਿੰਘ ਪੰਨੂੰ ਨੇ ਖਿਝ ਕੇ ਸਾਹਿਤ ਦੀਆਂ ਸੂਖਮ ਅਦਾਵਾਂ ਰਾਹੀਂ ਉਤਰ ਦੇਣ ਲਈ ਅਨੇਕਾਂ ਰਾਹ ਖੋਲ੍ਹ ਦਿੱਤੇ ਹਨ। ਉਨ੍ਹਾਂ ਨੇ ਮੇਰੇ ਯੂਨੀਵਰਸਿਟੀ ਵਿਚ ਪ੍ਰੋਜੈਕਟ 'ਤੇ ਕੰਮ ਕਰਨ ਸਬੰਧੀ ਜੋ ਇਤਰਾਜ਼ ਲਾਏ ਹਨ, ਉਹ ਬਿਲਕੁਲ ਨਿਰਮੂਲ ਹਨ। ਇਸ ਦਾ ਜਵਾਬ ਮੈਂ ਸਾਹਿਤ ਦੀ ਸੂਖਮ ਨਜ਼ਾਕਤ ਨੂੰ ਕਾਇਮ ਰੱਖ ਕੇ ਦੇਵਾਂਗਾ, ਕਿਉਂਕਿ ਇਹ ਗੱਲ ਕੇਵਲ ਮੇਰੇ ਅਤੇ ਪੰਨੂੰ ਸਾਹਿਬ ਵਿਚਕਾਰ ਹੀ ਨਹੀਂ ਰਹੀ, ਸਗੋਂ ਇਸ ਦੇ ਵਿਚਾਲੇ ਪਾਠਕ ਮੁੱਖ ਹੈ, ਜਿਸ ਨੂੰ ਸਾਡੇ ਵਿਚਾਰ ਪੜ੍ਹਦਿਆਂ ਉਹ ਕੁਝ ਪ੍ਰਾਪਤ ਹੋਵੇ ਜੋ ਉਸ ਨੇ ਪਹਿਲਾਂ ਕਦੀ ਨਾ ਹੀ ਪੜ੍ਹਿਆ ਹੋਵੇ, ਤੇ ਨਾ ਹੀ ਸੁਣਿਆ ਹੋਵੇ।

ਪ੍ਰੋ. ਪੰਨੂੰ ਨੇ ਹਰਿੰਦਰ ਸਿੰਘ ਮਹਿਬੂਬ ਨੂੰ ਮੰਗਤਾ ਬਣਾ ਕੇ ਪੇਸ਼ ਕੀਤਾ ਸੀ ਜਿਸ ਦਾ ਉਤਰ ਉਹ ਤਸੱਲੀਬਖ਼ਸ਼ ਢੰਗ ਨਾਲ ਨਹੀਂ ਦੇ ਸਕੇ। ਜਿਥੋਂ ਤੱਕ ਕਿਰਪਾਲ ਸਿੰਘ ਬਡੂੰਗਰ ਦੇ ਇਨਾਮ ਦੇਣ ਦਾ ਸਬੰਧ ਸੀ, ਸ. ਬਡੂੰਗਰ ਨੇ ਪ੍ਰੋ. ਪੰਨੂੰ ਦੀ ਕੋਈ ਰਾਇ ਨਹੀਂ ਸੀ ਲਈ। ਸਿਰਫ਼ ਉਨ੍ਹਾਂ ਦਾ ਮੂੰਹ ਬੰਦ ਕੀਤਾ ਸੀ ਤਾਂ ਕਿ ਉਹ ਕੋਈ ਬੇਲੋੜਾ ਵਿਰੋਧ ਨਾ ਕਰਨ। ਇਹ ਸਬੂਤ ਪ੍ਰੋ. ਪੰਨੂੰ ਦੇ ਜਵਾਬ ਵਿਚ ਹੀ ਪ੍ਰਾਪਤ ਹੈ। ਦੂਜੇ ਪਾਸੇ, ਉਨ੍ਹਾਂ ਦਸਮ ਗ੍ਰੰਥ ਦੀ ਬਾਣੀ ਦੇ ਵਿਰੋਧ ਵਿਚ ਆਖਿਆ ਹੈ ਕਿ 'ਮੈਂ ਬਡੂੰਗਰ ਸਾਹਿਬ ਨੂੰ ਆਖਿਆ ਸੀ ਕਿ ਹਰਿੰਦਰ ਸਿੰਘ ਮਹਿਬੂਬ ਦੇ ਖ਼ਿਲਾਫ਼ ਇਸ ਸਬੰਧ ਵਿਚ ਕੋਈ ਨਹੀਂ ਬੋਲੇਗਾ।' ਜੇ ਲੋਕਾਂ ਦੀ ਹਮਦਰਦੀ ਇਕ ਹੱਦ ਤੱਕ ਹਰਿੰਦਰ ਸਿੰਘ ਮਹਿਬੂਬ ਦੇ ਨਾਲ ਹੈ ਤਾਂ ਫਿਰ ਪ੍ਰੋ. ਪੰਨੂੰ ਦੀ ਇਕੱਲੀ ਰਾਇ ਦਾ ਕੀ ਅਰਥ ਹੈ? ਜਿਥੋਂ ਤੱਕ ਇਨਾਮ ਲੈਣ ਦਾ ਸਬੰਧ ਹੈ, ਡਾ. ਹਰਿਭਜਨ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ ਦੇ ਘਰਾਂ ਅੱਗੇ ਲੋਕਾਂ ਨੇ ਇਸ ਇਨਾਮ ਦੇ ਵਿਰੋਧ ਵਿਚ ਰੈਲੀਆਂ ਕੀਤੀਆਂ ਸਨ। ਸੋ, ਸ. ਮਹਿਬੂਬ ਨੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਤਿਕਾਰ ਦੇਣਾ ਹੀ ਸੀ। ਜਿਥੋਂ ਤੱਕ ਪੈਸਿਆਂ ਦਾ ਸਬੰਧ ਹੈ, ਉਸ ਨੇ 'ਅਜੀਤ' ਅਖ਼ਬਾਰ ਵਿਚ ਇਸ ਸਬੰਧ ਵਿਚ ਇੰਟਰਵਿਊ ਵਿਚ ਕਿਹਾ ਸੀ ਕਿ 'ਮੈਂ ਇਨਾਮ ਨੂੰ ਚਲਾ ਕੇ ਮਾਰਾਂਗਾ, ਜੇ ਸਰਕਾਰ ਵੱਲੋਂ ਕੋਈ ਇਸ ਸਬੰਧ ਵਿਚ ਵਿਰੋਧ ਹੋਇਆ।' ਇਨਾਮ ਦੇਣ ਪ੍ਰਤੀ ਉਨ੍ਹਾਂ ਦੇ ਦੋਸਤਾਂ ਦੀ ਰਾਇ ਵੀ ਉਸ ਲਈ ਜ਼ਰੂਰੀ ਸੀ। ਜਿਥੋਂ ਤੱਕ ਟੈਗੋਰ ਜਾਂ ਸੁਭਾਸ਼ ਚੰਦਰ ਬੋਸ ਆਦਿ ਦਾ ਅੰਗਰੇਜ਼ਾਂ ਤੋਂ ਇਨਾਮ ਨਾ ਲੈਣ ਦਾ ਸਬੰਧ ਹੈ, ਉਹ ਇਕ ਬਾਹਰਲੀ ਹਕੂਮਤ ਸੀ। ਇੱਥੇ ਉਹ ਪ੍ਰਸੰਗ ਬਿਲਕੁਲ ਨਹੀਂ ਢੁੱਕਦਾ, ਕਿਉਂਕਿ ਇਨਾਮ ਦੇਣ ਵਾਲੇ ਵਿਅਕਤੀ ਸ. ਮਹਿਬੂਬ ਦੀਆਂ ਲਿਖਤਾਂ ਤੋਂ ਕਾਇਲ ਸਨ।

ਜਿਥੋਂ ਤੱਕ 'ਸਹਿਜੇ ਰਚਿਓ ਖਾਲਸਾ' ਪੁਸਤਕ ਦੇ ਰਿਲੀਜ਼ ਸਮਾਰੋਹ ਦਾ ਸਵਾਲ ਹੈ, ਇਹ ਪੁਸਤਕ 1988 ਵਿਚ ਵਾਈਸ ਚਾਂਸਲਰ ਸ. ਭਗਤ ਸਿੰਘ ਰਾਹੀਂ ਰਿਲੀਜ਼ ਹੋਈ ਸੀ ਜਿਸ ਵਿਚ ਡਾ. ਹਰਿਭਜਨ ਸਿੰਘ, ਡਾ. ਕੇਸਰ ਸਿੰਘ ਕੇਸਰ ਅਤੇ ਡਾ. ਸੇਖੋਂ, ਡਾ. ਦਲੀਪ ਕੌਰ ਟਿਵਾਣਾ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਹਨ। ਪ੍ਰੋ. ਪੰਨੂੰ, ਉਨ੍ਹਾਂ ਦੇ ਲਿਖਣ ਅਨੁਸਾਰ, ਧਰਮ ਅਧਿਐਨ ਵਿਭਾਗ ਦੇ ਮੁਖੀ ਹਨ, ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਉਨ੍ਹਾਂ ਨੇ ਕਿਹੜੀ ਪੁਸਤਕ ਰਿਲੀਜ਼ ਕਰਵਾਉਣ ਵਿਚ ਸਹਿਯੋਗ ਦਿੱਤਾ ਸੀ। ਜਿਵੇਂ ਬਹਿਰਿਆਂ ਨੂੰ ਬਰਾਤਾਂ ਭੁੱਲ ਜਾਂਦੀਆਂ ਹਨ, ਪ੍ਰੋ. ਪੰਨੂੰ ਨੂੰ ਪੁਸਤਕਾਂ ਵੀ ਇਸੇ ਤਰ੍ਹਾਂ ਭੁੱਲ ਜਾਂਦੀਆਂ ਹਨ, ਕਿਉਂਕਿ ਉਹ ਕਿਹੜਾ ਪੜ੍ਹਦੇ ਹਨ, ਹੱਥ ਦੇਖ ਕੇ ਟੇਵਾ ਹੀ ਲਾਉਂਦੇ ਹਨ ਜੋ ਗਲਤ ਨਿਕਲਣਾ ਅਤਿ ਕੁਦਰਤੀ ਹੈ। ਉਨ੍ਹਾਂ ਨੇ ਸ. ਮਹਿਬੂਬ ਵੱਲੋਂ ਗੁਰੂਆਂ ਨਾਲ ਦੇਵ ਦੀ ਥਾਂ ਸਾਹਿਬ ਸ਼ਬਦ ਲਾਉਣ 'ਤੇ ਵੀ ਇਤਰਾਜ਼ ਕੀਤਾ ਹੈ ਅਤੇ ਪੰਜਾਬ ਦੇ ਮੁੱਖ ਵਿਦਵਾਨਾਂ ਦਾ ਵਿਰੋਧ ਕਰਨ ਪ੍ਰਤੀ ਵੀ ਕਿੰਤੂ ਕੀਤਾ ਹੈ। ਪੰਜਾਬ ਦੇ ਵਿਦਵਾਨ ਦੇ ਵਿਰੋਧ ਦੀ ਤਾਂ ਗੱਲ ਹੀ ਛੱਡੋ, ਸ. ਮਹਿਬੂਬ ਨੇ ਬਾਈ ਸਾਲ ਦੀ ਅੱਲ੍ਹੜ ਉਮਰ ਵਿਚ 'ਰਿਗਵੇਦ ਦੀਆਂ ਆਵਾਜ਼ਾਂ' ਵਿਚ ਸ੍ਰੀ ਰਾਧਾ ਕ੍ਰਿਸ਼ਨਨ ਅਤੇ ਸ੍ਰੀ ਅਰਬਿੰਦੂ ਘੋਸ਼ ਨੂੰ ਵੀ ਵਿਸਮਾਦ ਦੇ ਸੰਕਲਪ ਨੂੰ ਪੇਸ਼ ਕਰਨ ਪ੍ਰਤੀ ਅਧੂਰੀ ਦਾਰਸ਼ਨਿਕ ਦ੍ਰਿਸ਼ਟੀ ਦੇ ਸੁਆਮੀ ਸਿੱਧ ਕੀਤਾ ਹੈ। 'ਰਿਗਵੇਦ ਦੀਆਂ ਆਵਾਜ਼ਾਂ' ਸ. ਮਹਿਬੂਬ ਦਾ ਇਹ ਲੇਖ ਪਾਠਕਾਂ ਦੇ ਹਾਜ਼ਰ ਹੈ ਤਾਂ ਕਿ ਅਗਲੇ ਪੜਾਵਾਂ ਵਿਚ ਸਾਹਿਤ ਦੀਆਂ ਨਵੀਆਂ ਤੋਂ ਨਵੀਆਂ ਸੂਖਮ ਰਮਜ਼ਾਂ ਨੂੰ ਬੇਨਕਾਬ ਕਰਦੇ ਹੋਏ ਪ੍ਰੋ. ਪੰਨੂੰ ਦੇ ਕੁੱਲ ਇਤਰਾਜ਼ ਨੂੰ ਨਿਰਮੂਲ ਸਾਬਤ ਕੀਤਾ ਜਾ ਸਕੇ।

ਇਹ ਲੇਖ ਅੱਜ ਤੋਂ 45 ਸਾਲ ਪਹਿਲਾਂ ਛਪਿਆ ਸੀ। ਮੈਂ ਉਸ ਵੇਲੇ ਤੋਂ ਲੈ ਕੇ ਇਸ ਨੂੰ ਪੜ੍ਹਦਾ ਆ ਰਿਹਾ ਹਾਂ। ਮੇਰੀ ਹਾਲੀ ਵੀ ਸਮਝ ਇਸ ਨੂੰ ਪੂਰੀ ਤਰ੍ਹਾਂ ਗ੍ਰਹਿਣ ਨਹੀਂ ਕਰ ਸਕੀ, ਕਿਉਂਕਿ 'ਰਿਗਵੇਦ ਦੀਆਂ ਆਵਾਜ਼ਾਂ' ਦਾ ਹਰ ਸ਼ਬਦ ਇਕ ਸੰਕਲਪ ਹੈ ਜੋ ਉਨ੍ਹਾਂ ਦੀਆਂ ਲਿਖਤਾਂ ਵਿਚ ਵਾਰਤਕ ਅਤੇ ਕਵਿਤਾ ਰਾਹੀਂ ਵਿਸ਼ਵ ਧਰਮਾਂ ਦੇ ਇਲਹਾਮ, ਵਿਸ਼ਵ ਦੇ ਸਮੂਹਿਕ ਦਰਸ਼ਨ ਅਤੇ ਵਿਸ਼ਵ ਦੇ ਪਵਿੱਤਰ ਸਾਹਿਤ ਦੀ ਨੇਤਤਾ ਰਾਹੀਂ ਵੰਨ ਸੁਵੰਨੇ ਰੂਪਾਂ ਵਿਚ ਧਰਤੀ, ਸਮਾਂ ਅਤੇ ਸਮੇਂ ਤੇ ਸਥਾਨ ਤੋਂ ਪਾਰ ਦੇ ਨਿਸ਼ਾਨ ਬਿੰਦੂਆਂ ਰਾਹੀਂ ਨਵੇਂ ਤੋਂ ਨਵੇਂ ਸਾਬਤ ਤੇ ਸੰਪੂਰਨ ਦ੍ਰਿਸ਼ਾਂ ਵਿਚ ਖਿੱਚਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਇਨ੍ਹਾਂ ਸੰਕਲਪਾਂ ਦੇ ਕੇਂਦਰ ਵਿਚ ਲਗਾਤਾਰ ਸਥਾਪਤ ਹੈ। ਮੈਂ ਆਪਣੇ ਬਾਰੇ ਸਭ ਤੋਂ ਪਿੱਛੋਂ ਆਪਣੇ ਖਿਆਲ ਪੇਸ਼ ਕਰਾਂਗਾ। ਪਹਿਲਾਂ ਵਿਛੜ ਚੁੱਕੇ ਦੋਸਤ ਦੀ ਪ੍ਰਤਿਭਾ ਨੂੰ ਬੇਨਕਾਬ ਕਰਨਾ ਅਤਿ ਲਾਜ਼ਮੀ ਹੈ ਜੋ ਦੁਨੀਆਂ ਦਾ ਮਹਾਨ ਸਾਹਿਤਕਾਰ ਹੈ। ਰਾਧਾ ਕ੍ਰਿਸ਼ਨ ਅਤੇ ਅਰਬਿੰਦੂ ਘੋਸ਼ ਦਾ ਕਾਵਿ ਅਨੁਭਵ ਮਹਿਬੂਬ ਦੇ ਸੰਦਰਭ ਵਿਚ ਬਹੁਤ ਹੀ ਸਾਧਾਰਨ ਹੈ। ਮੈਂ ਰਿਗਵੇਦ ਵਿਚ ਆਏ ਸੰਕਲਪਾਂ ਵਿਚੋਂ ਕਾਤਕ ਨੂੰ ਪੇਸ਼ ਕਰਨ ਦਾ ਯਤਨ ਕਰਾਂਗਾ ਤਾਂ ਕਿ ਉਸ ਮਹਾਨ ਸਾਹਿਤਕਾਰ ਦੀ ਪ੍ਰਤਿਭਾ ਜ਼ਾਹਿਰ ਹੋਣ ਦੇ ਨਾਲ ਨਾਲ ਪ੍ਰੋ. ਪੰਨੂੰ ਦਾ ਅਗਿਆਨ ਵੀ ਪੂਰੀ ਤਰ੍ਹਾਂ ਬੇਨਕਾਬ ਹੋ ਜਾਵੇ। ਮਹਿਬੂਬ ਦੇ ਆਪਣੇ ਸ਼ਬਦਾਂ ਵਿਚ,

ਇਸ ਅੱਖਰ ਦੇ ਤਨ ਮਨ ਮਾਰੇ
ਸੁਰਤਾਂ ਦਾ ਲਿਸ਼ਕਾਰਾ।
ਇਸ ਅੱਖਰ ਵਿਚ ਸਭ ਜਨਮਾਂ ਦਾ
ਸੁਣਦਾ ਨਾਦ ਹੁਲਾਰਾ।
(ਇਲਾਹੀ ਨਦਰ ਕੇ ਪੈਂਡੇ-ਗੁਰੂ ਨਾਨਕ)
ਕਾਲ ਦੀ ਨੈਂ ਨਾ ਖੋਰ ਸਕੇਗੀ
ਰੂਪ ਦਾ ਭੇਦ ਅਪਾਰੀ।
ਡਲ੍ਹਕ ਰਹੀ ਅੰਬਰ ਦੇ ਓਹਲੇ
ਅੱਖਰਾਂ ਦੀ ਸਰਦਾਰੀ।
(ਝਨਾਂ ਦੀ ਰਾਤ)
ਸੰਝ ਦੇ ਘੁੰਡ 'ਚੋਂ ਵੇਖਦੀ
ਥਲ ਰਾਤ ਪੁਰਾਣੀ,
ਤਾਰੇ ਜਿਸ ਦੀ ਟਹਿਣ 'ਤੇ
ਬਹਿ ਕਰਦੇ ਗੱਲਾਂ।

ਮਰਹੂਮ ਮਹਿਬੂਬ ਨੇ ਆਪਣੀ ਪੁਸਤਕ 'ਪਿਆਰੇ ਦਾ ਕੇਸ' ਜੋ ਵਿਸਮਾਦ ਦਾ ਹੜ੍ਹ ਹੈ, ਵਿਚ ਇਹ ਲਿਖਿਆ ਹੈ,

ਨਿੱਕੀਆਂ ਨਿੱਕੀਆਂ ਕੀਤੀਆਂ
ਮੇਰੀ ਉਮਰ ਨੇ ਗੱਲਾਂ।
ਵੱਡੀਆਂ ਵੱਡੀਆਂ ਹੋਈਆਂ
ਸਾਗਰ ਦੀਆਂ ਛੱਲਾਂ।

ਸੋ, ਸ. ਮਹਿਬੂਬ ਦੇ 22 ਸਾਲ ਦੀ ਉਮਰ ਵਿਚ 'ਰਿਗਵੇਦ ਦੀਆਂ ਆਵਾਜ਼ਾਂ' ਵਿਚ 'ਨਿੱਕੀਆਂ ਨਿੱਕੀਆਂ ਗੱਲਾਂ' ਦੇ ਰੂਪ ਵਿਚ ਆਏ ਅੱਲ੍ਹੜ ਸੰਕਲਪ ਅੱਗੇ ਜਾ ਕੇ ਉਸ ਦੀ ਵਾਰਤਕ, ਕਵਿਤਾ ਅਤੇ ਮਹਾਂਕਾਵਿ ਵਿਚ ਪਹੁੰਚ ਕੇ ਵੱਡੀਆਂ ਵੱਡੀਆਂ ਛੱਲਾਂ ਦਾ ਰੂਪ ਧਾਰਨ ਕਰ ਜਾਂਦੇ ਹਨ। ਇਨ੍ਹਾਂ ਸੰਕਲਪਾਂ ਦੀ ਕ੍ਰਮਵਾਰ ਜਾਣਕਾਰੀ ਦੇਣ ਉਪਰੰਤ ਮੈਂ ਆਪਣੇ ਬਾਰੇ ਵੀ ਅਤਿ ਤਸੱਲੀਬਖ਼ਸ਼ ਸਪੱਸ਼ਟੀਕਰਨ ਦੇਵਾਂਗਾ।

-ਡਾ. ਗੁਰਤਰਨ ਸਿੰਘ
ਕੈਨੇਡਾ।
ਫੋਨ: 905-636-9515

# ਰਿਗਵੇਦ ਦੀਆਂ ਆਵਾਜ਼ਾਂ

*ਸ਼ਾਇਰ ਹਰਿੰਦਰ ਸਿੰਘ ਮਹਿਬੂਬ ਦਾ ਇਹ ਲੇਖ 'ਰਿਗਵੇਦ ਦੀਆਂ ਆਵਾਜ਼ਾਂ' ਸਾਨੂੰ ਸ. ਗੁਰਤਰਨ ਸਿੰਘ ਹੁਰਾਂ ਆਪਣੀ ਚਿੱਠੀ ਨਾਲ ਭੇਜਿਆ ਹੈ ਜਿਹੜੀ ਉਨ੍ਹਾਂ ਸ. ਹਰਪਾਲ ਸਿੰਘ ਪੰਨੂ ਵੱਲੋਂ ਸ. ਹਰਿੰਦਰ ਸਿੰਘ ਮਹਿਬੂਬ ਬਾਰੇ ਕੀਤੀਆਂ ਟਿੱਪਣੀਆਂ ਦੇ ਪ੍ਰਸੰਗ ਵਿਚ ਭੇਜੀ ਸੀ। ਉਨ੍ਹਾਂ ਨੇ ਆਪਣੀ ਚਿੱਠੀ ਵਿਚ ਸ. ਮਹਿਬੂਬ ਵੱਲੋਂ ਇਸ ਲੇਖ ਵਿਚ ਪੇਸ਼ ਕੀਤੀਆਂ ਡੂੰਘੀਆਂ ਰਮਜ਼ਾਂ ਬਾਰੇ ਗੱਲ ਤੋਰੀ ਹੈ। ਸ. ਮਹਿਬੂਬ ਬਾਰੇ ਅਚਾਨਕ ਚੱਲੀ ਟੀਕਾ-ਟਿੱਪਣੀ ਦੇ ਮੱਦੇਨਜ਼ਰ ਸਾਨੂੰ ਇਹ ਲੇਖ ਦਿਲਚਸਪ ਲੱਗਿਆ ਹੈ। ਉਂਜ ਵੀ ਇਸ ਲੇਖ ਨਾਲ ਸ. ਹਰਿੰਦਰ ਸਿੰਘ ਮਹਿਬੂਬ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਸਮਝਣ-ਸਮਝਾਉਣ ਵਿਚ ਵੀ ਮਦਦ ਮਿਲੇਗੀ। ਇਸੇ ਆਸ ਨਾਲ ਅਸੀਂ ਇਹ ਲੇਖ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*

**ਹਰਿੰਦਰ ਸਿੰਘ ਮਹਿਬੂਬ**

ਯੁੱਗਾਂ ਪਹਿਲਾਂ ਪੰਜਾਂ ਪਾਣੀਆਂ ਦੇ ਰਿਸ਼ੀਆਂ ਨੇ ਆਪਣੀ ਹੋਂਦ ਦੇ ਚੰਘਿਆੜਦੇ ਭੀਸ਼ਣ ਰਾਗ ਨਾਲ ਅੰਮ੍ਰਿਤ ਵੇਲੇ ਵਣਾਂ ਦੇ ਵਣ ਜਲਦੇ ਦੇਖੇ। ਸਰਬ ਪ੍ਰਾਣ ਦੀ ਸੁਰੀ ਭੈਰਵੀ ਅੱਖ ਊਸ਼ਾਵਾਂ ਦੇ ਜਲਵੇ ਹੇਠ ਕਹਿਰਵਾਨ ਹੋ ਰਹੀ ਸੀ ਅਤੇ ਉਸੇ ਛਿਣ ਮਿਹਰਬਾਨ ਸੀਤਲ ਆਵਾਜ਼ ਸ਼ਾਂਤੀ ਦੇ ਬਿਰਖ ਉਤੇ ਤਰੇਲ ਵਾਂਗ ਸੌਂ ਰਹੀ ਸੀ। ਮਹਾਂ ਸ਼ਾਂਤੀ ਦਾ ਬਿਰਖ ਸੂਰਜਾਂ ਦੇ ਘਮਸਾਨਾਂ ਵਿਚ ਆਪਣੀਆਂ ਕਾਂਤ ਕਰੂੰਬਲਾਂ ਦੀ ਮਧੁਰ ਸੁਗੰਧ ਮੂਲਕ ਜਲੌਂ ਅਤੇ ਸੂਖਮ-ਸਵਰ-ਸੁੱਤਾ ਸੰਗੀਤ ਖਲੇਰ ਰਿਹਾ ਸੀ। ਅਗਮ-ਅਗਾਧ ਸਰਵ ਹੋਂਦ, ਸਰਬ ਪ੍ਰਾਣ ਨੇ ਆਪਣੇ ਆਪ ਨੂੰ ਨਿਰਕਾਲ ਸੁੰਨ ਦੀ ਬੱਜਰ-ਅਣਹੋਂਦ ਵਿਚ ਵੇਖਿਆ, ਪਰ ਉਸੇ ਛਿਣ ਅਗਮ ਰਮਜ਼ ਦਾ ਸੂਰਜ ਕਿਲਕਾਰੀਆਂ ਮਾਰਦੇ ਦਰਿਆਵਾਂ ਨੂੰ ਵਿਸਮ-ਹੋਂਦੀ ਮਹਾਂ ਬਾਣਾਂ ਨਾਲ ਵਿੰਨ੍ਹਦਾ-ਵਨ੍ਹੀਂਦਾ ਫਿਰਦਾ ਸੀ, ਹਾਂ ਉਸੇ ਛਿਣ ਦੇ ਜ਼ਖਮਾਂ ਉਤੇ ਤਰਸ ਦੇ ਅਸੀਮ ਨਿਰਲੇਪ ਕੰਵਲ ਦੀ ਛਾਂ ਕਿਸੇ ਅਭੰਗ ਸਮਾਧੀ ਵਿਚ ਪੈ ਰਹੀ ਸੀ।

ਰਿਸ਼ੀ ਨੇ ਸ਼ਿਆਮ-ਨੀਲਮ ਦੇਸ਼ਾਂ ਦੇ ਸਿਤਾਰਿਆਂ ਵੱਲ ਆਗਾਸ ਨੈਣਾਂ ਨਾਲ ਵੇਖਿਆ, ਅੰਬਰਾਂ-ਪਾਤਾਲਾਂ ਦੇ ਛਿਣ ਛਿਣ ਦੇ ਅਨੇਕ ਆਲਿੰਗਨ ਗਿਆਨ-ਕੰਪਨਾਂ ਨਾਲ ਇਕ ਮਹਾਂ ਆਵਾਜ਼ ਹੋ ਗਏ। ਸਰਬ ਸ਼ਾਂਤੀ ਚੇਤਨ ਗੰਭੀਰ ਸਿਧ ਦੀ ਅਭੰਗ ਸਮਾਧੀ ਵਿਚ ਰਿਹਾ, ਨਿਰ-ਸਵਰ ਕੰਵਲ ਦਾ ਜਲਵਾ ਛਿਣ ਛਿਣ ਦੇ ਵਿਸਮਾਦ ਨੂੰ ਛੂਹਿਆ, ਹਾਂ ਜੀ ਅਭੰਗ ਗੰਭੀਰਤਾ ਅਡੋਲ ਆਸਣ 'ਤੇ ਰਹੀ। ਪਰ ਮਹਾਂ ਸੰਗੀਤ ਦੀ ਨੀਰਜ ਸੁੰਦਰਤਾ ਦੇ ਮਧੁਰ ਸਵਪਨ ਵਿਚ ਅਨੇਕਾਂ ਸੂਰਜਾਂ ਅਗਨੀਆਂ ਦੇ ਜਸ਼ਨ ਹੋਣ ਲੱਗੇ। ਪੰਜਾਂ ਪਾਣੀਆਂ ਦੇ ਰਿਸ਼ੀ ਨੇ ਆਖਿਆ, "ਸਰਬ ਸ਼ਾਂਤੀ ਦੇ ਨੀਰਜ ਵਿਚ ਇਸ ਧਰਤੀ ਦੇ ਹੀ ਸੰਘਣੇ ਵਣਾਂ ਦਾ ਰਹੱਸ ਜੁਗਨੂੰਆਂ ਵਾਂਗ ਚਿਲਕ ਰਿਹਾ ਹੈ। ਮੈਂ ਜ਼ਰਾ ਇਸ ਤਰਬਦੇ ਗਗਨ ਦੇ ਅਲਖ ਨਾਦ ਨੂੰ ਤੋੜ ਨਾ ਦੇਵਾਂ! ਮੈਂ ਇਸ ਮਹਾਂ ਰਾਗ ਦੇ ਅਸਗਾਹ ਦਾ ਸਿਰਜਣਹਾਰ ਅਨੰਤ ਅਗਨੀ ਚੱਕਰਾਂ ਨਾਲ ਇਸ ਸਿਰਜਣਾ ਦਾ ਖ਼ੂਨ ਨਾ ਕਰ ਦੇਵਾਂ! ਹੇ ਅਨੰਤ, ਤੇਰੀ ਮਹਾਂ ਸਮਾਧੀ ਨੂੰ ਪ੍ਰਣਾਮ! ਲੈ, ਮੇਰੀ ਅਹੁੰ ਦੀ ਸ਼ੀਂਹ ਸਵੈ ਸਿਰਜਣਾ ਦੇ ਪ੍ਰਕਾਸ਼ ਵਣਾਂ ਨੂੰ ਗਰਜ ਕੇ ਅਗਨ ਅਗਨ ਕਰਨ ਲੱਗਾ। ਹੈ। ਪੰਜਾਬ ਦੇ ਅੰਨ੍ਹੇ-ਤੂਫ਼ਾਨੀ ਦਰਿਆਵਾਂ ਦੀ ਪ੍ਰਾਣ ਸ਼ਕਤੀ ਆਪਣੀਆਂ ਬਿਜਲੀ-ਛਮਕਾਂ ਨਾਲ ਹਿੰਸਾ ਦੀਆਂ ਨੌਂਹਦਰਾਂ ਵਿਚ ਬਲ ਕੇ ਮਹਾਂ ਸਮਾਧੀ ਦੀ ਸੁਬਕ ਕਾਇਆ ਨੂੰ ਲਹੂ-ਲੁਹਾਣ ਕਰ ਗਈ। ਹਿੰਸਾ ਲਈ ਗਿਆਨ-ਸਮਾਧੀ ਦੀ ਜੜ੍ਹ ਪਰਬਤ ਹੋ ਗਈ ਅਤੇ ਵੇਖੋ! ਉਹ ਕਹਿਰਵਾਨ ਕੂਕਦੀ ਸ਼ਮਸ਼ੀਰ ਕਰਨ ਕਰਾਵਣਹਾਰ ਸਿਰਜਣਾ ਬਣ ਗਈ। ਹੜ੍ਹਾਂ ਦੇ ਹੜ੍ਹ ਅਗਨੀ ਦੇ ਧਮਕਦੇ ਆਏ, ਰਿਸ਼ੀ ਨੇ ਸਹਿਜ-ਬਚਨ ਕੀਤਾ,

ਤੈਨੂੰ ਅਗਨੀ, ਕੰਵਲ-ਮਨਾਂ 'ਚੋਂ
ਰਾਗ-ਗਿਆਨ ਦੇ ਰਿਸ਼ੀ ਸੁਮਨ 'ਚੋਂ,
ਲਿਆਂਦਾ ਸੋਹਣੀਏ ਨਾਦ-ਭਵਨ 'ਚੋਂ...

ਪ੍ਰਾਣ-ਸ਼ਕਤੀ ਦੇ ਅਗਨ-ਅਸ਼ਵਿਨ ਦੌੜੇ, ਛਾਤੀਆਂ ਵਿਚ ਸੂਰਜਾਂ ਦੇ ਸੁਦਰਸ਼ਨ ਚੱਕਰ ਅਰੁਕ ਘੁੰਮਦੇ ਜਾ ਰਹੇ ਹਨ। ਟੁੱਟਦੇ ਤਿੜਕਦੇ ਵਣਾਂ ਦੇ ਖ਼ਰੂਦ ਇੰਦਰ ਦੀ ਪਰਬਤ ਤੋੜਦੀ ਚੰਘਿਆੜ ਨਾਲ ਵਰੁਣ ਦੇ ਵਿਸ਼ਾਲ ਲਿਲਾਟ ਉਤੇ ਚਮਕ ਬਾਣ ਮਾਰ ਰਹੇ ਸਨ। ਇਹ ਚਮਕ ਗਿਆਨ ਬੋਧਨ ਦੀ ਕਾਲ ਛਲ ਤੋੜ ਕੇ ਅਕਾਲ ਹੋ ਕੇ ਨੱਸਦੀ ਸੀ; ਦੂਸਰੀ ਸਿੱਧ ਦਾ ਬੈਰਾਗ, ਦੀਰਘ ਹਨੇਰਾ ਉਜਾਲ ਦੀ ਹਿਰਨ 'ਤੇ ਟੁੰਗਦੀ ਸੀ, ਤੀਸਰੀ...ਦੀ ਅਸੀਮਾ ਇਕ ਛਿਣ ਦੀ ਉਂਗਲ ਨਾਲ ਬੰਨ੍ਹਦੀ ਸੀ! ਇਹ ਸ਼ਕਤੀ ਚੇਤਨ ਗਿਆਨ ਦੇ ਭੜਕਦੇ, ਦੌੜਦੇ, ਉਛਲਦੇ ਲੂੰਬੇ! ਸਤ-ਚਿਤ ਕਿੱਥੇ? ਇਕ ਨਾਲ ਅਨੰਤ ਦੇ ਟੁਕੜੇ ਹੋ ਜਾਂਦੇ ਹਨ, ਟੁਕੜਿਆਂ ਦੇ ਦਰਿਆਵਾਂ ਵਿਚ ਅਨੰਤ ਬਹਿ ਜਾਂਦੇ ਹਨ, ਆਗਾਸ ਬਲ ਜਾਂਦੇ ਹਨ। ਇਸ ਉਮਲਦੀ,...ਦਾ ਬੰਜਰ-ਧਾਤ ਇੰਦਰ ਦੇ ਹਿਲੋਰਦੇ ਹੱਥ ਵਿਚ ਚਮਕਿਆ ਨਹੀਂ, ਕੀ...ਦੀ ਅਕਾਲ ਪਤਸ਼ਾਹੀ ਯੁੱਗਾਂ ਦੇ ਪੈਰਾਂ ਵਿਚ ਚੀਨ-ਨਿਰਬਲ ਮੂਰਛਾ ਬਣ ਕੇ...ਸਤ-ਚਿਤ ਦਾ ਦੋਸ਼ ਤਾਂ ਮਾਇਆ ਦਾ ਅਤਿ ਪ੍ਰਾਚੀਨ ਛਲੀ ਸੀ! ਨਿਰੰਕੁਸ਼ ਅਨੰਦ ਦੀ ਅਗਨ-ਜੀਭਾ, ਵਿਜੇ-ਕਰ ਦੀ ਖ਼ੂਨੀ ਖੰਜਰ, ਸੂਰਜਾਂ ਵਿਚ...ਵੇਗਵਾਨ ਜਵਾਲਾ ਅਤੇ ਪਰਮ ਜੇਤੂ ਦੇ ਜਮਾਲ ਸ੍ਰਿਸ਼ਟੀਆਂ ਦੇ ਸੀਸ ਉਤੇ ਕਿਸੇ ਚੰਘਿਆੜਦੇ ਵਾਰ ਨਾਲ ਅਚਾਨਕ ਹੀ ਡਿਗਦੇ, ਕੜਕਦੇ ਅਤੇ ਲਰਜ਼ਦੇ ਹਨ, ਪਰਮ ਅਹੁੰ ਦੇ ਪੈਰਾਂ ਵਿਚ ਸ੍ਰਿਸ਼ਟੀਆਂ ਦੇ ਲਰੇਜ਼ ਪਏ ਰੁਲਦੇ ਹਨ। ਮੁਕਤੀ ਦੇ ਮਧਮਾਤੇ, ਝਲਕਦੇ ਅਤੇ ਰੌਂਦੂ-ਭੁਚਾਲਾਂ ਵਿਚ ਘੁੰਮਦੇ ਮਹਾਂ ਛਿਣ, ਵਿਚ ਕਦੀ ਵਿਜੈ ਅਤੇ ਕਦੀ ਚੱਖਣ-ਤ੍ਰਿਪਤੀ ਦੇ ਨਸ਼ੇ ਨਵੀਂ ਚੇਤਨਾ, ਨਵੇਂ ਅਰਾਧਨਾਂ ਪੜਾ, ਅਨੰਤ-ਅਤ ਦੇ ਨਵੇਂ ਸੰਘਰਸ਼ਾਂ ਅਤੇ ਆਲਿੰਗਨਾਂ ਨਾਲ ਪ੍ਰਗਟ ਹੁੰਦੇ ਹਨ। ਨਵਿਆਂ ਆਗਾਸਾਂ ਦੇ ਪੱਖ ਲੈ ਕੇ ਭੂਤ-ਭਵਿੱਖ-ਭਵਾਨ ਦੀ ਚਮਕੀਲੀ ਅੱਖ ਨਾਲ ਤੱਕਦੀਆਂ, ਸ੍ਰਿਸ਼ਟੀਆਂ ਦੇ ਦਰਾਂ ਨੂੰ ਭੰਨ ਕੇ ਪ੍ਰਾਣ ਦੇ ਅਨਿਕ ਖੰਡਾਂ ਵਿਚ ਸਿਰਜਣਾ ਦੇ ਨੂਰਾਂ ਦੇ ਨੂਰ ਲੈ ਕੇ ਧਮਕਦੀਆਂ, ਹੋਰ ਹੋਰ ਨਵੀਆਂ ਆਵਾਜ਼ਾਂ ਉਡਦੀਆਂ ਹਨ।

ਸੱਤ-ਚਿੱਤ ਅਨੰਦ ਦੇ ਅੰਗਾਂ ਵਿਚ ਸੁਤੰਤਰ ਚਮਕਾਂ ਮਾਰਦਾ ਸੀ। ਉਸ ਦੇ ਸੂਰਜਾਂ ਸਿਤਾਰਿਆਂ ਦੇ ਤਾਜਾਂ ਨੂੰ ਚੰਘਿਆੜਦੇ ਅੰਨ੍ਹੇ ਸ਼ਹਿਨਸ਼ਾਹੀ ਗੁਮਾਨ ਨੇ ਚਕਨਾਚੂਰ ਕਰ ਕੇ ਹਿੰਸਾ ਦੀ ਇਕ ਖ਼ੂਨੀ ਚਮਕ ਮਾਰੀ। ਸੋ, ਇਕ ਛਿਣ ਸੱਤ-ਚਿੱਤ ਦੀ ਸੀਮਾ ਵਿਚ ਬੰਨ੍ਹੇ ਪ੍ਰਾਣ-ਸ੍ਰਿਸ਼ਟੀ ਦੇ ਅਨੰਤਾਂ ਮਹੀਪਾਂ ਦੀ ਪ੍ਰਧਾਨਤਾ ਦਾ ਰਾਜ ਫਾਸ਼ ਹੋ ਗਿਆ ਅਤੇ ਗਰਬੀਲੇ ਸੂਰਜਾਂ ਦੇ ਸੂਹੇ ਜਲਾਲ ਜੇਤੂ ਦੇ ਪਰਬਤੀ ਖੁਰਾਂ ਨਾਲ ਕੱਚ ਵਾਂਗ ਤਿੜਕ ਗਏ। ਇੰਦਰ ਦਾ ਬੱਜਰ-ਧਾਤ ਜਨੂੰਨ ਦਾ ਪ੍ਰਚੰਡ ਖ਼ੂਨੀ ਬਾਜ ਸੀ ਜਿਸ ਨੇ ਨਿਰਨਵੇਂ ਅਭੀਚ ਨਦੀਆਂ ਦੇ ਵਹਿਣਾਂ ਵਿਚ ਹਿੰਸਾ ਮਚਾਉਂਦੇ ਅਹੀ ਦਾ ਘਾਤ ਕੀਤਾ। ਹਿੰਸਾਤਮਕ ਧਾਰ ਉਤੋਂ ਦੀ ਸੀਨਾ-ਜ਼ਰ ਵਗਦੇ ਸ੍ਰਿਸ਼ਟੀ ਦੇ ਅਲਬੇਲੇ ਵਹਿਣਾਂ ਦਾ ਪੂਰਨ ਸਵੈ ਨਹੀਂ ਪਾਇਆ। ਇੱਥੋਂ ਵਰੁਣ, ਸਾਵਿਤ੍ਰੀ, ਸੂਰਜ, ਸਿੱਧ, ਊਸ਼ਾਵਾਂ ਦੇ ਦਿਸਦੇ ਵੀ ਕਿਉਂ ਨਜ਼ਰ ਆਉਣ? ਕੋਈ ਬਾਣ ਅਣਸਾਧੀਆਂ ਸ਼ਕਤੀਆਂ ਦੇ ਇਨ੍ਹਾਂ ਸ਼ਮਨ-ਅਸਗਾਹਾਂ ਨੂੰ ਸਵੈ ਆਤਮਹੀਣ ਅਤੇ ਪਰ-ਆਤਮ ਜੇਤੂ ਘਮਸਾਨੀ ਜਨੂੰਨ ਦਾ ਵਰਦਾਨ ਦੇਵੇ-ਪਰਮ ਜੇਤੂ ਆਪਣਾ ਜਲੌਂ ਨਾ ਪਛਾਣੇ, ਪਰ ਜਲੌਂ ਵਲ ਚੱਲੇ! ਉਦੋਂ ਪੌਰਾਣਿਕ ਕਲਪਨਾ ਦੇ ਸ਼ਿਵਜੀ, ਤਾਂਡਵ ਨਾਚ, ਤ੍ਰਿਸ਼ੂਲ, ਕਲਕੀ ਅਵਤਾਰ, ਸੁਦਰਸ਼ਨ ਚੱਕਰ ਅਤੇ ਗੀਤਾ ਦੇ ਵਿਰਾਟ ਦਰਸ਼ਨ ਜਿਹੇ ਭੀਸ਼ਣ ਦ੍ਰਿਸ਼ ਸ਼ਕਤੀ-ਚਰਨਾਂ ਵਿਚ ਧਮਕਦੀ-ਚਮਕਦੀ ਅਨੰਦ ਕਾਂਗ ਦੇ ਦੇਸ਼ਾਂ ਵਿਚ ਨੱਸਦੀਆਂ ਬਉਰਾਨੀਆਂ ਰੂਹਾਂ ਸਨ। ਜਦ ਹਿੰਸਾਤਮਕ ਸ਼ਕਤੀ ਦਾ ਕਹਿਰ ਟੁੱਟਦਾ ਸੀ, ਤਾਂ ਇਹ ਰੂਹਾਂ ਚਿਹਨ-ਚੱਕਰਾਂ ਦੀਆਂ ਅਨੇਕਾਂ ਜ਼ੰਜੀਰਾਂ ਤੋੜ ਕੇ ਪਰਸ ਚੇਤਨਾ ਦੀ ਕਪਾਟ ਵਿਚ ਲੁਕ-ਛਿਪ ਜਾਂਦੀਆਂ ਸਨ। ਜ਼ਰਾ ਸੋਚੋ, ਫਿਰ ਉਨ੍ਹਾਂ ਨੂੰ ਕੌਣ ਲੱਭਦਾ ਸੀ?

ਠੀਕ! ਉਦੋਂ ਭਾਰਤੀ ਪੌਰਾਣਿਕ ਕਲਪਨਾ ਦੀ ਵਚਿੱਤ੍ਰ ਲੀਲਾ ਨੱਟ-ਖੱਟ ਛੋਕਰੀਆਂ ਵਾਂਗ ਅਨੰਤ ਦੇ ਆਕਾਸ਼ ਗੂੰਜਵੇਂ ਹਾਸੇ ਨਾਲ ਮਾਸੂਮ ਚੰਚਲ ਸ਼ੋਖ਼ਾਂ ਕਰ ਰਹੀ ਸੀ ਅਤੇ ਪੰਜ ਪਾਣੀਆਂ ਦੀਆਂ ਜੂਹਾਂ ਵਿਚ ਹਿੰਸਾ ਦੀ ਅਗਨ ਲਾਸ਼ਾਂ ਪਾਉਂਦੇ ਪ੍ਰਾਣ-ਸ਼ਕਤੀ ਦੇ ਸ਼ੀਂਹ ਅਨੰਤ ਦੇ ਪਰਬਤਾਂ ਵੱਲ ਛੁੱਟਦੇ ਸਨ। ਇਹ ਅੰਤਮ-ਅਸੀਮ ਸ਼ਕਤੀ ਨੂੰ ਛੂੰਹਦੀਆਂ ਫਿਰਦੀਆਂ ਪੈਗੰਬਰੀ ਆਵਾਜ਼ਾਂ ਦੇ ਛਿਣ, ਇਹ ਸਾਰ ਦੇ ਅਜਿਤ ਪੰਖਾਂ ਨਾਲ ਮੌਤ ਦੇ ਬੰਧਨ ਤੋੜ ਕੇ ਪ੍ਰਥਮ ਸੱਚ ਦੀ ਕੂਟ ਵੱਲ ਉਡਦੇ ਸਿਦਕ ਦੇ ਬਾਜ਼, ਇਹ ਪਰਬਤਾਂ ਦਾ ਸੀਸ ਭੰਨਦੇ ਇੰਦ੍ਰ ਦੇ ਗਰਜਦੇ ਹਥੌੜੇ, ਇਹ ਵਣਾਂ ਨੂੰ ਧੂਸ ਮਾਰਦੇ ਮਰੁਤ, ਇਹ ਸੂਰਜਾਂ ਵੱਲ ਉਡਦੀਆਂ ਅਗਨੀਆਂ ਕਿਤੇ 'ਅਕਾਲ ਉਸਤਤਿ' ਦੇ ਮਹਾਂ ਕਵੀ ਦੇ ਅਰੂਪ ਬਾਣ ਨੂੰ ਨਮਸਕਾਰ ਤਾਂ ਨਹੀਂ ਕਰ ਰਹੇ ਸਨ? ਇਹ ਕੋਈ ਰੋਮਾਂਸ ਨਹੀਂ ਕਿ ਪਰਮ ਚੇਤਨਾ ਨੇ ਕਿਸੇ ਛਿਣ ਸਰਬ ਚਿਹਨ-ਚੱਕਰ ਦੀ ਪਾਤਸ਼ਾਹੀ ਦੀ ਸ਼ਕਤੀ ਦੀ ਇਕ ਨੋਕ 'ਤੇ ਚਮਕਾ ਦਿੱਤੀ ਸੀ ਅਤੇ ਜਦ ਮੁੜ ਚਿਹਨ-ਚੱਕਰਾਂ ਦਾ ਭੁਚਾਲ ਆਇਆ ਤਾਂ ਅਗਨੀਆਂ ਦੇ ਹੜ੍ਹ ਪੰਜਾਂ ਪਾਣੀਆਂ ਵੱਲ ਵੀ ਉਡ ਆਏ। ਅਨੇਕ ਸ੍ਰਿਸ਼ਟੀਆਂ ਦੇ ਪ੍ਰਾਣ-ਜਲਵੇ ਪੰਜ ਭੂਤੀ ਮਨੁੱਖੀ ਸਰੀਰ ਵਿਚ ਸਦੀਆਂ ਜਲਦੇ ਰਹੇ-ਇਸੇ ਲਈ ਸੂਫ਼ੀ ਫ਼ਕੀਰ ਸਿਪਾਹੀਆਂ ਦੀਆਂ ਕੂਕਾਂ ਇਹ ਲੰਮੀਆਂ ਜੂਹਾਂ ਦੇ ਦੇਸ ਵਿਚ ਯੁੱਗਾਂ ਤੱਕ ਉਠਦੀਆਂ ਰਹੀਆਂ। ਪੰਜ ਪਾਣੀਆਂ ਦੇ ਰਿਸ਼ੀ ਦਾ ਲਿਲਾਟ ਸੂਰਜ ਹਿੰਸਾ ਦੀਆਂ ਚਮਕਾਂ ਜੜ੍ਹ-ਪ੍ਰਕ੍ਰਿਤੀ ਤੇ ਮਾਰਦਾ ਸੀ, ਤਾਂ ਭੂਤ-ਭਵਿੱਖ-ਭਵਾਨ ਵਿਚ ਪੈਗੰਬਰਾਂ ਦੀਆਂ ਆਵਾਜ਼ਾਂ ਚਸ਼ਮਿਆਂ ਵਾਂਗ ਫੁਟ ਪੈਂਦੀਆਂ ਸਨ।

ਪੈਗੰਬਰੀ ਆਵਾਜ਼ਾਂ। ਚੇਤਨ ਤੇ ਅਮੁਕ ਪੈਂਡਿਆਂ ਦੀ ਅਮਰ ਰਵਾਨੀ ਦੇ ਨਾਲੋਂ-ਨਾਲ ਮੰਜ਼ਿਲਾਂ ਦਾ ਅਸਗਾਹ ਚੱਲ ਰਿਹਾ ਹੈ। ਅਮਰ ਰਵਾਨੀ ਭੂਤ-ਭਵਿੱਖ ਦੇ ਦਿਸਹੱਦਿਆਂ ਨੂੰ ਚਮਕਾਉਂਦੀ ਵੀ ਹੈ ਅਤੇ ਉਨ੍ਹਾਂ ਦੇ ਨੂਰ ਵਿਚ ਨੂਰ ਵੀ ਹੈ। ਜਦ ਅਮਰ ਰਵਾਨੀ ਨੂੰ ਮੰਜ਼ਿਲ ਦੇ ਅਸਗਾਹ ਹੋਣ ਦਾ ਆਵੇਸ਼ ਹੁੰਦਾ ਹੈ ਤਾਂ ਭੂਤ-ਭਵਿੱਖ-ਭਵਾਨ ਪੈਗੰਬਰੀ ਆਵਾਜ਼ਾਂ ਦਾ ਸੰਗੀਤ ਹੋ ਜਾਂਦੇ ਹਨ। ਰਿਸ਼ੀਆਂ ਦਾ ਫ਼ਰਮਾਨ ਹੈ, "ਸੋਮ ਦੇ ਵਰਦਾਨ ਨਾਲ ਚੱਲ ਪਾਣੀਆਂ ਵਿਚ ਅਚੱਲ ਸੂਰਜ ਚਮਕਦੇ ਹਨ। ਦੇਖੋ! ਸਾਗਰਾਂ ਵੱਲ ਪਾਣੀਆਂ ਦੇ ਵਹਿਣ ਇਉਂ ਚੱਲੇ ਹਨ, ਜਿਉਂ ਪੰਛੀ ਆਹਲਣਿਆਂ ਨੂੰ।" ਕਿਤੇ ਵਗਦੇ ਪਾਣੀ ਆਵੇਸ਼-ਕੂਟਾਂ ਵੱਲ ਤਾਂ ਨਹੀਂ ਉੱਡ ਚੱਲੇ? ਕਿਤੇ ਰਵਾਨੀ, ਮੰਜ਼ਿਲ, ਪਾਂਧੀ ਅਤੇ ਪਾਂਧੀ ਦੇ ਅਨੰਦ ਨੂੰ ਇਕੋ ਜਲਵੇ ਨੇ ਛੂਹ ਕੇ ਜਲਵਾ ਤਾਂ ਨਹੀਂ ਕਰ ਲਇਆ? ਮਹਾਂ ਚੇਤਨ 'ਚੋਂ ਕਿਸ ਨੂਰੀ ਰਮਜ਼ ਦਾ ਕਟਕ ਚਲ-ਚੇਤਨ ਦੀ ਸੀਮਾ ਉਤੇ ਟੁੱਟਿਆ ਹੈ? ਯਾਰੋ! ਚਾਨਣ ਦੇ ਥਰਥਰਾਉਂਦੇ ਅੰਬਰੀ ਆਸਨਾਂ ਤੋਂ ਵਗਦੇ ਪਾਣੀਆਂ (ਚਲ-ਚੇਤਨ) ਦਾ ਵਿਸਮਾਦ-ਮੂਰਛਿਤ ਕਪਾਟ ਖੁੱਲ੍ਹਿਆ ਹੈ, "ਉਹ ਸਾਗਰ ਦਲ, ਨਹੀਂ ਨਹੀਂ, ਉਹ ਤਾਂ ਸੂਰਜ ਹਨ।"

ਨਿਰ-ਪੂਰਨ ਚੇਤਨਾ ਦੇ ਅਨੇਕਾਂ ਛਿਦ੍ਰ ਆਪਣੀ ਅਲਪ ਹੋਂਦ ਦੀ 'ਅਣਹੋਂਦ' ਵੱਲ ਦੁਵਦਿਆਂ ਚੇਤਨਾ ਦਾ ਕੋਈ ਵੱਡਾ ਚਾਨਣ ਹੋ ਜਾਂਦੇ ਹਨ ਅਤੇ ਬਿਜਲੀ ਵਾਂਗ ਚਮਕਾਰ ਪਾ ਕੇ ਪੂਰਨ ਆਵੇਸ਼ ਨੂੰ ਆਪਣੀ ਅਲਪ ਹੋਂਦ ਵਿਚ ਖਿੱਚ ਲੈਂਦੇ ਹਨ। ਇਹ ਛਿਦ੍ਰ ਆਪਣੀ ਚੀਮਾ ਨਾਲ ਐਨੀ ਵਾਰ ਟਕਰਾਉਂਦੇ ਹਨ, ਕਿ ਸੂਖਮ ਦੀ ਤਰਬ ਦੇ ਸੰਗੀਤ ਨੂੰ ਅਚਾਨਕ ਛੋਹ ਲੈਂਦੇ ਹਨ, ਜਿਹੜਾ ਸਦਾ ਤੋਂ ਉਨ੍ਹਾਂ ਦੇ ਸਾਹਮਣੇ ਖਲੋਤਾ ਉਨ੍ਹਾਂ ਦਾ ਹੋ ਰਿਹਾ ਹੈ ਪਰ ਸੁਣਦੇ ਹਾਂ, ਬ੍ਰਹਮ ਦਾ ਇਹ ਅਸਗਾਹ ਚਾਨਣ ਅਲਪ ਚੇਤਨ ਦਿਆਂ ਛਿਦ੍ਰਾਂ ਦੀ ਸੂਲੀ ਉਤੇ ਮੁਸਕਰਾਉਂਦਾ ਹੈ। ਅਲਪ ਚੇਤਨ ਦੀ ਹਿੰਸਾ ਦੀ ਜੈ ਜੈ ਕਾਰ ਹੀ ਹੋ ਰਹੀ ਹੁੰਦੀ ਹੈ ਕਿ ਬ੍ਰਹਮ ਮੁਸਕਾਣ ਅਹਿੰਸਾ ਦਾ ਪ੍ਰਕਾਸ਼ ਚਾੜ੍ਹ ਦਿੰਦੀ ਹੈ। ਦੂਜੇ ਸ਼ਬਦਾਂ ਵਿਚ, ਪਰਮ ਹਿੰਸਾ ਦੀ ਅਲਪਤਾ ਨੂੰ ਕਿਸੇ ਅ-ਛਿਣ ਆਪਣੇ ਨੂਰ ਨਾਲ ਛੋਹਣ ਦੀ ਹੋਂਦ ਬਖ਼ਸ਼ਦੀ ਹੈ, ਜਾਂ ਕਹੋ ਅਨੰਤ ਅੰਤ ਤੇ ਵਿਚਕਾਰ ਕੋਈ ਅ-ਛਿਣ ਆਪਣੀ ਸੀਮਾ ਖਿੱਚਦਾ ਹੈ। ਅਸਾਂ ਬਹੁ ਵਾਰ ਰਿਗ-ਬਾਣੀ 'ਚੋਂ ਇਉਂ ਸੁਣਿਆ। ਸੂਰਜ ਊਸ਼ਾ ਦੀ ਚਮਕਾਰ ਪਈ ਤਾਂ ਵਰੁਣ ਮਿਤ੍ਰ ਲੋਹ-ਥੰਮਾਂ ਵਾਲੇ ਸਵਰਨ ਘਰ ਨੂੰ ਚੱਲੇ ਅਤੇ ਅਨੰਤ-ਅੰਤ ਦੀ ਲੀਲ੍ਹਾ ਵੇਖਣ ਲੱਗੇ।

ਚਾਨਣ ਹੋ ਸ੍ਰਿਸ਼ਟੀ ਦੇ ਗਗਨੀ
ਹੌਂਕੀ ਗਰਜੀ, ਮਾਤੀ ਅਗਨੀ॥ (ਮੰਡਲ ਪਹਿਲਾ)

(ਅਗਨੀ ਸ਼ਾਂਤੀ ਅਤੇ ਚੇਤਨਾ ਦਾ ਵਰਦਾਨ ਸੀ ਪਰ ਵਰਦਾਨ ਦੀ ਕਲਿਆਣ-ਸ਼ਕਤੀ ਆਪਣੇ ਅਭਿਸ਼ਾਪ ਦੀ ਹਿੰਸਾ ਦਾ ਹੀ ਰੂਪ ਧਾਰ ਗਈ, ਪਰ ਵਰਦਾਨ ਫਿਰ ਵੀ ਵਰਦਾਨ ਹੀ ਰਿਹਾ।)

ਰਿਸ਼ੀ ਦਾ ਇਲਹਾਮ ਹੈ ਕਿ ਦਰਿਆਵਾਂ ਦੇ ਕਿਨਾਰਿਆਂ ਨੂੰ ਤੋੜਦੇ, ਵਣਾਂ ਨੂੰ ਚੀਖ ਕੇ ਭੰਨ੍ਹਦੇ, ਅਗਨੀਆਂ, ਸੂਰਜਾਂ, ਪਾਣੀਆਂ ਅਤੇ ਅਸ਼ਵਿਨਾਂ

(ਬਾਕੀ ਅਗਲੇ ਸਫੇ 'ਤੇ)

ਦੇ ਜਨੂੰਨ ਕਿਸੇ ਸ਼ਮਨ-ਅਸਗਾਹ ਵਿਚ ਸਮਾਉਣਗੇ। ਸ਼ਕਤੀ ਦੀ ਤੀਬਰ ਲਾਲਸਾ ਦੇ ਸ਼ਰਾਬੀ ਪਹੀਆਂ ਹੇਠ ਕਿਸ ਨਿਰਮਲ ਸ਼ਾਂਤ ਅਗਨ ਦਾ ਜਾਪ ਹੋ ਰਿਹਾ ਹੈ? ਸੋਮ ਦਾ ਸੂਖਮ ਧਿਆਨ ਨੰਨ੍ਹੀ ਕਲੀ ਤੋਂ ਵੱਡ ਸੂਰਜਾਂ ਤੱਕ ਛਾਇਆ ਹੋਇਆ ਹੈ। ਬ੍ਰਹਿਮੰਡਾਂ ਦੇ ਬ੍ਰਹਿਮੰਡ ਰਵਾਨ ਹਨ, ਪਰ ਕੋਈ ਮਹਾ ਧਿਆਨੀ ਨਜ਼ਰ ਸੁਪਨਿਆਂ, ਨਸ਼ੀਲੀਆਂ ਤਰਬਾਂ, ਡੂੰਘੀਆਂ ਨੀਂਦਰਾਂ-ਗੱਲ ਕੀ, ਸ਼ਾਂਤ ਤੋਂ ਦੇਸ਼ਾਂ ਵਿਚ ਉਤਰਦੀ ਉਤਰਦੀ ਉਤਰ ਰਹੀ ਹੈ। ਰਿਸ਼ੀ ਦਾ ਬਚਨ ਹੈ ਕਿ ਬੂਟੀਆਂ, ਪਾਣੀਆਂ ਕਿਰਨਾਂ ਅਤੇ ਹਿਰਦਿਆਂ ਵਿਚ ਸੋਮ ਹੈ ਅਤੇ ਸੋਮ ਦੀ ਚਮਕਾਰ ਸ੍ਰਿਸ਼ਟੀਆਂ ਦੀ ਸਿਰਜਣਹਾਰ ਹੈ (1-91)। ਠੀਕ। ਅਗਨ-ਤੀਰ-ਤਰੰਗਾਂ ਦੇ ਭੋਜਲ ਵਿਚ ਕਿਸੇ ਅਸਗਾਹ ਦਾ ਵਡ-ਰੰਗ ਨਿਰਾਲਮ, ਅਡੋਲ ਅਤੇ ਅਭੰਗ ਸਰੂਪ ਹੈ। ਛਿਣਾਂ, ਤਰਬਾਂ, ਚਮਕਾਂ ਅਤੇ ਰੰਗਾਂ ਵਿਚ ਚੇਤਨਾ ਦਾ ਜ਼ੋਰ ਅਵਤਾਰ ਧਾਰਦਾ ਚਲਿਆ ਜਾਂਦਾ ਹੈ। ਸੋ, ਜਨੂੰਨ ਦੇ ਆਲਮ ਵਿਚ ਕੋਈ ਨਿਰਾਲਮ ਰੂਮਕ ਹੈ ਜੋ ਸ੍ਰਿਸ਼ਟੀਆਂ ਦਾ ਸ਼ਮਨ-ਅਸਗਾਹ ਹੈ। ਸਿਰਜਣਾ ਦੀ ਕਰਮ ਗਤੀ ਇਸ ਵਿਚ ਸਮਾਉਂਦੀ ਚਲੀ ਜਾਂਦੀ ਹੈ। ਮੁਕਤੀ ਅਤੇ ਨਿਰ-ਮੁਕਤੀ ਦੇ ਛਿਣ-ਸੰਗਮਾਂ ਉਤੇ ਜਨੂੰਨ ਦੀ ਚਮਕਾਰ ਪੈਂਦੀ ਹੈ ਅਤੇ ਸਿਰਜਣਾ ਦੇ ਸੰਸਾਰਾਂ ਵਿਚ ਜੈ ਜੈ ਕਾਰ ਹੁੰਦੀ ਹੈ।

ਜਦੋਂ ਨਿਰ-ਹੋਂਦ ਗੋਚਰ ਚੇਤਨ ਵਿਚ ਦ੍ਰਿਸ਼ਟਮਾਨ ਸੀ ਤਾਂ ਹੋਂਦ ਅਗੋਚਰ ਚੇਤਨ ਨਾਲ ਅਭੇਦ ਸੀ। ਜਦੋਂ ਨਿਰ-ਹੋਂਦ ਦ੍ਰਿਸ਼ਮਾਨ ਗਤੀ ਹੋ ਕੇ ਗੋਚਰ ਹੋਂਦ ਹੋ ਰਹੀ ਸੀ, ਤਾਂ ਅਗੋਚਰ ਹੋਂਦ (ਜਾਂ ਚੇਤਨ) ਵਿਚ ਗੋਚਰ ਹੋਂਦ ਦੀ ਅਭੇਦ-ਗਤੀ ਅਦ੍ਰਿਸ਼ਟ ਸੀ, ਪਰ ਅਮਰ ਸੀ! ਸੋ, ਅਮਰ ਦ੍ਰਿਸ਼ਟਤਾ ਦੇ ਛਿਣ (ਜਾਂ ਅ-ਛਿਣ) ਵਿਚ ਸਰਬ ਵਿਆਪਕ ਹੈ ਜਿਸ ਦੀ ਅਮਰ ਸ਼ਾਂਤੀ ਰਿਗਵੇਦ ਦੇ ਰਿਸ਼ੀ ਨੂੰ ਅਨਿਕ ਰੂਪਾਂ ਵਿਚ ਸੰਗੀਤਵਾਨ ਜਾਪੀ। ਸੋ, ਸਰਬ ਵਿਆਪਕ ਦੀਆਂ ਗੂੰਜਾਂ ਦੇ ਸ਼ਬਦ-ਪ੍ਰਤੀਕ (ਵਰੁਣ, ਇੰਦ੍ਰ, ਅਗਨੀ ਆਦਿ) ਮੁਕਤ ਗਿਆਨ ਦੀ ਤਰਬ ਵਿਚ ਵਾਰੋ-ਵਾਰੀ ਸਰਬ ਵਿਆਪਕ ਹੋਏ। ਕਦੇ ਇੰਦ੍ਰ ਅਗੋਚਰ ਚੇਤਨਾ ਦੇ ਦੇਸ ਵਿਚ ਉੱਗ ਕੇ ਨੂਰੋ-ਨੂਰ ਹੋਇਆ, ਕਦੇ ਮਰੁਤ-ਓਮ-ਧੁਨ ਵਿਚ ਸਮਾਏ ਅਤੇ ਕਦੇ ਓਮ, ਸੋਮ ਅਤੇ ਇੰਦ੍ਰ-ਗਰਜ ਪ੍ਰਕਿਰਤੀ ਦੇ ਚਿਹਨ-ਚੱਕਰਾਂ ਵਿਚ ਕਰੂੰਬਲਾਂ ਹੋਏ। ਸ਼ਕਤੀ ਦੇ ਭੂਚਾਲਾਂ ਵਿਚ ਅਭੇਦ ਹੋਇਆ ਇਹ ਨਿਰਲੇਪ ਕੰਵਲ! ਇਹ ਕਰਮ ਵਿਮੁਕਤ ਸ਼ਮਨ-ਅਸਗਾਹ! ਇਹ ਪਰਮ ਵਿਜੈ ਦੀ ਅਰੂਪ ਸ਼ੈਲ-ਸ੍ਰਿੰਗ! ਇਹ ਅਨੰਤ ਸੋਮ-ਅਨੰਦ 'ਜਾਪੁ ਸਾਹਿਬ' ਦੇ ਅਕਾਲ ਦੀ ਹੀ 'ਨਮੋ ਨਮੋ' ਹਨ।...ਸੰਗੀਤਵਾਨ ਬ੍ਰਹਮ ਤੋਂ ਹੇਠ ਮੂਕ ਅਨੰਤਤਾ ਦਾ ਅਮਰ ਆਵੇਸ਼ ਹੈ ਜਿਸ ਦੀ ਅਨਿਕ ਖੰਡਾਂ ਵਿਚ ਸ੍ਰਿਸ਼ਟੀ ਦੀ ਕਰਮ-ਲੀਲ੍ਹਾ ਹੋ ਰਹੀ ਹੈ। ਰਿਸ਼ੀ ਕਹਿੰਦੇ ਹਨ, "ਹੇ ਅਗਨੀ! ਤੇਰਾ ਇਕ ਪਹੀਆ, ਅਮਰ ਪਰਬਤਾਂ ਉਤੇ ਗਤੀਸ਼ੀਲ ਹੈ, ਦੂਜਾ ਅਸਮਾਨਾਂ ਵਿਚ ਘੁੰਮਦਾ ਘੁਮਾਂਦਾ ਲਿਸ਼ਕਾਂ ਮਾਰਦਾ ਹੈ (1-30) ਅਮਰ ਪਰਬਤ ਸ਼ਮਨ-ਅਸਗਾਹ ਦਾ ਇਕ ਨਿਮਾਣਾ ਜਿਹਾ ਦ੍ਰਿਸ਼ਟਾਂਤ ਹੈ। ਸ਼ਮਨ-ਅਸਗਾਹ ਦੀ ਨਿਰਲੇਪ ਅਗੋਚਰਤਾ ਵਿਚ ਗੋਚਰ ਹੋਂਦ ਦੇ ਸਜਦੇ ਹੋ ਰਹੇ ਹਨ, ਜਦੋਂਕਿ ਉਸ ਦੀ ਅਨਿਕ ਮੂੰਹੀਂ ਗਤੀ ਨਾਲ ਵਿੱਥ ਕਾਲ ਅਤੇ ਸਥਾਨ ਦੇ ਸਾਖੇਪ ਵਿਚ ਸਜੀ ਸ੍ਰਿਸ਼ਟੀ ਦਾ ਨਿਰੰਤਰ ਨਿਰਮਾਣ ਹੋ ਰਿਹਾ ਹੈ, ਏਕ ਅਨੇਕ ਸ਼ਮਨ-ਅਸਗਾਹ ਦੀਆਂ ਅਨੇਕ ਤਰਬ ਉਂਗਲਾਂ ਅਨਿਕ ਮੂੰਹੀਂ ਗਤੀ 'ਚੋਂ ਜਨਮਦੀ ਸਿਰਜਣਾ ਦੇ ਭਖਵੇਂ ਰੂਪਾਂ ਉਤੇ ਥਿਰਕ ਰਹੀਆਂ ਹਨ, ਸੀਮਾ ਦੇਸ ਵਿਚ ਅਮਰ ਦਾ ਵਰਦਾਨ ਅਮਰ ਹੈ। ਰਿਸ਼ੀਆਂ ਨੇ ਆਖਿਆ ਹੈ-ਸਭ ਸੰਸਾਰੀ ਅਤੇ ਦੈਵੀ ਜਨਮਾਂ ਵਿਚ ਅਗਨ ਗਿਆਨ ਪ੍ਰਕਾਸ਼ਦੀ ਲੰਮੇ ਸਫਰਾਂ ਉਤੇ ਪੈਂਦੀ ਹੈ। ਇਥੋਂ ਗਿਆਨ ਸੁੱਤੇ-ਜਾਗੇ ਕਰਮ ਵਿਮੁਕਤ ਬ੍ਰਹਮ ਜਾਂ ਸ਼ਮਨ-ਅਸਗਾਹ, ਅਮਰ, ਮਹਾ ਚੇਤਨ, ਸਰਬ ਵਿਆਪਕ ਆਦਿ...ਦੀ ਅਗ੍ਰਦੂਤ ਹੈ।

ਅਗੋਚਰ ਬ੍ਰਹਮ ਦੀ ਆਵੇਸ਼-ਨਿਰਲੇਪਤਾ ਵਿਚੋਂ ਸ੍ਰਿਸ਼ਟੀ ਦਾ ਅਵਤਾਰ ਹੋਇਆ। ਆਵੇਸ਼ ਪਰਮ ਅਨੰਦ ਦਾ ਇਕ ਚੋਜ ਹੈ ਅਤੇ ਚੋਜ ਦੀਆਂ ਚੇਤਨਾ-ਸੀਮਾਵਾਂ ਸ੍ਰਿਸ਼ਟੀ ਖੇਡ ਰਹੀ ਹੈ, ਭਾਵੇਂ ਇਹ ਖੇਡ ਮੁੜ ਉਸ ਨੂੰ ਸਿਰਜਣਹਾਰ ਦੇ ਦਰ 'ਤੇ ਲੈ ਜਾਂਦੀ ਹੈ। ਰਿਸ਼ੀ ਨੂੰ ਇਕ ਥਾਂ ਵਿਸ਼ਨੂੰ ਦੇ ਸ਼ਕਤੀ ਚਰਨ ਨੂੰ ਛੋਹ ਕੇ ਸ੍ਰਿਸ਼ਟੀ ਰੂਪ ਦਾ ਅਹਿਸਾਸ ਹੋਇਆ,

ਤਿੰਨ ਵਾਰ ਸੰਸਾਰਾਂ ਉਤੇ
ਵਿਸ਼ਨੂੰ ਪੈਰ ਟਿਕਾਇਆ,
ਖਾਕਾਂ ਚਰਨ ਤੇਜ ਨੂੰ ਛੂਹ ਕੇ
ਮਹਾ ਵਿਸ਼ਵ ਚਮਕਾਇਆ। (1-22)

ਸ੍ਰੀ ਕਰਮ ਵਿਮੁਕਤ ਜੀ ਕਰਮ ਦੀ ਕਲਪਨਾ ਵਿਚ ਆਏ ਹਨ ਅਤੇ ਉਨ੍ਹਾਂ ਵਿਸ਼ਨੂੰ ਦੇ ਸ਼ਕਤੀ ਚਰਨ ਦੀ ਸ਼ੀਮ ਪਰਵਾਨ ਕਰ ਲਈ ਹੈ। ਉਨ੍ਹਾਂ ਦਾ ਮਹਾ ਹੁਕਮ ਸ਼ੂਨਯ ਅਛਿਣ ਵਿਚ ਚੁਭਿਆ, ਤਾਂ ਅਨੇਕ ਛਿਣਾਂ ਦਾ ਨੂਰ ਤਰੰਗਤ ਹੋਇਆ। ਇਹ ਛਿਣ ਪਰਮਾਣੂਆਂ ਦੇ ਪਰਮਾਣੂ ਸਨ। ਸ਼ਾਇਦ ਸ੍ਰੀ ਅਨੰਤ ਦਾ ਰੂਪ ਖਾਕ ਦੇ ਜੱਰਿਆਂ ਦੇ ਬੰਧਨ ਵਿਚ ਬੈਠ ਕੇ ਅਜਿਹੀ ਨਿਰਲੇਪ ਅਰੰਗਤਾ ਧਾਰਨ ਕਰ ਗਿਆ ਜਿਸ ਦੀ ਕਲਪਨਾ ਇਸ ਸ੍ਰਿਸ਼ਟੀ ਦੇ ਪੈਗੰਬਰ ਵੀ ਨਹੀਂ ਕਰ ਸਕਦੇ। ਇਸ ਅੰਤ ਅਨੰਤ ਦੇ ਕ੍ਰਿਸ਼ਮੇ ਨੂੰ ਸ੍ਰਿਸ਼ਟੀ ਦਾ ਸਰਬ ਰਹੱਸ ਵੀ ਸੰਗੀਤਵਾਨ ਨਹੀਂ ਕਰ ਸਕਦਾ, ਬੇਸ਼ਕ ਰਿਸ਼ੀ ਇਕ ਅਕੱਥ ਦੇਸ਼ ਦੀ ਰਮਜ਼ ਵੀ ਬਣੇ,

ਹੇ ਸਾਵਿਤ੍ਰੀ! ਸੂਰਜ!...ਤੁਸੀਂ ਕਿਥੇ?
ਅੰਤ-ਅਨੰਤ ਨੇ ਜਲਵੇ,
ਹਾਂ!...ਤੁਸੀਂ ਜਿੱਥੇ?

ਬੇਸ਼ਕ ਚੇਤਨ ਸੀਮਾਵਾਂ ਵਿਚ ਰਾਜ ਰਚਾ ਰਿਹਾ ਵਿਸ਼ਵ ਇਕ ਦਿਨ ਬਿਨਸ ਜਾਵੇਗਾ ਅਤੇ ਬਿਨਸ ਜਾਣ ਦੇ ਬੰਧਨ ਵਿਚ ਹੋਣ ਕਰ ਕੇ ਕਾਲ ਅਕਾਲ ਨਹੀਂ ਹੋਵੇਗਾ, ਫਿਰ ਵੀ ਅਮਰ ਦਾ ਅਨੂਪ ਪ੍ਰਕਾਸ਼ ਜਨਮ ਚੱਕਰਾਂ ਦੇ ਸੀਮਾ ਪ੍ਰਾਂਤ ਵਿਚ ਗੁਪਤ ਵਾਸ ਕਰੇਗਾ। ਅਭਿਸ਼ਾਪ ਕਿੱਥੇ? ਵਰਦਾਨ ਤਾਂ ਨਾਲ ਹੈ!! ਵਣ-ਤ੍ਰਿਣ ਦਾ ਵੈਰਾਗ, ਸੰਗੀਤ ਆਵੇਸ਼, ਰਸਾਂ ਕਸਾਂ ਦਾ ਰਸੀਲਾ ਨਸ਼ਾ, ਪੂਰਨ ਸਿੰਘ ਦੀਆਂ ਅਣਬੋਲੀਆਂ ਕੂਕਾਂ, ਮੰਨਿਆ ਸਦਾ ਨਹੀਂ ਰਹਿਣੀਆਂ, ਪਰ ਅਗੋਚਰ ਦੀ ਬਖ਼ਸ਼ਿਸ਼ ਦਾ ਬੰਨ੍ਹਿਆ, ਬਹੁ ਰੂਪਾਂ ਵਿਚ ਵਿਚਰਦਾ, ਮੌਤ ਭੈਅ ਜਦ ਅਲਬੇਲਿਆਂ ਦੇ ਨਾਜ਼ ਤੋੜ ਘੱਤਣ, ਤਾਂ ਸਾਡੇ ਸਦੀਵੀ ਸ਼ਹਿਨਸ਼ਾਹ ਨੂੰ ਵੀ ਸੂਫੀਆਨਾ ਰੰਗ ਚੜ੍ਹਦਾ ਹੈ। ਮੌਤ-ਭੈਅ ਨੂੰ ਸ਼ਮਨ ਅਸਗਾਹ ਦੇ ਅਚੇਤ ਅਚਾਨਕ ਆਲਿੰਗਨ ਦੇ ਵਿਸਮਾਦ ਪਲ ਪਲ ਤੋੜਦੇ ਹਨ। ਇਹ ਵਿਸਮਾਦ ਇਸ ਬਿਨਸਨਹਾਰ ਸੰਸਾਰ ਦੀ ਅਕਾਲ ਚੇਤਨਾ ਹੈ, ਇਸ ਦੇ ਜੀਵਨ ਪਰਵਾਸ ਦਾ ਅਸਗਾਹ ਹੈ, ਇਸ ਦੀ ਅਮਰਤਾ ਹੈ। ਰਿਸ਼ੀ ਦੇ ਮਨ ਵਿਚ ਊਸ਼ਾ ਦੇ ਰੰਗ ਵਿਚ ਵਿਸਮਾਦ ਪ੍ਰਗਟ ਹੁੰਦਾ ਹੈ,

ਦੈਵੀ ਖੰਡ ਦੀ ਪੁਤਰੀ ਊਸ਼ਾ
ਸਹਿਜ ਅਨੰਦ ਵੇਦ ਵਿਚ ਗਮਕੇ,
ਚਮਕਾਂ ਮਾਰੇ ਯੁਗ ਯੁਗ ਅੰਦਰ
ਮਹਾ ਸਦੀਵੀ ਰੰਗ ਵਿਚ ਚਮਕੇ।
ਆਵਣ ਵਾਲੇ ਯੁਗ ਦੀਆਂ ਰਿਸ਼ਮਾਂ,
ਲੰਘਿਆਂ ਯੁਗਾਂ ਦੀਆਂ ਪ੍ਰਭਾਤਾਂ,
ਇਸ ਸੁੰਦਰੀ ਦੇ ਉਚ ਮੰਦਰ
ਸਰਵ ਸੁੰਦਰਤਾ ਰਮਕੇ। (1-124)

ਪੰਜਾਂ ਪਾਣੀਆਂ ਦੀ ਮਿੱਟੀ ਨੂੰ ਲੱਖ ਸੂਰਜਾਂ ਦੀ ਖੁਮਾਰੀ ਚੜ੍ਹੀ ਹੋਈ ਹੈ। ਪੰਜ ਭੂਤਕ ਸਰੀਰ ਦੇ ਇੰਦ੍ਰਿਆਵੀ ਸਪਰਸ਼ ਪ੍ਰਕ੍ਰਿਤੀ ਦੀਆਂ ਕੁਆਰ ਕੰਜਕਾਂ ਨੱਸ ਨੱਸ ਛੂੰਹਦੇ ਹਨ। ਰਿਸ਼ੀਆਂ ਦੇ ਕੰਠ ਵਿਚ ਮਿੱਟੀ ਦੇ ਸਵਾਦ ਡਿੰਗ ਡਿੰਗ ਮਦਹੋਸ਼ ਹੁੰਦੇ ਹਨ। ਨਾੜੀ ਨਾੜੀ ਵਿਚ ਗੁਆਚੀਆਂ ਹੋਸ਼ਾਂ ਦਾ ਤੰਦ੍ਰਾਲਸ ਧੁਪਾਂ ਸੇਕ ਰਿਹਾ ਹੈ। ਦੇਖੋ! ਮਾਸ ਦੀ ਸੁਗੰਧ ਹਨੇਰੀਆਂ ਵਾਂਗ ਹੁਲੀ ਅਤੇ ਅਨੰਤ ਦੇ ਫੁਲ ਦੀ ਸ਼ੋਖ ਜਵਾਨੀ ਬਣ ਗਈ। ਮਾਸ-ਸਪਰਸ਼ ਦੀ ਅਗਨ ਐਨੀ ਮੂੰਹ ਜ਼ੋਰ ਸੀ ਕਿ ਪੰਜਾਬੀ ਰਿਸ਼ੀ ਅਨੰਤ ਦੀ ਕਥਾ ਲਿਖਦਿਆਂ ਵੀ ਕਾਮੀ ਸਾਹਨਾਂ, ਦੁਧੈਲੀਆਂ ਗਾਵਾਂ, ਬਾਗੀ ਘੋੜਿਆਂ ਅਤੇ ਸਲੂਣੇ ਮਾਸ-ਸੁਆਦਾਂ ਦੇ ਜ਼ਿਕਰ ਤੋਂ ਬਾਜ ਨਾ ਆਏ। ਬੰਗਾਲ ਦੇ ਸ੍ਰੀ ਅਰਵਿੰਦੂ 'ਆਨ ਦਿ ਵੇਦ' ਵਿਚ ਪਦਾਰਥਕ ਲਾਲਸਾਵਾਂ ਨੂੰ ਦੈਵੀ ਚੇਤਨਾ ਦੇ ਪ੍ਰਤੀਕ ਸਿੱਧ ਕਰਦੇ ਰਹੇ, ਜਦੋਂ ਕਿ ਰਾਧਾ ਕ੍ਰਿਸ਼ਨਨ 'ਦਿ ਇੰਡੀਅਨ ਫਿਲਾਸਫੀ' ਵਿਚ ਰਿਗ ਦੇ ਸੋਮ-ਮੰਡਲ (ਨੌਵਾਂ ਮੰਡਲ) ਦੇ ਹੋਂਦ-ਨਿਰਹੋਂਦ ਦੇ ਸੰਗਮਾਂ ਉਤੇ ਹੁੰਦੇ ਅਸਗਾਹ, ਅਨੰਦ ਨੂੰ ਖਾਕੀ, ਪਿਆਲੇ ਦਾ ਚਮਤਕਾਰ ਦੱਸਦੇ ਰਹੇ। ਪਰ...ਆਓ! ਅਸੀਂ ਰਿਸ਼ੀ ਦੇ ਇਸ ਚੁਹਲ ਤੋਂ ਬਲਿਹਾਰ ਹੋਈਏ ਜਿਸ ਅਨੁਸਾਰ ਇੰਦ੍ਰਿਆਵੀ ਰਸਾਂ ਦੀ ਅਹੁੰ ਸੂਰਜਾਂ ਤੱਕ ਬਲ ਉਠਦੀ ਹੈ। ਦੈਵੀ ਚੇਤਨਾ ਅੰਗ ਰਸ ਲੈ ਕੇ ਜਦ ਪ੍ਰਕ੍ਰਿਤੀਆਂ ਨਾਲ ਰਗੜ ਖਾਂਦੀ ਹੈ, ਤਾਂ ਨਿਰੋਲ ਦੈਵੀ ਥਿਰਕਣਾਂ ਵਿਚ ਸ੍ਰਿਸ਼ਟੀ ਦੇ ਸਦੀਵੀ ਨਿਯਮ ਦਰਿਆਵਾਂ ਵਾਂਗ ਨਮ ਪੈਂਦੇ ਹਨ-ਕਾਮ ਨੇ ਆਪਣੀਆਂ ਸੁਨਹਿਰੀ ਉਂਗਲਾਂ ਮਹਾ ਦੇਵੀ ਸਾਜ਼ ਉਤੇ ਥਿਰਕਾ ਦਿੱਤੀਆਂ ਹਨ-ਮਾਇਆ ਦੇ ਚਿੱਤ੍ਰ-ਮਿਤਰੇ ਅਨੇਕ ਰੰਗਾਂ ਦੀਆਂ ਸੁਰਾਹੀਆਂ ਭਰ ਕੇ ਰਿਸ਼ੀ, ਅਨੰਤ ਨਾਲ ਹੋਲੀਆਂ ਖੇਡਣ ਲੱਗੇ।

"ਮੈਂ" ਨੂੰ ਅਨੰਤ ਨਾਲ ਡਾਢੀ ਅਪਣੱਤ ਹੋ ਗਈ। ਸਰੀਰ-ਸੀਮਾ ਤੋਂ ਮੁਕਤ ਹੋ ਕੇ ਨਜ਼ਾਰੇ ਚੱਖਣ ਦੀ ਲਾਲਸਾ, ਗਿਆਨੀ ਦੀ ਤ੍ਰਿਖਾ ਅਤੇ ਲਹੂ ਦਾ ਅਭਿਮਾਨ, ਵੱਡਿਆਂ ਸਫਰਾਂ 'ਤੇ ਚੱਲ ਪਿਆ। ਸਰੀਰ ਗੂੰਜਾਂ ਤੇ ਉਡ ਪਏ, ਫਿਰ ਡੂੰਘਾਣਾਂ ਵਿਚ ਯੁੱਗਾਂ ਸਮਾਧੀਆਂ ਲਾਉਂਦੇ ਰਹੇ। ਮੀਰੇ-ਕਾਰਵਾਨ ਗੁਆਚ ਗਿਆ, ਉਸ ਦੀ ਆਪਣੀ ਹੀ ਸੱਦ ਉਸ ਨੂੰ ਲੱਭਦੀ ਰਹੀ। "ਮੈਂ" ਨੇ ਹੁਕਮ ਦਿੱਤਾ ਕਿ ਕਾਫਲੇ "ਮੈਂ" ਨੂੰ ਖੋਜਣ ਲਈ ਅਣਜਾਣੇ ਰਾਹਾਂ ਉਤੇ ਰਵਾਨਾ ਹੋ ਜਾਣ ਅਤੇ ਸੁਤੰਤਰ ਫਕੀਰ-ਜੋਬਨ ਨੂੰ ਬੰਨ੍ਹ ਲਿਆ ਜਾਵੇ। ਫਿਰ ਰੂਹਾਂ ਝੱਲ ਖਲਾਰਿਆ ਕਿ ਇਨ੍ਹਾਂ ਬੰਦੀਵਾਨ ਫਕੀਰਾਂ ਨੂੰ ਸ਼ਹਿਨਸ਼ਾਹ ਸਜਦੇ ਕਰਨ। ਹੁਕਮ ਹੋਇਆ-ਸਿਸ਼੍ਰਟੀ ਨੂੰ ਜਿੱਤ ਕੇ ਸ਼ਕਤੀ ਜ਼ਿੰਦਗੀ ਦੀਆਂ ਸ਼ਾਨਾਂ ਰੌਸ਼ਨ ਕਰੇ।

ਜੋਬਨਵੰਤ ਸਿਫਤ ਆਗਾਸੀ
ਜੋ ਵਿਸਮਾਦ, ਧੁਨੀ ਅਬਿਨਾਸੀ
ਏਸ ਧਰਾ ਦੇ ਜੀਵਾਂ ਤਾਈਂ
ਯੁਗ-ਯੁਗ ਬਖ਼ਸ਼ ਦਿਉ ਰੰਗ-ਰਾਸੀ।

(ਮਰੁਤ ਨੰ. 1-139)

ਜ਼ਿੰਦਗੀ ਦਾ ਸੂਫੀਆਨਾ ਨਜ਼ਾਰਾ ਲੱਗਿਆ ਰਿਹਾ...ਸੋਮ ਦੇ ਮਧੁਰ ਚਸ਼ਕ ਟੁੱਟਦੇ ਰਹੇ। ਅਨੇਕ ਸੁੰਦਰਤਾ ਦੇ ਚਰਨਾਂ ਕੋਲ ਖਾਕ ਦੈਵੀ ਅਨੰਦ ਨੂੰ ਚੁੰਮਦੀ ਰਹੀ। ਦੇਖੋ ਸਿਰਜਣਾ ਸਿਰਜਣਹਾਰ ਹੋ ਕੇ ਖੇਲਦੀ ਸੀ! ਖ਼ਾਕੀ ਪਿਆਲੇ ਦੇ ਨਾਲ ਲੱਗ ਕੇ ਅਨੇਕ ਜਾਮੇ-ਜਮ ਖਾਮੋਸ਼ ਬੈਠੇ ਰਹੇ ਸਨ। ਹੋਂਦ ਅਸਗਾਹ ਨਿਰਹੋਂਦ ਨੂੰ ਤੀਬਰ ਅਨੰਦ ਨਾਲ ਛਲ ਲੈਣ ਲੱਗੇ। ਕਾਲ ਅਕਾਲ ਦੀ ਨਿਮਸਕਾਰ ਤੱਕ ਬਲਦਾ ਗਿਆ, ਅਨੰਤ ਅੰਤ ਤਕ ਖਿੱਚਿਆ ਗਿਆ। ਸਾਰੇ ਜਹਾਨ ਦਾ ਗਰੀਬ ਨਿਵਾਜ ਸੂਰਜ ਦੀਨ-ਨਿਰਬਲ ਪਲ-ਛਿਣਾਂ ਦੇ ਲਿਲਾਟ ਨੂੰ ਚੁੰਮ ਕੇ ਫਕੀਰੀ ਦਾ ਰੰਗ ਬਖ਼ਸ਼ ਗਿਆ। ਅਗੋਚਰ ਨੂੰ ਛੂਹਣ ਦਾ ਕਾਰਜ ਮੁੱਕਿਆ, ਸਿਦਕਵਾਨ ਚੇਤਨਾ ਸਿਮਰਨ ਦੇ ਅਨੰਤ ਸਜਦੇ ਵਿਚ ਵਗ ਤੁਰੀ। ਸ਼ਕਤੀ ਦੇ ਸੂਰਜ ਕੂਕੇ, "ਸਾਨੂੰ ਸਿਦਕ ਨੇ ਬੰਨ੍ਹ ਲਿਆ ਹੈ, ਅਸੀਂ ਕਿਸ ਨੂੰ ਬੰਨ੍ਹੀਏ?" ਸਜਦਾ ਕਰਦਿਆਂ ਬ੍ਰਹਮ ਨੂੰ ਸ਼ਰਧਾ ਦੇ ਸੀਸ ਨੇ ਚੁੰਮ ਲਿਆ। ਯਾਰੋ! ਇਨਕਾਰ ਦੀ ਹੋਂਦ ਮੁੱਕੀ, ਬਾਂਵਰਾ ਮਾਹੀ ਸਾਡੇ ਪਿਆਰ ਦੇ ਬੇਲਿਆਂ ਵਿਚ ਸਾਨੂੰ ਹੀ ਕੂਕਾਂ ਮਾਰ ਰਿਹਾ ਹੈ। ਕਮਾਲ ਹੈ, ਉਸ ਦੀਆਂ ਕੂਕਾਂ ਅਸੀਂ ਹਾਂ। ਇਉਂ ਜਦ ਸੋਮ ਅਨੰਦ ਖੰਡ, ਮਰੁਤ-ਨਾਦ ਦੇਸ, ਸਰਬ ਅਗਨ-ਪ੍ਰਕਾਸ਼ ਦਿਯੂਸ ਜਾਂ ਬ੍ਰਹਮ ਦੇ ਦੇਸ ਵਿਚੋਂ ਆਵੇਸ਼ ਦੀ ਕੋਈ ਚਮਕਾਰ ਸਫਰਾਂ 'ਤੇ ਤੁਰੀ ਅਲਪ ਚੇਤਨ ਵਿਚ ਖਾ ਕੇ ਪੂਰਬ ਸਾਧਨਾ ਦੇ ਪੜਾਵਾਂ ਨੂੰ ਕਲਪ ਉਠਦੀ ਸੀ,

ਅਣਥੱਕ ਗਿਆਨੀ ਉਂਗਲਾਂ ਸੂਖਮ
ਪ੍ਰਾਚੀਨ ਕਾਲਾਂ ਤੋਂ ਪੂਰਬ,
ਪਰਸਨ ਸਿਮਰਨ ਦੇ ਰੰਗ ਨੇਤਾ
ਬਾਲ ਬਾਲ ਸ਼ਕਤੀ ਦੇ ਸੂਰਜ। (1-162)

ਰਿਸ਼ੀ ਨੇ ਆਪਣੇ ਅਲਪ ਚੇਤਨ ਦੀ ਸੀਮਾ ਵੱਲ ਨਜ਼ਰ ਮਾਰੀ ਤਾਂ ਅਸੀਸ ਦੀਆਂ ਉਚੀਆਂ ਸ਼ਾਨਾਂ ਦੇ ਸਿਤਾਰੇ ਚਮਕੇ ਜਿਨ੍ਹਾਂ ਦੀ ਅਸੀਸ ਨੇ ਨਿਰਪੂਰਨ ਮਨ ਨੂੰ ਜਾ ਚੁੰਮਿਆ। ਅਸੀਸ ਤਾਂ ਚੇਤਨ ਦੀ ਕਾਲ ਦ੍ਰਿਸ਼ਟੀ ਵਿਚ ਅਮਰ ਸੀ, ਪਰ ਅਕਾਲ ਦ੍ਰਿਸ਼ਟੀ ਖੁੱਲ੍ਹਣ ਨਾਲ ਹੀ ਉਸ ਦਾ ਆਵੇਸ਼ ਹੋਇਆ। ਅਲਪ ਚੇਤਨ ਅਤੇ ਅਸੀਮ ਦੇ ਅੰਤਰਿਕਸ਼ ਵਿਚ ਨਿਰਹੋਂਦ ਦਾ ਅੰਧ ਵਿਸ਼ਾਦ ਛਾ ਜਾਂਦਾ ਹੈ ਜੋ ਹੋਂਦ ਲਈ ਵਿਸ਼ ਹੈ। ਚੇਤਨ ਆਪਣਾ ਅਖੰਡ ਰੂਪ ਭਾਲਦਾ ਹੈ ਅਤੇ ਗੁਪਤ ਸ਼ੂਨਯ ਦੀ ਚੋਭ ਨਾਲ ਵਿਲਕ ਉਠਦਾ ਹੈ। ਖੰਡਿਤ ਚੇਤਨ ਦਾ ਜਨਮ ਦਾਤਾ ਗੁਪਤ ਸ਼ੂਨਯ ਸਿਦਕ ਦੀ ਆਮਦ ਤੱਕ ਸਥਾਪਿਤ ਰਹਿੰਦਾ ਹੈ। ਸਿਦਕ ਅਲਪ ਚੇਤਨ ਨੂੰ ਵਰਦਾਨ ਹੈ-ਤੇਰੇ ਵਿਚ ਅਸੀਮ ਹੈ। ਸਿਦਕ ਦੀ ਆਮਦ ਸਿਰਜਣਾ ਦੀ ਖੁਮਾਰੀ ਨਾਲ ਅਲਪ ਚੇਤਨ ਵਿਚੋਂ ਨਿਰਹੋਂਦ ਦੇ ਅੰਧ ਵਿਸ਼ਾਦ ਨੂੰ ਛੱਲਾਂ ਮਾਰ ਕੇ ਰੋੜ੍ਹ ਲਿਜਾਂਦੀ ਹੈ। ਰਿਸ਼ੀ ਦੇ ਸਿਦਕ ਦੀ ਆਮਦ ਨੂੰ ਅਮਰ ਰਵਾਨੀ, ਰੰਗੀਨ ਉਡਾਦ ਅਤੇ ਸ਼ਮਨ ਅਸਗਾਹ ਦਾ ਬਜਦ ਨ੍ਰਿਤ ਕਲਪਿਆ, "ਸੱਤ ਲੰਮੀਆਂ ਛੱਨਾ ਨਦੀਆਂ ਸੱਤ-ਸੱਤ ਮੋਰਨੀਆਂ ਦੀਆਂ ਤਿੰਨ ਡਾਰਾਂ ਕਾਂਟਿਆਂ ਦੀ ਵਿਸ਼ ਇਉਂ ਰੋੜ੍ਹ ਕੇ ਲੈ ਜਾਣ, ਜਿਉਂ ਪਾਣੀ ਨੂੰ ਕੁਆਰੀਆਂ ਘੜਿਆਂ ਵਿਚ ਭਰ ਕੇ ਲੈ ਜਾਂਦੀਆਂ ਹਨ।" (1-191) ਸੋ, ਨਿਰ ਚੇਤਨ ਦੀਆਂ ਕੰਦ੍ਰਾਵਾਂ ਜਿਨ੍ਹਾਂ ਵੱਲ ਉਡਦਿਆਂ ਅਭਿਸ਼ਾਪ ਦਾ ਆਕਰਮਣ ਵੀ ਹਿੰਸਾ ਚਮਕ ਨਹੀਂ ਬਣਿਆ ਅਤੇ ਰੌਦ੍ਰ ਰਾਣੀ ਪੱਥਰਾ ਗਈ, ਉਹ ਇਕਲਾਪੀਆਂ ਕੰਦ੍ਰਾਵਾਂ ਵੀ ਸਦੀਵੀ ਰੂਪ ਵਿਚ ਵਣ ਤ੍ਰਿਣ ਦੀ ਸੁੰਦਰਤਾ ਤੋਂ ਬਾਂਝ ਕਾਲੇ ਹਨੇਰ ਦੇ ਤ੍ਰਿਸਕਾਰ ਵਿਚ ਨਹੀਂ ਡੁੱਬੀਆਂ ਹੋਈਆਂ। ਮਹਾ ਕਵੀ ਸਿਰਜਣਹਾਰ ਦਾ ਵਰਦਾਨ ਤਾਂ ਅਮਰ ਹੈ, ਉਹ ਅਮਰ ਤਾਂ ਬਿਨਸਨਹਾਰ ਵਿਚ ਬਿਨਸ ਗਿਆ ਹੈ-ਫਿਰ ਕੌਣ, ਮੋਇਆ...ਜ਼ਰਾ ਧਿਆਨ ਧਰੋ, ਕਣੀਆਂ ਵਿਚ ਵਰੁਣ ਤੇ ਮਿਤ੍ਰ ਹਿਮਰਨ/ਜਾਂ ਸਿਮਰਨ ਰੂਪ ਹੋ ਕੇ ਉਤਰ ਆਏ ਹਨ; ਧਰਤੀ ਉਤੇ ਪੌਣ, ਪਾਣੀ, ਅਗਨੀ ਆਪਣੀਆਂ ਸੁਹਣੀਆਂ ਅਲਕਾਂ ਲਮਕਾ ਕੇ ਉਸ ਦੇ ਹਰ ਰੂਪ ਨੂੰ ਅਨੂਪ ਪਾਵਨਤਾ ਛੁਹਾ ਰਹੇ ਹਨ। (1-164)। ਵਿਸਮਾਦ ਹੋ ਕੇ ਨਿਰਪੂਰਨ ਮਨ ਆਖਦਾ ਹੈ-ਨਿਰਪੂਰਨ ਲਈ ਪੂਰਨ ਤਪੱਸਿਆ ਕਰ ਰਿਹਾ ਹੈ। ਸਿਦਕ ਨੂੰ ਗੁਮਾਨ ਹੋਇਆ, "ਅਲਪ ਚੇਤਨ ਦੀ ਸੀਮਾ ਵਿਚ ਅਸੀਮ ਹੈ। "ਮੈਂ" ਦੂਰ ਸਫਰ ਕਰ ਰਹੀ ਹੈ-ਉਸ ਦੀ ਗਿਆਨ ਗਤੀ ਵਿਚ ਪੂਰਨ ਸਿਦਕ ਦੇ ਸੂਰਜਾਂ ਦਾ ਸਜਦਾ "ਮੈਂ" ਦੇ ਚਰਨਾਂ ਵਿਚ ਚਮਕ ਰਿਹਾ ਹੈ। ਜਾਗ! ਮੇਰੀ ਸ਼ਕਤੀ! ਜਾਗ!...ਮੈਂ ਉਸ ਮਾਂ-ਮੈਂ ਕੋਲ ਜਾ ਕੇ ਅਮਰ ਹੋ ਜਾਵਾਂ।

ਜਿਸ ਪਾਂਧੀ ਅਕਾਲ ਸਿਤਾਰੇ
ਮੈਂ ਲਈ ਚਾਨਣ ਚੁੱਕੇ ਭਾਰੇ,
ਉਸ ਮਹਾ ਸੂਰ ਦੇ ਗਗਨੀ,
ਲੈ ਚੱਲ ਲੈ ਚੱਲ ਮੈਨੂੰ ਅਗਨੀ।

(ਦਸਵਾਂ ਮੰਡਲ)

## ਪ੍ਰਤੀਕਰਮ

# ਡਾ. ਗੁਰਨਾਮ ਕੌਰ ਦੀਆਂ ਟਿੱਪਣੀਆਂ ਬਾਬਤ

'ਪੰਜਾਬ ਟਾਈਮਜ਼' ਦੇ 10 ਨਵੰਬਰ ਦੇ ਅੰਕ ਵਿਚ ਭੈਣ ਗੁਰਨਾਮ ਕੌਰ ਦੀਆਂ ਮੇਰੇ ਬਾਰੇ ਲਿਖੀਆਂ ਕੁੱਝ ਟਿੱਪਣੀਆਂ ਪੜ੍ਹੀਆਂ। ਕੁੱਝ ਪੁਰਾਣੀਆਂ ਗੱਲਾਂ ਯਾਦ ਆਈਆਂ। ਜਿਸ ਵਿਦਵਾਨ ਦੀ ਇਕ ਪੰਕਤੀ ਹਿੰਦੂਆਂ ਦੇ ਹੱਕ ਵਿਚ ਲਿਖਣ ਕਾਰਨ ਵਿਵਾਦ ਪੈਦਾ ਹੋਇਆ ਸੀ, ਉਹ ਡਾ. ਬਲਕਾਰ ਸਿੰਘ ਹਨ। ਇਹ ਘਟਨਾ 30 ਕੁ ਸਾਲ ਪਹਿਲਾਂ, 1981-82 ਦੀ ਹੈ। ਉਦੋਂ ਮੈਂ ਗੁਰਮਤਿ ਕਾਲਜ 'ਚੋਂ ਪੜ੍ਹਾਈ ਖਤਮ ਕਰ ਚੁੱਕਾ ਸਾਂ ਪਰ ਕਾਲਜ ਦੇ ਹੋਸਟਲ ਵਿਚ ਮੇਰਾ ਜਾਣ-ਆਉਣ ਸੀ। ਸ. ਕਰਮਜੀਤ ਸਿੰਘ (ਪੰਜਾਬੀ ਟ੍ਰਿਬਿਊਨ) ਤੇ ਮਾਸਟਰ ਸੁਖਬੀਰ ਸਿੰਘ ਸਾਡੇ ਹੋਸਟਲ ਵਿਚ ਆਏ ਤੇ ਡਾ. ਬਲਕਾਰ ਸਿੰਘ ਵੱਲੋਂ ਲਿਖੀ ਕਿਤਾਬ 'ਹਿੰਦ ਦੀ ਚਾਦਰ' ਸਾਨੂੰ ਦੇ ਕੇ ਪੜ੍ਹਨ ਲਈ ਕਿਹਾ। ਉਨ੍ਹਾਂ ਨੇ ਕੁੱਝ ਥਾਂਵਾਂ 'ਤੇ ਨਿਸ਼ਾਨੀਆਂ ਵੀ ਲਾਈਆਂ ਹੋਈਆਂ ਸਨ। ਇਨ੍ਹਾਂ ਪੰਕਤੀਆਂ ਤੋਂ ਇਉਂ ਪ੍ਰਤੀਤ ਹੁੰਦਾ ਸੀ ਕਿ ਗੁਰੂ ਤੇਗ ਬਹਾਦਰ ਨੇ ਸ਼ਹਾਦਤ ਕਿਉਂਕਿ ਹਿੰਦੂ ਧਰਮ ਨੂੰ ਬਚਾਉਣ ਲਈ ਦਿੱਤੀ ਸੀ, ਇਸ ਕਰਕੇ ਸਿੱਖ ਨੌਜਵਾਨ ਮੋਟਰਸਾਈਕਲ ਸਵਾਰਾਂ ਵੱਲੋਂ ਗੋਲੀਆਂ ਚਲਾ ਕੇ ਬੇਗੁਨਾਹ ਹਿੰਦੂਆਂ ਨੂੰ ਮਾਰਨ ਦੀ ਕੋਈ ਤੁਕ ਨਹੀਂ। ਇਕ ਵਾਕ ਕੁਝ ਇਸ ਤਰ੍ਹਾਂ ਦਾ ਸੀ, "ਜੋ ਲੋਕ ਅਜਿਹੇ ਰਾਹ ਪਏ ਹੋਏ ਹਨ, ਉਨ੍ਹਾਂ ਨੂੰ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਸਬਕ ਸਿਖਣਾ ਚਾਹੀਦਾ ਹੈ।"

ਕਿਰਪਾ ਕਰਕੇ ਇਹ ਪੰਕਤੀਆਂ ਬਚਿਤ੍ਰ ਨਾਟਕ ਵਿਚੋਂ ਪੜ੍ਹੋ,

ਤਿਲਕ ਜੰਞੂ ਰਾਖਾ ਪ੍ਰਭ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।
ਧਰਮ ਹੇਤੁ ਸੀਸ ਜਿਨ ਦੀਆ।
ਸੀਸ ਦੀਆ ਪਰ ਸਿਰਰ ਨ ਦੀਆ।

ਦਸਮ ਪਾਤਸ਼ਾਹ ਦੀਆਂ ਉਕਤ ਪੰਕਤੀਆਂ ਦਾ ਅਰਥ ਇਹ ਹੈ ਕਿ ਤਿਲਕ ਅਤੇ ਜਨੇਊ ਦੀ ਰਾਖੀ ਕਰਨ ਵਾਲਾ ਪਰਮੇਸਰ ਆਪ ਹੈ। ਗੁਰੂ ਤੇਗ ਬਹਾਦਰ ਸਾਹਿਬ ਨੇ ਧਰਮ ਹੇਤੁ ਸੀਸ ਦਿੱਤਾ। ਇਥੇ ਧਰਮ ਲਫਜ਼ ਦਾ ਅਰਥ ਹੈ ਸ਼ਰਣ ਆਏ ਦੀ ਫਰਿਆਦ ਸੁਣਨਾ।

ਜੇ ਕਿਤੇ ਗੁਰੂ ਕਾਲ ਵਿਚ ਭਾਰਤ ਇਸਲਾਮਿਕ ਸਟੇਟ ਦੀ ਥਾਂ ਹਿੰਦੂ ਸਟੇਟ ਹੁੰਦਾ ਤੇ ਮੁਸਲਮਾਨ, ਹਿੰਦੂ ਸਟੇਟ ਵਿਰੁਧ ਕੋਈ ਫਰਿਆਦ ਲੈ ਕੇ ਗੁਰੂ ਮਹਾਰਾਜ ਪਾਸ ਆਉਂਦੇ ਤਦ ਗੁਰੂ ਜੀ ਨੇ ਮੁਸਲਮਾਨਾਂ ਦੇ ਹਿਤ ਸੁਰੱਖਿਅਤ ਰੱਖਣ ਵਾਸਤੇ ਕੁਰਬਾਨੀ ਦੇ ਦੇਣੀ ਸੀ। ਮੈਂ ਉਨ੍ਹਾਂ ਸਿੱਖ ਪ੍ਰਚਾਰਕਾਂ ਨਾਲ ਸਹਿਮਤ ਨਹੀਂ ਜਿਹੜੇ ਉਚੇ ਸੁਰਾਂ ਵਿਚ ਮਾਈਕ ਤੋਂ ਐਲਾਨ ਕਰਦੇ ਹਨ, "ਗੁਰੂ ਤੇਗ ਬਹਾਦਰ ਸਾਹਿਬ ਉਹ ਪਹਿਲੇ ਪੈਗੰਬਰ ਹਨ ਜਿਨ੍ਹਾਂ ਨੇ ਦੂਜੇ ਧਰਮ ਵਾਸਤੇ ਸ਼ਹਾਦਤ ਦਿਤੀ।" ਗੁਰੂ ਮਹਾਰਾਜ ਵਾਸਤੇ ਹਿੰਦੂ ਦੂਜੇ ਤੇ ਮੁਸਲਮਾਨ ਤੀਜੇ ਨਹੀਂ ਸਨ। ਸਾਰਾ ਸੰਸਾਰ ਉਨ੍ਹਾਂ ਦਾ ਪਰਿਵਾਰ ਸੀ। ਤਲਵੰਡੀ ਪਿੰਡ ਵਿਚੋਂ ਮਾਪਿਆਂ ਨੇ ਭਾਈ ਮਰਦਾਨਾ ਜੀ ਨੂੰ ਸੁਲਤਾਨਪੁਰ ਸੁਨੇਹਾ ਦੇ ਕੇ ਭੇਜਿਆ ਕਿ (ਗੁਰੂ) ਨਾਨਕ ਨੂੰ ਕਹੋ, ਪਰਿਵਾਰ ਯਾਦ ਕਰਦਾ ਹੈ, ਮਿਲ ਜਾਣ। ਸੁਨੇਹਾ ਸੁਣ ਕੇ ਮਹਾਰਾਜ ਨੇ ਫੁਰਮਾਇਆ, "ਭਾਈ ਚੰਗਾ ਹੋਇਆ ਤੁਸੀਂ ਆ ਗਏ। ਆਪਣਾ ਪਰਿਵਾਰ ਬੜਾ ਵੱਡਾ ਹੈ ਤੇ ਮਿਲਣਾ ਜਰੂਰੀ ਹੈ। ਚਲੋ ਆਪਾਂ ਸੰਸਾਰ ਨੂੰ ਮਿਲਣ ਚੱਲੀਏ।"

ਗੁਰਨਾਮ ਕੌਰ ਭੈਣ ਦੀਆਂ ਟਿੱਪਣੀਆਂ ਚੰਗੀਆਂ ਲੱਗੀਆਂ ਕਿਉਂਕਿ ਉਨ੍ਹਾਂ ਨੇ ਇਕ ਪੁਰਾਣੀ ਕਹਾਣੀ ਯਾਦ ਕਰਵਾ ਦਿਤੀ। ਪਾਠਕਾਂ ਦੀ ਦਿਲਚਸਪੀ ਵਾਸਤੇ ਉਹ ਪ੍ਰਸੰਗ ਲਿਖਣਾ ਠੀਕ ਰਹੇਗਾ। ਗੁਰਮਤਿ ਕਾਲਜ ਵਿਚ ਪੁਰਾਣੇ ਵਿਦਿਆਰਥੀਆਂ ਦਾ ਪਟਿਆਲੇ ਇੱਕਠ ਸੱਦਿਆ ਗਿਆ ਸੀ। ਕਰਮਜੀਤ ਸਿੰਘ ਅਤੇ ਸੁਖਬੀਰ ਸਿੰਘ (ਹੈਡਮਾਸਟਰ, 'ਗੁਰੁਦੀਪਕੁ' ਪਰਚੇ ਦੇ ਸੰਪਾਦਕ) ਗੁਰਮਤਿ ਕਾਲਜ ਦੇ ਪੁਰਾਣੇ ਵਿਦਿਆਰਥੀ ਹਨ। ਇਹ ਦੋਵੇਂ ਹਫਤਾ ਪਹਿਲਾਂ ਡਾ. ਬਲਕਾਰ ਸਿੰਘ ਦੀ ਕਿਤਾਬ ਦੇ ਕੇ ਗਏ ਸਨ। ਸੌ ਕੁ ਪੰਨਿਆਂ ਦੀ ਇਹ ਕਿਤਾਬ ਸਾਰੇ ਵਿਦਿਆਰਥੀਆਂ ਨੇ ਪੜ੍ਹ ਲਈ। ਇਹ ਦੋਵੇਂ ਗੁਰਦਿਆਲ ਬਲ ਦੇ ਨਿੱਘੇ ਮਿੱਤਰ ਸਨ। ਹੈਡਮਾਸਟਰ ਸੁਖਬੀਰ ਸਿੰਘ ਨੂੰ ਡਾ. ਬਲਕਾਰ ਸਿੰਘ ਦੀ ਪੁਸਤਕ ਵਿਚੋਂ ਸਿੱਖੀ ਦੇ ਵੇਦਾਂਤੀਕਰਨ ਦੀ ਜਿਹੜੀ ਕੋਸ਼ਿਸ਼ ਨਜ਼ਰ ਆਈ ਸੋ ਆਈ, ਉਸ ਦਾ ਇਹ ਪੱਕਾ ਵਿਸ਼ਵਾਸ ਸੀ ਕਿ ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ ਦੇ ਸਿੱਖ ਧਰਮ ਅਧਿਐਨ ਨਾਲ ਸਬੰਧਤ ਵਿਭਾਗ ਕੇਂਦਰ ਦੀ ਹਿੰਦੂ ਸਰਕਾਰ ਦੀ ਬਾਕਾਇਦਾ ਸਾਜ਼ਿਸ਼ ਤਹਿਤ ਸਿੱਖ ਧਰਮ ਦੇ ਵੇਦਾਂਤੀਕਰਨ ਵਿਚ ਰੁੱਝੇ ਹੋਏ ਸਨ। ਵੇਦਾਂਤੀਕਰਨ ਦੀ ਸਾਜ਼ਿਸ਼ ਵਿਰੁਧ ਮੁਹਿੰਮ ਦੀ ਸ਼ੁਰੂਆਤ ਉਹ ਡਾ. ਬਲਕਾਰ ਸਿੰਘ ਦੀ ਪੁਸਤਕ ਖਿਲਾਫ ਮੋਰਚਾ ਖੋਲ੍ਹ ਕੇ ਸ਼ੁਰੂ ਕਰਨਾ ਚਾਹੁੰਦੇ ਸਨ। ਸਿਤਮ ਦੀ ਹੱਦ ਦੇਖੋ, ਹੈਡਮਾਸਟਰ ਸਾਹਿਬ ਨੇ ਇਸੇ ਉਦੇਸ਼ ਤਹਿਤ ਆਪਣੇ ਤੇਜਪੂਜਕਾਂ ਦੇ ਦੇਸ਼ ਵਿਚ 'ਤੇਜਪੂਜਕ ਗੁਰੂ ਖਾਲਸਾ ਪੰਥ' ਨਾਂ ਦੀ ਜੋ ਪੁਸਤਕ ਉਦੋਂ ਚਾਰ ਕੁ ਸਾਲ ਪਹਿਲਾਂ (ਜਨਵਰੀ 1986 ਵਿਚ) ਲਿਖੀ ਸੀ, ਉਸ ਦੀ 12 ਸਫਿਆਂ ਦੀ ਲੰਮੀ ਭੂਮਿਕਾ ਡਾ. ਬਲਕਾਰ ਸਿੰਘ ਕੋਲੋਂ ਲਿਖਵਾਈ ਸੀ। ਡਾ. ਬਲਕਾਰ ਸਿੰਘ ਨੇ ਮੈਨੂੰ ਦੋ ਕੁ ਸਾਲ ਪਹਿਲਾਂ ਦੱਸਿਆ ਸੀ ਕਿ ਉਹ ਭੂਮਿਕਾ ਬਲ ਨੇ ਮੇਰੇ ਕੋਲੋਂ ਪੂਰੀ ਸਿਫਾਰਸ਼ ਕਰ ਕੇ ਲਿਖਵਾਈ ਸੀ। ਹੈਡਮਾਸਟਰ ਜੀ ਇਹ ਕਿਤਾਬ ਬਲ, ਯਾਨਿ ਗੁਰਨਾਮ ਕੌਰ ਦੇ ਘਰੋਂ ਹੀ ਲੈ ਕੇ ਆਏ ਸਨ। ਡਾ. ਬਲਕਾਰ ਸਿੰਘ ਨੇ ਇਹ ਕਿਤਾਬ ਗੁਰਨਾਮ ਕੌਰ ਨੂੰ ਸੁਗਾਤ ਵਜੋਂ ਦਸਤਖਤ ਕਰਕੇ ਭੇਟ ਕੀਤੀ ਹੋਈ ਸੀ।

ਗੁਰਮਤੀਆਂ ਦੇ ਇਸ ਇੱਕਠ ਵਿਚ ਡਾ. ਬਲਕਾਰ ਸਿੰਘ ਨੇ ਪਰਚਾ ਪੜ੍ਹਨਾ ਸੀ। ਜਦੋਂ ਉਨ੍ਹਾਂ ਨੇ ਪਰਚਾ ਪੜ੍ਹਨਾ ਸ਼ੁਰੂ ਕੀਤਾ ਤਾਂ ਸਰੋਤਿਆਂ ਵਿਚੋਂ ਕੁਝ ਜੁਆਨ ਉਠ ਕੇ ਰੌਲਾ ਪਾਉਣ ਲੱਗੇ ਕਿ ਬਲਕਾਰ ਸਿੰਘ ਨੇ ਆਪਣੀ ਕਿਤਾਬ ਵਿਚ ਜੋ ਕੁਝ ਲਿਖਿਆ ਹੈ, ਉਸ ਕਾਰਨ ਉਹ ਇਸ ਸਟੇਜ ਤੋਂ ਬੋਲਣ ਦੇ ਹੱਕਦਾਰ ਨਹੀਂ। ਬਲਕਾਰ ਸਿੰਘ ਨੇ ਕਿਹਾ, "ਮੈਨੂੰ ਉਹ ਪ੍ਰਸੰਗ ਪੜ੍ਹ ਕੇ ਸੁਣਾਉ ਜੋ ਇਤਰਾਜ਼ਯੋਗ ਹੈ।" ਇਕ ਵਿਦਿਆਰਥੀ ਨੇ ਕਿਤਾਬ ਦੇ ਅਖੀਰ ਵਿਚ ਨਿਸ਼ਾਨੀ ਲਾਈਆਂ ਹੋਈਆਂ ਦੋ ਪੰਕਤੀਆਂ ਪੜ੍ਹ ਕੇ ਸੁਣਾ ਦਿੱਤੀਆਂ। ਖਾਲਸਾ ਕਾਲਜ ਅੰਮ੍ਰਿਤਸਰ ਦੇ ਉਦੋਂ ਲੈਕਚਰਰ ਸੂਬਾ ਸਿੰਘ ਇਸ ਸੈਸ਼ਨ ਦੀ ਪ੍ਰਧਾਨਗੀ ਕਰ ਰਹੇ ਸਨ। ਉਨ੍ਹਾਂ ਨੇ ਪ੍ਰਧਾਨ ਦੀ ਹੈਸੀਅਤ ਵਿਚ ਮਾਈਕ ਅੱਗੇ ਜਾ ਕੇ ਐਲਾਨ ਕਰ ਦਿਤਾ, "ਬਲਕਾਰ ਸਿੰਘ ਇਸ ਕਾਨਫਰੰਸ ਵਿਚ ਪੇਪਰ ਪੜ੍ਹੇ, ਇਹ ਯੋਗ ਨਹੀਂ। ਉਨ੍ਹਾਂ ਨੂੰ ਚਲੇ ਜਾਣਾ ਚਾਹੀਦਾ ਹੈ।" ਡਾ. ਬਲਕਾਰ ਸਿੰਘ ਚੁੱਪਚਾਪ ਉਠ ਕੇ ਚਲੇ ਗਏ ਅਤੇ ਉਨ੍ਹਾਂ ਨੂੰ ਹੈਡਮਾਸਟਰ ਅਤੇ ਕਰਮਜੀਤ ਸਿੰਘ ਵੱਲੋਂ ਕਰਵਾਏ ਗਏ ਇਸ ਨਾਟਕ ਪਿੱਛੇ ਮੇਰਾ ਹੱਥ ਹੋਣ ਦਾ ਸ਼ੱਕ ਹੋ ਗਿਆ।

ਵੀਹ ਸਾਲ ਮੈਂ ਅਤੇ ਸੁਖਦਿਆਲ ਸਿੰਘ ਡਾ. ਬਲਕਾਰ ਸਿੰਘ ਨਾਲ ਨਹੀਂ ਬੋਲੇ। ਅਸੀਂ ਦੋਵੇਂ ਯੂਨੀਵਰਸਿਟੀ ਵਿਚ ਲੈਕਚਰਾਰ ਨਿਯੁਕਤ ਹੋ ਗਏ। ਸਾਡੀ ਡਾ. ਬਲਕਾਰ ਸਿੰਘ ਨਾਲ ਫੈਕਲਟੀ ਸਾਂਝੀ ਹੋਣ ਕਰਕੇ ਅਕਸਰ ਉਨ੍ਹਾਂ ਨਾਲ ਵਿਭਾਗੀ ਮੀਟਿੰਗਾਂ ਕਰਨੀਆਂ ਪੈਂਦੀਆਂ। ਇਕ ਦਿਨ ਮੈਂ ਉਨ੍ਹਾਂ ਦੇ ਦਫਤਰ ਚਲਾ ਗਿਆ ਤੇ ਉਨ੍ਹਾਂ ਨੂੰ ਫਤਿਹ ਬੁਲਾ ਦਿਤੀ। ਉਨ੍ਹਾਂ ਨੇ ਚਾਹ ਮੰਗਵਾ ਲਈ। ਮੈਂ ਕਿਹਾ, "ਪ੍ਰੋਫੈਸਰ ਸਾਹਿਬ ਵਿਚਾਰਾਂ ਦਾ ਜਵਾਬ ਵਿਚਾਰਾਂ ਨਾਲ ਦੇਣਾ ਚਾਹੀਦਾ ਸੀ। ਉਦੋਂ ਵੀ ਹੁਣ ਵੀ, ਮੈਂ ਤੁਹਾਡੇ ਨਾਲ ਕਈ ਮੁੱਦਿਆਂ ਉਪਰ ਸਹਿਮਤ ਨਹੀਂ, ਪਰ ਤਾਂ ਵੀ ਇਸ ਅਸਹਿਮਤੀ ਕਾਰਨ ਦੁਸ਼ਮਣੀ ਨਹੀਂ ਪੈਣੀ ਚਾਹੀਦੀ ਸੀ।" ਉਹ ਉਮਰ ਵਿਚ ਮੇਰੇ ਤੋਂ ਵੱਡੇ ਹਨ, ਉਨ੍ਹਾਂ ਨੇ ਕਿਹਾ, ਚਲ ਪੰਨੂ ਜੋ ਹੋ ਗਿਆ ਸੋ ਹੋ ਗਿਆ, ਮੇਰੇ ਮਨ ਵਿਚ ਤੇਰੇ ਲਈ ਪਿਆਰ ਹੈ। ਮੈਂ ਸੁਖਦਿਆਲ ਕੋਲ ਗਿਆ ਤੇ ਕਿਹਾ, ਚੰਗਾ ਨਾ ਹੋਵੇ ਜੇ ਬਲਕਾਰ ਸਿੰਘ ਨਾਲ ਹੈਲੋ ਹੋ ਜਾਵੇ? ਉਹ ਕਹਿਣ ਲੱਗਾ, ਮੈਂ ਤਾਂ ਨੀਂ ਉਸ ਕੋਲ ਜਾਂਦਾ। ਮੈਂ ਕਿਹਾ, ਜੇ ਉਹ ਤੇਰੇ ਕੋਲ ਆ ਜਾਣ? ਸੁਖਦਿਆਲ ਨੇ ਕਿਹਾ,

*(ਬਾਕੀ ਸਫਾ 33 ਉਤੇ)*

# ਭਾਰਤ ਦਾ ਮਾਣ-ਪਹਿਲਵਾਨ ਬੁੱਧ ਸਿੰਘ




ਖੇਡ ਸੰਸਾਰ

ਇਕਬਾਲ ਜੱਬੋਵਾਲੀਆ
ਫੋਨ:917-375-6395

ਸੰਜੇ ਗਾਂਧੀ ਦੀ ਮੌਤ ਤੋਂ ਬਾਅਦ 1981 'ਚ ਦਿੱਲੀ ਫੈਡਰੇਸ਼ਨ ਵਾਲਿਆਂ ਨੇ ਉਹਦੀ ਯਾਦ ਵਿਚ ਕੁਸ਼ਤੀਆਂ ਕਰਾਈਆਂ। ਇਨ੍ਹਾਂ ਕੁਸ਼ਤੀਆਂ ਵਿਚ ਭਾਰਤ ਦੇ ਨਾਮਵਰ ਪਹਿਲਵਾਨਾਂ ਨੇ ਹਿੱਸਾ ਲੈਣਾ ਸੀ। ਬੁੱਧ ਸਿੰਘ ਦਾ ਨਾਂ ਉਸ ਵੇਲੇ ਧਰੂ ਤਾਰੇ ਵਾਂਗ ਚਮਕ ਰਿਹਾ ਸੀ। 'ਦਿੱਲੀ-ਕੁਮਾਰ' ਖਿਤਾਬ ਜੇਤੂ ਅਤੇ ਨੈਸ਼ਨਲ ਚੈਂਪੀਅਨ ਜੈ ਪ੍ਰਕਾਸ਼ ਨਾਲ ਇਹ ਕੁਸ਼ਤੀ ਹੋਣੀ ਸੀ। ਦਿੱਲੀ 'ਚ ਰਹਿੰਦੇ ਹੋਰ ਨਾਮੀ ਪਹਿਲਵਾਨ ਇਸ ਕੁਸ਼ਤੀ ਤੋਂ ਆਨਾ-ਕਾਨੀ ਕਰ ਗਏ। ਫਿਰ ਬੁੱਧੂ ਨਿੱਤਰਿਆ ਮੈਦਾਨ ਵਿਚ। ਜੈ ਪ੍ਰਕਾਸ਼ ਨਾਲ ਕੁਸ਼ਤੀ ਵਿਚ ਉਹਨੂੰ ਹਰਾ ਕੇ ਬੁੱਧੂ ਨੇ 'ਸੰਜੇ ਗਾਂਧੀ' ਟਰਾਫੀ 'ਤੇ ਕਬਜ਼ਾ ਕੀਤਾ। ਜਿੱਤ ਦੀ ਇਸ ਖੁਸ਼ੀ ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਬੁੱਧ ਸਿੰਘ ਨੂੰ ਘਰ ਖਾਣੇ 'ਤੇ ਬੁਲਾਇਆ। ਰਾਜੀਵ ਗਾਂਧੀ ਵੀ ਖਾਣੇ 'ਚ ਸ਼ਾਮਲ ਸੀ। ਰਾਜੀਵ ਨੇ ਬੁੱਧ ਸਿੰਘ 'ਤੇ ਬਹੁਤ ਮਾਣ ਮਹਿਸੂਸ ਕੀਤਾ। ਇਹ ਦਾਅਵਤ ਤੇ ਸਨਮਾਨ ਬੁੱਧ ਸਿੰਘ ਲਈ ਬੜੇ ਫਖਰ ਵਾਲੀ ਗੱਲ ਸੀ। ਭਾਰਤੀ ਪਹਿਲਵਾਨੀ ਵਿਚ ਇਹ ਇਕ ਵੱਖਰੀ ਛਾਪ ਸੀ। ਚੰਦਗੀ ਰਾਮ ਦੇ ਅਖਾੜੇ ਵਿਚ ਜਾਣ ਤੋਂ ਬਾਅਦ ਬੁੱਧ ਸਿੰਘ ਨੇ ਪਹਿਲਵਾਨੀ ਦੀ ਦੁਨੀਆਂ 'ਚ ਪੂਰੀ ਤਰਥੱਲੀ ਮਚਾਈ।

ਬੁੱਧ ਸਿੰਘ ਨੇ ਸੱਤਵੀਂ 'ਚ ਪੜ੍ਹਦੇ ਨੇ ਕੁਸ਼ਤੀ 'ਚ ਮੱਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। 14 ਸਾਲ ਦੀ ਉਮਰ ਤੋਂ ਲੈ ਕੇ ਹਾਈ ਸਕੂਲ ਤੋਂ ਯੂਨੀਵਰਸਿਟੀ ਤੱਕ ਗੋਲਡ-ਮੈਡਲ ਜਿੱਤੇ। ਸੰਨ '81 ਤੱਕ ਵੱਡੇ-ਵੱਡੇ ਮੱਲਾਂ ਨੂੰ ਢਾਹਿਆ। ਬੁੱਧ ਸਿੰਘ ਦੀਆਂ ਕੁਸ਼ਤੀਆਂ ਪੰਜਾਬ 'ਚ ਘੱਟ ਦਿੱਲੀ, ਹਰਿਆਣਾ ਅਤੇ ਮਹਾਂਰਾਸ਼ਟਰ ਵਿਚ ਜ਼ਿਆਦਾ ਹੋਈਆਂ। ਲੋਕ ਬੁੱਧ ਸਿੰਘ ਦੀ ਤੇਜ਼-ਤਰਾਰੀ ਅਤੇ





*ਸਾਲ 1978-79 ਦੌਰਾਨ ਦਿੱਲੀ ਵਿਚ ਪਹਿਲਵਾਨ ਕਰਤਾਰ ਸਿੰਘ ਨਾਲ ਕੁਸ਼ਤੀ ਲੜਦਾ ਹੋਇਆ ਪਹਿਲਵਾਨ ਬੁੱਧ ਸਿੰਘ।*

ਫੁਰਤੀ ਨੂੰ ਅੱਜ ਵੀ ਯਾਦ ਕਰਦੇ ਨੇ। ਖੇਡ-ਸ਼ੌਕੀਨਾਂ ਦੇ ਮੂੰਹੋਂ ਅਕਸਰ ਅੱਜ ਵੀ ਸੁਣਿਆ ਜਾਂਦੈ, ਜੇ ਕਿਸਮਤ ਸਾਥ ਦਿੰਦੀ ਤਾਂ ਬੁੱਧ ਸਿੰਘ ਕਿੱਕਰ ਸਿੰਘ ਅਤੇ ਗਾਮੇ ਦੀ ਤਰ੍ਹਾਂ ਭਾਰਤੀ ਕੁਸ਼ਤੀ ਦਾ ਰਾਜਾ ਹੁੰਦਾ। ਸਖ਼ਤ ਮੁਕਾਬਲਿਆਂ 'ਚ ਟੱਕਰ ਲੈਂਦੇ ਬੁੱਧੂ ਨੇ ਸਫਲਤਾ ਦੀਆਂ ਪੌੜੀਆਂ ਚੜ੍ਹਦੇ ਜਿੱਤਾਂ ਦੇ ਢੇਰ ਲਾਏ। ਸਾਢੇ ਕੁ ਤਿੰਨ ਸੌ ਛੋਟੀਆਂ ਵੱਡੀਆਂ ਕੁਸ਼ਤੀਆਂ ਲੜੀਆਂ।


ਖੰਨੇ ਲਾਗਲੇ ਪਿੰਡ ਭੁੱਟਾਂ ਵਿਚ ਜਨਮੇ ਬੁੱਧੂ ਦੇ ਪਿਤਾ ਪਹਿਲਵਾਨ ਕਰਮ ਸਿੰਘ ਅਤੇ ਮਾਤਾ ਦਲਵਾਰ ਕੌਰ ਨੇ ਖ਼ੁਰਾਕਾਂ ਖੁਆ ਕੇ ਉਹਨੂੰ ਵੱਡਾ ਮੱਲ ਬਣਾਇਆ। ਦਾਦਾ ਪੂਰਨ ਸਿੰਘ ਵੀ ਪਹਿਲਵਾਨ ਸੀ। ਸੋ, ਪਹਿਲਵਾਨੀ ਖ਼ੂਨ 'ਚ ਰਚੀ ਹੋਈ ਸੀ। ਬੁੱਧੂ ਦੇ ਦੱਸਣ ਅਨੁਸਾਰ ਜਦੋਂ ਪਹਿਲੀ ਵਾਰ ਉਹਨੇ ਬੈਠਕਾਂ ਮਾਰੀਆਂ ਤਾਂ ਲੱਤਾਂ ਚੌੜੀਆਂ ਕਰਕੇ ਤੁਰਦੇ ਨੂੰ ਵੇਖ ਪਿਤਾ ਨੇ ਪੁੱਛਿਆਂ, "ਅੱਜ ਬੈਠਕਾਂ ਮਾਰੀਆਂ?" 'ਹਾਂ' ਦਾ ਜਵਾਬ ਸੁਣ ਕੇ ਪਿਤਾ ਨੇ ਹੱਲਾਸ਼ੇਰੀ ਦਿੱਤੀ। ਬੁੱਧੂ ਹੁਣੀਂ ਤਿੰਨ ਭਰਾ ਹਨ-ਊਧਮ ਸਿੰਘ ਵੱਡਾ, ਬੁੱਧੂ ਵਿਚਕਾਰਲਾ ਤੇ ਪਾਲਾ ਛੋਟਾ। ਸਿਰਫ਼ ਬੁੱਧ ਹੀ ਪਹਿਲਵਾਨੀ ਵੱਲ ਤੁਰਿਆ।

ਕੁਸ਼ਤੀਆਂ ਦੀ ਸ਼ੁਰੂਆਤ ਆਪਣੇ ਪਿਤਾ ਜੀ ਤੋਂ ਕੀਤੀ। ਪਹਿਲਵਾਨ ਹੋਣ ਕਰਕੇ ਪਿਤਾ ਨੇ ਕੁਸ਼ਤੀਆਂ ਦੇ ਕਈ ਨੁਕਤੇ ਸਮਝਾਏ। ਇਲਾਕੇ ਦਾ ਮੰਨਿਆ ਪਹਿਲਵਾਨ ਕਾਲਾ ਕੁੰਬੜੇ ਵਾਲਾ ਬੁੱਧੂ ਕੇ ਖੂਹ 'ਤੇ ਰਹਿੰਦਾ ਹੋਣ ਕਰਕੇ, ਉਸ ਕੋਲੋਂ ਵੀ ਬਹੁਤ ਕੁਝ ਸਿਖਿਆ। ਪਟਿਆਲੇ ਕੋਲ ਕਾਨ੍ਹਾ-ਹੇੜ੍ਹੀਆ ਦਾ ਸਾਧੂ (ਸਾਧੂ ਕਾਨ੍ਹਾ-ਹੇੜ੍ਹੀਆ) ਪ੍ਰਸਿੱਧ ਭਲਵਾਨ ਹੋਇਐ। ਕਾਲਾ ਅਤੇ ਸਾਧੂ-ਦੋਵੇਂ ਤਕੜੇ ਅਤੇ ਚੀੜ੍ਹੇ ਮੱਲ ਸਨ। ਦੋ-ਦੋ, ਢਾਈ-ਢਾਈ ਘੰਟੇ ਫ਼ਸਵਾਂ ਘੁਲਦੇ। ਸਾਧੂ ਨਾਲ ਬੁੱਧੂ ਦੀਆਂ ਤਿੰਨ ਕੁਸ਼ਤੀਆਂ ਹੋਈਆਂ। ਦੋ ਬਰਾਬਰ ਤੇ ਤੀਜੀ ਨੂੰ ਰਾਜਪੁਰੇ ਹਰਾਇਆ।

ਬੁੱਧੂ ਨੇ ਰੱਜ ਕੇ ਖ਼ੁਰਾਕ ਖਾਧੀ। ਦਾਦੀ ਨੇ ਤਕੜਾ ਮੱਲ ਬਣਾਉਣ ਲਈ ਪੀਪਿਆਂ ਦੇ ਪੀਪੇ ਘਿਓ ਦੇ ਚਾਰੇ ਬੁੱਧੂ ਨੂੰ। ਪੌਣਾ ਕਿਲੋ ਰੋਜ਼ਾਨਾ ਘਿਓ, ਮੀਟ ਦਾ ਸੂਪ, ਬਦਾਮ ਅਤੇ ਕੁਸ਼ਤੇ ਮਾਰ ਕੇ ਖਾਣੇ। ਸੌਣਾ ਵੀ ਰੱਜ ਕੇ। ਖ਼ੁਰਾਕ 'ਚ ਕਈ ਵਾਰ ਔਲੇ ਦਾ ਮੁਰੱਬਾ ਲੈਣਾ ਚਾਂਦੀ ਦਾ ਵਰਕ ਲਾ ਕੇ। ਖ਼ੁਰਾਕ ਨੂੰ ਤਰੀਕੇ ਨਾਲ ਖਾਣ ਲਈ ਪੁਰਾਣਾ ਪਹਿਲਵਾਨ ਦਾਦਾ ਗੁਰੂ ਪਹਾੜੀਆ ਪੰਜ ਸਾਲ ਨਾਲ ਰੱਖਿਆ। ਸਵੇਰੇ-ਸ਼ਾਮ ਡੰਡ-ਬੈਠਕਾਂ, ਦੌੜ ਲਾਉਣੀ, ਛੋਟੇ ਭਰਾ ਪਾਲੇ ਨੂੰ ਸੁਹਾਗੀ 'ਤੇ ਬਿਠਾ ਖੇਤ ਦੇ ਕਈ ਕਈ ਚੱਕਰ ਲਾਉਣੇ। ਹਲਕੀ ਸੁਹਾਗੀ ਦੀ ਥਾਂ ਫਿਰ ਗੱਡੀ ਦੀ ਲਾਈਨ ਦੇ ਗਾਡਰਾਂ ਦਾ ਬਣਿਆ 70 ਕਿਲੋ ਭਾਰਾ ਸੁਹਾਗਾ ਖੇਤ 'ਚ ਖਿਚਣਾ। ਦਸ ਕਿਲੋ ਭਾਰੀ ਕਹੀ ਨਾਲ ਦੋ-ਤਿੰਨ ਵਾਰ ਰੋਜ਼ਾਨਾ ਅਖਾੜਾ ਗੁਡਣਾ।

ਆਲੇ-ਦੁਆਲੇ ਦੇ ਇਲਾਕੇ 'ਚ ਜਿਥੇ ਕਿਤੇ ਕੁਸ਼ਤੀਆਂ ਹੁੰਦੀਆਂ ਤਾਂ ਪਿਤਾ ਆਪ ਨਾਲ ਲੈ ਕੇ ਜਾਂਦਾ। ਬੁੱਧ ਸਿੰਘ ਦਾ ਕਹਿਣਾ ਹੈ ਕਿ ਅਸਲੀ ਪਹਿਲਵਾਨ ਉਹੀ ਹੁੰਦੈ, ਜਿਹੜਾ ਸੱਚ ਦੱਸੇ। ਕਿਹਦੇ ਕੋਲੋਂ ਹਾਰਿਆ, ਕੀਹਨੂੰ ਹਰਾਇਆ। ਉਸ ਦੱਸਿਆ, ਅੰਮ੍ਰਿਤਸਰ ਕੁਸ਼ਤੀਆਂ ਵਿਚ ਇਕ ਵਾਰ ਅੰਮ੍ਰਿਤਸਰੀਏ ਸਰਲੇ ਪਹਿਲਵਾਨ ਨੇ ਹਰਾ ਦਿਤਾ ਸੀ। ਉਸ ਹਾਰ ਨੇ ਉਸ ਨੂੰ ਦਿੱਲੀ ਦਾ ਰਾਹ ਵਿਖਾਇਆ। ਕੁਝ ਬਣਨ ਲਈ ਮਾਸਟਰ ਚੰਦਗੀ ਰਾਮ ਦੇ ਅਖਾੜੇ ਜਾ ਡੇਰੇ ਲਾਏ। ਉਥੇ ਦਿੱਲੀ, ਮਹਾਂਰਾਸ਼ਟਰ ਅਤੇ ਹਰਿਆਣੇ ਦੇ ਕੋਈ 25 ਪਹਿਲਵਾਨ ਸਨ। ਬੁੱਧੂ ਉਸ ਅਖਾੜੇ ਵਿਚ 'ਕੱਲਾ ਹੀ ਪੰਜਾਬੀ ਸੀ। ਅੰਮ੍ਰਿਤਸਰੀਆ ਬਿੱਲਾ ਅਤੇ ਰੰਗਾ ਪਹਿਲਵਾਨ ਬਾਅਦ 'ਚ ਆਏ।

ਭਾਰਤੀ ਪਹਿਲਵਾਨੀ ਵਿਚ ਦਿੱਲੀ ਦੇ ਅਖਾੜਿਆਂ ਦਾ ਨਾਂ ਹੁੰਦਾ ਸੀ। ਦਿੱਲੀ 'ਚ ਉਸ ਵੇਲੇ ਦੋ ਅਖਾੜੇ ਹੁੰਦੇ ਸਨ। ਇਕ ਮਾਸਟਰ ਚੰਦਗੀ ਰਾਮ ਦਾ ਅਤੇ ਦੂਜਾ ਹਨੂੰਮਾਨ ਦਾ। ਚੰਦਗੀ ਰਾਮ ਦੇ ਅਖਾੜੇ 'ਚ ਬੁੱਧੂ ਤੇ ਬਿੱਲਾ ਤਕੜੇ ਪਹਿਲਵਾਨ ਸਨ। ਜਦ ਕਿ ਹਨੂੰਮਾਨ ਅਖਾੜੇ 'ਚ ਕਰਤਾਰ ਅਤੇ ਸਤਪਾਲ। ਬੁੱਧੂ ਨੇ ਇਹ ਵੀ ਦੱਸਿਆ ਕਿ ਇਕ ਵਾਰ ਦਿੱਲੀ ਹੋਈਆਂ ਕੁਸ਼ਤੀਆਂ ਵਿਚ ਕਰਤਾਰ ਅਤੇ ਸਤਪਾਲ ਘੁਲੇ ਨਹੀਂ ਸਨ। ਉਥੋਂ 'ਰੁਸਤਮੇ ਹਿੰਦ' ਦਾ ਖਿਤਾਬ ਮਿਲਿਆ। ਸੰਜੇ ਗਾਂਧੀ ਟਰਾਫ਼ੀ ਮੁਕਾਬਲੇ ਵੇਲੇ ਵੀ ਦੋਨੋਂ ਘੁਲੇ ਨਹੀਂ ਸਨ ਤੇ ਬੁੱਧੂ ਨੇ ਉਹ ਕੁਸ਼ਤੀ ਕਰਨੀ ਪ੍ਰਵਾਨ ਕੀਤੀ। ਉਸ ਵੇਲੇ ਦੇ ਨਾਮਵਰ ਮੱਲਾਂ ਨਾਲ ਵੱਡੇ-ਵੱਡੇ ਭੇੜ ਕੀਤੇ ਜਿਨ੍ਹਾਂ 'ਚ ਮਹਾਂਬਲੀ ਸਤਪਾਲ,



*ਪਹਿਲੀ ਉਮਰੇ ਪਹਿਲਵਾਨ ਬੁੱਧ ਸਿੰਘ*

ਬਿੱਲਾ ਅੰਮ੍ਰਿਤਸਰੀਆ, ਕਰਤਾਰ, ਮੇਹਰਦੀਨ, ਆਗਰੇ ਵਾਲਾ ਕ੍ਰਿਸ਼ਨ, ਆਲਮਗੀਰੀਆ ਫ਼ੱਤਾ, ਈਸ਼ਵਰ, ਸ਼ੀਰੀ ਪਹਿਲਵਾਨ, ਜੈ ਪ੍ਰਕਾਸ਼, ਸੰਨੀ ਗਿੱਲ, ਅਵਤਾਰ ਭੁੱਲਰ, ਕੇਹਰ, ਗੁਰਮੁੱਖ ਪਟਿਆਲਾ ਅਤੇ ਕਈ ਹੋਰ ਪਹਿਲਵਾਨਾਂ ਨਾਲ। ਸਤਾਰਾਂ ਸਾਲ ਪੰਜਾਬ ਬਿਜਲੀ ਬੋਰਡ ਦੇ ਚੈਂਪੀਅਨ ਰਹੇ ਗੁਰਮੁੱਖ ਸਿੰਘ ਅਨੁਸਾਰ ਬੁੱਧ ਸਿੰਘ ਵਾਕਈ ਤਕੜਾ ਪਹਿਲਵਾਨ ਸੀ। ਉਹਦੀਆਂ ਬੁੱਧ ਨਾਲ ਕੁਸ਼ਤੀਆਂ ਹੋਈਆਂ ਤੇ ਬੁੱਧ ਸਿੰਘ ਉਹਨੂੰ ਜਿੱਤਦਾ ਰਿਹੈ। ਇਹ ਵੀ ਦੱਸਿਆ ਕਿ ਬੁੱਧ ਸਿੰਘ ਵਿਰੋਧੀ ਪਹਿਲਵਾਨ ਦਾ ਜ਼ੋਰ ਲੁਆ ਕੇ ਫਿਰ ਉਹਨੂੰ ਹਰਾਉਂਦਾ ਸੀ। ਗੁਰਮੁੱਖ ਪਹਿਲਵਾਨ ਦਾ ਇਹ ਵਡੱਪਣ ਹੈ ਕਿ ਉਹਨੇ ਆਪਣੀ ਹਾਰ ਦਾ ਵੀ ਜ਼ਿਕਰ ਕੀਤਾ ਹੈ। ਪਹਿਲਵਾਨੋ ਯਾਦ ਰੱਖਣਾ ਸਾਂਝੇ ਪੰਜਾਬ ਦੇ ਕਿੱਕਰ ਸਿੰਘ ਅਤੇ ਗਾਮੇ ਜਿਹੇ ਧਰਤੀ ਧੱਕ ਪਹਿਲਵਾਨ ਵੀ ਕਦੇ ਕਦੇ ਬਰਾਬਰ ਅਤੇ ਜਾਂ ਕਦੇ ਧੋਖੇ ਨਾਲ ਹਾਰ ਦਾ ਮੂੰਹ ਵੇਖਦੇ ਰਹੇ ਹਨ।

ਬੁੱਧ ਸਿੰਘ ਦੀਆਂ ਕਰਤਾਰ ਸਿੰਘ ਨਾਲ ਪੰਜ ਕੁਸ਼ਤੀਆਂ ਹੋਈਆਂ, ਦੋ ਜਿੱਤੀਆਂ, ਤਿੰਨ ਬਰਾਬਰ। ਕਿਰਲਗੜ੍ਹ ਅਤੇ ਏਸ਼ੀਆ ਟਰਾਇਲਾਂ ਲਈ ਹੋਈ ਪਟਿਆਲੇ ਕੁਸ਼ਤੀ ਵਿਚ ਜਿੱਤ ਪ੍ਰਾਪਤ ਕੀਤੀ। ਬੁੱਧ ਸਿੰਘ ਨੇ ਦੱਸਿਆ ਕਿ ਟਰਾਇਲਾਂ ਵਾਲੀ ਕੁਸ਼ਤੀ ਦਾ ਫ਼ੈਸਲਾ ਤਾਂ 9 ਮਿੰਟਾਂ ਵਿਚ ਹੀ ਹੋ ਗਿਆ ਸੀ। ਜਦ ਕਿ ਪਾਲਮ ਏਅਰ-ਪੋਰਟ ਕੋਲ, ਆਜ਼ਾਦ ਸਟੇਡੀਅਮ ਅਤੇ ਹਰਦਾਸਪੁਰ ਬਰਾਬਰ ਰਿਹਾ। ਦਿੱਲੀ ਆਜ਼ਾਦਪੁਰ ਸਟੇਡੀਅਮ ਵਾਲੀ ਕੁਸ਼ਤੀ ਲੋਕਾਂ ਨੇ ਟਿਕਟਾਂ ਲੈ ਵੇਖੀ ਸੀ। ਬਰਾਬਰ ਫ਼ਸਵੀਂ ਰਹੀ ਕੁਸ਼ਤੀ ਦਾ ਲੋਕਾਂ ਵਾਹਵਾ ਆਨੰਦ ਮਾਣਿਆ।

ਉਹ ਮੇਹਰਦੀਨ ਦੀ ਬਹੁਤ ਇੱਜ਼ਤ ਕਰਦਾ ਹੈ। ਉਸ ਨੂੰ ਭਾਰਤ ਦਾ ਤਕੜਾ ਪਹਿਲਵਾਨ ਮੰਨਦਾ ਹੈ। ਬੁੱਧ ਸਿੰਘ ਦੀ ਮੇਹਰਦੀਨ ਨਾਲ ਵੀ ਕੁਸ਼ਤੀ ਹੋਈ। ਪਹਿਲੀ ਸਮਰਾਲੇ ਜਦ ਕਿ ਨਵਾਂ ਸ਼ਹਿਰ ਲਾਗੇ ਬਰਨਾਲੇ ਮੇਹਰਦੀਨ ਘੁਲਿਆ ਨਹੀ ਸੀ। ਕਹਿੰਦਾ, "ਇਨਾਮ ਵਾਲੀ ਮੱਝ ਬੁੱਧੂ ਨੂੰ ਦੇ ਦਿਓ।" ਬਰਨਾਲੇ ਹੀ ਕਪੂਰਥਲੀਏ ਦਰਸ਼ਣ ਪਹਿਲਵਾਨ ਨੂੰ ਹਰਾ ਕੇ ਸੋਨੇ ਦੀ ਮੁੰਦਰੀ ਜਿੱਤੀ। ਸਮਰਾਲੇ ਕੁਸ਼ਤੀ ਸਮੇਂ ਬੁੱਧ ਸਿੰਘ ਮੇਹਰਦੀਨ ਨਾਲ ਘੁੱਲਣਾ ਨਹੀਂ ਸੀ ਚਾਹੁੰਦਾ ਪਰ ਸਤਿਕਾਰ ਵਜੋਂ ਉਹਦੇ ਗੋਡੀਂ ਹੱਥ ਲਾਇਆ। ਬੁੱਧੂ ਉਸ ਵੇਲੇ ਉਠਿਆ ਹੀ ਸੀ ਤੇ ਮੇਹਰਦੀਨ ਦੀ ਉਮਰ ਪੱਕਣ ਵੱਲ ਤੁਰ ਪਈ ਸੀ। ਕਿਸੇ ਕਾਰਨ ਕਰਕੇ ਮਜ਼ਬੂਰਨ ਘੁੱਲਣਾ ਪਿਆ। ਉਹ ਕੁਸ਼ਤੀ ਜਿੱਤੀ। ਸ਼ੀਰੀ ਤੇ ਸੁੱਖਾ ਪਹਿਲਵਾਨ ਵੀ ਉਥੇ ਸਨ। ਬਿੱਲੇ ਅੰਮ੍ਰਿਤਸਰੀਏ ਨਾਲ ਵੀ ਦੋ ਕੁਸ਼ਤੀਆਂ ਹੋਈਆਂ-ਪਹਿਲੀ ਬਿਲਗੇ, ਦੂਜੀ ਚੰਡੀਗੜ੍ਹ ਲਾਗੇ ਕਾਲਕਾ। ਬੁੱਧੂ ਅਨੁਸਾਰ ਬਿੱਲਾ ਹੈ ਤਾਂ ਉਹਦਾ ਯਾਰ ਸੀ ਪਰ ਕਿਤੇ ਕਿਤੇ ਵਿੰਗਾ ਚੱਲਣ ਲੱਗ ਪੈਂਦਾ ਸੀ। ਬੁੱਧੂ ਨੇ ਦਿਲਚਸਪ ਗੱਲ ਦੱਸੀ ਕਿ ਬਿੱਲਾ ਚੰਡੀਗੜ੍ਹ ਕੋਲ ਖਰੜ ਵਿਆਹਿਆ ਹੋਇਆ ਹੈ। ਚੰਡੀਗੜ੍ਹ ਦਾ ਇਲਾਕਾ ਛੱਡ ਬੁੱਧੂ ਦਿੱਲੀ ਘੁੱਲਣ ਲੱਗ ਪਿਆ। ਚੰਡੀਗੜ੍ਹ ਇਲਾਕੇ ਦੇ ਸਾਰੇ ਭਲਵਾਨ ਖ਼ੁਸ਼ ਸਨ ਕਿ ਉਨ੍ਹਾਂ ਦੇ ਚਾਰ ਪੈਸੇ ਬਣ ਜਾਂਦੇ ਸਨ। ਸਹੁਰਿਆਂ ਦਾ ਇਲਾਕਾ ਹੋਣ ਕਰਕੇ ਬਿੱਲਾ ਇਥੇ ਆਪਣੀ ਟੌਹਰ ਬਣਾਉਣ ਲੱਗਾ, ਜਿਹੜਾ ਮਰਜ਼ੀ ਘੁਲ ਲਵੇ। ਅਖਾੜਿਆਂ 'ਚ ਜਾ ਕੇ ਗੇੜੀਆਂ ਮਾਰਨੀਆਂ ਤੇ ਆਖਣਾ ਭਾਵੇ ਬੁੱਧੂ ਵੀ ਘੁਲ ਲਵੇ। ਬਿੱਲੇ ਦੇ ਮਨ 'ਚ ਸੀ ਕਿ ਬੁੱਧੂ ਨੇ ਕਿਹੜਾ ਇਥੇ ਆਉਣਾ। ਇਹ ਗੱਲ ਕਾਲੇ ਕੁੰਭੜੇ ਵਾਲੇ ਦੇ ਕੰਨੀਂ ਪੈ ਗਈ। ਕਾਲੇ ਨੇ ਮਾਸਟਰ ਚੰਦਗੀ ਰਾਮ ਦੇ ਸ਼ਾਗਿਰਦ ਅਮਰੀਕ (ਜੋ ਅੱਜ ਕੱਲ੍ਹ ਅਮਰੀਕਾ ਹੈ) ਨੂੰ ਬੁੱਧੂ ਨੂੰ ਲੈਣ ਦਿੱਲੀ ਭੇਜ ਦਿਤਾ। ਅਮਰੀਕ ਅਤੇ ਬੁੱਧੂ ਕੁਸ਼ਤੀਆਂ ਵਾਲੀ ਜਗ੍ਹਾ ਆ ਪਹੁੰਚੇ। ਬੁੱਧੂ ਨੂੰ ਵੇਖ ਬਿੱਲਾ ਠਠੰਬਰ ਗਿਆ। ਹੁਣ ਬਿੱਲੇ ਨੂੰ ਬੁੱਧੂ ਨਾਲ ਕੁਸ਼ਤੀ ਕਰਨੀ ਪੈਣੀ ਸੀ। ਪੰਜ ਕੁ ਮਿੰਟ ਕੁਸ਼ਤੀ ਚੱਲੀ ਤੇ ਗਰਮ ਸੁਭਾਅ ਦਾ ਬਿੱਲਾ ਉਹਦੀਆਂ ਅੱਖਾਂ 'ਚ ਉਗਲੀਆਂ ਮਾਰ ਅਖਾੜੇ 'ਚੋਂ ਬਾਹਰ ਨਿਕਲ ਗਿਆ।

ਬੁੱਧੂ ਨੇ ਉਸਤਾਦ ਮਾਸਟਰ ਚੰਦਗੀ ਰਾਮ ਦੇ ਅਖਾੜੇ ਦਾ ਬੜਾ ਨਾਂ ਉਚਾ ਕੀਤਾ। ਆਲੇ-ਦੁਆਲੇ ਦੇ ਸਾਰੇ ਪਹਿਲਵਾਨ ਇਸ ਦੇ ਨਾਂ ਤੋਂ ਚਲਦੇ ਸਨ। ਕਹਿੰਦੇ ਕਹਾਉਂਦੇ ਪਹਿਲਵਾਨ ਬੋਰੀਆ-ਬਿਸਤਰਾ ਚੁੱਕ ਪੰਜਾਬ ਆ ਗਏ ਸਨ। ਮਾਸਟਰ ਚੰਦਗੀ ਰਾਮ ਨੇ ਬੁੱਧ ਨੂੰ ਭਾਰਤ ਦਾ ਮਾਣ ਅਤੇ ਬੇਹਤਰੀਨ ਭਲਵਾਨ ਦੱਸਿਆ।

ਗੋਰੇ-ਨਿਛੋਹ ਲੰਮੇ-ਝੰਮੇ ਐਕਟਰਾਂ ਵਰਗੇ ਬੁੱਧ ਸਿੰਘ ਨੇ ਕੁਸ਼ਤੀਆਂ ਦੇ ਨਾਲ-ਨਾਲ ਫ਼ਿਲਮਾਂ 'ਚ ਕੰਮ ਕਰਨ ਦਾ ਸ਼ੌਕ ਵੀ ਪੂਰਿਆ। ਗੁੱਗੂ ਗਿੱਲ, ਯੋਗਰਾਜ ਅਤੇ ਗੁਰਦਾਸ ਮਾਨ ਨਾਲ ਕਾਫ਼ੀ ਪਿਆਰ ਹੋਣ ਕਰਕੇ ਚੰਡੀਗੜ੍ਹ 'ਕੱਠੇ ਘੁੰਮਦੇ ਹੁੰਦੇ ਸਨ। ਪੰਜਾਬੀ ਫਿਲਮਾਂ-ਧੀ ਜੱਟ ਦੀ, ਬਾਗੀ ਸੂਰਮੇ ਅਤੇ ਕਚਹਿਰੀ 'ਚ ਕੰਮ ਕੀਤਾ। ਬੁੱਧ ਸਿੰਘ ਨੇ ਇਕ ਵਾਰ ਦਾ ਵਾਕਿਆ ਸੁਣਾਇਆ ਕਿ ਚੰਡੀਗੜ੍ਹ ਕਿਸੇ ਪਾਰਟੀ 'ਤੇ ਗਏ ਹੋਏ ਸਨ। ਗੁੱਗੂ ਗਿੱਲ, ਯੋਗਰਾਜ ਅਤੇ ਗੁਰਦਾਸ ਮਾਨ ਵੀ ਪਰਿਵਾਰਾਂ ਸਮੇਤ ਉਥੇ ਪਹੁੰਚੇ ਹੋਏ ਸਨ। ਬੈਠੇ ਖਾ-ਪੀ ਰਹੇ ਸਨ ਕਿ ਕਿਸੇ ਨੇ ਸ਼ੈਤਾਨੀ ਨਾਲ ਬੁੱਧ ਸਿੰਘ ਨੂੰ ਦਾਰੂ 'ਚ ਮਿਲਾ ਕੇ ਕੋਈ ਚੀਜ਼ ਪਿਆ ਦਿਤੀ। ਪੀਂਦੇ ਸਾਰ ਹੀ ਉਹਨੂੰ ਉਲਟੀਆਂ ਲੱਗ ਗਈਆਂ। ਚੰਗੀ ਜਿੰਦ-ਜਾਨ ਹੋਣ ਕਰਕੇ ਉਹਦਾ ਬਚਾਅ ਹੋ ਗਿਆ, ਨਹੀ ਤਾਂ ਕੁਛ ਵੀ ਹੋ ਸਕਦਾ ਸੀ।

1979 'ਚ ਜਲੰਧਰ ਏਸ਼ੀਆ ਕੁਸ਼ਤੀਆਂ 'ਚ ਵਰਲਡ ਚੈਂਪੀਅਨ ਈਰਾਨੀ ਪਹਿਲਵਾਨ ਨਾਲ ਕੁਸ਼ਤੀ ਹੋਈ। ਬੁੱਧੂ ਉਹਦੀ ਖਿਚਾਈ ਕਰਦਾ ਜਿੱਤ ਵੱਲ ਵੱਧਣ ਲੱਗਾ। ਆਖਰ ਨੂੰ ਉਹ ਭਾਰੂ ਹੋ ਗਿਆ। ਉਸਤਾਦ ਚੰਦਗੀ ਰਾਮ ਨੇ ਮੌਕੇ 'ਤੇ ਆ ਕੇ ਲੱਤ ਦਾ ਗਲਤ ਦਾਅ ਮਰਾ ਦਿਤਾ ਤੇ ਉਹ ਜਿੱਤਦਾ ਜਿੱਤਦਾ ਰਹਿ ਗਿਆ। ਦੂਜੀ ਪੁਜ਼ੀਸ਼ਨ ਦਾ ਹੱਕਦਾਰ ਬਣਿਆ। ਪੱਟ ਕੱਢਣਾ ਇਕੋ ਦਾਅ ਸੀ ਬੁੱਧੂ ਦਾ। ਬਾਹਾਂ ਅਤੇ ਲੱਤਾਂ ਦੀ ਖਿਚਾਈ ਕਰਕੇ ਵਿਰੋਧੀ ਪਹਿਲਵਾਨ ਨੂੰ ਥਕਾ ਦੇਣਾ ਤੇ ਫਿਰ ਦਾਅ ਮਾਰਨਾ। ਵੱਡੇ-ਵੱਡੇ ਮਹਾਂਰਥੀ ਪਹਿਲਵਾਨ ਹਰਾਏ ਇਸ ਦਾਅ ਨਾਲ।

1980 'ਚ ਭਾਰਤੀ ਟੀਮ ਨਾਲ ਮੰਗੋਲੀਆ ਜਾਣ ਵਾਸਤੇ ਸਿਲੈਕਟ ਹੋਇਆ। ਫ਼ੈਡਰੇਸ਼ਨ ਵਾਲਿਆਂ ਪੱਖਪਾਤ ਕਰਕੇ ਜਾਣ-ਬੁੱਝ ਕੇ ਉਹਦਾ ਪਾਸਪੋਰਟ ਅੱਗੇ-ਪਿਛੇ ਕਰ ਦਿਤਾ। ਬੁੱਧ ਸਿੰਘ ਸੰਜੇ ਗਾਂਧੀ ਨੂੰ ਮਿਲਿਆ ਤੇ ਹੇਰਾਫ਼ੇਰੀ ਨਾਲ ਪਾਸਪੋਰਟ ਗੁਆਉਣ ਦੀ ਸਾਰੀ ਗੱਲ ਦੱਸੀ। ਸੰਜੇ ਗਾਂਧੀ ਨੇ ਉਸ ਵੇਲੇ ਦੇ ਗ੍ਰਹਿ ਮੰਤਰੀ ਬੂਟਾ ਸਿੰਘ ਨੂੰ ਹਦਾਇਤ ਕੀਤੀ ਤੇ ਬੂਟਾ ਸਿੰਘ ਨੇ ਇਕ ਦਿਨ ਵਿਚ ਹੀ ਟਿਕਟ ਤੇ ਪਾਸਪੋਰਟ ਦਾ ਪ੍ਰਬੰਧ ਕਰਕੇ ਬੁੱਧ ਸਿੰਘ ਨੂੰ ਮੰਗੋਲੀਆ ਚਾੜ੍ਹ ਦਿਤਾ।



*ਪਹਿਲਵਾਨ ਬੁੱਧ ਸਿੰਘ ਦਾ ਸਨਮਾਨ ਕਰਦੇ ਹੋਏ (ਖੱਬਿਓਂ) ਕੁਮੈਂਟੇਟਰ (ਸਵਰਗੀ) ਰਾਜ ਕਰਨਵੀਰ ਸਿੰਘ, ਜਸਵੰਤ ਸਿੰਘ ਜੱਸਾ, ਭੁਪਿੰਦਰ ਸਿੰਘ ਬੋਪਾਰਾਏ, ਕੁਲਦੀਪ ਪਹਿਲਵਾਨ, ਪੀਟਰ ਪਹਿਲਵਾਨ ਤੇ ਬਲਦੇਵ ਮਾਨ*

ਉਸਤਾਦਾਂ ਬਾਰੇ ਪੁੱਛਣ 'ਤੇ ਬੁੱਧ ਸਿੰਘ ਨੇ ਦੱਸਿਆ ਕਿ ਗੁਰੂ ਤਾਂ ਇਕ ਨੂੰ ਇਕ ਵਾਰ ਹੀ ਧਾਰਿਆ ਜਾਂਦੈ, ਵਾਰ ਵਾਰ ਨਹੀਂ। ਦਿੱਲੀ ਜਾ ਕੇ ਬੁੱਧੂ ਨੇ ਮਾਸਟਰ ਚੰਦਗੀ ਰਾਮ ਨੂੰ ਉਸਤਾਦ ਧਾਰਿਆ। ਇਕੋ ਗੁਰੂ ਬਣਾਇਆ। ਬੱਸ ਉਸ ਨੇ ਜ਼ਿੰਦਗੀ ਬਦਲ ਦਿਤੀ। ਛੇ ਕੁ ਸਾਲ ਚੰਦਗੀ ਰਾਮ ਦੇ ਅਖਾੜੇ ਰਹਿ ਕੇ ਵਾਹਵਾ ਮੇਹਨਤ ਕੀਤੀ। ਕਈ ਕਈ ਭਲਵਾਨਾਂ ਦਾ ਜ਼ੋਰ ਕਰਵਾ ਕਦੇ ਥੱਕਦਾ ਨਾ। ਉਸਤਾਦ ਨੇ ਚੰਗਾ ਚੰਡਿਆ। ਪੰਜਾਬ ਆ ਕੇ ਕੁਸ਼ਤੀਆਂ ਕੀਤੀਆਂ ਜਿਥੇ ਉਸ ਵੇਲੇ ਹਰ ਪਾਸੇ ਫ਼ੱਤਾ-ਫ਼ੱਤਾ ਹੋਈ ਪਈ ਸੀ। ਅਨੰਦਪੁਰ ਸਾਹਿਬ ਕੁਸ਼ਤੀਆਂ ਵਿਚ ਆਲਮਗੀਰੀਏ ਫ਼ੱਤੇ ਨੂੰ ਹਰਾ ਕੇ ਪੰਜਾਬ ਕੇਸਰੀ ਦਾ ਖ਼ਿਤਾਬ ਜਿੱਤਿਆ। ਉਥੇ ਹੀ ਸੋਧੀ ਕੋਚ ਦੇ ਛੋਟੇ ਭਰਾ ਜਰਨੈਲ ਸੋਧੀ ਨੂੰ 'ਭਾਰਤ ਕੁਮਾਰ' ਮੁਕਾਬਲੇ ਵਿਚ ਹਰਾਇਆ।

ਬੁੱਧੂ ਦੀ ਕੁਸ਼ਤੀਆਂ 'ਚ ਚੜ੍ਹਤ ਵੇਖ ਪੰਜਾਬ ਪੁਲਿਸ ਦੇ ਉਸ ਵੇਲੇ ਦੇ ਡੀ. ਆਈ. ਜੀ. ਬਰਜਿੰਦਰ ਸਿੰਘ ਨੇ ਸਿੱਧਾ ਇੰਸਪੈਕਟਰ ਭਰਤੀ ਕਰ ਲਿਆ। ਕਬੱਡੀ ਵਾਲਾ ਬਲਵਿੰਦਰ ਫਿੱਡੂ ਵੀ ਬੁੱਧ ਸਿੰਘ ਦੇ ਨਾਲ ਹੀ ਭਰਤੀ ਹੋਇਆ ਸੀ। ਪੰਜਾਬ ਪੁਲਿਸ ਵਲੋਂ ਬੁੱਧੂ ਨੇ ਮਹਿਕਮੇ ਦਾ ਕਾਫ਼ੀ ਨਾਂ ਉਚਾ ਕੀਤਾ।

ਭਲਵਾਨਾਂ ਦੀ ਈਰਖਾ ਬਾਰੇ ਬੁੱਧ ਸਿੰਘ

*(ਅਗਲੇ ਸਫੇ 'ਤੇ ਜਾਰੀ)*



*ਇੰਦਰਾ ਗਾਂਧੀ ਨਾਲ ਬੁਧ ਸਿੰਘ ਪਹਿਲਵਾਨ ਅਤੇ ਹੋਰ ਬੱਚੇ*

# ਗੱਲ ਮੁੱਕ ਗਈ ਮੁਹੱਬਤਾਂ ਵਾਲੀ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

'ਪੰਜਾਬ ਟਾਈਮਜ਼' ਦੇ ਪਾਠਕਾਂ ਦਾ ਮੈਂ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਮੇਰੀਆਂ ਨਿਮਾਣੀਆਂ ਲਿਖਤਾਂ ਨੂੰ ਅਥਾਹ ਪਿਆਰ ਬਖ਼ਸ਼ਿਆ। ਮੈਂ ਉਨ੍ਹਾਂ ਵੀਰਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਕਿਹਾ, 'ਛੋਟੇ ਵੀਰ, ਅਸੀਂ ਤੇਰੇ ਨਾਲ ਹਾਂ, ਤੂੰ ਕਿਸੇ ਗੱਲ ਦਾ ਫਿਕਰ ਨਾ ਕਰੀ।' ਮੇਰੇ ਲਈ ਇਹ ਮਾਣ ਵਾਲੀ ਗੱਲ ਹੈ। ਬੇਕਰਜ਼ਫੀਲਡ ਸ਼ਹਿਰ ਵਿਚ ਰਹਿ ਰਹੀ ਪਿੰਡ ਤਖਾਣਵੱਧ ਦੀ ਮਾਤਾ ਕਰੀਬ 75 ਸਾਲ ਦੀ ਉਮਰ ਵਿਚ 'ਪੰਜਾਬ ਟਾਈਮਜ਼' ਬੜੇ ਪਿਆਰ ਨਾਲ ਪੜ੍ਹਦੀ ਹੈ। ਮਾਤਾ ਜੀ ਨੂੰ ਬਚਪਨ ਤੋਂ ਹੀ ਸਾਹਿਤ ਨਾਲ ਪਿਆਰ ਹੈ। ਪਿਛਲੇ ਕਈ ਸਾਲਾਂ ਤੋਂ ਮਾਤਾ ਜੀ ਵ੍ਹੀਲਚੇਅਰ 'ਤੇ ਹਨ। ਮੇਰਾ ਹਰ ਲੇਖ ਪੜ੍ਹ ਕੇ ਮਾਤਾ ਜੀ ਫੋਨ ਕਰਦੇ ਹਨ। ਮੇਰਾ ਤੇ ਮੇਰੇ ਪਰਿਵਾਰ ਦਾ ਐਨਾ ਫਿਕਰ ਕਰਦੇ ਹਨ, ਮੈਂ ਖੁਦ ਹੈਰਾਨ ਹੋ ਜਾਂਦਾ ਹਾਂ। ਪਿਛਲੇ ਚਾਰ ਸਾਲ ਤੋਂ ਸਾਡਾ ਫੋਨ ਰਾਹੀਂ ਹੀ ਸੰਪਰਕ ਹੈ। ਮਾਤਾ ਕਹਿੰਦੀ ਹੈ, "ਮੇਜਰ, ਇਕ ਵਾਰ ਆ ਕੇ ਮਿਲ ਜਾ, ਫਿਰ ਰੱਬ ਭਲਾਂ ਦੂਜੇ ਦਿਨ ਹੀ ਚੁੱਕ ਲਵੇ।"

ਮੈਂ ਮਾਰਚ ਵਿਚ ਮਾਤਾ ਜੀ ਨੂੰ ਮਿਲਣ ਵਾਸਤੇ ਘਰੋਂ ਤੁਰਿਆ। ਪਹਿਲਾਂ ਸਟਾਕਟਨ ਵਾਲੀ ਮਾਤਾ ਜੀ ਕੋਲ ਰੁਕਿਆ। ਫਿਰ ਮਾਡੈਸਟੋ ਪਾਠਕ ਵੀਰਾਂ ਕੋਲ ਰੁਕਿਆ। ਜਦੋਂ ਮੈਂ ਫਰਿਜ਼ਨੋ ਆਪਣੇ ਮਿੱਤਰ ਮੱਖਣ ਸਿੰਘ ਸੰਧੂ ਤੇ ਭੁਪਿੰਦਰ ਸਿੰਘ ਪੰਧੇਰ ਕੋਲ ਦੋ ਦਿਨ ਰੁਕਿਆ ਤਾਂ ਮੈਨੂੰ ਮੇਰੇ ਵਕੀਲ ਦਾ ਫੋਨ ਆ ਗਿਆ ਕਿ ਸੋਮਵਾਰ ਨੂੰ ਮੈਨੂੰ ਆ ਕੇ ਮਿਲ। ਮੈਂ ਦੂਜੇ ਦਿਨ ਹੀ ਗੱਡੀ ਸੈਨ ਫਰਾਂਸਿਸਕੋ ਵੱਲ ਮੋੜ ਦਿੱਤੀ। ਮਾਤਾ ਜੀ ਨਾਲ ਮੇਲ ਨਾ ਹੋ ਸਕਿਆ। ਪਰਮਾਤਮਾ ਮਿਹਰ ਕਰੇ, ਮੈਂ ਮਾਤਾ ਜੀ ਨੂੰ ਜਲਦੀ ਮਿਲ ਆਵਾਂ। ਮਾਤਾ ਜੀ ਨਾਲ ਫੋਨ 'ਤੇ ਗੱਲ ਕਰ ਰਿਹਾ ਸਾਂ ਕਿ ਦੂਜੀ ਲਾਈਨ 'ਤੇ ਕਈ ਵਾਰ ਫੋਨ ਆਇਆ। ਮਾਤਾ ਜੀ ਨੂੰ ਫਤਿਹ ਬੁਲਾ ਕੇ ਦੂਜਾ ਫੋਨ ਸਣਿਆ ਤਾਂ ਉਸ ਵਿਚੋਂ ਉਸ ਬਾਈ ਦੀ ਆਹ ਹੱਡ-ਬੀਤੀ ਨਿਕਲੀ ਜਿਸ ਨੂੰ ਪੜ੍ਹ ਕੇ ਤੁਸੀਂ ਵੀ ਸੋਚੋਗੇ ਕਿ ਲਾਲਚ ਦੀ ਵਲਟੋਹੀ 'ਤੇ ਸਬਰ ਦਾ ਢੱਕਣ ਅਸੀਂ ਆਪ ਹੀ ਰੱਖਣ ਦੀ ਕੋਸ਼ਿਸ਼ ਨਹੀਂ ਕਰਦੇ। ਅਸੀਂ ਆਪਣੇ ਹੱਥੀਂ ਆਪਣਿਆਂ ਨੂੰ ਹੀ ਲਾਲਚ ਦੀ ਤਲਵਾਰ ਫੜਾ ਦਿੰਦੇ ਹਾਂ ਜੋ ਕੁਝ ਸਮੇਂ ਬਾਅਦ ਸਾਡੇ ਗਲ 'ਤੇ ਆ ਲਟਕਦੀ ਹੈ। ਉਸ ਬਾਈ ਨੇ ਦੱਸਿਆ,

...ਮੇਰੇ ਤਿੰਨ ਭਰਾ ਤੇ ਦੋ ਭੈਣਾਂ ਹਨ। ਛੋਟੇ ਹੁੰਦਿਆਂ ਬਾਪੂ ਮਰਨ ਲੱਗਿਆ ਕਹਿੰਦਾ, 'ਸੁੱਖਿਆ ਪੁੱਤ, ਤੂੰ ਸਭ ਤੋਂ ਵੱਡਾ ਹੈਂ, ਆਪਣੇ ਛੋਟੇ ਭੈਣ ਭਰਾਵਾਂ ਨੂੰ ਸਾਂਭੀ, ਆਪਣੀ ਮਾਂ ਨੂੰ ਜ਼ਿੰਦਗੀ ਵਿਚ ਕੋਈ ਦੁੱਖ ਨਾ ਦੇਈਂ; ਉਸ ਨੂੰ ਤਾਂ ਮੇਰੇ ਮਰਨ ਦਾ ਹੀ ਬਥੇਰਾ ਦੁੱਖ ਹੋ ਜਾਣਾ ਹੈ।'

'ਬਾਪੂ, ਇੰਜ ਨਾ ਬੋਲ...ਤੁਹਾਨੂੰ ਕੁਝ ਨਹੀਂ ਹੁੰਦਾ,' ਮੈਂ ਅਜੇ ਇਹ ਬੋਲਦਾ ਹੀ ਸਾਂ ਕਿ ਬਾਪੂ ਸਦਾ ਲਈ ਚੁੱਪ ਹੋ ਗਿਆ। ਅੱਠਵੀਂ ਦੀ ਪੜ੍ਹਾਈ ਵਿਚੇ ਛੱਡ ਕੇ ਚਾਚਿਆਂ ਨਾਲ ਖੇਤੀ ਕਰਵਾਉਣ ਲੱਗ ਗਿਆ। ਉਨ੍ਹਾਂ ਨੇ ਮੇਰਾ ਚੰਮ ਤਾਂ ਬਹੁਤ ਉਧੇੜਿਆ ਪਰ ਇਕ ਕੁੜਤਾ ਪਜਾਮਾ ਵੀ ਸੰਵਾ ਕੇ ਨਹੀਂ ਦਿੱਤਾ। ਮੇਰੇ ਨਾਲੋਂ ਸਾਰੇ ਛੋਟੇ ਪੜ੍ਹਦੇ ਰਹੇ। ਅਖੀਰ ਮਨ ਬਣਾ ਲਿਆ ਕਿ ਛੋਟੇ ਭੈਣ ਭਰਾਵਾਂ ਖਾਤਰ ਮੈਂ ਕੰਡਿਆਲੀ ਤਾਰ ਟੱਪ ਜਾਵਾਂ। ਪਿੰਡ ਦੇ ਸੂਬੇਦਾਰ ਤੋਂ ਵਿਆਜ 'ਤੇ ਰੁਪਏ ਲੈ ਕੇ ਮੈਂ ਗਰੀਸ ਪੁੱਜ ਗਿਆ। ਉਥੇ ਆਪਣੇ ਆਪ ਨੂੰ ਤੰਬਾਕੂ ਦੇ ਖੇਤਾਂ ਵਿਚ ਸਾੜਦਾ ਰਿਹਾ। ਜੋ ਕਮਾਉਂਦਾ ਪਿੰਡ ਤੋਰ ਦਿੰਦਾ, ਮੇਰੇ ਕੋਲ ਤਾਂ ਬਸ ਤਨ ਉਤਲੇ ਦੋ ਕੱਪੜੇ ਹੀ ਸਨ। ਰਾਤ ਨੂੰ ਹੰਭ-ਥੱਕ ਕੇ ਪੈਂਦਾ ਤਾਂ ਬਾਪੂ ਦੇ ਆਖਰੀ ਬੋਲ ਯਾਦ ਆ ਜਾਂਦੇ। ਬਾਪੂ ਦੀ ਦਿੱਤੀ ਜ਼ਿੰਮੇਵਾਰੀ ਮੈਨੂੰ ਕੁਝ ਕਰਨ ਦੀ ਤਾਕਤ ਬਖ਼ਸ਼ਦੀ। ਫਿਰ ਕਮਾਈ ਕੀਤੀ ਤੇ ਮੈਕਸੀਕੋ ਦੀ ਉਡਾਣ ਭਰ ਲਈ। ਇਕ ਮੈਕਸੀਕਨ ਮਿੱਤਰ ਕਾਰਲੋਸ ਦੇ ਜ਼ਰੀਏ ਬਾਰਡਰ ਟੱਪ ਕੇ ਅਮਰੀਕਾ ਦਾਖ਼ਲ ਹੋ ਗਿਆ ਜਿਥੇ ਕਹਿੰਦੇ ਨੇ, 'ਆ, ਮਰ ਕੇ ਜੀਆ।'...ਆਪ ਜਿਵੇਂ ਮਰਜ਼ੀ ਰਹਿੰਦਾ ਸੀ ਪਰ ਭੈਣ-ਭਰਾ ਪੜ੍ਹਾ ਦਿੱਤੇ। ਬਾਪੂ ਦੀ ਫੁੱਲਵਾੜੀ ਨੂੰ ਤਾਂ ਸਾਂਭਦਾ ਗਿਆ ਪਰ ਆਪਣੀ ਜ਼ਿੰਦਗੀ ਦੀ ਸ਼ੁਰੂ ਹੋਈ ਪੱਤਝੜ ਮੁੱਕਣ ਦਾ ਨਾਂ ਨਹੀਂ ਲੈਂਦੀ ਸੀ। ਖੇਤਾਂ ਵਾਲੇ ਪੇਪਰ ਵੀ ਸੋਕੇ ਵਿਚ ਡੋਬ ਗਏ। ਵਰਕ ਪਰਮਿਟ ਮਿਲਿਆ, 'ਸੈਵਨ-ਇਲੈਵਨ' ਉਤੇ ਕੰਮ ਸ਼ੁਰੂ ਕੀਤਾ। ਦੂਜੇ ਪਾਸੇ ਫੈਕਟਰੀ ਕੰਮ ਕਰਨ ਜਾਂਦਾ। ਦੋ-ਦੋ ਜੌਬਾਂ ਕਰ ਕੇ ਪਿੰਡ ਤਿੰਨ ਮੰਜ਼ਲੀ ਕੋਠੀ ਪਾ ਦਿੱਤੀ।

ਅਮਰੀਕਾ ਦੇ ਡਾਲਰਾਂ ਨੇ ਭੈਣ-ਭਰਾਵਾਂ ਦੇ ਰਿਸ਼ਤੇ ਨਾਤੇ ਚੰਗੇ ਘਰਾਂ ਨਾਲ ਜੋੜ ਦਿੱਤੇ। ਮੇਰੇ ਤਾਂ ਸ਼ਾਇਦ ਕਰਮਾਂ ਵਿਚ ਵਿਆਹ ਲਿਖਿਆ ਹੀ ਨਹੀਂ ਸੀ। ਆਪਣੇ ਨਾਲ ਕੰਮ ਕਰਦੀ ਗੋਰੀ ਨੂੰ ਪੰਜਾਬੀ ਸਿਖਾਉਂਦਾ ਗਿਆ। ਪਿੰਡ ਭੇਜ ਕੇ ਉਸ ਨੂੰ ਛੋਟਾ ਭਰਾ ਲੈ ਆਉਣ ਦੀ ਬੇਨਤੀ ਕੀਤੀ, ਉਹ ਪੂਰੇ ਸਾਲ ਦੀ ਕਮਾਈ ਲੈ ਗਈ। ਸਭ ਨਾਲੋਂ ਛੋਟਾ ਭਰਾ ਆ ਕੇ ਪਹਿਲਾਂ ਸਿਟੀਜ਼ਨ ਹੋ ਗਿਆ। ਖੇਤ ਨਾਲ ਖੇਤ ਜੁੜਦਾ ਗਿਆ ਪਰ ਮੈਂ ਦਿਨੋ ਦਿਨ ਆਪਣੇ ਪਰਿਵਾਰ ਤੋਂ ਦੂਰ ਹੁੰਦਾ ਗਿਆ। ਸਭ ਆਪੋ-ਆਪਣੀ ਜਗ੍ਹਾ ਖ਼ੁਸ਼ ਸਨ ਪਰ ਮੈਨੂੰ ਪੇਪਰਾਂ ਨੇ ਦੁਖੀ ਹੀ ਰੱਖਿਆ। ਛੋਟਾ ਭਰਾ ਪਿੰਡ ਜਾ ਕੇ ਵਿਆਹ ਕਰਵਾ ਆਇਆ। ਮੈਂ ਬਹੁਤ ਕਿਹਾ ਕਿ ਦਾਜ ਨਹੀਂ ਲੈਣਾ, ਪਰ ਉਸ ਨੇ ਸਭ ਕੁਝ ਲਿਆ...ਜਿਨ੍ਹਾਂ ਨੂੰ ਮੈਂ ਸਾਰੀ ਜ਼ਿੰਦਗੀ ਖਵਾਉਂਦਾ ਰਿਹਾ, ਉਹ ਅਜੇ ਵੀ ਭੁੱਖੇ ਹੀ ਰਹੇ। ਭਰਾ ਨੂੰ ਕਹਿ ਕੇ ਦੂਜੇ ਭੈਣ ਭਰਾਵਾਂ ਦੇ ਪੇਪਰ ਭਰਾ ਦਿੱਤੇ। ਭਰਾ ਦੀ ਘਰਵਾਲੀ ਆ ਗਈ, ਅਸੀਂ ਘਰ ਖਰੀਦ ਲਿਆ। ਸਾਰੇ ਪੈਸੇ ਮੈਂ ਲਾਏ। ਸੋਚਿਆ ਹੁਣ ਪੱਕੀ ਪਕਾਈ ਰੋਟੀ ਮਿਲ ਜਾਊਗੀ। ਮਾਤਾ ਵੀ ਆ ਗਈ, ਭਰਾ ਦੇ ਬੱਚੇ ਵੀ ਹੋ ਗਏ ਪਰ ਮੇਰਾ ਕਿਸੇ ਨੇ ਕੁਝ ਨਾ ਸੋਚਿਆ। ਉਮਰ ਚਾਲੀ ਨੂੰ ਟੱਪ ਗਈ ਸੀ। ਯਾਰਾਂ ਦੋਸਤਾਂ ਨੂੰ ਕਹਿੰਦਾ ਰਿਹਾ, ਭਰਾਵੋ, ਮੇਰਾ ਕੁਝ ਸੋਚੋ, ਕੁਝ ਕਰੋ; ਪਰ 'ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਮੈਂ, ਕਿਸੇ ਨੇ ਮੇਰੀ ਗੱਲ ਸੁਣੀ'। ਫਿਰ ਮੈਂ ਸੋਚਿਆ ਕਿ ਹੁਣ ਸਾਰੇ ਆਪਣੀ ਥਾਂ ਸੈਟ ਹੋ ਗਏ ਹਨ, ਮੈਂ ਅਖ਼ਬਾਰ ਵਿਚ ਵਿਆਹ ਲਈ ਇਸ਼ਤਿਹਾਰ ਕਢਵਾ ਦਿੱਤਾ। ਹਾਸੋਹੀਣੇ ਫੋਨ ਆਉਣ ਲੱਗ ਗਏ। ਗੱਲ ਬਣੀ ਨਾ, ਪਰਮਾਤਮਾ ਦੇ ਰੰਗ ਨਿਆਰੇ! ਘਰਾਂ ਦੀਆਂ ਕੀਮਤਾਂ ਵਧ ਗਈਆਂ, ਸਸਤਾ ਲਿਆ ਘਰ ਮਹਿੰਗਾ ਵੇਚ ਦਿੱਤਾ। ਕਿਸੇ ਦੂਜੇ ਸ਼ਹਿਰ ਪ੍ਰਾਪਰਟੀ ਸਮੇਤ ਗੈਸ ਸਟੇਸ਼ਨ ਲੈ ਲਿਆ। ਭਰਾ ਨਾਲ ਹੀ ਸਰਵਾਲਾ ਬਣ ਗਿਆ, ਯਾਨਿ ਅੱਧਾ ਹਿੱਸਾ ਨਾਂ ਕਰਵਾ ਗਿਆ।

ਭਰਾ ਹਰ ਥਾਂ ਇੱਟ ਨਾਲ ਘੁੱਗੀ ਕੁੱਟ ਜਾਂਦਾ, ਬਿਜਨੈਸ ਵਧੀਆ ਚੱਲਿਆ। ਅਸੀਂ ਫਿਰ ਘਰ ਲੈ ਲਿਆ। ਭਰਾ ਫਿਰ ਬਰਾਬਰ ਰੱਖਿਆ। ਹੁਣ ਮੈਂ ਬਿਜਨੈਸਮੈਨ ਬਣ ਕੇ ਦੁਬਾਰਾ ਇਸ਼ਤਿਹਾਰ ਦਿੱਤਾ ਤਾਂ ਮੈਨੂੰ ਤਲਾਕਸ਼ੁਦਾ ਬਿਨਾਂ ਬੱਚੇ ਤੋਂ ਜਨਾਨੀ ਦੀ ਦੱਸ ਪਈ। ਸਾਡੀ ਗੱਲਬਾਤ ਹੋਈ ਤੇ ਵਿਆਹ ਹੋ ਗਿਆ। ਘਰ ਵਿਚ ਘਰਵਾਲੀ ਆ ਗਈ ਤਾਂ ਭਰਾ-ਭਰਜਾਈ ਲਈ ਜਿਵੇਂ ਥਾਂ ਥੁੜ੍ਹ ਗਈ ਹੋਵੇ। ਮਾਤਾ ਜੀ ਨੇ ਵੀ ਹਮੇਸ਼ਾ ਛੋਟੇ ਦਾ ਪੱਖ ਪੂਰਿਆ। ਦਿਲ ਵਿਚ ਨਫ਼ਰਤ ਦੀ ਚੰਗਿਆੜੀ ਇਕ ਦਿਨ ਭਾਂਬੜ ਬਣ ਬਾਹਰ ਆ ਗਈ। ਭਰਾ ਨੇ ਮੇਰੇ ਵਿਆਹ ਦੀ ਖ਼ੁਸ਼ੀ ਤਾਂ ਕੀ ਮਨਾਉਣੀ ਸੀ, ਉਸ ਨੇ ਪੈਰ-ਪੈਰ 'ਤੇ ਦੁੱਖ ਦੇਣੇ ਸ਼ੁਰੂ ਕਰ ਦਿੱਤੇ। ਮੈਂ ਸੋਚਦਾ, ਜਿਨ੍ਹਾਂ ਲਈ ਜ਼ਿੰਦਗੀ ਲੇਖੇ ਲਾਈ, ਉਨ੍ਹਾਂ ਨੇ ਇਕ ਵਾਰੀ ਵੀ ਮੈਨੂੰ ਪਿਆਰ ਨਾਲ ਗਲ ਨਹੀਂ ਲਾਇਆ। ਜਦੋਂ ਸਿਰੋਂ ਪਾਣੀ ਲੰਘ ਗਿਆ ਤਾਂ ਮੈਂ ਵੱਖਰਾ ਅਪਾਰਟਮੈਂਟ ਲੈ ਲਿਆ। ਭਰਾ ਹੁਣ ਪੱਕਾ ਸ਼ਰੀਕ ਬਣ ਗਿਆ। ਘਰੋਂ ਕਲੇਸ਼ ਵੱਖ ਹੋਇਆ ਤਾਂ ਸਟੋਰ 'ਤੇ ਸ਼ੁਰੂ ਹੋ ਗਿਆ। ਮੈਂ ਇਕੱਲਾ ਬਹਿ ਕੇ ਰੋਂਦਾ ਕਿ ਜਿਨ੍ਹਾਂ ਲਈ ਰਾਤ ਦਿਨ ਕਮਾਈ ਕਰਦਾ ਰਿਹਾ, ਉਨ੍ਹਾਂ ਨੇ ਇਕ ਦਿਨ ਵੀ ਨਹੀਂ ਜਿਉਣ ਦਿੱਤਾ। ਚੰਗੇ ਦਿਨਾਂ ਦੀ ਆਸ ਰੱਖਦਾ ਵਾਹਿਗੁਰੂ ਦਾ ਭਾਣਾ ਮੰਨਦਾ ਗਿਆ। ਆਪਣੀ ਘਰਵਾਲੀ ਦੀ ਬਦੌਲਤ ਗਰੀਨ ਕਾਰਡ ਦਾ ਮੂੰਹ ਦੇਖਿਆ। ਵਿਆਹ ਨੂੰ ਚਾਰ ਸਾਲ ਹੋ ਗਏ ਸਨ ਪਰ ਕੋਈ ਨਿੱਕਾ ਨਿਆਣਾ ਨਾ ਹੋਇਆ। ਘਰ ਦੇ ਕਲੇਸ਼ ਨੇ ਐਨਾ ਕੁ ਦੱਬਿਆ ਕਿ ਮੈਂ ਪਾਗਲ ਹੋਣ ਵਾਲਾ ਹੋ ਗਿਆ। ਬਿਜਨੈਸ ਵੇਚਣ 'ਤੇ ਲਾ ਦਿੱਤਾ। ਚਾਵਾਂ ਨਾਲ ਬਣਾਇਆ ਤੇ ਸਾਂਭਿਆ ਹੋਇਆ ਸਟੋਰ ਰੋ ਕੇ ਵੇਚਿਆ। ਭਰਾ ਫਿਰ ਅੱਧਿਉਂ ਵੱਧ ਰਕਮ ਲੈ ਗਿਆ। ਮਾਂ ਨੇ ਮੇਰੀ ਵਾਰੀ ਮਮਤਾ ਵੀ ਨਾ ਦਿਖਾਈ। ਘਰ ਦੇ ਤਖ਼ਤੇ ਬੰਦ ਕਰ ਕੇ ਮੈਂ ਪੰਜ ਤਖ਼ਤਾਂ ਦੇ ਦਰਸ਼ਨ ਕਰਨ ਲਈ ਇੰਡੀਆ ਚਲਿਆ ਗਿਆ। ਯਾਤਰਾ ਪੂਰੀ ਕਰ ਕੇ ਪਿੰਡ ਮੁੜਿਆ ਅਤੇ ਪਟਵਾਰੀ ਨੂੰ ਆਪਣੀ ਜ਼ਮੀਨ ਬਾਰੇ ਪੁੱਛਿਆ। ਕਈ ਦਿਨ ਤਾਂ ਉਸ ਨੇ ਲੜ ਨਾ ਫੜਾਇਆ। ਅੱਕ ਕੇ ਉਸ ਦੇ ਗਲ ਸਾਫਾ ਪਾ ਲਿਆ, ਪਿੰਡ ਵਾਲੇ ਭਾਈ ਨੇ ਉਸ ਨੂੰ ਮੂੰਹ ਅਤੇ ਹੱਥ ਦੋਵੇਂ ਹਲਾਉਣ ਤੋਂ ਮਨ੍ਹਾ ਕੀਤਾ ਹੋਇਆ ਸੀ। ਜਦੋਂ ਉਸ ਨੇ ਫਰਦਾਂ ਖੋਲ੍ਹੀਆਂ ਤਾਂ ਮੇਰੀ ਜ਼ਮੀਨ ਦੀ ਜਮ੍ਹਾਂਬੰਦੀ ਬੰਦ ਨਿਕਲੀ। ਮੇਰੇ ਹਿਸਾਬ ਨਾਲ ਮੈਨੂੰ ਬੈਅ ਵਾਲੀ ਜ਼ਮੀਨ ਵਿਚੋਂ ਪੰਜ ਕਿੱਲੇ ਆਉਂਦੇ ਸਨ ਤੇ ਬਾਪੂ ਵਾਲ ਜ਼ਮੀਨ ਵਿਚੋਂ ਸਵਾ ਕਿੱਲਾ ਆਉਂਦਾ ਸੀ। ਮੈਨੂੰ ਬਾਪੂ ਵਾਲੀ ਜ਼ਮੀਨ ਹੀ ਲੱਭੀ। ਆਪਣੀ ਕਮਾਈ ਕਰ ਕੇ ਬੈਅ ਖਰੀਦੀ ਜ਼ਮੀਨ ਵਿਚੋਂ ਮੈਂ ਮੱਖਣੀ 'ਚੋਂ ਵਾਲ ਵਾਂਗ ਬਾਹਰ ਕੱਢ ਦਿੱਤਾ ਗਿਆ ਸੀ। ਨਿਆਈਂ ਵਾਲੇ ਥਾਂ ਵਿਚੋਂ ਵੀ ਮੇਰੀ ਫੱਟੀ ਪੋਚੀ ਗਈ। ਮੈਨੂੰ ਹੁਣ ਸਮਝ ਆਈ ਕਿ ਅੰਮਾ ਜਾਏ ਵੀਰਾਂ ਨੂੰ ਵੀਰ ਕਿਉਂ ਮਾਰਦੇ ਹਨ! ਕਚਹਿਰੀਆਂ ਵਿਚ ਜੱਟਾਂ ਦੇ ਕਿਉਂ ਮੇਲੇ ਲੱਗਦੇ ਹਨ? ਜੱਟ ਦਾ ਵੱਡਾ ਪੁੱਤ ਤੇ ਬਾਣੀਏ ਦਾ ਛੋਟਾ ਪੁੱਤ ਕਿਉਂ ਘਾਟੇ ਵਿਚ ਜਾਂਦੇ ਨੇ? ਫਿਰ ਮਨ ਵਿਚ ਸੋਚਦਾ ਕਿ ਇਨ੍ਹਾਂ ਦਾ ਪਿਉ ਨਹੀਂ ਮਰਿਆ, ਪਿਉ ਤਾਂ ਮੇਰਾ ਮਰ ਗਿਆ। ਕੰਧਾਂ-ਕੌਲੇ ਫੜਦਾ ਬਾਹਰ ਨਿਕਲਿਆ। ਮਨ ਨੂੰ ਧਰਵਾਸਾ ਦਿੱਤਾ ਕਿ ਭੈਣਾਂ ਨੂੰ ਤਾਂ ਸਾਰੇ ਭਰਾ ਬਰਾਬਰ ਹੁੰਦੇ ਨੇ। ਜਦ ਭੈਣਾਂ ਕੋਲ ਭਾਈਆਂ ਦਾ ਧੋਖੇ ਵਾਲਾ ਦੁੱਖ ਸੁਣਾਇਆ ਤਾਂ ਉਹ ਵੀ ਪਟਵਾਰੀ ਵਾਂਗ ਚੁੱਪ ਹੋ ਗਈਆਂ। ਦੋਵਾਂ ਨੂੰ ਕਿਹਾ ਕਿ ਤੁਸੀਂ ਨਾਲ ਚੱਲੋ ਤੇ ਭਰਾਵਾਂ ਨਾਲ ਗੱਲ ਕਰੋ। ਉਨ੍ਹਾਂ ਨੇ ਰੱਖੜੀ ਵਾਲਾ ਧਾਗਾ ਵਗਾਹ ਕੇ ਪਰ੍ਹੇ ਮਾਰਦਿਆਂ ਕਿਹਾ, "ਤੁਹਾਡਾ ਭਰਾਵਾਂ ਦਾ ਰੌਲਾ ਹੈ, ਅਸੀਂ ਕੀ ਕਰੀਏ?" ਪਿੰਡ ਵਾਲੇ ਸੱਜਣ-ਮਿੱਤਰ ਵੀ ਮੁੱਖ ਮੋੜ ਗਏ। ਸਰਪੰਚ, ਨੰਬਰਦਾਰ ਸਭ ਸਾਥ ਦੇਣੋਂ ਭੱਜ ਗਏ। ਅਖੀਰ ਮਨ ਪੱਥਰ ਕਰ ਕੇ ਘਰੋਂ ਤੁਰ ਪਿਆ। ਸਿਵਿਆਂ ਵਿਚ ਆਉਂਦਾ ਹੋਇਆ ਆਪਣੇ ਹਿੱਸੇ ਦਾ ਡੱਕਾ ਤੋੜ ਕੇ ਸਿੱਟ ਆਇਆ। ਪਿੰਡ ਦੀ ਮਿੱਟੀ ਵਿਚੋਂ ਮਸਾਂ ਬਾਹਰ ਨਿਕਲਿਆ।

ਦਿੱਲੀ ਏਅਰਪੋਰਟ 'ਤੇ 27 ਸਾਲਾਂ ਬਾਅਦ ਜਹਾਜ਼ ਚੜ੍ਹਨ ਲਈ ਬੈਠਾ ਸੀ। ਉਸ ਦਿਨ ਨਾਲ ਚਾਰ ਹੋਰ ਮੁੰਡੇ ਸਨ ਜਿਨ੍ਹਾਂ ਦੇ ਦਿਲ ਵਿਚ ਕੁਝ ਕਰਨ ਦੀ ਚਾਹਤ ਸੀ। ਬਾਪੂ ਦੇ ਬੋਲਾਂ 'ਤੇ ਖੜ੍ਹਨ ਦੀ ਜ਼ਿੰਮੇਵਾਰੀ ਸੀ। ਛੋਟੇ ਭੈਣ-ਭਰਾਵਾਂ ਦੇ ਪਿਆਰ ਨਾਲ ਗਲ ਤੱਕ ਭਰਿਆ ਪਿਆ ਸੀ ਪਰ ਅੱਜ ਉਸੇ ਹਵਾਈ ਅੱਡੇ ਉਤੇ ਮੈਂ ਅਤੇ ਘਰਵਾਲੀ ਦੋਵੇਂ ਬੈਠੇ ਸਾਂ। ਪੱਲੇ ਭਰਾਵਾਂ ਦੇ ਧੋਖੇ ਵਾਲਾ ਲਫ਼ਾਫਾ ਪਿਆ ਸੀ। ਸੋਚਿਆ ਸੀ ਕਿ ਇਕ ਵਾਰ ਕਹਿ ਕੇ ਵੇਖ ਲਵਾਂਗਾ...ਨਹੀਂ ਤਾਂ ਇਹ ਕਾਗਜ਼ ਪਾੜ ਕੇ ਸਿੱਟ ਦੇਵਾਂਗਾ। ਮੇਰੇ ਕੋਲ ਸਿਰਫ਼ ਘਰਵਾਲੀ ਦਾ ਹੀ ਸਹਾਰਾ ਸੀ। ਜਹਾਜ਼ ਉਡਿਆ, ਨਾਲ ਹੀ ਮੈਂ ਕਹਿ ਦਿੱਤਾ ਕਿ ਦੁਬਾਰਾ ਇਸ ਧਰਤੀ 'ਤੇ ਪੈਰ ਪਾਉਣਾ ਨਸੀਬ ਨਾ ਹੋਵੇ ਜਿਥੇ ਭਾਈਆਂ ਨੂੰ ਭਾਈ ਹੀ ਮਾਰਦੇ ਨੇ। ਹੁਣ ਇੱਥੇ ਆ ਕੇ ਘਰਵਾਲੀ ਦਾ ਇਲਾਜ ਕਰਵਾਇਆ ਹੈ, ਸ਼ਾਇਦ ਪਰਮਾਤਮਾ ਭੁਜੰਗੀ ਬਖ਼ਸ਼ ਦੇਵੇ ਅਤੇ ਮੈਂ ਮਰਨ ਲੱਗਿਆ ਕਹਿ ਦੇਵਾਂ, 'ਸੁੱਖਿਆ, ਆਪਣਾ ਖਿਆਲ ਰੱਖੀਂ! ਮਾਂ ਨੂੰ ਦੁੱਖ ਨਾ ਦੇਈ। ਛੋਟੇ ਭੈਣਾਂ ਭਰਾਵਾਂ ਨੂੰ ਖੁਦ ਵੱਡੇ ਹੋਣ ਦਾ ਮੌਕਾ ਦੇਵੀਂ। ਫਿਰ ਕੋਈ ਹੋਰ ਸੁੱਖਾ ਬਲੀ ਦਾ ਬੱਕਰਾ ਨਾ ਬਣ ਜਾਵੇ।'

ਭਰਾਵਾਂ ਵਰਗਾ ਪਿਆਰ ਨਹੀਂ
ਜੇ ਵਿਚ ਲਾਲਚ ਦੀ ਤਲਵਾਰ ਨਾ ਹੋਵੇ।
ਜੂਏ ਵਰਗਾ ਵਪਾਰ ਨਹੀਂ
ਜੇ ਵਿਚ ਹਾਰ ਨਾ ਹੋਵੇ।

---

## ਭਾਰਤ ਦਾ ਮਾਣ-ਪਹਿਲਵਾਨ ਬੁੱਧ ਸਿੰਘ

*(ਪਿਛਲੇ ਸਫੇ ਦੇ ਬਾਕੀ)*

ਦੱਸਣ ਲੱਗਾ ਕਿ ਉਹਦੀ ਤਿਆਰੀ ਕਰਾਉਣ ਲਈ ਉਨ੍ਹਾਂ ਨੇ ਖੂਹ 'ਤੇ ਭਲਵਾਨ ਰੱਖੇ ਹੋਏ ਸਨ। ਹੋਰ ਸੇਵਾ ਦੇ ਨਾਲ ਉਹ ਉਨ੍ਹਾਂ ਨੂੰ ਰੋਜ਼ ਬਦਾਮਾਂ ਦੀ ਸ਼ਰਦਾਈ ਘੋਟ ਕੇ ਦਿੰਦਾ। ਅਸਲੀ ਮਾਲ ਉਨ੍ਹਾਂ ਨੂੰ ਪੀਣ ਨੂੰ ਦੇ ਦੇਣਾ ਤੇ ਸ਼ਰਦਾਈ ਦਾ ਧੋਣ ਜਿਹਾ ਆਪ ਪੀਣਾ। ਇਕ ਦਿਨ ਅਖਾੜੇ 'ਚ ਜ਼ੋਰ ਕਰਾਉਂਦੇ ਉਹ ਬੁੱਧੂ ਦੇ ਸੱਟ ਮਾਰਨ ਦੀ ਕੋਸ਼ਿਸ਼ ਕਰਨ ਲੱਗੇ। ਉਹ ਉਨ੍ਹਾਂ ਕੋਲੋਂ ਬਚ ਕੇ ਆ ਗਿਆ ਤੇ ਪਿਤਾ ਨੂੰ ਗੱਲ ਦੱਸੀ। ਪਿਤਾ ਨੇ ਕਿਹਾ ਕਿ ਤੈਨੂੰ ਹੁਣ ਮੈਂ ਜ਼ੋਰ ਕਰਾਵਾਂਗਾ ਤੇ ਉਨ੍ਹਾਂ ਤੋਂ ਬਚ ਕੇ ਰਹੀਂ ਤੇ ਸ਼ਰਦਾਈ ਘੋਟ ਕੇ ਨਾ ਦੇਵੀਂ, ਉਹ ਆਪੇ ਚਲੇ ਜਾਣਗੇ। ਹੋਇਆ ਵੀ ਇਸੇ ਤਰ੍ਹਾਂ ਹੀ। ਇਸੇ ਤਰ੍ਹਾਂ ਇਕ ਵਾਰ ਮਿਥੀ ਕੁਸ਼ਤੀ ਤੋਂ ਇਕ ਦਿਨ ਪਹਿਲਾਂ ਈਰਖਾਲੂ ਭਲਵਾਨਾਂ ਨੇ ਡੰਡ ਕਢਾ-ਕਢਾ ਉਹਦੀਆਂ ਬਾਂਹਾਂ ਦਾ ਜ਼ੋਰ ਲਵਾ ਦਿਤਾ। ਖੇਤ ਵਾਹੁਣ ਲੱਗਾ ਤਾਂ ਟਰੈਕਟਰ ਦਾ ਸਟੇਰਿੰਗ ਨਾ ਮੁੜੇ। ਨਾਲ ਬੈਠੇ ਬਾਬਾ ਜੀ ਨੇ ਪੁਛਿਆ ਤਾਂ ਪਤਾ ਲੱਗਾ ਕਿ ਭਲਵਾਨਾਂ ਨੇ ਜਾਣ-ਬੁੱਝ ਕੇ ਜ਼ੋਰ ਲੁਆ ਦਿਤਾ ਤਾਂ ਕਿ ਅਗਲੇ ਦਿਨ ਹੋਣ ਵਾਲੀ ਕੁਸ਼ਤੀ ਹਾਰ ਜਾਵੇ। ਬਾਬਾ ਜੀ ਸੰਨ 1976 ਵਿਚ ਪੂਰੇ ਹੋ ਗਏ ਜਦਕਿ ਪਿਤਾ ਜੀ 2001 ਵਿਚ।

ਬੁੱਧੂ ਨੇ 1979-80 ਦੀ ਗੱਲ ਸੁਣਾਉਂਦਿਆਂ ਕਿਹਾ ਕਿ ਇਕ ਵਾਰ ਮਜ਼ਾਰਾ ਰਾਜਾ ਸਾਹਿਬ ਕੁਸ਼ਤੀਆਂ ਹੋਈਆਂ। ਉਸ ਵੇਲੇ ਕਰਤਾਰ ਸਿੰਘ ਏਸ਼ੀਆ ਵਿਚੋਂ ਗੋਲਡ ਮੈਡਲ ਜਿੱਤ ਕੇ ਲਿਆਇਆ ਸੀ। ਕਰਤਾਰ ਨਾਲ ਕੁਸ਼ਤੀ ਕਰਨ ਲਈ ਬੁੱਧੂ ਨੂੰ ਸੋਧੀ ਕੋਚ 2500 ਰੁਪਏ ਮੁਕਾ ਕੇ ਦਿੱਲੀ ਤੋਂ ਲੈ ਆਇਆ। ਬੁੱਧੂ ਨਾਲ ਮੁਹੱਬਤ ਕਰਕੇ ਅੰਮ੍ਰਿਤਸਰੀਆ ਬਿੱਲਾ ਵੀ ਨਾਲ ਆ ਗਿਆ। ਉਥੇ ਪਹਿਲਵਾਨ ਦਾਰਾ ਸਿੰਘ ਅਤੇ ਦਾਰਾ ਸਿੰਘ ਦਾ ਉਸਤਾਦ ਪਹਿਲਵਾਨ ਹਰਬੰਸ ਸਿੰਘ ਰਾਏਪੁਰ ਡੱਬਾ ਵੀ ਹਾਜ਼ਰ ਸਨ। ਬੰਗਿਆਂ ਦਾ ਸਾਰਾ ਇਲਾਕਾ ਕੁਸ਼ਤੀਆਂ ਵੇਖਣ ਢੁੱਕਿਆ ਹੋਇਆ ਸੀ। ਮੈਂ ਵੀ ਸਾਰਾ ਸੀਨ ਅੱਖੀਂ ਵੇਖਿਆ। ਬੁੱਧੂ ਤੇ ਬਿੱਲਾ ਕਰਤਾਰ ਨਾਲ ਕੁਸ਼ਤੀ ਕਰਨੀ ਚਾਹੁੰਦੇ ਸਨ। ਕੁਸ਼ਤੀ ਨਹੀਂ ਸੀ ਹੋ ਰਹੀ। ਫਿਰ ਹਰਬੰਸ ਸਿੰਘ ਨੇ ਕਿਹਾ, ਇਨ੍ਹਾਂ ਮੁੰਡਿਆਂ ਨਾਲ ਕਰਤਾਰ ਦੀ ਕੁਸ਼ਤੀ ਕਿਉਂ ਨਹੀਂ ਕਰਵਾਉਂਦੇ? ਕਰਤਾਰ ਦੀ ਕੁਸ਼ਤੀ ਫਿਰ ਪੰਜਾਬ ਪੁਲਿਸ ਦੇ ਮਦਨ ਭਲਵਾਨ ਨਾਲ ਹੋਣ ਲੱਗੀ ਤਾਂ ਰੌਲਾ ਪੈ ਗਿਆ। ਕੁਸ਼ਤੀਆਂ ਵਿਚਾਲੇ ਰਹਿ ਗਈਆਂ। ਪੱਚੀ ਸੌ ਰੁਪਏ ਫਿਰ ਸੋਧੀ ਬੁੱਧੂ ਦੇ ਪਿੰਡ ਫੜਾ ਕੇ ਗਿਆ।

1981 'ਚ ਬੁੱਧ ਸਿੰਘ ਕੁਸ਼ਤੀਆਂ ਕਰਨ ਕੈਨੇਡਾ ਆ ਗਿਆ। ਕਈ ਭਲਵਾਨਾਂ ਨੂੰ ਹਰਾਇਆ। ਸੰਨੀ ਗਿੱਲ ਨਾਲ ਵੀ ਕੁਸ਼ਤੀ ਹੋਈ। ਭਾਰਤ ਵਾਪਸ ਜਾਣ ਲਈ ਤਿਆਰ ਹੋਇਆ ਤਾਂ ਯਾਰਾਂ-ਦੋਸਤਾਂ ਦੇ ਕਹਿਣ 'ਤੇ ਅਮਰੀਕਾ ਆ ਗਿਆ। ਕੈਲੀਫੋਰਨੀਆ ਵਿਚ ਸਕੂਲਾਂ ਦੇ ਗੋਲਡ ਮੈਡਲ ਜਿੱਤੇ। ਮਿੱਟੀ ਅਤੇ ਗੱਦੇ ਤੋਂ ਇਲਾਵਾ ਫਰੀ ਸਟਾਇਲ ਕੁਸ਼ਤੀਆਂ ਵੀ ਕੀਤੀਆਂ। ਡਰਾਮਾ ਜਿਹਾ ਲੱਗਦਾ ਹੋਣ ਕਰਕੇ ਫਰੀ ਸਟਾਇਲ ਕੁਸ਼ਤੀਆਂ ਨੂੰ ਦਿਲ ਨਾ ਮੰਨਿਆ। ਮਿੱਟੀ/ਗੱਦੇ ਵਾਲੀਆਂ ਕੁਸ਼ਤੀਆਂ ਨੂੰ ਹੀ ਪਹਿਲ ਦਿਤੀ। ਉਹ ਇਕ ਵਾਰ ਕਿਤੇ ਕੁਸ਼ਤੀ ਕਰ ਕੇ ਹਟਿਆ ਹੀ ਸੀ ਤਾਂ ਕੁਝ ਲੋਕਾਂ ਦੇ ਭਰੋਸੇ 'ਚ ਆ ਕੇ ਕਿਸੇ ਕਾਲੇ ਭਲਵਾਨ ਨਾਲ ਕੁਸ਼ਤੀ ਕਰਨ ਲੱਗ ਪਿਆ। ਘੁਲਦੇ ਦੇ ਗੋਡੇ 'ਤੇ ਸੱਟ ਲੱਗ ਗਈ। ਜਿਨ੍ਹਾਂ ਦੋਸਤਾਂ 'ਤੇ ਯਕੀਨ ਕੀਤਾ ਉਹ ਧੋਖਾ ਦੇ ਗਏ। ਕੈਰੀਅਰ ਤਬਾਹ ਹੋ ਗਿਆ। ਸੱਟ ਨਾ ਲਗਦੀ ਤਾਂ ਭਾਰਤ ਜਾ ਕੇ '82 ਏਸ਼ੀਆ ਦੀਆਂ ਕੁਸ਼ਤੀਆਂ ਲੜਨੀਆਂ ਸਨ। ਸੰਨ 1979 ਦੀਆਂ ਏਸ਼ੀਆਈ ਖੇਡਾਂ ਵਿਚ ਕੁਸ਼ਤੀਆਂ ਦਾ ਸਿਲਵਰ ਮੈਡਲ ਜਿੱਤਿਆ ਸੀ। ਮਨ ਦੀਆਂ ਮਨ ਵਿਚ ਰਹਿ ਗਈਆਂ। ਭਾਰਤੀ ਸਿਆਸਤ ਨੇ ਵਿਦੇਸ਼ੀ ਧਰਤੀ 'ਤੇ ਆ ਕੇ ਵੀ ਮਾਰ ਕੀਤੀ। ਬੁੱਧ ਸਿੰਘ ਹੁਣ ਪੱਕਾ ਅਮਰੀਕਾ ਵਿਚ ਰਹਿੰਦਾ ਹੈ। ਪਰਮਜੀਤ ਤੇ ਸਰਬਜੀਤ-ਦੋਵੇਂ ਬੇਟੇ ਸਕੂਲਾਂ ਦੀਆਂ ਕੁਸ਼ਤੀਆਂ ਦੇ ਚੈਂਪੀਅਨ ਰਹਿ ਚੁੱਕੇ ਹਨ। ਕੁਸ਼ਤੀਆਂ ਤੋਂ ਬਾਅਦ ਹੁਣ ਕਬੱਡੀ ਦੇ ਖਿਡਾਰੀ ਹਨ। ਵੱਡੇ ਭਰਾ ਊਧਮ ਸਿੰਘ ਦਾ ਬੇਟਾ ਬਲਵੀਰ ਸਿੰਘ ਵੀਰ੍ਹਾ ਵੀ ਮੰਨਣਹਾਣੇ ਦੀਆਂ ਕੁਸ਼ਤੀਆਂ ਦਾ 'ਭਾਰਤ ਕੁਮਾਰ' ਬਣ ਚੁੱਕਾ ਹੈ। ਭਾਰਤੀ ਟੀਮ ਨਾਲ ਉਹ ਕੈਨੇਡਾ ਦੀ ਧਰਤੀ 'ਤੇ ਵੀ ਘੁਲਣ ਆ ਚੁੱਕਾ ਹੈ। ਛੋਟੇ ਭਰਾ ਪਾਲੇ ਦਾ ਬੇਟਾ ਕੁਲਵਿੰਦਰ ਸਿੰਘ ਵੀ ਪਿੰਡਾਂ ਦੀਆਂ ਕੁਸ਼ਤੀਆਂ ਦਾ ਮੱਲ ਹੈ। ਪਿੰਡ ਖੂਹ ਉਤੇ ਮਿੱਟੀ ਅਤੇ ਗੱਦਿਆਂ ਦਾ ਅਖਾੜਾ ਚਲਦਾ ਹੈ। ਉਥੇ ਪਿੰਡ ਅਤੇ ਆਲੇ-ਦੁਆਲੇ ਪਿੰਡਾਂ ਦੇ ਪਹਿਲਵਾਨ ਮੁੰਡੇ ਜ਼ੋਰ ਕਰਨ ਆਉਂਦੇ ਹਨ। ਭਾਰਤੀ ਮੱਲ ਬੁੱਧ ਸਿੰਘ ਦਾ ਪਿੰਡ ਭੁੱਟੇ ਵੇਖਣ ਦੀ (ਲੇਖਕ ਨੂੰ) ਖਾਹਿਸ਼ ਜੋ ਕੁਝ ਸਾਲ ਪਹਿਲਾਂ ਪੂਰੀ ਹੋਈ ਤੇ ਜਾ ਕੇ ਸਾਰਾ ਕੁਝ ਵੇਖਿਆ।

ਦੋਆਬੇ ਦੇ ਮਿੰਨੀ ਓਲੰਪਿਕ ਹਕੀਮਪੁਰ ਖੇਡ ਮੇਲੇ 'ਤੇ ਇਕ ਵਾਰ ਪੰਜਾਬ ਦੇ ਰਿਟਾਇਰ ਡੀ. ਜੀ. ਪੀ. ਮਹਿਲ ਸਿੰਘ ਭੁੱਲਰ, ਬੁੱਧ ਸਿੰਘ ਅਤੇ ਕਰਤਾਰ ਸਿੰਘ ਹਾਜ਼ਰ ਸਨ। ਮਹਿਲ ਸਿੰਘ ਭੁੱਲਰ ਬੁੱਧ ਸਿੰਘ ਨੂੰ ਕਹਿਣ ਲੱਗਾ, "ਬੁੱਧ ਸਿੰਹਾਂ ਅਗਰ ਤੂੰ ਵਾਪਸ ਆ ਜਾਂਦਾ ਤਾਂ ਔਹ ਸਾਰੀਆਂ ਫ਼ੀਤੀਆਂ ਤੇਰੀਆਂ ਸਨ।"

"ਚਲੋ ਜੀ ਜੋ ਪਰਮਾਤਮਾ ਨੂੰ ਮਨਜ਼ੂਰ," ਕਹਿੰਦੇ ਬੁੱਧ ਸਿੰਘ ਨੇ ਕੋਲ ਬੈਠੇ ਡੀ. ਜੀ. ਪੀ. ਨੂੰ ਉਤਰ ਦਿਤਾ।

ਨੇਕ ਇਨਸਾਨ ਤੇ ਮਿਲਣਸਾਰ ਬੁੱਧ ਸਿੰਘ ਦਾ ਸਭ ਨੂੰ ਇਹੋ ਪੈਗਾਮ ਹੈ ਕਿ ਚੰਗੇ ਖਿਡਾਰੀਆਂ ਨੂੰ ਹੌਸਲਾ ਦਿਓ, ਬੱਚਿਆਂ ਨੂੰ ਖੇਡਾਂ ਨਾਲ ਜੋੜੋ ਅਤੇ ਸਿਆਸਤ ਨੂੰ ਖੇਡਾਂ ਤੋਂ ਦੂਰ ਰੱਖੋ। ਪੁਰਾਣੇ ਪਹਿਲਵਾਨਾਂ ਨੂੰ ਅਰਜ਼ ਹੈ ਕਿ ਜਿੰਨਾ ਘੁਲ ਲਿਆ, ਵਧੀਆ ਘੁੱਲ ਲਿਆ, ਹੁਣ ਨਵੇਂ ਪਹਿਲਵਾਨਾਂ ਨੂੰ ਵੀ ਅੱਗੇ ਆਉਣ ਦਾ ਮੌਕਾ ਦਿਓ। ਬੁੱਧ ਸਿੰਘ ਨਾਲ ਫੋਨ 513-307-8462 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

---

## ਡਾ. ਗੁਰਨਾਮ ਕੌਰ ਦੀਆਂ ਟਿੱਪਣੀਆਂ ਬਾਬਤ

*(ਸਫਾ 31 ਦੀ ਬਾਕੀ)*

ਫੇਰ ਠੀਕ ਹੈ। ਮੈਂ ਬਲਕਾਰ ਸਿੰਘ ਨੂੰ ਸੁਖਦਿਆਲ ਦੇ ਘਰ ਲੈ ਗਿਆ। ਹੱਥ ਮਿਲਾਏ ਚਾਹ ਪੀਤੀ, ਪਿਛਲੇ ਸਮੇਂ ਨੂੰ ਯਾਦ ਕੀਤਾ ਤੇ ਬੋਲਚਾਲ ਸ਼ੁਰੂ ਹੋ ਗਈ।

ਮੈਂ ਆਰ.ਐਸ.ਐਸ. ਦੇ ਸਾਬਕਾ ਮੁਖੀ ਸ਼੍ਰੀ ਸੁਦਰਸ਼ਨ ਨੂੰ ਇਕ ਵਾਰ ਮਿਲਿਆ ਸਾਂ ਤੇ ਸਿੱਖਾਂ ਬਾਰੇ ਜਿਸ ਤਰ੍ਹਾਂ ਦੀਆਂ ਉਹ ਟਿੱਪਣੀਆਂ ਦਿੰਦੇ ਸਨ, ਉਹ ਠੀਕ ਨਹੀਂ ਇਹ ਦੱਸਣ ਗਿਆ ਸਾਂ। ਸਾਡਾ ਉਸ ਤਰ੍ਹਾਂ ਦਾ ਸੰਵਾਦ ਨਹੀਂ ਹੋਇਆ ਜਿਵੇਂ ਗਿਆਨੀ ਦਿੱਤ ਸਿੰਘ ਦਾ ਆਰੀਆ ਸਮਾਜ ਦੇ ਮੁਖੀ ਦਇਆ ਨੰਦ ਨਾਲ ਹੋਇਆ ਸੀ। ਇਕ ਦੂਜੇ ਨੂੰ ਹਰਾਉਣ ਦੀ ਥਾਂ ਸਮਝਣ-ਸਮਝਾਉਣ ਦੀ ਇੱਛਾ ਸੀ। ਸਾਡੀ ਗੱਲਬਾਤ ਦੌਰਾਨ ਰਾਸ਼ਟਰੀ ਸਿੱਖ ਸੰਗਤ ਦੇ ਦੋ ਸੌ ਸ਼ਖਸ ਹਾਲ ਵਿਚ ਮੌਜੂਦ ਸਨ। ਉਨ੍ਹਾਂ ਕਿਹਾ, "ਮੁਝੇ ਯੂੰ ਲਗਤਾ ਹੈ ਪੰਨੂ ਭਾਈ, ਸ਼੍ਰੀ ਗੁਰੂ ਖਾਲਸਾ ਪੰਥ ਹਿੰਦੂ ਧਰਮ ਔਰ ਹਿੰਦੁਸਤਾਨ ਕੋ ਬਚਾਨੇ ਕੇ ਲਿਏ ਪੈਦਾ ਹੂਆ ਥਾ। ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਤਿਲਕ ਔਰ ਜੰਜੂ ਕੀ ਲਾਜ ਰੱਖੀ ਥੀ।"

ਮੈਂ ਉਤਰ ਦਿੱਤਾ ਸੀ, "ਸੁਦਰਸ਼ਨ ਭਾਈ ਖਾਲਸਾ ਪੰਥ ਨਯਾ ਧਰਮ ਹੈ, ਕੋਈ ਗਰੋਹ ਨਹੀਂ। ਆਪ ਕੀ ਸਟੇਟਮੈਂਟ ਮੈਂ ਥੋੜੀ ਦਰੁਸਤ ਕਰ ਦੇਤਾ ਹੂੰ। ਖਾਲਸਾ ਪੰਥ ਕਾ ਪ੍ਰਕਾਸ਼ ਹੂਆ ਔਰ ਸ਼੍ਰੀ ਗੁਰੂ ਖਾਲਸਾ ਪੰਥ ਕੀ ਕਿਰਪਾ ਸੇ ਹਿੰਦੂ ਧਰਮ ਔਰ ਹਿੰਦੁਸਤਾਨ ਬਚ ਗਏ। ਗੁਰੂ ਤੇਗ ਬਹਾਦਰ ਸਾਹਿਬ ਨੇ ਤਿਲਕ ਜੰਜੂ ਬਚਾਨੇ ਕੇ ਲੀਏ ਸ਼ਹਾਦਤ ਦੀ, ਇਸ ਬਾਤ ਕਾ ਜ਼ਿਕਰ ਸਿਖੋਂ ਕੋ ਕਮ ਔਰ ਹਿੰਦੂਓਂ ਕੋ ਜ਼ਿਆਦਾ ਕਰਨਾ ਚਾਹੀਏ।"

ਡਾ. ਗੁਰਨਾਮ ਕੌਰ ਦਾ ਪਹਿਲੇ ਪੈਰੇ ਵਿਚ ਸੰਕੇਤ ਹੈ ਜਿਵੇਂ ਮੇਰੇ ਉਪਰ ਹੁਣ ਆਰ.ਐਸ.ਐਸ. ਦਾ ਅਸਰ ਹੋਵੇ। ਸੁਦਰਸ਼ਨ ਜੀ ਨੂੰ ਮਿਲਣ ਦੀ ਖਬਰ ਮੈਂ ਖੁਦ ਆਪਣੀ ਲਿਖਤ ਰਾਹੀਂ ਪਾਠਕਾਂ ਨੂੰ ਦੱਸੀ ਸੀ। ਹੁਣ ਤੱਕ ਮੇਰੀਆਂ ਅੱਠ ਕਿਤਾਬਾਂ ਛਪ ਚੁੱਕੀਆਂ ਹਨ। ਮੈਂ ਪੰਥਕ ਸਟੇਜਾਂ ਉਪਰ ਅਕਸਰ ਸੰਗਤ ਨੂੰ ਸੰਬੋਧਨ ਕਰਦਾ ਹਾਂ। ਡਾ. ਗੁਰਨਾਮ ਕੌਰ ਮੇਰੀ ਲਿਖਤ/ਸਪੀਚ ਵਿਚੋਂ ਇਕ ਵੀ ਪੰਕਤੀ ਅਜਿਹੀ ਲੱਭ ਕੇ ਦਿਖਾਉਣ ਜਿਹੜੀ ਆਰ.ਐਸ.ਐਸ. ਤੋਂ ਪ੍ਰਭਾਵਿਤ ਹੋਵੇ। ਮੈਂ ਸਿੱਖ ਸਟੱਡੀਜ਼ ਦਾ ਪ੍ਰੋਫੈਸਰ ਅਤੇ ਧਰਮ ਅਧਿਐਨ ਵਿਭਾਗ ਦਾ ਚੇਅਰਮੈਨ ਹਾਂ। ਵੱਖ ਵੱਖ ਧਰਮਾਂ ਦੇ ਅਹਿਮ ਬੰਦਿਆਂ ਨੂੰ ਮੈਂ ਨਹੀਂ ਮਿਲਾਂਗਾ ਤਾਂ ਕੌਣ ਮਿਲੇਗਾ? ਔਰੰਗਜ਼ੇਬ ਨਾਲੋਂ ਵੱਡਾ ਖੂੰਖਾਰ ਬਾਦਸ਼ਾਹ ਹੋਰ ਕੌਣ ਹੋਵੇਗਾ ਜਿਸ ਨੇ ਦਸਮ ਪਾਤਸ਼ਾਹ ਦਾ ਸਾਰਾ ਖਾਨਦਾਨ ਖਤਮ ਕਰ ਦਿਤਾ ਸੀ? ਮਹਾਰਾਜ ਵਲੋਂ ਭੇਜਿਆ ਜ਼ਫਰਨਾਮਾ ਪੜ੍ਹ ਕੇ ਉਸ ਨੂੰ ਆਪਣੇ ਗੁਨਾਹਾਂ ਦਾ ਅਹਿਸਾਸ ਹੋਇਆ, ਸੁਨੇਹਾ ਦਿਤਾ, "ਮੈਂ ਬਿਰਧ ਹੋ ਗਿਆ ਹਾਂ, ਬਿਮਾਰ ਹਾਂ, ਕਮਜ਼ੋਰ ਹਾਂ। ਤਕੜਾ ਹੁੰਦਾ ਤਾਂ ਪੰਜਾਬ ਆ ਕੇ ਆਪ ਦੇ ਦੀਦਾਰ ਕਰਦਾ। ਹੁਣ ਤੁਸੀਂ ਕਿਰਪਾ ਕਰਕੇ ਇਥੇ ਆ ਜਾਉ।" ਮਹਾਰਾਜ ਉਸ ਨੂੰ ਮਿਲਣ ਲਈ ਦੱਖਣ ਵੱਲ ਰਵਾਨਾ ਹੋ ਗਏ ਸਨ।

ਸਾਨੂੰ ਆਰ.ਐਸ.ਐਸ. ਦੇ ਪ੍ਰੇਤ ਤੋਂ ਭੈਅ-ਭੀਤ ਹੋਣ ਦੀ ਲੋੜ ਨਹੀਂ। ਮੈਂ ਜਿਸ ਕਿਸੇ ਨੂੰ ਮਿਲਾਂਗਾ, ਦਸ਼ਮੇਸ਼ ਪਿਤਾ ਦਾ ਪੁੱਤਰ ਹੋਣ ਦੀ ਹੈਸੀਅਤ ਵਿਚ ਮਿਲਾਂਗਾ। ਆਮੀਨ।

**-ਹਰਪਾਲ ਸਿੰਘ ਪੰਨੂੰ (ਪ੍ਰੋ.)**

ਕਹਾਣੀ

# ਕਲਾਣ

***ਪ੍ਰਤਿਭਾਸ਼ਾਲੀ ਕਹਾਣੀਕਾਰ ਸਰਵਮੀਤ ਦੀ ਕਹਾਣੀ 'ਕਲਾਣ' ਅਸਲ ਵਿਚ ਤੇਜੀ ਨਾਲ ਬਦਲ ਰਹੇ ਯੁੱਗ ਦੀ ਗਾਥਾ ਹੈ। ਵਕਤ ਕਰਵਟ ਲੈ ਰਿਹਾ ਹੈ ਅਤੇ ਪੁਰਾਣੇ ਦੁਰਗ ਢਹਿ ਰਹੇ ਹਨ ਪਰ ਕਹਾਣੀ ਦੇ ਮੁੱਖ ਪਾਤਰ ਲਈ ਇਹ ਤਬਦੀਲੀ ਬਹੁਤ ਓਪਰੀ ਹੈ। ਸਰਵਮੀਤ ਨੇ ਜਿਸ ਬਾਰੀਕੀ ਨਾਲ ਮੁੱਖ ਪਾਤਰ ਦੀ ਮਨੋਦਸ਼ਾ ਬਿਆਨ ਕੀਤੀ ਹੈ, ਉਹ ਲਾਜਵਾਬ ਹੈ। ਇਸ ਕਹਾਣੀ ਦਾ ਤੇਜ ਬਹੁਤ ਤਿੱਖਾ ਅਤੇ ਧੁਰ ਅੰਦਰ ਤੱਕ ਮਾਰ ਕਰਨ ਵਾਲਾ ਹੈ। ਮਸ਼ਹੂਰ ਰੰਗਕਰਮੀ ਗੁਰਸ਼ਰਨ ਸਿੰਘ ਨੇ ਇਸ ਕਹਾਣੀ ਨੂੰ ਆਧਾਰ ਬਣਾ ਕੇ 'ਨਵਾਂ ਜਨਮ' ਨਾਂ ਦਾ ਨਾਟਕ ਆਪ ਤਿਆਰ ਕੀਤਾ ਸੀ ਅਤੇ ਪੰਜਾਬ ਭਰ ਵਿਚ ਖੇਡਿਆ ਸੀ। ਕੋਈ ਗਿਣਤੀ ਨਹੀਂ ਕਿ ਇਸ ਨਾਟਕ ਦੀਆਂ ਕਿੰਨੀਆਂ ਪੇਸ਼ਕਾਰੀਆਂ ਹੁਣ ਤੱਕ ਹੋ ਚੁੱਕੀਆਂ ਹਨ। ਕਈ ਨਾਟਕ ਮੰਡਲੀਆਂ ਹੁਣ ਵੀ ਇਹ ਨਾਟਕ ਖੇਡ ਰਹੀਆਂ ਹਨ। ਨੌਜਵਾਨ ਕਥਾਕਾਰ ਸਰਵਮੀਤ ਭਾਵੇਂ ਕੁਝ ਸਾਲ ਪਹਿਲਾਂ ਇਸ ਫਾਨੀ ਸੰਸਾਰ ਨੂੰ ਬਹੁਤ ਅਗੇਤੀ ਅਲਵਿਦਾ ਆਖ ਗਿਆ ਸੀ, ਪਰ ਉਸ ਦੀਆਂ ਜਾਨਦਾਰ ਕਹਾਣੀਆਂ ਪੰਜਾਬੀ ਸਾਹਿਤ ਜਗਤ ਦੇ ਅੰਗ-ਸੰਗ ਹਨ। ਉਹਦੀ ਇਹ ਕਹਾਣੀ ਨਵੇਂ ਯੁੱਗ ਨੂੰ ਰੂਹ ਨਾਲ ਲਾਈ ਸੱਦ ਹੈ। -ਸੰਪਾਦਕ***

**ਸਰਵਮੀਤ**

"ਉਏ ਹੱਦ ਹੋ ਗੀ ਮੁਲਖਾ-ਇਨ੍ਹਾਂ ਕੰਜਰ ਦਿਆਂ ਦੇ ਮਜਾਜ ਈ ਨੀ ਸਾਂਭਣ 'ਚ ਆਉਂਦੇ-ਇਹ ਪਟਿਆਲੇ ਆਲੇ ਦੇ ਬੀਅ ਕਿਥੋਂ ਜੰਮ ਪੇ-ਉਏ ਹੋਰ ਤੇ ਹੋਰ ਆਹ ਮੇਜੋ ਈ ਨੀ ਜੇ ਮਾਣ-ਚੰਦਰੀ ਮੂੰਹ ਨੀ ਵੇਂਹਦੀ ਆਪਣਾ-ਸਾਰੀ ਉਮਰ ਜੱਟਾਂ ਦੇ ਟੁੱਕਰਾਂ 'ਤੇ ਪਲਦੀ ਮਰਦੀ ਰਹੀ ਆ...ਹੁਣ ਸਰਦਾਰਨੀ ਬਣ ਬਣ ਬਹਿੰਦੀ ਆ...।" ਅਤੇ ਅਜਿਹਾ ਹੀ ਕਈ ਕੁਝ ਹੋਰ ਗਾਲਾਂ 'ਚ ਰਲਗੱਡ ਕਰਦਾ ਸ਼ਿੱਬੂ ਗੁੱਸੇ 'ਚ ਰਿੱਝਦਾ-ਕ੍ਰਿਝਦਾ ਘਰੋਂ ਬਾਹਰ ਹੋ ਗਿਆ।

ਅੱਜ ਲੋਹੜੀ ਦਾ 'ਸ਼ੁਭ ਦਿਹਾੜਾ' ਸੀ।

ਸ਼ਿੱਬੂ ਪਿੰਡ ਦਾ ਸਾਂਸੀ ਸੀ ਜਿਹਦਾ ਕੰਮ ਸੀ, ਪਿੰਡ ਦੇ ਲੋਕਾਂ ਦੀਆਂ 'ਬੁੱਤੀਆਂ' ਕਰਨੀਆਂ। ਖੁਸ਼ੀ, ਗਮੀ ਦੇ ਸੁਨੇਹੇ ਖੜਨੇ ਅਤੇ ਲਿਆਉਣੇ। ਪਿੰਡ ਦੇ ਵਿਆਹ ਸ਼ਾਦੀਆਂ ਜਾਂ ਅਜਿਹੇ ਹੋਰ ਮੌਕਿਆਂ 'ਤੇ ਮੰਜੇ ਬਿਸਤਰੇ ਇਕੱਠੇ ਕਰਨੇ। ਹੋਰ ਛੋਟੇ ਮੋਟੇ ਕੰਮ ਅਤੇ ਉਸ ਸਭ ਕੁਝ ਤੋਂ ਇਲਾਵਾ ਪਿੰਡ ਦੇ ਲੋਕਾਂ ਦੇ ਹਬੀ ਨਬੀ ਵੇਲੇ ਕੰਮ ਆਉਣਾ।

ਸ਼ਿੱਬੂ ਦਾ ਪਿਉ ਲੱਭੂ ਅਤੇ ਲੱਭੂ ਦਾ ਪਿਉ ਵੀ ਇਸੇ ਤਰ੍ਹਾਂ ਲਾਗੀ ਰਹੇ ਸਨ। ਇਹ ਪਿੰਡ ਬਾਰ 'ਚੋਂ ਉਜੜ ਕੇ ਆਇਆ ਸੀ ਤੇ ਪਿੰਡ ਦੇ ਨਾਲ ਹੀ ਏਧਰ ਆਣ ਟਿਕਿਆ ਸੀ। ਲੱਭੂ ਸਾਂਸੀ ਦਾ ਘਰ ਵੀ।

ਲੱਭੂ ਦੋ ਕੁ ਸਾਲ ਪਹਿਲਾਂ ਮਰ ਗਿਆ ਸੀ। ਅਗਰ ਅੱਜ ਉਹ ਜਿਉਂਦਾ ਹੁੰਦਾ ਤਾਂ ਸ਼ਿੱਬੂ ਲਈ ਹੁਣ ਵਾਲੀ ਮੁਸੀਬਤ ਨਹੀਂ ਸੀ ਆਉਣੀ ਤੇ ਨਾ ਹੀ ਅੱਜ ਘਰ 'ਚ ਯੁੱਧ ਹੋਣਾ ਸੀ।

ਲੋਹੜੀ ਤੋਂ ਹਫ਼ਤਾ ਪਹਿਲਾਂ ਹੀ ਸ਼ਿੱਬੂ, ਆਪਣੇ ਵੱਡੇ ਮੁੰਡੇ ਬਲਦੇਵ ਦੇ ਤਰਲੇ ਕਰਦਾ ਰਿਹਾ ਸੀ। ਬਿੱਲੂ ਨੇ ਨਾਂਹ ਤਾਂ ਕਰਨੀ ਹੀ ਸੀ ਸਗੋਂ ਉਲਟਾ ਪੈ ਗਿਆ-ਆਰਾਮ ਨਾਲ ਘਰ ਨੀ ਬਹਿ ਹੁੰਦਾ ਤੇਰੇ ਕੋਲੋਂ? ਚੰਗਾ ਭਲਾ ਖਾਣ ਪੀਣ ਨੂੰ ਘਰ ਹੈਗਾ, ਫੇਰ ਵੀ ਤੇਰੀ ਪੁਰਾਣੀ ਨੀਤ ਨੀ ਜਾਂਦੀ ਮਾੜੀਆਂ ਕੌਮਾਂ ਆਲੀ।

ਸ਼ਿੱਬੂ ਦੇ ਤਾਂ ਸੱਤੀਂ ਕੱਪੜੀਂ ਅੱਗ ਲੱਗ ਗਈ। "ਉਏ ਨ੍ਹੇਰ ਆ ਗਿਆ ਉਏ ਮੁਲਖਾ। ਅਖੇ ਮਾੜੀਆਂ ਕੌਮਾਂ ਆਲੀ ਨੀਤ ਨੀ ਜਾਂਦੀ...ਉਏ ਕਬੀਅ ਦੀਏ ਅਲਾਦੇ, ਤੂੰ ਨੀ ਮਾੜੀ ਕੌਮ ਦਾ...ਜੇ ਐਡਾ ਈ ਨੱਕ ਸੀ ਤੇ ਉਦੋਂ ਹੀ ਸੰਧਾਵਾਲੀਏ ਸਰਦਾਰਾਂ ਦੇ ਘਰ ਜੰਮਣਾ ਸੀ...ਮੇਰੇ ਘਰ ਕਾਹਨੂੰ ਗੰਦ ਪਾਇਆ, ਮਾੜੀ ਜਾਤ ਆਲੇ ਦੇ, ਉਏ ਮੁਲਖਾ! ਪਈ ਜੇ ਰੱਬ ਕੰਜਰ ਨੇ ਲੇਖ ਹੀ ਲੱਭੂ ਦੇ ਘਰ ਲਿਖੇ ਸੀ ਤੇ ਮੈਂ ਬਨਾਰਸੀ ਆੜ੍ਹਤੀਏ ਦੇ ਕਿੱਦਾਂ ਜੰਮ ਪੈਂਦਾ।"

ਸ਼ਿੱਬੂ ਰੌਲਾ ਪਾ ਸਕਦਾ ਸੀ, ਸੋ ਉਹ ਪਾਉਂਦਾ ਰਿਹਾ। ਜਵਾਨ ਪੁੱਤ 'ਤੇ ਹੱਥ ਚੁੱਕਣੋਂ ਤਾਂ ਸ਼ਿੱਬੂ ਰਿਹਾ ਤੇ ਫਿਰ ਜਦ ਪੁੱਤ ਹੁਣ ਸਿਰਫ਼ ਜਵਾਨ ਹੀ ਨਹੀਂ, ਕਮਾਊ ਵੀ ਬਣ ਗਿਆ ਸੀ।

ਦਸਵੀਂ ਪਾਸ ਕਰਨ ਤੋਂ ਬਾਅਦ ਉਸ ਬੈਂਕ ਦੀ ਕਲਰਕੀ ਲਈ ਇਮਤਿਹਾਨ ਦਿੱਤਾ। ਅਨੁਸੂਚਿਤ ਜਾਤੀ ਦੀਆਂ ਰਾਖਵੀਆਂ ਸੀਟਾਂ ਹੋਣ ਕਾਰਨ, ਉਹ ਬੈਂਕ 'ਚ ਕਲਰਕ ਲੱਗ ਗਿਆ। ਬੈਂਕ ਤੋਂ ਲੋਨ ਲੈ, ਥੋੜ੍ਹੇ ਜਿਹੇ ਚਿਰ 'ਚ ਹੀ ਕੱਚੇ ਕੋਠੇ ਦੀ ਥਾਂ ਇਕ ਬੈਠਕ ਤੇ ਨਾਲ ਲੱਗਦੇ ਦੋ ਮਕਾਨ ਬਣਾ ਲਏ। ਘਰ ਦੀ ਚਾਰ ਦੀਵਾਰੀ ਹੈ ਹੀ ਨਹੀਂ ਸੀ, ਉਹ ਵੀ ਪੱਕੀ ਕੰਧ ਬਣ ਗਈ। ਵੱਡੀਆਂ ਦੋਹਾਂ ਭੈਣਾਂ ਦੇ ਵਿਆਹ 'ਤੇ ਚੁੱਕੇ ਕਰਜ਼ੇ ਦੀ ਰਹਿੰਦ ਖੂੰਹਦ ਵੀ ਚੁਕਾ ਦਿੱਤੀ। ਸ਼ਿੱਬੂ ਇਸ ਗੱਲੋਂ ਬਿੱਲੂ 'ਤੇ ਡਾਢਾ ਖੁਸ਼ ਸੀ ਤੇ ਮਾਣਮੱਤਾ ਵੀ।

ਪਰ ਇਹ ਕਿਵੇਂ ਹੋ ਸਕਦਾ ਸੀ। ਬਿੱਲੂ ਜੋ ਕਹਿੰਦਾ ਸੀ-ਭਾਪਾ! ਹੁਣ ਪਿੰਡ ਦਾ ਕੰਮ ਕਰਨਾ ਛੱਡ ਦੇ...ਸਾਰੀ ਉਮਰ ਜੱਟਾਂ ਦੀਆਂ ਬੁੱਤੀਆਂ ਕਰਦਿਆਂ ਲੰਘ'ਗੀ, ਹੁਣ ਤੇ ਚਾਰ ਦਿਨ 'ਰਾਮ ਨਾਲ ਬਹਿ ਜਾ...ਐਵੇਂ ਜਣੇ ਖਣੇ ਨੂੰ ਸਰਦਾਰ ਜੀ, ਸਰਦਾਰ ਜੀ ਕਰਦਾ ਫਿਰਦਾਂ...ਜੱਟਾਂ ਦੇ ਮੁੰਡੇ ਜਿਨ੍ਹਾਂ ਨੂੰ ਨਲੀ ਪੂੰਝਣੀ ਨਹੀਂ ਆਉਂਦੀ, ਉਹ ਵੀ ਬੀਬੀ ਨੂੰ 'ਭਾਬੀ' ਤੇ ਤੈਨੂੰ 'ਸ਼ਿੱਬੂ ਕਾਣਿਆਂ' ਕਹਿ ਕੇ 'ਵਾਜ ਮਾਰਦੇ ਆ।

ਬਿੱਲੂ ਠੀਕ ਹੀ ਕਹਿੰਦਾ ਹੈ। ਇਹ ਤਾਂ ਸ਼ਿੱਬੂ ਦੀ ਸਮਝ ਵਿਚ ਵੀ ਆਉਂਦਾ ਸੀ, ਪਰ ਲੱਭੂ ਵੀ ਤਾਂ ਜੱਟਾਂ ਨੂੰ 'ਸਰਦਾਰ ਜੀ' ਹੀ ਕਹਿੰਦਾ ਸੀ, ਲੱਭੂ ਦਾ ਪਿਉ ਵੀ ਤੇ ਸ਼ਾਇਦ ਉਹ ਦੇ ਪਿਉ ਦਾ ਪਿਉ ਵੀ ਇਹੀ ਕਹਿੰਦਾ ਰਿਹਾ ਹੋਵੇ...ਤੇ ਜੇ ਹੁਣ ਸ਼ਿੱਬੂ ਵੀ ਇਹੀ ਕਹਿੰਦਾ ਹੈ ਤਾਂ ਕੀ ਪਹਾੜ ਡਿੱਗਣ ਲੱਗਾ ਹੈ।

ਪਰ ਬਿੱਲੂ ਇਸ ਗੱਲ ਨੂੰ ਨਹੀਂ ਸਮਝਦਾ। ਉਹ ਤਾਂ ਕਹਿੰਦਾ ਸੀ-ਭਾਪਾ! ਦਿਮਾਗ ਤੋਂ ਕੰਮ ਲੈ...ਪਈ ਜਦੋਂ ਰੱਬ ਨੇ ਸਾਰੇ ਬੰਦੇ ਇਕੋ ਜਿਹੇ ਬਣਾਏ, ਫਿਰ ਇਹ ਜੱਟ ਬ੍ਰਾਹਮਣ ਸਾਡੇ ਤੋਂ ਉਚੀ ਜਾਤ ਦੇ ਕਿੱਦਾਂ ਹੋਏ? ਆਹ ਗੁਰਦੁਆਰੇ ਦਾ ਭਾਈ ਜਿਹੜਾ ਰੋਜ਼ ਮੂਨ੍ਹੇਰੇ 'ਅੱਵਲ ਅੱਲਾ ਨੂਰ ਉਪਾਇਆ, ਕੁਦਰਤ ਦੇ ਸਭ ਬੰਦੇ' ਗਾਉਂਦਾ ਰਹਿੰਦਾ, ਇਹਨੂੰ ਕਹਿ ਖਾਂ, ਕਿਸੇ ਦਿਨ ਸਾਡੇ ਘਰ ਦਾ ਬਣਿਆ ਪ੍ਰਸ਼ਾਦ ਖਾਵੇ, ਜੇ ਉਲਟੀ ਨਾ ਆ ਜੇ ਇਹਨੂੰ ਤੇ...ਤੇ ਆਹ ਪ੍ਰੀਤਮ ਸੌਂਹ ਸਰਪੰਚ ਜਿਹੜਾ ਗਾਤਰਾ ਪਾ ਕੇ ਵੱਡਾ ਸਮਾਜ ਸੇਵਕ ਬਣਿਆ ਫਿਰਦਾ, ਇਹਨੂੰ ਕਹਿ ਖਾਂ ਮੈ ਇਹਨੂੰ ਦੂਣੇ ਪੈਸੇ ਦਿਨਾਂ ਤੇ ਸਾਡੀ ਬੁੱਤੀ ਕਰ ਕੇ ਆਵੇ।

ਬਿੱਲੂ ਦੀਆਂ ਦਲੀਲਾਂ ਸ਼ਿੱਬੂ ਨੂੰ ਸੱਚੀਆਂ ਵੀ ਜਾਪਦੀਆਂ, ਪਰ ਉਹਦੀਆਂ ਸੋਚਾਂ ਦੀ ਗਰਾਰੀ ਫੇਰ ਉਥੇ ਆ ਕੇ ਹੀ ਅੜ ਜਾਂਦੀ। ਆਖਰ ਕਿੱਦਾਂ ਆਪਣਾ ਜੱਦੀ ਪੁਸ਼ਤੀ ਕੰਮ ਛੱਡ ਦਿਆਂ, ਕੋਈ ਜਜਮਾਨ ਮਿਲੇ ਤੇ ਉਹਨੂੰ 'ਸਰਦਾਰ ਜੀ! ਮਹਾਰਾਜ!' ਨਾ ਕਹਾਂ!

ਇਹ ਸਭ ਕੁਝ ਤਾਂ ਜਿਵੇਂ ਸ਼ਿੱਬੂ ਦੇ ਲਹੂ 'ਚ ਰਚਮਿਚ ਚੁੱਕਾ ਸੀ। ਉਹਦੇ ਜੀਵਨ ਦਾ ਇਕ ਅੰਗ ਬਣ ਗਈਆਂ ਸਨ ਇਹ ਗੱਲਾਂ...ਕੋਈ ਆ ਕੇ ਆਖੇ 'ਸ਼ਿੱਬੂ ਵਿਆਹ ਦੇ ਸੱਦੇ ਦੇਣੇ ਆਂ ਸਾਰੇ ਪਿੰਡ 'ਚ-ਫਲਾਣੇ ਥਾਂ ਮੱਝ ਛੱਡ ਕੇ ਆਉਣੀ ਹੈ, ਮੁੰਡੇ ਦੀ ਭਾਜੀ ਦੇ ਕੇ ਆ' ਤਾਂ ਸ਼ਿੱਬੂ ਕਿੰਜ ਨਾਂਹ ਕਰੇਗਾ। ਕਿੰਜ ਕਹੇਗਾ ਕਿ ਮੈਂ ਹੁਣ ਬੁੱਤੀਆਂ ਨਹੀਂ ਕਰਨੀਆਂ...ਆਪਣਾ ਕੰਮ ਆਪ ਕਰੋ ਜਾਂ ਹੋਰ ਲਾਗੀ ਲੈ ਆਓ।

ਹੋਰ ਲਾਗੀ ਦੇ ਪਿੰਡ 'ਚ ਆਉਣ ਤੋਂ ਵੀ ਸ਼ਿੱਬੂ ਬੜਾ ਖਿਝਦਾ ਸੀ। ਹੋਰ ਲਾਗੀ ਵੀ ਤਾਂ ਉਹਦੇ ਵਰਗਾ ਹੀ ਹੋਏਗਾ, ਸਾਂਸੀ ਹੀ। ਤੇ ਫਿਰ ਉਹਦੇ ਪੁਰਖਿਆਂ ਦੀ ਕਲਾਣ ਕੋਈ ਹੋਰ ਕਰੇ-ਸ਼ਿੱਬੂ ਨਮੋਸ਼ੀ 'ਚ ਨਾ ਗਰਕ ਜਾਏਗਾ?

ਇਕ ਦਿਨ ਮੇਜੋ ਨੇ ਵੀ ਕਿਹਾ ਸੀ-ਬਿੱਲੂ ਦੇ ਭਾਪਾ! ਤੂੰ ਵੀ ਕਾਹਤੋਂ ਐਡੀ ਜਿਦ ਕਰਦਾਂ, ਤੂੰ ਨਾ ਕਰੇਂਗਾ ਇਹ ਕੰਮ, ਤੇ ਪਿੰਡ ਤਾਂ ਨੀ ਉੱਜੜ ਚੱਲਿਆ। ਆਪੇ ਕੋਈ ਹੋਰ ਲਾਗੀ ਆ ਜੂ।

"ਉਏ ਕਮਜਾਤੇ! ਤੂੰ ਵੀ ਏਸੇ ਖਸਮ ਦੀ ਬਣ ਬਣ ਬਹਿੰਦੀ ਆਂ। ਤੂੰ ਮੈਨੂੰ ਦੱਸ ਤੇ ਸਹੀ, ਪਈ ਜਿਨ੍ਹਾਂ ਦੇ ਘਰਾਂ ਤੋਂ ਮੰਗ ਤੰਗ ਕੇ ਖਾਂਦੇ ਰਹੇ, ਜਿਨ੍ਹਾਂ ਦੇ ਵੱਟਾਂ ਬੰਨਿਆਂ ਤੋਂ ਘਾਹ ਪੱਠਾ ਲਿਆਂਦੇ ਰਹੇ, ਬੱਕਰੀਆਂ ਚਾਰਦੇ ਰਹੇ, ਸੌ ਵਗਾਰਾਂ ਪੂਰੀਆਂ ਕੀਤੀਆਂ, ਹੁਣ ਕਿੱਦਾਂ ਉਨ੍ਹਾਂ ਨੂੰ ਦੋ ਟੁੱਕ ਜਵਾਬ ਦੇ ਦਿਆਂ। ਉਏ ਮੁਲਖਾ! ਪਈ ਜੇ ਹੋਰ ਲਾਗੀ ਲੱਗ ਜੂ ਤੇ ਤੈਨੂੰ ਵਿਹਲੀ ਨੂੰ ਨੌਂ-ਲੱਖਾ ਹਾਰ ਤੇ ਨੀ ਮਿਲਣ ਲੱਗਾ, ਭਲਕ ਨੂੰ ਨਿਕਲਣਾ ਤੇ ਜੱਟਾਂ ਦੀਆਂ ਪੈਲੀਆਂ 'ਚ ਈ ਆ।" ਸ਼ਿੱਬੂ ਨੇ ਆਪਣਾ ਪੱਖ ਪੇਸ਼ ਕੀਤਾ ਸੀ।

ਉਹਨੂੰ ਹੁਣ ਤੱਕ 'ਔਖ' ਵੀ ਤਾਂ ਕੋਈ ਨਹੀਂ ਸੀ ਆਈ, ਜਿਹਦੇ ਮਰਜ਼ੀ ਪੱਠੇ ਢੇਰੀ ਵੱਢ ਲਏ...ਰੁਪਈਏ ਲੋੜ ਪੈਣ 'ਤੇ ਲੈ ਲਏ। ਗੁੜ ਗੰਨੇ ਲੈ ਆਂਦੇ, ਸਾਗ ਤੋੜ ਲਿਆ...ਤੇ ਹੁਣ ਉਨ੍ਹਾਂ ਦੇ ਹੀ 'ਬਰਾਬਰ' ਦਾ ਬਣ ਬਹੇ ਤਾਂ ਕੌਣ ਉਹਦੀ ਗਰਜ਼ ਵੀ ਪੂਰੀ ਕਰੇਗਾ, ਕੌਣ ਉਹਦਾ 'ਮਾਣ' ਕਰੇਗਾ? ਚਾਹੇ ਸਾਰੇ ਪਿੰਡ 'ਚ ਉਹਨੂੰ 'ਸ਼ਿੱਬੂ ਸਾਂਸੀ' ਜਾਂ 'ਸ਼ਿੱਬੂ ਕਾਣਾ' ਹੀ ਕਿਹਾ ਜਾਂਦਾ ਸੀ ਪਰ ਜਦ ਕੋਈ ਉਹਨੂੰ ਆਪਣਾ ਪੁਰਾਣਾ ਕੱਪੜਾ 'ਆਹ ਲੈ ਸ਼ਿੱਬੂ ਚਾਰ ਦਿਨ ਹੰਢਾ ਲਈਂ, ਅਜੇ ਨਵਾਂ ਈ ਆ' ਕਹਿ ਕੇ ਦਿੰਦਾ ਤਾਂ ਸ਼ਿੱਬੂ ਨੂੰ ਲੱਗਦਾ ਇਹ ਉਹਦਾ 'ਮਾਣ ਦਾਅਵਾ' ਹੀ ਤਾਂ ਹੈ।

ਪਰ ਬਿੱਲੂ ਤਾਂ ਹੁਣ ਗੱਲਾਂ ਹੀ ਹੋਰ ਤਰ੍ਹਾਂ ਦੀਆਂ ਕਰਨ ਲੱਗ ਪਿਆ ਸੀ। ਨਵੀਂ ਨਵੀਂ ਨੌਕਰੀ ਲੱਗਣ 'ਤ ਉਸ ਕਹਿ-ਕਹਾ ਕੇ ਸ਼ਿੱਬੂ ਦੀਆਂ ਬੱਕਰੀਆਂ ਵਿਕਾ ਦਿੱਤੀਆਂ ਸਨ; ਭਾਵੇਂ ਸ਼ਿੱਬੂ ਨਹੀਂ ਸੀ ਚਾਹੁੰਦਾ ਬੱਕਰੀਆਂ ਵੇਚਣਾ। ਸ਼ਿੱਬੂ ਨੇ ਬੱਕਰੀਆਂ ਓਨੀਆਂ ਹੀ ਪਿਆਰੀਆਂ ਸਨ, ਜਿੰਨੀਆਂ ਕਿਸੇ ਜੱਟ ਨੂੰ ਪੈਲੀਆਂ। ਪਰ ਇਹ ਜੋ ਬਿੱਲੂ ਕਰਨ ਲੱਗ ਪਿਆ ਸੀ।

ਉਸ ਦਿਨ ਸੰਗਰਾਂਦ ਵਾਲੇ ਦਿਨ ਬਿੱਲੂ ਦੇ ਕਹਿਣ 'ਤੇ ਗੁਰਦੁਆਰੇ ਦੇ ਭਾਈ ਨੇ 'ਸਰਦਾਰ ਨਸੀਬ ਸਿੰਘ ਮਾਹਲਾ ਸਵਾ ਪੰਜ ਲੱਖ ਦਮੜੇ ਗੁਰੂ ਮਹਾਰਾਜ ਦੀ ਹਜ਼ੂਰੀ 'ਚ ਅਰਦਾਸ ਕਰੌਂਦੇ ਹਨ' ਕਿਹਾ ਸੀ ਤਾਂ ਸ਼ਿੱਬੂ ਨੂੰ ਮਹਿਸੂਸ ਹੋਇਆ ਸੀ ਜਿਵੇਂ ਕਿਸੇ ਨੇ ਉਹਨੂੰ ਗਾਲ੍ਹ ਕੱਢੀ ਹੋਵੇ। ਨਸੀਬ ਸਿੰਘ ਤਾਂ ਉਹਦੇ ਆਪਣੇ ਲਈ ਵੀ ਓਪਰਾ ਓਪਰਾ ਜਿਹਾ ਨਾਂ ਸੀ-ਬੱਸ ਵੋਟਾਂ ਵਾਲੀ ਲਿਸਟ ਜਾਂ ਰਾਸ਼ਨ ਕਾਰਡ ਤੱਕ ਸੀਮਿਤ; ਪਰ ਇੰਜ ਨਾਂ ਨਾਲ 'ਸਰਦਾਰ' ਤੇ ਫਿਰ ਜੱਟਾਂ ਦੀਆਂ ਗੋਤਾਂ 'ਸਿੱਧੂ', 'ਦੋਸਾਂਝ' ਵਾਂਗ 'ਮਾਹਲਾ' ਲਾਉਣਾ ਉਹਨੂੰ ਬੜਾ ਅਜੀਬ ਮਹਿਸੂਸ ਹੋਇਆ ਸੀ। ਉਂਜ ਤਾਂ ਜਦ ਉਹ ਆਪਣੀ ਬਰਾਦਰੀ ਦੇ ਚਾਰ ਬੰਦਿਆਂ ਵਿਚ ਬੈਠਾ ਹੁੰਦਾ, ਘੁੱਟ ਲਾਈ ਵੀ ਹੁੰਦੀ ਤਾਂ ਬੜੀ ਸ਼ਾਨ ਨਾਲ ਦੱਸਦਾ ਹੁੰਦਾ ਕਿ ਉਨ੍ਹਾਂ ਦੇ ਵੱਡੇ ਵਡੇਰੇ 'ਮਾਹਲਾ' ਤੇ 'ਬੀੜੂ' ਸਨ ਤੇ ਉਹ 'ਮਾਹਲੇ' ਦੀ ਔਲਾਦ ਸੀ। ਹੋਰ ਜਾਤਾਂ ਵਾਂਗ ਉਹ ਵੀ ਆਪਣੀ ਗੋਤ ਵਿਚ ਵਿਆਹ ਨਹੀਂ ਸਨ ਕਰ ਸਕਦੇ। ਸ਼ਿੱਬੂ ਨੂੰ ਇਹ ਤਾਂ ਪਤਾ ਸੀ ਕਿ 'ਮਾਹਲੇ' ਦੀ ਔਲਾਦ ਹੈ ਪਰ ਆਪਣੇ ਖਾਨਦਾਨ ਦੀ ਕਲਾਣ ਉਹਨੂੰ ਨਹੀਂ ਸੀ ਆਉਂਦੀ। ਬੱਸ ਇੰਨਾ ਹੀ ਪਤਾ ਸੀ ਕਿ ਉਹਦੇ ਪਿਓ ਲੱਭੂ ਦੇ ਪਿਓ ਦਾ ਨਾਂ ਰੂੜਾ ਸੀ ਤੇ ਉਹਦੇ ਪਿਓ ਦਾ ਨਾਂ ਭਾਨਾ ਅਤੇ ਭਾਨੇ ਹੋਰੀਂ ਸੱਤ ਭਰਾ ਸਨ। ਏਦੋਂ ਵੱਧ ਉਹਨੂੰ ਕਦੀ ਲੱਭੂ ਨੇ ਸ਼ਾਇਦ ਦੱਸਿਆ ਹੀ ਨਹੀਂ ਸੀ। ਉਹ ਤਾਂ ਜਜਮਾਨਾਂ ਦੀ ਕਲਾਣ ਸਿੱਖਣ 'ਤੇ ਹੀ ਜ਼ੋਰ ਲਾਉਂਦਾ ਰਿਹਾ ਸੀ। ਚਲੋ ਠੀਕ ਹੈ, ਉਨ੍ਹਾਂ ਦਾ ਆਪਣਾ ਵੀ ਕੋਈ ਇਤਿਹਾਸ ਹੈ ਪਰ ਇੰਜ ਨਾਂ ਨਾਲ ਸਰਦਾਰ ਲਾਇਆ ਤਾਂ ਸਰਦਾਰ ਕੀ ਸੋਚਣਗੇ?

ਹੁਣ ਬਿੱਲੂ ਤਾਂ ਕਈ ਗੱਲਾਂ ਨਹੀਂ ਮੰਨਦਾ। ਅਜੇ ਉਸ ਦਿਨ ਜਦ ਸਰਦਾਰ ਪ੍ਰੀਤਮ ਸਿੰਘ ਕਿਆਂ ਦੇ ਅਖੰਡ ਪਾਠ ਦਾ ਭੋਗ ਪਿਆ ਸੀ ਤਾਂ ਸ਼ਿੱਬੂ ਘਰ ਵਾਸਤੇ ਕੜਾਹ ਤੇ ਰੋਟੀ ਲਿਆਇਆ-ਕੜਾਹ ਦਾ ਭਰਿਆ ਥਾਲ ਤੇ ਥੱਬਾ ਰੋਟੀਆਂ ਦਾ; ਪਰ ਬਿੱਲੂ ਆਹੰਦਾ-ਤੂੰ ਜੇ ਕੜਾਹ ਖੁਣੋਂ ਔਖਾਂ ਤੇ ਉਥੇ ਹੀ ਖਾ ਆਇਆ ਕਰ, ਘਰ ਲਿਆਉਣ ਦੀ ਲੋੜ ਨਹੀਂ, ਜੋ ਜਹਾਨ ਦੀ ਜੂਠ ਚੁੱਕ ਕੇ ਘਰ ਲੈ ਆਉਂਦਾ।

"ਹੈ ਨ੍ਹੇਰ ਆ ਗਿਆ ਉਏ ਮੁਲਖਾ।...ਉਏ ਕੁਬੀਅ ਦੀਏ ਔਲਾਦੇ, ਤੂੰ ਐਡਾ ਏਹੋ ਜੂਠ ਖਾ ਖਾ ਕੇ ਈ ਹੋਇਆਂ, ਹੁਣ ਚੰਗੇ ਭਲੇ ਰਿਜ਼ਕ ਨੂੰ ਜੋ ਜਹਾਨ ਦੀ ਜੂਠ ਕਹਿਣ ਡਿਆਂ...ਉਏ ਮੂਰਖਾ! ਪਈ ਰੋਟੀ ਬਦਲੇ ਦੁਨੀਆਂ ਧੱਕੇ ਖਾਣ ਡਹੀ ਏ। ਮੈਨੂੰ ਕੀ, ਜੇ ਨਹੀਂ ਖਾਣੀ ਤੇ ਨਾ ਖਾਉ, ਮਾਂ ਦੀ...।" ਸ਼ਿੱਬੂ ਉਬਲਦਾ ਰਿਹਾ ਸੀ। ਹਾਰਿਆ ਜਿਹਾ ਸਾਰੇ ਜੀਆਂ ਦੇ ਮੂੰਹ ਵੱਲ ਵੇਂਹਦਾ ਰਿਹਾ, ਛੋਟੇ ਕੁੜੀ ਤੇ ਮੁੰਡਾ ਜਿਨ੍ਹਾਂ ਦਾ ਕੜਾਹ ਵੱਲ ਵੇਖ ਕੇ ਜੀਅ ਲਲਚਾ ਰਿਹਾ ਸੀ, ਵੱਡੇ ਵੀਰ ਤੋਂ ਡਰਦੇ ਮੰਗ ਨਹੀਂ ਸਨ ਰਹੇ ਤੇ ਸਭ ਤੋਂ ਜ਼ਿਆਦਾ ਹੈਰਾਨੀ ਤੇ ਗੁੱਸਾ ਸੀ ਸ਼ਿੱਬੂ ਨੂੰ ਮੇਜੋ 'ਤੇ। ਮੇਜੋ ਜੋ ਇੰਨੇ ਸਾਲਾਂ ਤੋਂ ਉਹਦੇ ਅੰਗ ਸੰਗ ਰਹੀ ਸੀ, ਉਹ ਮੰਜੇ ਬਿਸਤਰੇ ਇਕੱਠੇ ਕਰਦਾ ਤਾਂ ਮੇਜੋ ਪਿੰਡ 'ਚ ਸੱਦੇ ਦੇ ਆਉਂਦੀ, ਜ਼ਿਆਦਾ ਥਾਈਂ ਰੁੱਕੇ ਜਾਂ ਭਾਜੀ ਖੜਨੀ ਹੁੰਦੀ ਤਾਂ ਇਕ ਦੋ ਥਾਈਂ ਮੇਜੋ ਚਲੇ ਜਾਂਦੀ, ਵਿਆਹਾਂ ਛੁਹਾਰਿਆਂ 'ਤੇ ਅੜ ਅੜ ਕੇ ਲਾਗ ਲੈਂਦੀ, ਜੱਟੀਆਂ ਨੂੰ ਸਰਦਾਰਨੀ ਜੀ, ਜਜਮਾਨਣੀ ਜੀ ਕਰਦੀ ਦਾ ਮੂੰਹ ਨਾ ਥੱਕਦਾ। ਸ਼ਿੱਬੂ ਹੋਰ ਕੰਮ ਵੀ ਰੁੱਝਿਆ ਹੁੰਦਾ ਤਾਂ ਉਹ ਪਿੰਡ ਆਈ ਜੰਞ ਦੀ ਬਚੀ ਮਠਿਆਈ ਝੋਲੀ ਪਾ 'ਆਪਣੇ ਲਾਲ' ਬਲਦੇਵ ਲਈ ਲੈ ਆਉਂਦੀ। ਹੋਰ ਤਾਂ ਹੋਰ, ਹਾੜ੍ਹੀ ਸਾਉਣੀ ਸ਼ਿੱਬੂ ਨਾਲ ਖੇਤਾਂ 'ਚ ਫਿਰ ਕੇ ਮੱਕੜੇ, ਭਰੀਆਂ ਇਕੱਠੀਆਂ ਕਰਦੀ। ਜਜਮਾਨਣੀਆਂ ਦਾ ਉਤਾਰ ਚਾਈਂ ਚਾਈਂ ਪਹਿਨਦੀ ਸਗੋਂ ਕਿਸੇ ਦੇ ਪਾਇਆ ਲਿਸ਼ਕਵੇਂ ਡਿਜਾਇਨ ਵਾਲਾ ਸੂਟ ਕਹਿ ਕੇ ਵੀ ਉਤਰਵਾ ਲੈਂਦੀ...ਤੇ ਅੱਜ ਉਹੀ ਮੇਜੋ ਆਫਰੀ ਵਿਟਰੀ ਪਈ ਸੀ। ਕੜਾਹ ਤੇ ਰੋਟੀਆਂ ਨੂੰ ਹੱਥ ਨਹੀਂ ਸੀ ਲਾ ਰਹੀ, ਜਿਵੇਂ ਕਿਤੇ ਹੱਥ ਲੱਗ ਗਿਆ ਤਾਂ ਭਿੱਟੀ ਜਾਏਗੀ ਜਾਂ ਇਹ ਕੜਾਹ ਅੰਦਰ ਚਲੇ ਗਿਆ ਤਾਂ ਜ਼ਹਿਰ ਬਣ ਜਾਏਗਾ।

ਮੇਜੋ ਕੁਝ ਵੀ ਨਹੀਂ ਸੀ ਬੋਲਦੀ ਤੇ ਖ਼ਾਸ ਕਰ ਬਿੱਲੂ ਦੇ ਸਾਹਮਣੇ ਤਾਂ ਗੁੰਗੀ ਹੀ ਹੋ ਜਾਂਦੀ। ਪਹਿਲਾਂ ਪਹਿਲ ਉਹ ਬਿੱਲੂ ਨੂੰ 'ਚੱਲ ਪੁੱਤ ਜੋ ਕਰਦਾ ਕਰਨ ਦੇ, ਆਖਰ ਤੇਰਾ ਪਿਉ ਆ' ਕਹਿ ਕੇ ਸਮਝਾਉਣ ਦੀ ਕੋਸ਼ਿਸ਼ ਕਰਦੀ ਸੀ ਪਰ ਹੌਲੀ ਹੌਲੀ ਉਹ ਵੀ ਸ਼ਿੱਬੂ ਤੋਂ 'ਬਾਹਰੀ' ਹੁੰਦੀ ਗਈ। ਸ਼ਾਇਦ ਔਰਤ ਦੀ ਰੂੜ੍ਹੀਗਤ ਸਰਪ੍ਰਸਤੀ ਚਾਹੁਣ ਦੀ ਭਾਵਨਾ ਕਰ ਕੇ ਹੀ ਉਸ ਹੌਲੀ ਹੌਲੀ ਬਿੱਲੂ ਨੂੰ ਆਪਣਾ 'ਸਵਾਮੀ' ਮੰਨ ਲਿਆ ਸੀ।

ਸ਼ਿੱਬੂ ਜਿਵੇਂ ਇਕੱਲਾ ਰਹਿ ਗਿਆ ਸੀ ਤੇ ਸਾਰਾ ਟੱਬਰ ਜਿਵੇਂ ਉਹਨੂੰ ਹਰਾਉਣ 'ਤੇ ਤੁਲਿਆ ਹੋਵੇ। ਉਸ ਰੋਹ 'ਚ ਆਏ ਨੇ ਸਾਰਾ ਕੜਾਹ ਤੇ ਰੋਟੀਆਂ ਕੁੱਤੇ ਅੱਗੇ ਵਗਾਹ ਮਾਰੀਆਂ ਸਨ ਤੇ ਆਪ ਦੋ ਦਿਨ ਘਰੋਂ ਰੋਟੀ ਨਾ ਖਾਧੀ। ਉਸ ਬਿੱਲੂ ਨੂੰ ਸੁਣਾ ਕੇ ਕਿਹਾ ਸੀ-ਉਏ ਲੋਹੜਾ ਆ ਗਿਆ ਉਏ ਮੁਲਖਾ! ਇਹ ਉਹੋ ਸਰਦਾਰ ਪ੍ਰੀਤਮ ਸੌਂਹ ਆ ਜਿਹਨੇ ਕੁੜੀ ਦੇ ਵਿਆਹ 'ਤੇ ਖੜ੍ਹੇ ਪੈਰ ਚਾਰ ਹਜ਼ਾਰ ਰੁਪਈਆ ਦੇ ਦਿੱਤਾ ਸੀ।

"ਤੇ ਵਿਆਜ ਵੀ ਤੇ ਪੰਜ ਰੁਪਈਏ ਸੈਂਕੜਾ ਲਾਇਆ ਸੀ...ਤੈਨੂੰ ਮੁਖਤ ਤੇ ਨੀ ਸੀ ਦੇ'ਤਾ ਵੱਡੇ ਕਲੇਰਾਂ ਆਲੇ ਸੰਤ ਨੂੰ," ਬਿੱਲੂ ਕੋਲੋਂ ਨਾ ਚਾਹੁੰਦਿਆਂ ਹੋਇਆਂ ਵੀ ਰਿਹਾ ਨਹੀਂ ਸੀ ਗਿਆ।

"ਹੂੰ! ਵਿਆਜ ਨਾ ਲਾਵੇ ਤੇ ਹੋਰ ਦਾਨ ਕਰੀ ਜਾਵੇ-ਉਏ ਮੂਰਖਾ! ਪਈ ਅਗਲੇ ਦੀ ਹੱਕ ਹਲਾਲ ਦੀ ਕਮਾਈ ਆ।"

"ਆਹੋ ਹੱਕ ਹਲਾਲ ਦੀ ਕਮਾਈ ਤੇ ਭੁੱਲੀ ਆ-ਬਲੈਕ 'ਚ ਫੀਮ ਵੇਚਣੀ ਤੇ ਇਕੋ ਇਕ ਕੰਮ ਰਹਿ ਗਿਆ ਹੱਕ ਹੱਲਾਲ ਦਾ," ਬਿੱਲੂ ਵੀ ਝਗੜੇ 'ਤੇ ਉਤਰ ਆਇਆ ਸੀ।

"ਉਏ ਕਬੀਅ ਦੀਏ ਅਲਾਦੇ! ਅਗਲੇ ਜੋ ਕਰਦੇ ਆ, ਆਪਣੇ ਸਿਰ 'ਤੇ ਕਰਦੇ ਆ।" ਸ਼ਿੱਬੂ ਜਿਵੇਂ ਕਿਸੇ ਤਰ੍ਹਾਂ ਵੀ ਆਪਣੇ ਜਜਮਾਨ ਨੂੰ ਝੂਠਿਆਂ ਨਹੀਂ ਸੀ ਪੈਣ ਦੇਣਾ ਚਾਹੁੰਦਾ।

"ਚੱਲ ਚੰਗਾ, ਜੇ ਤੈਨੂੰ ਏਡਾ ਵੀ ਹੇਰਵਾ ਉਨ੍ਹਾਂ ਦਾ ਤੇ ਓਧਰ ਈ ਜਾ ਰਹੁ...ਏਥੇ ਪੇਹਲੇ ਲੈਣ ਆਉਂਦਾ!"

ਬਿੱਲੂ ਦੀ ਦੋ-ਟੁੱਕ ਗੱਲ ਨੇ ਸ਼ਿੱਬੂ ਦੀਆਂ ਆਂਦਰਾਂ ਲੂਹ ਦਿੱਤੀਆਂ। ਅੰਦਰ ਜਿਵੇਂ ਗੁੱਸੇ ਦਾ ਲਾਵਾ ਫੁੱਟ ਨਿਕਲਿਆ। ਬਿੱਲੂ ਦੀ ਥਾਂ ਉਹ ਡਾਂਗ ਫੜ ਕੇ, ਉਦੋਂ ਦੀ ਚੁੱਪ ਖੜ੍ਹੀ ਮੇਜੋ ਵੱਲ ਹੋ ਗਿਆ, "ਧੀ ਦੇ ਖਸਮ ਦੀਏ! ਤੂੰ ਜੰਮ ਲਾ ਇਹ ਹਰਾਮ ਦੇ ਤੁਖਮ...ਲੈ ਉਏ ਮੁਲਖਾ! ਏਹਨੂੰ ਪੜ੍ਹਾ ਲਿਖਾ ਕੇ ਵੱਡਾ ਤਾਂ ਕੀਤਾ ਸੀ ਪਈ ਪਿਓ ਨੂੰ ਈ ਘਰੋਂ ਕੱਢ ਦੇਵੇ।"

ਇਸ ਤੋਂ ਪਹਿਲਾਂ ਕਿ ਸ਼ਿੱਬੂ ਮੇਜੋ ਦੇ ਡਾਂਗ ਮਾਰਦਾ, ਬਿੱਲੂ ਅੱਗੇ ਹੋ ਗਿਆ। ਸ਼ਿੱਬੂ ਨੂੰ ਗੁੱਸੇ ਦਾ ਲਾਵਾ ਗਾਲਾਂ ਦੀ ਵਾਛੜ ਰਾਹੀਂ ਸ਼ਾਂਤ ਕਰਨਾ ਪਿਆ ਸੀ। ਸ਼ਿੱਬੂ ਨੂੰ ਲਗਦਾ ਜਿਵੇਂ ਹੁਣ ਉਹਨੂੰ ਘਰ ਦਾ ਅੰਗ ਹੀ ਨਹੀਂ ਸੀ ਸਮਝਿਆ ਜਾ ਰਿਹਾ। ਕੋਈ ਕਦਰ ਹੀ ਨਹੀਂ ਰਹਿ ਗਈ ਸੀ ਉਸ ਦੀ। ਉਸ ਦੇ ਹਰ ਕੰਮ 'ਤੇ ਟੋਕਾ ਟੋਕੀ ਹੁੰਦੀ। ਕਦੇ ਬਿੱਲੂ ਨੂੰ ਉਹਦੇ ਮੈਲੇ ਕੱਪੜੇ ਨਾ ਚੰਗੇ ਲਗਦੇ, ਕਦੇ ਉਹਦੇ ਰੱਖੇ ਦੋ ਕੁੱਤੇ ਘਰ 'ਚ ਵਾਧੂ ਦਾ ਗੰਦ ਜਾਪਦੇ। ਬਿੱਲੂ ਸਮਝਦਾ ਹੀ ਨਹੀਂ ਸੀ ਕਿ ਉਹਦੇ ਵਡੇਰੇ ਸ਼ਿਕਾਰ ਦੇ ਸ਼ੌਕੀਨ ਸਨ ਤੇ ਸ਼ਿੱਬੂ ਇਹ ਸ਼ਿਕਾਰੀ ਕੁੱਤੇ ਰੱਖ ਕੇ ਪੁਰਖਿਆਂ ਦੀ ਰਵਾਇਤ ਨਿਭਾ ਰਿਹਾ ਹੈ।

ਜਦ ਬਿੱਲੂ ਘਰ ਨਾ ਹੁੰਦਾ ਤਾਂ ਸ਼ਿੱਬੂ ਮੇਜੋ ਨੂੰ ਝਈ ਲੈ ਕੇ ਪੈ ਜਾਂਦਾ, "ਮੇਜੋ ਚੰਦਰੀਏ! ਪਛਤਾਏਂਗੀ ਕਿਤੇ ਤੂੰ ਵੀ...ਜੇ ਅੱਖਾਂ 'ਚ ਘਸੁੰਨ ਦੇ ਕੇ ਨਾ ਰੋਈਓਂ ਤੇ ਮੈਨੂੰ ਵੀ ਲੱਭੂ ਦਾ ਪੁੱਤ ਨਾ ਕਹੀਂ...ਇਹਦਾ ਕੰਜਰ ਦਾ ਵਿਆਹ ਹੋ ਲੈਣ ਦੇ, ਜੇ ਨਾ ਤੇਰੀ ਗੁੱਤ ਪੁੱਟ ਕੇ ਹੱਥ 'ਚ ਫੜਾਈ ਤੇ ਮੇਰੀ ਵੀ ਦਾਹੜੀ ਮੂਤ ਨਾਲ ਮੁੰਨ ਦੇਈਂ।"

ਪਰ ਸ਼ਿੱਬੂ ਦੀਆਂ ਗੱਲਾਂ ਦਾ ਮੇਜੋ 'ਤੇ ਜਿਵੇਂ ਕੋਈ ਅਸਰ ਹੀ ਨਾ ਹੁੰਦਾ। ਉਹ ਚੁੱਪ-ਚਾਪ ਉਹਨੂੰ ਰੋਟੀ ਦੇ ਛੱਡਦੀ, ਉਹਦੇ ਕੱਪੜੇ ਧੋ ਦਿੰਦੀ। ਹੋਰ ਕੰਮ ਵੀ ਕਰਦੀ ਪਰ ਕਹਿੰਦੀ ਕੁਝ ਨਾ। ਵੱਧ ਤੋਂ ਵੱਧ ਇਹੀ, "ਬਿੱਲੂ ਦੇ ਭਾਪਾ! ਕਿਉਂ ਐਵੇਂ ਚੱਤੇ ਪਹਿਰ ਭੁੱਜਦਾ ਰਹਿਨਾਂ...ਨਾਲੇ ਸਾਡੀਆਂ ਆਂਦਰਾਂ ਲੂੰਹਦਾਂ...ਤੇ ਲੋਕਾਂ ਦਾ ਤਮਾਸ਼ਾ ਵਾਧੂ ਦਾ, ਤੂੰ ਆਪ ਸੋਚ ਪਈ ਜੇ ਰੱਬ ਨੇ ਸਭ ਕੁਝ ਦਿੱਤਾ ਤੇ ਤੂੰ ਕਾਹਨੂੰ ਬੁੱਤੀਆਂ ਕਰ ਲੱਤਾਂ ਤੁੜਾਉਣੀਆਂ, 'ਰਾਮ ਨਾਲ ਘਰ ਬਹਿ। ਜੇ ਫਿਰ ਵੀ ਬਿੱਲੂ ਤੈਨੂੰ ਰੋਟੀ ਨਾ ਦੇਵੇ ਤੇ ਫੇਰ ਕਹੀਂ।"

ਪਰ ਸ਼ਿੱਬੂ ਉਹਨੂੰ ਕਿੰਜ ਸਮਝਾਵੇ ਕਿ ਗੱਲ ਸਿਰਫ ਰੋਟੀ ਦੀ ਨਹੀਂ, ਸਗੋਂ ਉਸ ਚੀਜ਼ ਦੀ ਹੈ, ਉਸ ਸੰਸਕਾਰ ਦੀ ਹੈ ਜੋ ਗੰਢ ਬਣ ਕੇ ਸ਼ਿੱਬੂ ਦੇ ਦਿਲ ਦਿਮਾਗ ਨੂੰ ਕੱਸੀ ਬੈਠੀ ਹੈ। ਉਹਨੂੰ ਪਤਾ ਹੈ, ਇਸ ਪੀਡੀ ਗੰਢ ਨਾਲ ਉਹਦਾ ਦਿਲ ਦਿਮਾਗ ਜ਼ਖ਼ਮੀ ਰਹਿੰਦਾ ਹੈ, ਬੱਝਾ ਰਹਿੰਦਾ ਹੈ, ਪਰ ਅਗਰ ਇਹ ਗੰਢ ਖੁੱਲ੍ਹ ਗਈ ਤਾਂ...ਤਾਂ ਉਹਦਾ ਦਿਲ ਦਿਮਾਗ ਖਿੱਲਰ ਜਾਏਗਾ, ਟੋਟੇ ਹੋ ਜਾਏਗਾ...ਤੇ ਸ਼ਿੱਬੂ ਉਸ ਹਾਲਤ 'ਚ ਜਿਉਂਦਾ ਨਹੀਂ ਰਹੇਗਾ। ਸ਼ਿੱਬੂ ਨੂੰ ਆਪਣਾ ਆਪ ਓਪਰਾ ਲਗਦਾ। ਉਹ ਘਰ ਆਉਂਦਾ ਤਾਂ ਕਈ ਵਾਰ 'ਆਪਣਾ ਘਰ' ਵੀ ਬੇ-ਪਛਾਣਿਆ ਜਿਹਾ ਲਗਦਾ। ਮੇਜੋ ਨੂੰ ਬੂਟੀਆਂ ਵਾਲਾ ਨਵਾਂ ਸੂਟ ਪਾਈ ਘਰ ਫਿਰਦੀ ਵੇਂਹਦਾ ਤਾਂ ਉਹਨੂੰ ਲਗਦਾ ਕਿ ਉਹਦੇ ਮੂੰਹੋਂ ਨਿਕਲ ਜਾਏਗਾ-ਮਹਾਰਾਜ ਰਾਜ਼ੀ ਰੱਖੇ, ਵੇਲ ਵਧਾਏ ਤੇ ਭਾਗ ਲਏ, ਸਰਦਾਰਨੀ...ਤੇ ਉਹ ਅੱਡੀਆਂ ਅੱਖਾਂ ਨਾਲ ਬਦਲੀ ਹੋਈ ਮੇਜੋ ਵੱਲ ਵੇਂਹਦਾ ਰਹਿੰਦਾ।



ਨਵੇਂ ਯੁੱਗ ਦਾ ਸੂਰਜ...

ਉਹ ਹੌਲੀ ਹੌਲੀ ਖੁਰਦਾ ਭੁਰਦਾ ਰਹਿੰਦਾ। ਬਿੱਲੂ ਨੂੰ ਸੁਣਾ ਕੇ ਹਵਾ 'ਚ ਹੀ ਕਹਿੰਦਾ, "ਓਏ ਮੂਲਖਾ! ਪਈ ਜੇ ਮੈਂ ਪਿੰਡ ਦਾ ਕੰਮ ਕਰਨੋਂ ਹਟ ਜੂੰ ਤਾਂ ਮੇਰੀ ਜਾਤ ਤੇ ਨੀ ਬਦਲ ਚੱਲੀ, ਰਹਿਣਾ ਤੇ ਸਾਂਸੀ ਹੀ ਆ, ਜਿਹੜਾ ਰੱਬ ਨੇ ਬਣਾ 'ਤੇ।"

"ਨਾ ਤੈਨੂੰ ਜਾਤ ਬਦਲਣ ਲਈ ਕਿਹੜਾ ਕਹਿੰਦਾ, ਮੈਂ ਤੇ ਆਂਹਦਾ ਪਈ ਚਾਰ ਦਿਨ ਚੈਨ ਨਾਲ ਘਰ ਬਹਿ ਕੇ ਰੋਟੀ ਖਾ ਲਾ।"

"ਓਏ ਰੱਬ ਨਾ ਈ ਕਰੇ ਤੇਰੀਆਂ ਰੋਟੀਆਂ ਜੋਗਾ...ਜਿੰਨਾ ਚਿਰ ਇਹ ਹੱਥ ਪੈਰ ਹੈਗੇ ਆ, ਜ਼ਬਾਨ ਹੈਗੀ ਆ, ਓਨਾ ਚਿਰ ਨਹੀਂ ਮੈਂ ਮਰਦਾ ਭੁੱਖਾ।"

ਸ਼ਿੱਬੂ ਨੂੰ ਜ਼ਬਾਨ ਉਤੇ ਹੱਥਾਂ ਪੈਰਾਂ ਨਾਲੋਂ ਵੀ ਜ਼ਿਆਦਾ ਮਾਣ ਸੀ। ਉਹਨੂੰ ਪਤਾ ਸੀ ਕਿ ਜ਼ਬਾਨ ਦੇ ਰਸ ਨਾਲ ਹੀ ਜਜਮਾਨ ਪਿਘਲ ਜਾਂਦੇ ਹਨ। ਉਹਦੀ ਇਹੀ ਜ਼ਬਾਨ ਹੁਣ ਤਕ ਜਜਮਾਨਾਂ ਨੂੰ 'ਹਾਂ ਜੀ' ਤੋਂ ਸਿਵਾ ਕੁਝ ਨਹੀਂ ਬੋਲੀ ਤੇ ਅੱਜ ਏਸੇ ਜ਼ਬਾਨ ਨਾਲ ਨਾਂਹ ਕਿਵੇਂ ਆਖੇ, ਜ਼ਬਾਨ ਗੁੰਗੀ ਨਾ ਹੋ ਜਾਏਗੀ? ਪੁੱਤ ਨੂੰ, ਪਤਨੀ ਨੂੰ ਚਾਹੇ ਲੱਖ ਗਾਲਾਂ ਕੱਢ ਲਵੇ ਪਰ ਜਜਮਾਨ ਦੇ ਵਿਰੁਧ ਕਦੇ ਨਹੀਂ ਬੋਲੇਗੀ ਇਹ ਜ਼ਬਾਨ। ਸ਼ਿੱਬੂ ਇਨ੍ਹੀਂ ਦਿਨੀਂ ਇੰਜ ਵਿਚਰਦਾ ਜਿਵੇਂ ਉਹ ਕੋਈ ਜੰਗ ਲੜ ਰਿਹਾ ਹੋਵੇ; ਆਪਣੇ ਮਾਣ ਦੀ, ਵੱਕਾਰ ਦੀ ਬਹਾਲੀ ਦੀ ਜੰਗ।

ਅਤੇ ਲੋਹੜੀ 'ਤੇ ਆ ਕੇ ਤਾਂ ਇਹ ਠੰਢੀ ਜੰਗ ਇਕ ਦਮ ਹੀ ਭੜਕ ਉਠੀ ਸੀ। ਬਿੱਲੂ ਨੇ 'ਕਲਾਣ' ਲਿਖ ਕੇ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਸ਼ਿੱਬੂ ਮੋਟੀ ਮੋਟੀ ਲਿਖੀ ਪੰਜਾਬੀ ਅੱਖਰ ਜੋੜ ਜੋੜ ਕੇ ਪੜ੍ਹ ਲੈਂਦਾ ਸੀ। ਇਹ ਪੰਜਾਬੀ ਸਿਖਾਈ ਵੀ ਤਾਂ ਉਹਨੂੰ ਉਹਦੇ ਬਿੱਲੂ ਨੇ ਹੀ ਸੀ। ਜਦ ਬਿੱਲੂ ਨਿੱਕਾ ਹੁੰਦਾ ਸੀ...ਸਕੂਲ ਜਾਂਦਾ...ਸਕੂਲੋਂ ਸਿੱਖਿਆ 'ਊੜਾ ਐੜਾ' ਪਿਉ ਦੀ ਬੁੱਕਲ 'ਚ ਬਹਿ ਦੁਹਰਾਉਂਦਾ ਤੇ ਆਪ 'ਏ ਬੀ ਸੀ' ਲਿਖਣ ਤੱਕ ਉਸ ਸ਼ਿੱਬੂ ਨੂੰ ਵੀ ਗੁਜ਼ਾਰੇ ਜੋਗੀ ਪੰਜਾਬੀ ਪੜ੍ਹਨੀ ਸਿਖਾ ਦਿੱਤੀ ਸੀ।

ਲੱਭੂ ਦੇ ਜਿਉਂਦੇ ਰਹਿਣ ਤੱਕ ਤਾਂ ਸ਼ਿੱਬੂ ਨੂੰ ਕੋਈ ਫਿਕਰ ਹੀ ਨਹੀਂ ਸੀ। ਲੱਭੂ ਨੂੰ ਪਿੰਡ ਦਾ ਸਾਰਾ ਇਤਿਹਾਸ ਜ਼ਬਾਨੀ ਯਾਦ ਸੀ। ਪਿੰਡ ਦੇ ਜਜਮਾਨਾਂ ਦੇ ਵੱਡੇ ਵਡੇਰਿਆਂ ਦੇ ਨਾਂਵਾਂ ਤੇ ਗੁਣਾਂ ਨਾਲ ਲੱਦਿਆ ਪਿਆ ਸੀ, ਲੱਭੂ ਤੇ ਜਦ ਵਿਸਮਾਦ 'ਚ ਆਇਆ ਦੇਵੀ ਮਾਤਾ ਨੰਗਿਆਂ ਨੂੰ ਕੱਪੜੇ ਬਖ਼ਸ਼ਦੀ...ਭੁੱਖਿਆਂ ਨੂੰ ਅੰਨ ਬਖ਼ਸ਼ਦੀ...ਗੌਣ ਵਾਲਿਆਂ ਨੂੰ ਗੌਣ ਬਖ਼ਸ਼ਦੀ ਤੋਂ ਸ਼ੁਰੂ ਕਰ ਸਿੱਖ ਗੁਰੂਆਂ ਦੇ ਇਤਿਹਾਸ ਨੂੰ ਕਲਾਣ 'ਚ ਸਮੇਟ ਸ. ਮੁਖ਼ਤਿਆਰ ਸਿੰਘ ਵਲਦ ਪ੍ਰੀਤਮ ਸਿੰਘ...ਆ...ਣੇ...ਕਹਿੰਦਾ ਤਾਂ ਛੋਟੇ ਬੱਚੇ ਤੋਂ ਲੈ ਕੇ ਪੜਦਾਦਿਆਂ, ਨੱਕੜਦਾਦਿਆਂ ਤੋਂ ਵੀ ਅਗਾਂਹ ਦੀ ਲੜੀ ਜੋੜ ਉਥੋਂ ਤੱਕ ਪਹੁੰਚ ਜਾਂਦਾ ਜਿਥੋਂ 'ਸਿੱਧੂ', 'ਦੋਸਾਂਝ', ਜਾਂ 'ਗਿੱਲਾਂ' ਦੀ ਜੜ੍ਹ ਤੁਰੀ ਸੀ। ਜਜਮਾਨ ਵਡੇਰਿਆਂ ਦੇ ਨਾਂ ਅਤੇ ਸਿਫ਼ਤਾਂ ਸੁਣ, ਖੁਸ਼ ਹੋ ਲੱਭੂ ਨੂੰ ਕੰਬਲ, ਬਿਸਤਰਾ, ਕੋਈ ਮੱਝ ਤੇ ਕੋਈ ਕੁਝ ਹੋਰ 'ਲੋਹੜੀ' ਵਜੋਂ ਦੇ ਦਿੰਦੇ। ਇਹ ਉਨ੍ਹਾਂ ਦੇ ਪੁਰਖਿਆਂ ਦੀ ਕਲਾਣ ਕਰਨੀ ਹੈ ਤੇ ਉਨ੍ਹਾਂ ਹਰ ਸਾਲ ਖੁਸ਼ ਹੋ ਕੇ ਕੁਝ ਨਾ ਕੁਝ ਦੇਣਾ ਹੈ।

ਸ਼ਿੱਬੂ ਨੇ ਬੜੀ ਕੋਸ਼ਿਸ਼ ਕੀਤੀ ਸੀ ਕਿ ਉਹ ਵੀ ਆਪਣੇ ਪਿਉ ਜਿੰਨਾ ਹੀ ਨਿਪੁੰਨ ਹੋ ਜਾਵੇ ਪਰ ਉਹਦੇ ਕੋਲੋਂ ਉਹ ਗੱਲ ਨਹੀਂ ਸੀ ਬਣਦੀ ਅਤੇ ਪਿਛਲੇ ਸਾਲ ਤਾਂ ਜਦ ਉਹ ਸਰਦਾਰ ਪ੍ਰੀਤਮ ਸਿੰਘ ਦੇ ਮੁੰਡੇ ਦੇ ਵਿਆਹ ਦੀ ਲੋਹੜੀ 'ਤੇ ਕਲਾਣ ਕਰ ਰਿਹਾ ਸੀ, ਪਤਾ ਨਹੀਂ ਕਿੰਜ ਬਿੱਲੂ ਦੇ ਬੋਲ ਉਹਦੇ ਦਿਮਾਗ 'ਚ ਆਣ ਵੜੇ ਸਨ, 'ਭਾਪਾ! ਦਿਮਾਗ ਤੋਂ ਕੰਮ ਲੈ! ਪਈ ਜਦੋਂ ਰੱਬ ਨੇ ਸਾਰੇ ਬੰਦੇ ਇਕੋ ਜਿਹੇ ਪੈਦਾ ਕੀਤੇ ਆ, ਫਿਰ ਇਹ ਜੱਟ ਬ੍ਰਾਹਮਣ ਸਾਡੇ ਤੋਂ ਉਚੇ ਕਿੱਦਾਂ ਹੋਏ...ਜੋ ਇਨ੍ਹਾਂ ਦੇ ਗੁਣ ਗਾਉਂਦਾ ਫਿਰਦਾਂ' ਤਾਂ ਉਹ ਅੱਧ 'ਚੋਂ ਹੀ ਨਾਂ ਭੁੱਲ ਗਿਆ ਸੀ। ਲੱਖ ਯਤਨ ਕਰਨ 'ਤੇ ਵੀ ਯਾਦ ਨਹੀਂ ਆਇਆ ਤਾਂ ਲੋਹੜੀ ਤਾਂ ਘੱਟ ਮਿਲਣੀ ਹੀ ਸੀ, ਜਜਮਾਨ ਦੀ ਨਾਰਾਜ਼ਗੀ ਵੱਖਰੀ ਝੱਲਣੀ ਪਈ ਸੀ।

ਇਸੇ ਲਈ ਸ਼ਿੱਬੂ ਨੇ ਇਸ ਵਾਰ ਬਿੱਲੂ ਨੂੰ ਕਿਹਾ ਸੀ ਕਿ ਉਹ ਯਾਦ ਕਰ ਕੇ ਬੋਲੀ ਜਾਏਗਾ ਤੇ ਬਿੱਲੂ ਉਹਨੂੰ ਮੋਟੇ ਅੱਖਰਾਂ 'ਚ ਇਕ ਕਾਪੀ ਉਤੇ ਲਿਖ ਦੇਵੇ। ਇਕ ਤਾਂ ਉਹ ਭੁੱਲਣ 'ਤੇ ਨਾਂ ਵੇਖ ਲਏਗਾ ਤੇ ਦੂਜਾ ਇਹ ਰਿਕਾਰਡ ਅਗਾਂਹ ਕੰਮ ਆਏਗਾ।

ਪਰ ਬਿੱਲੂ ਨਹੀਂ ਮੰਨਿਆ। ਤੇ ਸ਼ਿੱਬੂ ਲੜ ਕੇ ਘਰੋਂ ਨਿਕਲ, ਪਿੰਡੋਂ ਬਾਹਰਵਾਰ ਆ ਬੈਠਾ ਸੀ।

ਉਦੋਂ ਦੀ ਹੀ ਦਿਮਾਗ 'ਚ ਉਥਲ ਪੁਥਲ ਜਾਰੀ ਸੀ-ਬਿੱਲੂ ਨਹੀਂ ਮੰਨਿਆ ਤੇ ਨਾ ਸਹੀ, ਆਪੇ ਜਜਮਾਨ ਹੋਰ ਘੜੀ ਨੂੰ ਲੈਣ ਆ ਜਾਣਗੇ, ਨਾਲੇ ਸਰਦਾਰ ਪ੍ਰੀਤਮ ਸੌਂਹ ਨੇ ਤਾਂ ਪੋਤਰੇ ਦੀ ਲੋਹੜੀ ਵੰਡਣੀ ਹੈ ਇਸ ਵਾਰ, ਉਹ ਤਾਂ ਆਪ ਹੀ ਕਿਸੇ ਨੂੰ ਸੱਦਣ ਘੱਲ ਦੇਣਗੇ।

ਪਰ ਹੈਂ? ਇਹ ਕੀ? ਸਰਦਾਰ ਪ੍ਰੀਤਮ ਸੌਂਹ ਵੱਡੇ ਮੁੰਡੇ ਪਿੱਛੇ ਸਕੂਟਰ 'ਤੇ ਬੈਠਾ ਸ਼ਿੱਬੂ ਦੇ ਕੋਲੋਂ ਲੰਘ ਗਿਆ ਸੀ। ਉਸ ਸ਼ਿੱਬੂ ਵੱਲ ਵੇਖਿਆ ਵੀ ਨਹੀਂ ਤੇ ਕੱਚੇ ਪਹੇ ਤੋਂ ਉਡਿਆ ਘੱਟਾ ਜਿਵੇਂ ਸਾਰੇ ਦਾ ਸਾਰਾ ਸ਼ਿੱਬੂ ਦੇ ਦਿਲ ਦਿਮਾਗ 'ਤੇ ਜੰਮ ਗਿਆ ਹੋਵੇ, ਉਹਦੀ ਸੋਚ ਸਥਿਰ ਹੋ ਗਈ ਹੋਵੇ। ਪਿੰਡ 'ਚੋਂ ਕੁੜੀਆਂ ਦੇ ਲੋਹੜੀ ਮੰਗਣ ਦੀ ਆਵਾਜ਼ ਆ ਰਹੀ ਸੀ,

ਪਾ ਨੀ ਮਾਈ ਪਾ
ਕਾਲੇ ਕੁੱਤੇ ਨੂੰ ਵੀ ਪਾ।
ਕਾਲਾ ਕੁੱਤਾ ਦੇਵੇ ਵਧਾਈ
ਤੇਰੀ ਜੀਵੇ ਮੱਝੀਂ ਗਾਈਂ।
ਮੱਝੀਂ ਗਾਈਂ ਦਿੱਤਾ ਦੁੱਧ
ਤੇਰੇ ਜੀਣ ਪੰਜੇ ਪੁੱਤ।

ਇਕ ਪਲ ਸ਼ਿੱਬੂ ਨੂੰ ਲੱਗਾ ਜਿਵੇਂ ਕੁੜੀਆਂ ਕਾਲੇ ਕੁੱਤੇ ਦੀ ਥਾਂ 'ਪਾ ਨੀ ਮਾਈ ਪਾ/ਕਾਣੇ ਸ਼ਿੱਬੂ ਨੂੰ ਵੀ ਪਾ' ਕਹਿ ਰਹੀਆਂ ਹੋਣ।

ਦੁਪਹਿਰ ਢਲ ਗਈ ਸੀ। ਉਹ ਬਿਨਾਂ ਕੁਝ ਸੋਚਿਆ ਹੀ ਪਿੰਡ ਵੱਲ ਤੁਰ ਪਿਆ ਪਰ ਉਹਨੂੰ ਲੱਤਾਂ ਕੰਬਦੀਆਂ ਲੱਗੀਆਂ। ਪਿੰਨੀਆਂ 'ਚੋਂ ਕੋਈ ਚੀਸ ਜਿਹੀ ਉਠ ਨਾੜ 'ਚੋਂ ਹੁੰਦੀ ਹੋਈ, ਮੱਥੇ 'ਚੋਂ ਹੁੰਦੀ ਹੋਈ ਮੱਥੇ 'ਚ ਤਰਾਟ ਬਣ ਫਿਰ ਗਈ। ਉਹਨੂੰ ਲੱਗਾ ਜਿਵੇਂ ਉਹ ਸਾਹ-ਸਤਹੀਣ ਹੋ ਗਿਆ ਹੋਵੇ। ਇਕ ਪਲ ਸ਼ਿੱਬੂ ਠਠੰਬਰਿਆ।

ਅੱਗਿਓਂ ਬਿੱਲੂ ਤੇ ਮੇਜੋ ਉਹਦੇ ਵੱਲ ਹੀ ਆ ਰਹੇ ਸਨ। "ਬਿੱਲੂ ਦੇ ਭਾਪਾ! ਤੂੰ ਕਿੱਥੇ ਬਹਿ ਰਿਹਾਂ ਸਵੇਰ ਦਾ, ਸਾਡੀ ਤੇ ਜਾਨ ਸੁੱਕਣੇ ਪਈ ਸੀ, ਲੱਭ ਲੱਭ ਕੇ ਕਮਲੇ ਹੋਗੇ," ਮੇਜੋ ਦੇ ਬੋਲਾਂ ਤੋਂ ਪਤਾ ਨਹੀਂ ਸੀ ਲੱਗਦਾ ਕਿ ਉਹ 'ਰੁੱਸੇ ਹੋਏ ਪਤੀ' ਨਾਲ ਬੋਲ ਰਹੀ ਸੀ।

"ਮੈਂ ਤੇ ਘਰ ਨੂੰ ਹੀ ਆਉਣ ਲੱਗਾ ਸਾਂ," ਸ਼ਿੱਬੂ ਖੁਦ ਨਹੀਂ ਸਮਝ ਸਕਿਆ ਕਿ ਬੋਲ ਉਹਦੇ ਮੂੰਹੋਂ ਹੀ ਨਿਕਲੇ ਸਨ।

ਉਹਦੀਆਂ ਅੱਖਾਂ ਬਿੱਲੂ ਨਾਲ ਮਿਲੀਆਂ। ਉਹ ਸਵੈਮਾਣ ਨਾਲ ਭਰਿਆ ਪਿਆ ਸੀ। ਸ਼ਿੱਬੂ ਦੀਆਂ ਅੱਖਾਂ 'ਚ ਸਵੈਮਾਣ ਦੀ ਥਾਂ ਬੇਵਸੀ ਸੀ। ਸੂਰਜ ਚਾਹੇ ਡੁੱਬਣ ਹੀ ਵਾਲਾ ਸੀ ਪਰ ਆਖਰੀ ਕਿਰਨਾਂ ਨੇ ਅਸਮਾਨ ਨੂੰ ਲਾਲ ਕਰ ਦਿੱਤਾ ਸੀ।

ਉਹ ਤਿੰਨੇ ਆਪਣੇ ਘਰ ਨੂੰ ਤੁਰੇ ਜਾ ਰਹੇ ਸਨ-ਸੱਜੇ ਹੱਥ ਲਾਚਾਰ ਜਿਹਾ ਬਣਿਆ ਸ਼ਿੱਬੂ, ਵਿਚਕਾਰ ਮੇਜੋ ਤੇ ਖੱਬੇ ਹੱਥ ਬਿੱਲੂ। ਉਨ੍ਹਾਂ ਵਿਚਕਾਰ 'ਸਮਝੌਤਾ' ਤਾਂ ਲੱਗ ਰਿਹਾ ਸੀ ਪਰ 'ਸੁਲਾਹ' ਵਰਗਾ ਠੋਸ ਕੁਝ ਨਹੀਂ ਸੀ ਜਾਪਦਾ। ਪਿੰਡ 'ਚ ਮੁੰਡੇ ਕੁੜੀਆਂ ਦੀ ਲੋਹੜੀ ਮੰਗਣ ਦੀ ਆਵਾਜ਼ ਹੋਰ ਵੀ ਉਚੀ ਹੋ ਗਈ ਲਗਦੀ ਸੀ।

---

# ਹਿੰਦੀ, ਹਿੰਦੂ, ਹਿੰਦੁਸਤਾਨ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

ਭਾਰਤੀ ਜਨਤਾ ਪਾਰਟੀ ਦੇ ਪਹਿਲੇ ਅਵਤਾਰ 'ਜਨ ਸੰਘ' ਤੇ 'ਹਿੰਦੂ ਮਹਾ ਸਭਾ' ਜਿਹੀਆਂ ਭਗਵੀਆਂ ਸ਼ਕਤੀਆਂ ਵਲੋਂ ਪਿਛਲੀ ਸਦੀ ਦੌਰਾਨ ਹਿੰਦੀ, ਹਿੰਦੂ, ਹਿੰਦੁਸਤਾਨ ਦਾ ਨਾਅਰਾ ਲਗਦਾ ਰਿਹਾ ਹੈ। ਇਸ ਨੂੰ ਘੜਨ ਵਾਲਾ ਹਿੰਦੀ ਲੇਖਕ ਪਰਤਾਪ ਨਰਾਇਣ ਮਿਸ਼ਰਾ (1856-1894) ਦਸਿਆ ਜਾਂਦਾ ਹੈ। ਨਾਅਰੇ ਦਾ ਮਨੋਰਥ ਘਟਗਿਣਤੀਆਂ 'ਤੇ ਹਿੰਦੂਵਾਦ ਦੇ ਇਕ ਖਾਸ ਰੂਪ ਨੂੰ ਠੋਸਣਾ ਸੀ। ਫਿਰ ਮੁਸਲਮਾਨਾਂ ਨੂੰ ਹਿੰਦਿਆਏ ਜਾਣ ਦਾ ਨਾਅਰਾ ਲਗਦਾ ਰਿਹਾ। ਬਾਬਰੀ ਮਸਜਿਦ ਢਾਹੁਣ ਤੋਂ ਪਹਿਲਾਂ ਤੇ ਪਿਛੋਂ ਇਨ੍ਹਾਂ ਸ਼ਕਤੀਆਂ ਨੇ ਹਮਲਾਵਰ ਹਿੰਦੂਵਾਦੀ ਪੈਂਤੜਾ ਅਖਤਿਆਰ ਕੀਤਾ। ਹਿੰਦੁਤਵ ਜਿਹਾ ਸ਼ਬਦ ਇਸ ਦੌਰ ਵਿਚ ਖੂਬ ਜ਼ੋਰ ਫੜ ਗਿਆ। ਪਿਛਲੀ ਸਦੀ ਦੇ 72ਵਿਆਂ ਦੇ ਅਖੀਰ ਦੀ ਗੱਲ ਹੈ। ਇਕ ਦਿਨ ਮੈਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪੀ.ਜੀ.ਆਈ. ਵਾਲੇ ਗੇਟ ਵਲੋਂ ਬਾਹਰ ਨਿਕਲ ਰਿਹਾ ਸਾਂ ਕਿ ਸੜਕ ਪਾਰ ਪੀ.ਜੀ.ਆਈ. ਦੀ ਚਾਰਦੀਵਾਰੀ ਉਤੇ ਪਹਿਲੀ ਵਾਰੀ ਮੈਂ ਹਿੰਦੀ ਵਿਚ ਲਿਖਿਆ ਇਹ ਨਾਅਰਾ ਦੇਖ ਕੇ ਚੌਂਕ ਹੀ ਗਿਆ, "ਗਰਵ ਸੇ ਕਹੋ ਕਿ ਹਮ ਹਿੰਦੂ ਹੈਂ।" ਮੇਰੀ ਹੈਰਾਨੀ ਦਾ ਇਕ ਕਾਰਨ ਇਹ ਸੀ ਕਿ ਹਿੰਦੂ ਹੋਣ ਵਾਲੀ ਗੱਲ ਨੂੰ ਗਰਵ ਨਾਲ ਦੱਸਣ ਦੀ ਕੀ ਲੋੜ ਪੈ ਗਈ ਸੀ? ਕੀ ਪਹਿਲਾਂ ਹਿੰਦੂ ਦੱਸਣ ਤੋਂ ਸ਼ਰਮ ਮਹਿਸੂਸ ਕੀਤੀ ਜਾਂਦੀ ਸੀ? ਨਾਲੇ ਬੇਲੋੜਾ ਧੌਣ ਅਕੜਾ ਕੇ ਆਪਣੇ ਧਰਮ ਦੀ ਸ਼ਨਾਖਤ ਦੱਸ ਕੇ ਧੌਂਸ ਜਮਾਉਣ ਦਾ ਕੀ ਲਾਭ? ਸੁਰਜੀਤ ਪਾਤਰ ਨੇ ਬਜਾ ਫਰਮਾਇਆ ਹੈ,

ਸਿੱਖਾਂ ਮੁਸਲਮਾਨਾਂ ਅਤੇ
ਹਿੰਦੂਆਂ ਦੀ ਭੀੜ ਵਿਚ,
ਰੱਬ ਢੂੰਡਦਾ ਫਿਰਦਾ
ਮੇਰਾ ਬੰਦਾ ਕਿਧਰ ਗਿਆ?

ਕੁਝ ਅਰਸੇ ਤੋਂ ਬੰਦੇ ਦੀ ਬੰਦੇ ਵਜੋਂ ਸ਼ਨਾਖਤ ਦੀ ਥਾਂ ਉਸ ਦੇ ਧਰਮ ਵਿਸ਼ੇਸ਼ ਦੀ ਸ਼ਨਾਖਤ ਵੱਲ ਵਧੇਰੇ ਬਲ ਦਿੱਤਾ ਜਾਣ ਲੱਗਾ ਹੈ। ਹਰ ਧਰਮ ਬਾਰੇ ਇਹ ਗੱਲ ਸਹੀ ਹੈ ਪਰ ਮੈਂ ਹਿੰਦੂਆਂ ਬਾਰੇ ਜੇ ਵਿਸ਼ੇਸ਼ ਤੌਰ 'ਤੇ ਲਿਖਣ ਲਈ ਅੱਜ ਕਲਮ ਚੁਕੀ ਹੈ ਤਾਂ ਇਸ ਦਾ ਕਾਰਨ ਇਹ ਹੈ ਕਿ ਵਾਸਤਵ ਵਿਚ ਜਿਸ ਹਿੰਦੂ ਧਰਮ 'ਤੇ ਫ਼ਖਰ ਕੀਤੇ ਜਾਣ 'ਤੇ ਜ਼ੋਰ ਦਿਤਾ ਜਾਂਦਾ ਹੈ ਉਸ ਦਾ ਕਿਸੇ ਵੀ ਪੁਰਾਣੀ ਲਿਖਤ ਵੇਦ, ਸ਼ਾਸਤਰ, ਪੁਰਾਣ, ਰਾਮਾਇਣ, ਮਹਾਭਾਰਤ ਵਿਚ ਜ਼ਿਕਰ ਨਹੀਂ ਹੈ। ਹੋਰ ਤਾਂ ਹੋਰ 'ਹਿੰਦੂ' ਸ਼ਬਦ ਵੀ ਭਾਰਤ ਦੀ ਭੂਮੀ ਵਿਚ ਨਿਰਮਿਤ ਨਹੀਂ ਹੋਇਆ। ਇਸ ਦਾ ਇਕ ਸਿਧਾ ਜਿਹਾ ਸਿੱਟਾ ਤਾਂ ਫਿਰ ਇਹੀ ਨਿਕਲਦਾ ਹੈ ਕਿ ਹਿੰਦੂ ਵਜੋਂ ਆਪਣੇ ਆਪ ਨੂੰ ਸਭ ਤੋਂ ਪ੍ਰਾਚੀਨ ਕਹਾਉਂਦੇ ਧਰਮ ਦੀ ਪ੍ਰਾਚੀਨ ਜ਼ਮਾਨੇ ਵਿਚ ਹੋਂਦ ਹੀ ਨਹੀਂ ਸੀ!

ਇਹ ਗੱਲ ਸਹੀ ਹੈ ਕਿ 'ਹਿੰਦ' ਤੇ ਇਸ ਤੋਂ ਬਣਨ ਵਾਲੇ ਕਈ ਸ਼ਬਦ ਫਾਰਸ/ਅਰਬ ਦੇ ਲੋਕਾਂ ਨੇ ਵਿਕਸਿਤ ਕੀਤੇ ਹਨ ਤੇ ਕਿਉਂਕਿ ਉਥੋਂ ਆਏ ਹਮਲਾਵਰਾਂ ਦਾ ਰਾਜ ਭਾਰਤ 'ਤੇ ਬਹੁਤ ਸਮਾਂ ਚਲਦਾ ਰਿਹਾ, ਇਨ੍ਹਾਂ ਦੇ 'ਥੋਪੇ ਹੋਏ' ਸ਼ਬਦ ਭਾਰਤ ਦੀ ਜਨਤਾ ਨੇ ਨਾ ਸਿਰ ਖਿੜੇ ਮੱਥੇ ਸਵੀਕਾਰ ਕਰ ਲਏ ਬਲਕਿ ਇਨ੍ਹਾਂ ਨੂੰ ਦੇਸ਼ ਦੇ ਮੁੱਢ-ਕਦੀਮ ਦੇ ਸ਼ਬਦ ਸਮਝਣ ਲੱਗ ਪਏ। ਭਾਈ ਕਾਹਨ ਸਿੰਘ ਨੇ ਵੀ ਇਹ ਗੱਲ ਮੰਨੀ ਹੈ, "ਹਿੰਦੂ-(ਸਿੰਧ) ਨਦੀ ਦੇ ਆਸ ਪਾਸ ਰਹਿਣ ਵਾਲੇ ਲੋਕ, ਜੋ ਆਰਯ ਕਹਾਉਂਦੇ ਸੇ, ਵਿਦੇਸ਼ੀਆਂ ਨੇ ਇਨ੍ਹਾਂ ਨੂੰ ਹਿੰਦੂ ਲਿਖਿਆ ਹੈ। ਹੁਣ ਸਾਰੇ ਭਾਰਤ ਵਾਸੀਆਂ ਲਈ ਇਹ ਸ਼ਬਦ ਵਰਤਿਆ ਜਾ ਸਕਦਾ ਹੈ, 2. ਵੈਦਿਕ ਧਰਮ ਧਾਰਨ ਕਰਨ ਵਾਲਾ। ਹਿੰਦੂ ਪਦ ਦੀ ਨਿਰਦੋਸ਼ ਵਯਾਖਿਆ ਹੁਣ ਤਾਈਂ ਕੋਈ ਨਹੀਂ ਕਰ ਸਕਿਆ ਇਸ ਲਈ ਸਾਡੀ ਸਮਰਥਾ ਤੋਂ ਵੀ ਬਾਹਰ ਹੈ...।" ਸੋ, ਭਾਰਤ ਵਿਚ ਜੁਗਾਂ ਤੋਂ ਵੈਦਿਕ ਧਰਮ ਜਾਂ ਸਨਾਤਨ ਧਰਮ ਸ਼ਬਦ ਹੀ ਪ੍ਰਚਲਤ ਸਨ। ਹਿੰਦ ਤੋਂ ਬਣਿਆ ਹਿੰਦੁਸਤਾਨ ਸ਼ਬਦ ਵੀ ਇਥੋਂ ਦੀ ਕਾਢ ਨਹੀਂ ਹੈ। ਪੁਰਾਣੇ ਜ਼ਮਾਨੇ ਦੇ ਗ੍ਰੰਥਾਂ ਵਿਚ ਇਸ ਦੇਸ਼ ਦਾ ਨਾਂ ਤਾਂ ਭਾਰਤਵਰਸ਼ ਜਾਂ ਜੰਬੂਦੇਸ਼ ਹੀ ਪ੍ਰਚਲਤ ਰਿਹਾ ਹੈ। ਭਾਰਤੀ ਸੰਵਿਧਾਨ ਨੇ ਇੰਡੀਆ ਤੇ ਭਾਰਤ ਸ਼ਬਦ ਨੂੰ ਮਾਨਤਾ ਦਿੱਤੀ ਹੈ, ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਨੂੰ ਨਹੀਂ। ਹਿੰਦ ਸ਼ਬਦ 'ਸਿੰਧ' (ਦਰਿਆ) ਦਾ ਫਾਰਸੀ/ ਅਰਬੀ ਰੂਪ ਹੈ। ਫਾਰਸੀ ਵਿਚ 'ਸ' ਧੁਨੀ 'ਹ' ਵਿਚ ਬਦਲ ਜਾਂਦੀ ਹੈ ਜਿਵੇਂ 'ਸਪਤਾਹ' ਦਾ 'ਹਫਤਾ' ਹੋਇਆ। ਤੇਰਵੀਂ ਸਦੀ ਦੇ ਫਾਰਸੀ ਸੂਫ਼ੀ ਕਵੀ ਰੂਮੀ ਦੇ ਇਕ ਸ਼ਿਅਰ ਅਨੁਸਾਰ ਅਰਬੀ ਲੋਕ ਹਿੰਦ ਅਤੇ ਸਿੰਧ ਦੇ ਫਰਕ ਤੋਂ ਵੀ ਵਾਕਿਫ ਸਨ,



ਹਿੰਦੂਆਂ ਦੇ ਵਾਸਤੇ ਹੈ ਸਹੀ ਹਿੰਦੀ ਤਰੀਕਾ,
ਸਿੰਧੀਆਂ ਦੇ ਵਾਸਤੇ ਸਹੀ ਹੈ ਸਿੰਧੀ ਤਰੀਕਾ।

ਭਾਰਤ ਦੇ ਗੁਆਂਢੀ ਅਰਬ ਫਾਰਸ ਦੇਸ਼ਾਂ ਨਾਲ ਢੇਰ ਪੁਰਾਣੇ ਸਬੰਧ ਸਨ। 8ਵੀਂ ਸਦੀ ਵਿਚ ਅਰਬ ਦੇ ਮੁਹੰਮਦ ਬਿਨ ਕਾਸਿਮ ਨੇ ਸਿੰਧ ਅਤੇ ਪੰਜਾਬ ਫਤਿਹ ਕਰ ਲਿਆ ਜਿਸ ਨਾਲ ਭਾਰਤ ਉਤੇ ਇਸ ਖਿਤੇ ਦਾ ਸਾਮਰਾਜ ਫੈਲਣ ਦਾ ਰਾਹ ਪੱਧਰਾ ਹੋ ਗਿਆ ਸੀ। ਫਿਰ ਤੁਰਕ ਸੁਲਤਾਨ ਮੁਗਲਾਂ ਦੇ ਦੌਰ ਵਿਚ ਹਿੰਦ ਸ਼ਬਦ ਖੂਬ ਪ੍ਰਚਲਤ ਹੋਇਆ। ਪਰ ਗੌਰਤਲਬ ਹੈ ਕਿ ਉਦੋਂ ਹਿੰਦੀ, ਹਿੰਦੂ ਸ਼ਬਦਾਂ ਦਾ ਭਾਵ ਇਸ ਖਿਤੇ ਦੇ ਲੋਕ ਸਨ ਨਾ ਕਿ ਇਨ੍ਹਾਂ ਦਾ ਧਰਮ। ਭਾਰਤੀ ਲੋਕਾਂ ਦੇ ਧਾਰਮਿਕ ਵਿਸ਼ਵਾਸਾਂ ਅਤੇ 'ਬਾਹਰੋਂ ਆਏ' ਮੁਖ ਤੌਰ 'ਤੇ ਇਸਲਾਮੀ ਹਾਕਿਮਾਂ ਦੇ ਮਜ਼ਹਬ ਵਿਚ ਨਿਸਚੇ ਹੀ ਢੇਰ ਫਰਕ ਹੋਣ ਕਾਰਨ ਹਿੰਦੂ ਸ਼ਬਦ ਸਹਿਜੇ ਸਹਿਜੇ ਭੂਗੋਲਿਕ ਦੇ ਨਾਲ ਨਾਲ ਭਾਰਤੀ ਲੋਕਾਂ ਦੇ ਧਰਮ ਦਾ ਸਮਾਨਾਰਥਕ ਬਣਦਾ ਗਿਆ। ਅਰਬੀ ਫਾਰਸੀ ਦੇ ਗਿਆਨ ਤੋਂ ਪ੍ਰਭਾਵਤ ਯੂਰਪੀ ਲੋਕ ਵੀ ਹਿੰਦੂ ਸ਼ਬਦ ਦਾ ਅਰਥ ਭਾਰਤੀ ਲੋਕ ਹੀ ਲੈਂਦੇ ਸਨ। ਮਧ ਕਾਲ ਦੇ ਸਾਹਿਤ ਵਿਚ ਹਿੰਦ ਤੇ ਹਿੰਦੁਸਤਾਨ ਸ਼ਬਦ ਦੀ ਕਾਫੀ ਵਰਤੋਂ ਹੋਈ ਮਿਲਦੀ ਹੈ ਜਿਸ ਦੀ ਗਵਾਹੀ ਗੁਰੂ ਗ੍ਰੰਥ ਸਾਹਿਬ ਹੈ,

ਤੁਰਕ ਤਰੀਕਤਿ ਜਾਨੀਐ
ਹਿੰਦੂ ਬੇਦ ਪੁਰਾਨ॥ -ਭਗਤ ਕਬੀਰ
ਹਿੰਦੂ ਅੰਨਾ ਤੁਰਕੂ ਕਾਣਾ॥ -ਭਗਤ ਨਾਮਦੇਵ

ਧਿਆਨ ਦਿਓ, ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ ਸ਼ਬਦ ਆਮ ਤੌਰ 'ਤੇ ਤੁਰਕ (ਮੁਸਲਮਾਨ) ਨਾਲ ਟਕਰਾਵੇਂ ਰੂਪ ਵਿਚ ਪੇਸ਼ ਕੀਤਾ ਮਿਲਦਾ ਹੈ ਜਿਸ ਦਾ ਇਹੀ ਸਿੱਟਾ ਨਿਕਲਦਾ ਹੈ ਕਿ ਬਾਹਰੋਂ ਆਏ ਮੁਸਲਮਾਨਾਂ ਤੋਂ ਇਲਾਵਾ ਬਾਕੀ ਭਾਰਤ ਦੇ ਲੋਕਾਂ ਨੂੰ ਸਮੁਚੇ ਤੌਰ 'ਤੇ ਇਕ ਵਿਸ਼ਵਾਸ ਦੇ ਧਾਰਨੀ ਮੰਨਿਆ ਗਿਆ ਹੈ। ਗੁਰੂ ਨਾਨਕ ਦੀ ਉਸ ਸਮੇਂ ਹਿੰਦੁਸਤਾਨ ਨਾਂ ਨਾਲ ਜਾਣੇ ਜਾਣ ਵਾਲੇ ਦੇਸ਼ ਨਾਲ ਡੁਲ੍ਹ ਡੁਲ੍ਹ ਪੈਂਦੀ ਹਮਦਰਦੀ ਬਾਬਰਵਾਣੀ ਤੋਂ ਭਲੀ ਭਾਤ ਸਪਸ਼ਟ ਹੋ ਜਾਂਦੀ ਹੈ, "ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥" ਹੈਰਾਨੀ ਦੀ ਗੱਲ ਹੈ ਕਿ ਸਿੱਖੀ ਦਾ ਦਮ ਭਰਨ ਵਾਲੇ ਕੁਝ ਲੋਕ ਅੱਜ 'ਹਿੰਦੁਸਤਾਨ' ਨੂੰ ਹਿਕਾਰਤ ਨਾਲ ਹਿੰਦੂਸਤਾਨ ਕਹਿਣ ਲੱਗ ਪਏ ਹਨ। ਹਿੰਦੁਸਤਾਨ ਦਾ ਅਰਥ ਹਿੰਦੂਆਂ ਦਾ ਦੇਸ਼ ਹੈ ਪਰ ਇਥੇ ਹਿੰਦੂ ਸਿੰਧ ਦਰਿਆ ਦੇ ਆਸ ਪਾਸ ਦੇ ਵਾਸੀ ਹਨ ਨਾ ਕਿ ਹਿੰਦੂ ਧਰਮ ਦੇ ਲੋਕ।

ਪਰ ਕੁਝ ਹਿੰਦੂ ਸ਼ਕਤੀਆਂ ਵਲੋਂ ਇਹ ਜ਼ੋਰ ਦੇਣ ਦੇ ਬਾਵਜੂਦ ਕਿ ਹਿੰਦੁਸਤਾਨ ਦਾ ਅਰਥ ਹਿੰਦੂ ਧਰਮ ਦੇ ਲੋਕਾਂ ਦੇ ਰਹਿਣ ਵਾਲਾ ਦੇਸ਼ ਹੈ, ਆਮ ਲੋਕਾਂ ਵਿਚ ਅਜਿਹੀ ਧਾਰਨਾ ਨਹੀਂ ਹੈ। ਭਾਵੇਂ ਸਮੁਚੇ ਭਾਰਤ ਨੂੰ ਵੀ ਹਿੰਦੁਸਤਾਨ ਕਿਹਾ ਜਾਂਦਾ ਹੈ ਪਰ ਮੁਢਲੇ ਤੌਰ 'ਤੇ ਇਹ ਪੰਜਾਬ, ਬੰਗਾਲ ਅਤੇ ਦਖਣੀ ਭਾਰਤ ਨੂੰ ਛੱਡ ਕੇ ਬਾਕੀ ਦੇ ਪਰਦੇਸ਼ ਦਾ ਨਾਂ ਸਮਝਿਆ ਜਾਂਦਾ ਰਿਹਾ ਹੈ। ਸ਼ਾਹ ਮੁਹੰਮਦ ਜਦ 'ਜੰਗ ਹਿੰਦ ਪੰਜਾਬ ਦਾ ਹੋਣ ਲੱਗਾ' ਕਹਿ ਰਹੇ ਸਨ ਤਾਂ ਇਥੇ ਸਪਸ਼ਟ ਤੌਰ 'ਤੇ ਪੰਜਾਬ ਨੂੰ ਬਾਕੀ ਦੇ ਦੇਸ਼ ਨਾਲੋਂ ਨਿਖੇੜਿਆ ਗਿਆ ਹੈ। ਹਿੰਦੁਸਤਾਨੀ ਸ਼ਬਦ ਦਾ ਇਥੋਂ ਦੇ ਲੋਕ, ਭਾਸ਼ਾ ਤੇ ਇਸੇ ਖਿਤੇ ਵੱਲ ਸੰਕੇਤ ਹੁੰਦਾ ਹੈ। ਇਸ ਗੱਲ ਵਿਚ ਤਨਜ਼ ਭਰੀ ਸੱਚਾਈ ਹੈ ਕਿ ਅਜੋਕੇ ਭਾਰਤ ਨੂੰ ਇਕ ਅਖੰਡ ਰੂਪ ਬਣਾਉਣ ਵਿਚ ਬਾਹਰਲੀਆਂ ਸ਼ਕਤੀਆਂ ਦਾ ਯੋਗਦਾਨ ਹੈ। ਕਥਿਤ ਮੁਸਲਮਾਨੀ ਤਾਕਤਾਂ ਨੇ ਇਸ ਨੂੰ ਸ਼ੁਰੂ ਕੀਤਾ ਤੇ ਬਰਤਾਨਵੀ ਸ਼ਾਸਨ ਅਧੀਨ ਪ੍ਰਫੁਲਿਤ ਹੋਇਆ। ਭਾਰਤ ਦੀ ਆਜ਼ਾਦੀ ਦੀ ਲਹਿਰ ਤੋਂ ਪੈਦਾ ਹੋਈ ਏਕਤਾ ਨੇ ਪੰਜਾਬ, ਬੰਗਾਲ ਅਤੇ ਦੱਖਣੀ ਭਾਰਤ ਨੂੰ ਇਸ ਵਿਚ ਸਮੋ ਕੇ ਇਕ ਰਾਸ਼ਟਰ ਵਿਚ ਪਰੋ ਦਿੱਤਾ। ਕੁਝ ਹਿੰਦੂ ਸਰੋਤ ਪ੍ਰਚਾਰ ਕਰਦੇ ਹਨ ਕਿ ਹਿੰਦੁਸਤਾਨ ਸ਼ਬਦ ਦਾ ਭਾਰਤੀ/ ਸੰਸਕ੍ਰਿਤ ਰੂਪ 'ਹਿੰਦੁਸਥਾਨ' ਹੈ। ਉਹ ਇਕ ਪ੍ਰਾਚੀਨ ਗ੍ਰੰਥ 'ਬ੍ਰਿਹਸਪਤੀ ਆਗਮ' ਦਾ ਹਵਾਲਾ ਦੇ ਕੇ ਦਸਦੇ ਹਨ ਕਿ ਹਿਮਾਲਾ ਤੋਂ ਪ੍ਰਾਰੰਭ ਹੋ ਕੇ ਇੰਦੂ ਸਰੋਵਰ (ਹਿੰਦ ਮਹਾਸਾਗਰ) ਤਕ ਇਹ ਦੇਵ ਨਿਰਮਿਤ ਦੇਸ਼ ਹਿੰਦੂਸਥਾਨ ਕਹਿਲਾਉਂਦਾ ਹੈ।

ਅੱਗੇ ਜਾਣ ਤੋਂ ਪਹਿਲਾਂ ਹਿੰਦੁਸਤਾਨ ਸ਼ਬਦ ਵਿਚਲੇ 'ਸਤਾਨ' ਸ਼ਬਦ ਦੀ ਚਰਚਾ ਕਰ ਲਈਏ। ਸੰਸਕ੍ਰਿਤ ਜਾਂ ਕਿਸੇ ਹੋਰ ਭਾਰਤੀ ਭਾਸ਼ਾ ਵਿਚ 'ਸਥਾਨ' ਸ਼ਬਦ ਕਿਸੇ ਪ੍ਰਦੇਸ਼ ਦੇ ਨਾਂ ਪਿਛੇ ਨਹੀਂ ਲਗਦਾ। ਦੂਸਰੇ ਪਾਸੇ ਈਰਾਨੀ ਤੇ ਅਲਤਾਇਕ ਭਾਸ਼ਾਵਾਂ ਦੇ ਅਨੇਕਾਂ ਦੇਸ਼ਾਂ, ਪ੍ਰਦੇਸਾਂ ਦੇ ਨਾਂ ਪਿਛੇ 'ਸਤਾਨ' ਲਗਦਾ ਹੈ ਜਿਵੇਂ ਅਫ਼ਗਾਨਿਸਤਾਨ, ਕਜ਼ਾਕਿਸਤਾਨ, ਤੁਰਕਿਸਤਾਨ, ਉਜ਼ਬੇਕਿਸਤਾਨ, ਪਾਕਿਸਤਾਨ, ਬਲੋਚਿਸਤਾਨ, ਕਿਰਗਿਜ਼ਸਤਾਨ, ਤੁਰਕਮੇਨਿਸਤਾਨ, ਨਖਲਿਸਤਾਨ ਆਦਿ। 'ਸਤਾਨ' ਅਤੇ 'ਸਥਾਨ' ਸ਼ਬਦ ਸੁਜਾਤੀ ਹਨ ਅਤੇ ਦੋਨਾਂ ਦਾ ਮੁਢਲਾ ਅਰਥ ਜਗ੍ਹਾ ਹੁੰਦਾ ਹੈ। ਇਹ ਭਾਰੋਪੀ ਮੂਲ 'ਸਟਾ' ਤੋਂ ਬਣਿਆ ਸ਼ਬਦ ਹੈ ਜਿਸ ਤੋਂ ਬਹੁਤ ਸਾਰੀਆਂ ਹਿੰਦ-ਯੂਰਪੀ ਭਾਸ਼ਾਵਾਂ ਵਿਚ ਬੇਸ਼ੁਮਾਰ ਸ਼ਬਦ ਬਣੇ ਹਨ। ਇਸ ਵਿਚ ਸਥਿਰਤਾ ਜਾਂ ਖੜੇ ਹੋਣ ਦਾ ਭਾਵ ਹੈ। ਸਥਿਰ, ਸਥਿਤੀ, ਸਥਾਨ ਸ਼ਬਦ ਇਸੇ ਤੋਂ ਬਣੇ ਹਨ। ਅੰਗਰੇਜ਼ੀ stand, station, stet, assist, stay ਤੇ ਹੋਰ ਅਨੇਕਾਂ ਸ਼ਬਦ ਬਣੇ ਹਨ ਜਿਨ੍ਹਾਂ ਦੀ ਚਰਚਾ ਫਿਰ ਕਦੇ ਕੀਤੀ ਜਾਵੇਗੀ। ਸਿੰਧ, ਜਿਸ ਤੋਂ ਹਿੰਦ ਸ਼ਬਦ ਬਣਿਆ ਦੇ ਅਰਥ ਹਨ-ਦਰਿਆ, ਪਾਣੀ, ਸਾਗਰ। ਸਪਤ-ਸਿੰਧੂ ਤੋਂ ਮੁਰਾਦ ਸੱਤ ਦਰਿਆਵਾਂ ਵਾਲਾ ਦੇਸ਼ ਹੈ। ਬਾਅਦ ਵਿਚ ਸਿੰਧ ਸ਼ਬਦ ਇਕ ਦਰਿਆ ਵਿਸ਼ੇਸ਼ ਦੇ ਨਾਂ ਵਜੋਂ ਵੀ ਰੂੜ੍ਹ ਹੋ ਗਿਆ। ਸਿੰਧ ਸ਼ਬਦ ਦਾ ਧਾਤੂ 'ਸਿਧ' ਹੈ ਜਿਸ ਦਾ ਅਰਥ ਜਾਣਾ ਹੁੰਦਾ ਹੈ, ਦਰਿਆ ਦੇ ਅਰਥਾਂ ਵਿਚ ਇਸ ਦਾ ਅਰਥ ਵਗਣਾ ਹੋਇਆ। ਕਹਾਵਤ ਹੈ, 'ਦਰਿਆ ਸਿੰਧ ਕੰਜਰੀ ਵਾਂਗੂੰ ਹੈ' ਅਰਥਾਤ ਚੰਚਲ ਹੈ। ਸੇਂਧਾ ਲੂਣ ਸਿੰਧ ਇਲਾਕੇ ਵਿਚੋਂ ਨਿਕਲਦਾ ਹੈ। ਕੁਝ ਅਰਬੀ ਫਾਰਸੀ ਦੇ ਸ਼ਬਦਾਂ ਵਿਚ ਹਿੰਦ ਸ਼ਬਦ ਸਮਾਇਆ ਹੋਇਆ ਹੈ। ਹਦਵਾਣਾ ਮੁਢਲੇ ਤੌਰ 'ਤੇ ਫਾਰਸੀ ਸ਼ਬਦ ਹੈ ਜਿਸ ਦਾ ਅਰਥ ਹੈ 'ਹਿੰਦ ਦਾ ਖਾਣਾ', ਹਦਵਾਣਾ=ਹਿੰਦ+ਵਾਣਾ (ਅੰਨ ਦਾ ਸੁਜਾਤੀ)। ਇਮਲੀ ਲਈ ਅੰਗਰੇਜ਼ੀ ਸ਼ਬਦ tamarind ਦੀ ਦਿਲਚਸਪ ਕਹਾਣੀ ਹੈ। ਜਦ ਅਰਬ ਵਪਾਰੀ ਹਿੰਦੁਸਤਾਨ ਤੋਂ ਇਮਲੀ ਲੈ ਕੇ ਗਏ ਤਾਂ ਉਨ੍ਹਾਂ ਦੇਖਿਆ ਕਿ ਇਸ ਦਾ ਆਕਾਰ ਸੁੱਕੀ ਖਜੂਰ ਵਰਗਾ ਹੈ। ਸੋ ਉਨ੍ਹਾਂ ਨੇ ਇਸ ਦਾ ਨਾਂ ਧਰ ਦਿੱਤਾ 'ਤਮਰ ਉਲ ਹਿੰਦ' ਅਰਥਾਤ ਭਾਰਤੀ ਖਜੂਰ। ਅਰਬੀ ਵਿਚ ਤਮਰ ਦਾ ਅਰਥ ਖਜੂਰ ਹੁੰਦਾ ਹੈ। ਇਹ ਤਮਰ ਉਲ ਹਿੰਦ ਜਦ ਯੂਰਪੀ ਦੇਸ਼ਾਂ ਵਿਚ ਪਹੁੰਚਾ ਤਾਂ ਇਸ ਦਾ ਹੁਲੀਆ ਬਣ ਗਿਆ ਟੈਮਾਰਿੰਡ tamarind.

ਯੂਨਾਨ ਤੋਂ ਦੁਨੀਆਂ ਜਿੱਤਣ ਆਇਆ ਸਿਕੰਦਰ ਸਿੰਧ ਦਰਿਆ ਪਾਰ ਕਰਕੇ ਹੀ ਮੁੜ ਗਿਆ ਸੀ। ਇਸ ਤੋਂ ਯੂਨਾਨੀ (ਗਰੀਕ) ਭਾਸ਼ਾ ਵਿਚ ਸਿੰਧ ਸ਼ਬਦ ਦਾ ਗਰੀਕ ਰੂਪ ਇੰਡੋ ਹੋ ਗਿਆ, ਅਰਥਾਤ 'ਸ' ਧੁਨੀ 'ਏ' ਵਿਚ ਬਦਲ ਗਈ। ਇਸੇ ਤੋਂ ਯੂਰਪੀ ਭਾਸ਼ਾਵਾਂ ਵਿਚ ਹਿੰਦ ਲਈ 'ਇੰਡੀਆ' ਜਿਹੇ ਨਾਮ ਪ੍ਰਚਲਤ ਹੋਏ। ਯੂਨਾਨ ਦੇ ਮੈਗਸਥਨੀਜ਼ ਨੇ ਈਸਵੀ ਸੰਮਤ ਤੋਂ ਤਿੰਨ ਸੌ ਸਾਲ ਪਹਿਲਾਂ ਭਾਰਤ ਬਾਰੇ Indica ਨਾਂ ਦੀ ਕਿਤਾਬ ਲਿਖੀ। ਇਸ ਤਰ੍ਹਾਂ ਇੰਡੀਆ ਸ਼ਬਦ ਵੀ ਸਾਡੇ ਉਤੇ ਸਾਮਰਾਜੀਆਂ ਨੇ ਥੋਪਿਆ ਜੋ ਅੱਜ ਕਲ੍ਹ ਸਭ ਤੋਂ ਵਧ ਵਰਤੀਂਦਾ ਹੈ। ਹਿੰਦੂਇਜ਼ਮ ਸ਼ਬਦ ਪਹਿਲੀ ਵਾਰ 1830 ਵਿਚ ਬਰਤਾਨਵੀ ਲੇਖਕਾਂ ਨੇ ਵਰਤਿਆ। ਨੀਲ ਦੇ ਅਰਥਾਂ ਵਾਲਾ indigo ਸ਼ਬਦ ਵੀ ind ਤੋਂ ਬਣਿਆ ਕਿਉਂਕਿ ਇਹ ਇਕ ਭਾਰਤੀ ਪੌਦੇ ਤੋਂ ਤਿਆਰ ਹੁੰਦਾ ਸੀ। ਕੀ ਵਿਅੰਗ ਹੈ ਕਿ ਮੁਸਲਮਾਨਾਂ ਈਸਾਈਆਂ 'ਤੇ ਧੌਂਸ ਜਮਾਉਣ ਲਈ ਵਰਤਿਆ ਜਾਂਦਾ ਹਿੰਦੂ ਸ਼ਬਦ ਇਨ੍ਹਾਂ ਧਰਮਾਂ ਦੇ ਅਨੁਆਈਆਂ ਜਾਂ ਉਨ੍ਹਾਂ ਦੇ ਪੂਰਵਜਾਂ ਦੀ ਦੇਣ ਹੈ!

# ਧੀਆਂ ਤਾਂ ਧੀਆਂ ਨੇ ਭਾਵੇਂ ਕਿਸੇ ਦੀਆਂ ਵੀ ਹੋਣ

**ਸ਼ਰੁਤੀ ਅਗਵਾ ਕਾਂਡ**

**ਡਾ. ਗੁਰਨਾਮ ਕੌਰ, ਕੈਨੇਡਾ**

ਸ਼ਰੁਤੀ ਅਗਵਾ ਕਾਂਡ ਦੀ ਗੱਲ ਕਰਦਿਆਂ ਬੀਬੀ ਸੁਰਜੀਤ ਕੌਰ ਨੇ ਅਮਰੀਕਾ ਵਿਚ ਧਾਰਮਿਕ ਸੰਸਥਾਵਾਂ ਤੇ ਸਮਾਜਿਕ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸ਼ਰੁਤੀ ਅਗਵਾ ਕਾਂਡ ਵਿਚ ਇਨਸਾਫ ਲਈ ਜਦੋਜਹਿਦ ਕਰ ਰਹੇ ਲੋਕਾਂ ਦੀ ਹਮਾਇਤ ਵਿਚ ਲਿਖਣ/ਨਿਤਰਨ। ਅਪੀਲ ਸਹੀ ਅਤੇ ਸੁਆਗਤਯੋਗ ਹੈ। ਸਮੱਸਿਆ ਇਹ ਹੈ ਕਿ ਸ਼ਰੁਤੀ ਅਗਵਾ ਕਾਂਡ ਦਾ ਧੱਬਾ ਪੰਥਕ ਸਰਕਾਰ ਦੇ ਮੱਥੇ 'ਤੇ ਲਗਦਾ ਹੈ ਜਿਸ ਨੇ ਆਪਣਾ ਫਰਜ ਸਹੀ ਰੂਪ ਵਿਚ ਨਹੀਂ ਨਿਭਾਇਆ। ਪਹਿਲੀ ਗੱਲ ਤਾਂ ਇਹ ਹੈ ਕਿ ਪੰਜਾਬ ਪੁਲਿਸ 'ਪੰਥਕ' ਸਰਕਾਰ ਦੇ ਅਧੀਨ ਕੰਮ ਕਰ ਰਹੀ ਹੈ। ਜੇ ਪੁਲਿਸ ਨੇ ਵੇਲੇ ਸਿਰ ਤਾਂ ਕੀ ਦੋਸ਼ੀ ਨੂੰ ਬਚਾਉਣ, ਸ਼ਰੁਤੀ ਦੇ ਵਿਆਹ ਦੀਆਂ ਫੋਟੋਆਂ ਜਨਤਕ ਤੌਰ 'ਤੇ ਨਸ਼ਰ ਕਰਨ ਤੇ ਇਹ ਬਿਆਨ ਦੇਣ ਵਰਗੀ ਕਾਰਵਾਈ ਕੀਤੀ ਹੈ ਕਿ ਸ਼ਰੁਤੀ ਆਪਣੇ ਮਾਂ-ਬਾਪ ਨੂੰ ਮਿਲਣਾ ਨਹੀਂ ਚਾਹੁੰਦੀ, ਤਾਂ ਇਸ ਤੋਂ ਸਪਸ਼ਟ ਹੈ ਕਿ ਪੁਲਿਸ ਸਰਕਾਰ ਵਿਚਲੇ ਕਿਸੇ 'ਵੱਡੇ' ਬੰਦੇ ਦੀ ਸ਼ਹਿ 'ਤੇ ਦੋਸ਼ੀ ਨੂੰ ਬਚਾ ਰਹੀ ਹੈ।

ਕੈਨੇਡਾ-ਅਮਰੀਕਾ ਵਿਚ ਵੀ ਧਾਰਮਿਕ ਸੰਸਥਾਵਾਂ 'ਤੇ ਕਾਬਜ ਬਹੁਤੇ ਲੋਕ 'ਪੰਥਕ' ਸਰਕਾਰ ਨੂੰ ਆਪਣਾ ਮਾਈ-ਬਾਪ ਮੰਨਦੇ ਹਨ। ਫਿਰ ਉਹ ਕਿਵੇਂ ਵਿਚਾਰੀ ਗਰੀਬ ਸ਼ਰੁਤੀ ਅਤੇ ਉਸ ਦੇ ਬੇਬਸ ਮਾਪਿਆਂ ਦੇ ਹੱਕ ਵਿਚ ਬਿਆਨ ਦੇਣਗੇ? ਗੱਲ ਲੋਕਾਂ ਦੀ ਪ੍ਰਤਿਨਿਧਤਾ ਕਰ ਰਹੀਆਂ ਦੋ ਬੀਬੀਆਂ ਦੀ ਹੈ। ਬੀਬੀ ਪਰਮਜੀਤ ਕੌਰ ਗੁਲਸ਼ਨ, ਜਿਹੜੀ ਆਪਣੇ ਆਪ ਨੂੰ ਗੁਲਸ਼ਨ ਪਰਿਵਾਰ ਵਿਚੋਂ ਹੋਣ ਕਰਕੇ ਅਕਾਲੀਪੁਣੇ ਨੂੰ ਵਿਰਸੇ ਵਿਚ ਮਿਲਿਆ ਸਮਝਦੀ ਹੈ, ਕਿਉਂ ਬੋਲੇਗੀ ਅਤੇ ਹੱਕ ਵਿਚ ਖੜ੍ਹੇਗੀ? ਹੋ ਸਕਦਾ ਹੈ ਕਿ ਹੱਕ ਵਿਚ ਖੜੇ ਹੋਣ 'ਤੇ ਉਸ ਨੂੰ ਅਕਾਲੀ ਪਾਰਟੀ ਵਿਚੋਂ ਬਾਹਰ ਹੋਣਾ ਪਵੇ? ਅਗਲੀਆਂ ਲੋਕ-ਸਭਾ ਚੋਣਾਂ ਵਿਚ ਉਸ ਨੂੰ ਟਿਕਟ ਤੋਂ ਹੀ ਇਨਕਾਰ ਕਰ ਦਿੱਤਾ ਜਾਵੇ? ਬੀਬੀ ਹਰਸਿਮਰਤ ਕੌਰ 'ਨੰਨੀ ਛਾਂ' ਨੂੰ ਬਚਾਉਣ ਲਈ ਹੱਥ-ਪੈਰ ਇਸ ਲਈ ਮਾਰਦੀ ਹੈ ਕਿ ਇਸ ਨਾਲ ਪ੍ਰਚਾਰ ਹੁੰਦਾ ਹੈ ਕਿ ਬੀਬੀ ਭਰੂਣ-ਹੱਤਿਆ ਦੇ ਖਿਲਾਫ ਝੰਡਾ ਚੁੱਕੀ ਖੜ੍ਹੀ ਹੈ। ਪਾਰਲੀਮੈਂਟ ਵਿਚ ਪੰਜਾਬ ਦੇ ਪਾਣੀਆਂ, ਚੰਡੀਗੜ੍ਹ 'ਤੇ ਹੱਕ ਅਤੇ ਹੋਰ ਹੱਕਾਂ 'ਤੇ ਬੋਲਣ ਨਾਲੋਂ ਭਰੂਣ ਹੱਤਿਆ 'ਤੇ ਬੋਲਣਾ ਸੌਖਾ ਹੈ ਅਤੇ ਅਖਬਾਰਾਂ ਵਿਚ ਫੋਟੋਆਂ ਵੀ ਲਗਦੀਆਂ ਹਨ। ਭਰੂਣ-ਹੱਤਿਆ ਦਾ ਵਿਸ਼ਾ ਅੱਜ-ਕਲ੍ਹ ਕਿਸੇ ਵੀ ਬੀਬੀ ਨੂੰ ਮਸ਼ਹੂਰ ਕਰਨ ਲਈ ਵਾਹਵਾ ਭਖਦਾ ਵਿਸ਼ਾ ਹੈ।

ਉਂਜ ਸਵਾਲ ਇਹ ਵੀ ਹੈ ਕਿ ਸ਼ਰੁਤੀ ਕਾਂਡ ਨੂੰ ਦੇਖ ਕੇ, ਪੰਜਾਬ ਵਿਚ ਸਰਕਾਰ ਦੀ ਸ਼ਹਿ 'ਤੇ ਚੱਲ ਰਹੀ ਗੁੰਡਾਗਰਦੀ ਦੇ ਮੱਦੇ ਨਜ਼ਰ ਕਿਹੜਾ ਮਾਂ-ਬਾਪ ਚਾਹੇਗਾ ਕਿ ਉਸ ਦੇ ਘਰ ਕੁੜੀ ਜੰਮੇ? ਇਸ ਤੋਂ ਪਾਠਕ ਇਹ ਨਾ ਸਮਝ ਲੈਣ ਕਿ ਮੈਂ ਭਰੂਣ ਹੱਤਿਆ ਦੇ ਹੱਕ ਵਿਚ ਹਾਂ। ਜੇ ਮੇਰੀ ਭਰੂਣ ਹੱਤਿਆ ਹੋਈ ਹੁੰਦੀ ਤਾਂ ਮੈਂ ਆਪਣੇ ਪਿੰਡ ਘੁੰਗਰਾਲੀ ਦੀ ਪਹਿਲੀ ਹਾਈ ਸਕੂਲ ਜਾਣ ਵਾਲੀ ਕੁੜੀ, ਪਹਿਲੀ ਕਾਲਜ ਜਾਣ ਵਾਲੀ ਕੁੜੀ, ਪਹਿਲੀ ਪੀ.ਐਚ.ਡੀ ਕੁੜੀ, ਯੂਨੀਵਰਸਿਟੀ ਵਿਚ ਪ੍ਰੋਫੈਸਰ/ਮੁਖੀ/ਡੀਨ, ਪਹਿਲੀ ਵਿਦੇਸ਼ਾਂ ਵਿਚ ਕਾਨਫਰੰਸਾਂ ਅਟੈਂਡ ਕਰਨ ਵਾਲੀ ਕੁੜੀ ਕਿਵੇਂ ਬਣਦੀ? ਅਤੇ ਅੱਜ ਆਪਣੇ ਪਿੰਡ ਦੀ 'ਪੰਜਾਬ ਟਾਈਮਜ਼' ਵਿਚ ਲਿਖਣ ਵਾਲੀ ਪਹਿਲੀ ਕੁੜੀ ਕਿਵੇਂ ਹੁੰਦੀ? ਮੈਂ ਕੁੜੀਆਂ ਨੂੰ ਬਚਾਉਣ ਦੇ ਹੱਕ ਵਿਚ ਹਾਂ ਅਤੇ ਇਸ ਹੱਕ ਵਿਚ ਵੀ ਹਾਂ ਕਿ ਪੰਜਾਬ ਵਿਚ 'ਪੰਥਕ' ਸਰਕਾਰ ਦੇ ਸਮੇਂ ਵਿਚ ਜੋ ਗੁੰਡਾਗਰਦੀ ਹੋ ਰਹੀ ਹੈ ਉਸ ਦੇ ਖਿਲਾਫ ਪੰਜਾਬ ਦੀਆਂ ਧੀਆਂ ਨੂੰ ਅੱਗੇ ਆਉਣ ਦੀ ਹਿੰਮਤ ਕਰਨੀ ਚਾਹੀਦੀ ਹੈ ਜਿਵੇਂ ਪਟਿਆਲੇ ਦੇ ਸ਼ਾਹੀ ਘਰਾਣੇ ਦੀ ਧੀ ਸਾਹਿਬ ਕੌਰ ਨੇ ਕਦੇ ਅੰਟਾ ਰਾਉ ਮਰਹੱਟੇ ਨੂੰ ਵੰਗਾਰਿਆ ਸੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਇੱਕ ਗਰਲਜ਼ ਹੋਸਟਲ ਦਾ ਨਾਮ ਪੰਜਾਬ ਦੀ ਇਸ ਬਹਾਦਰ ਧੀ ਦੇ ਨਾਮ 'ਤੇ ਹੈ 'ਬੀਬੀ ਸਾਹਿਬ ਕੌਰ ਗਰਲਜ਼ ਹੋਸਟਲ'। ਮੈਨੂੰ ਕਵੀ ਦਾ ਨਾਮ ਤਾਂ ਯਾਦ ਨਹੀਂ ਪਰ ਇਸ ਸਬੰਧ ਵਿਚ ਸਕੂਲ ਵੇਲੇ ਪੜ੍ਹੀ ਕਵਿਤਾ ਦੀਆਂ ਪੰਕਤੀਆਂ ਅੱਜ ਵੀ ਯਾਦ ਹਨ,

ਲਿਖਿਆ ਸਾਹਿਬ ਕੌਰ ਨੇ
ਅੰਟਾ ਰਾਉ ਤਾਣੀ।
ਮੈਂ ਸ਼ੀਂਹਣੀ ਪੰਜ ਦਰਿਆ ਦੀ
ਮੈਨੂੰ ਕੱਲੀ ਨਾ ਜਾਣੀ।
ਮੈਂ ਕਰ ਕਰ ਸੁੱਟਾਂ ਡੱਕਰੇ
ਸਭ ਤੇਰੀ ਢਾਣੀ।
ਮੈਂ ਨਾਗਣ ਡੰਗਾਂ ਜਿਸ ਨੂੰ
ਨਹੀਂ ਮੰਗਦਾ ਪਾਣੀ।

ਹੋ ਸਕਦਾ ਹੈ ਬੀਬੀਆਂ ਦੇ ਅੱਗੇ ਆਉਣ ਨਾਲ ਬੀਬੀ ਹਰਸਿਮਰਤ ਕੌਰ ਬਾਦਲ ਅਤੇ ਬੀਬੀ ਪਰਮਜੀਤ ਕੌਰ ਗੁਲਸ਼ਨ ਨੂੰ ਥੋੜੀ ਜਿਹੀ ਸ਼ਰਮ ਆਵੇ ਅਤੇ ਉਨ੍ਹਾਂ ਵਿਚ ਵੀ ਆਪਣੇ ਆਪ ਦੇ ਇਸਤਰੀ ਹੋਣ ਦਾ ਕੋਈ ਅਹਿਸਾਸ ਜਾਗੇ। ਇਸ ਦੀ ਮਿਸਾਲ ਬੀ.ਜੇ.ਪੀ. ਦੀ ਬੀਬੀ ਚਾਵਲਾ ਹੈ। ਨਾਲੇ ਸ਼ਰੁਤੀ ਕਿਹੜਾ 'ਨੰਨ੍ਹੀ ਛਾਂ' ਹੈ? ਪੰਜਾਬ ਪੁਲਿਸ ਨੇ ਉਸ ਨੂੰ 18 ਸਾਲ ਤੋਂ ਘੱਟ ਉਮਰ ਦੀ ਹੋਣ 'ਤੇ ਵੀ ਐਲਾਨ ਕਰ ਦਿੱਤਾ ਹੈ ਕਿ ਸ਼ਰੁਤੀ ਨੇ ਵਿਆਹ ਆਪਣੀ ਮਰਜ਼ੀ ਨਾਲ ਕਰਾਇਆ ਹੈ। ਹੈ ਨਾ ਕਮਾਲ? ਜੇ ਕੋਈ ਗ਼ਰੀਬ ਮਾਂ-ਬਾਪ ਜਾਂ ਕੋਈ ਮਜਬੂਰ ਮਾਂ-ਪਿਓ ਕਿਸੇ ਵਜ੍ਹਾ ਕਾਰਨ ਆਪਣੀ 18 ਸਾਲ ਤੋਂ ਛੋਟੀ ਉਮਰ ਦੀ ਧੀ ਦਾ ਵਿਆਹ ਕਰ ਦੇਵੇ ਤਾਂ ਪਤਾ ਲੱਗ ਜਾਣ 'ਤੇ ਪ੍ਰਸ਼ਾਸਨ ਝੱਟ ਹਰਕਤ ਵਿਚ ਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਠਾਣੇ ਲਿਜਾ ਕੇ ਜ਼ਲੀਲ ਵੀ ਕਰਦਾ ਹੈ ਅਤੇ ਜੇਲ੍ਹ ਦੀ ਹਵਾ ਵੀ ਖੁਆਉਂਦਾ ਹੈ ਕਿ 18 ਸਾਲ ਤੋਂ ਛੋਟੀ ਉਮਰ ਵਿਚ ਵਿਆਹ ਕਰਨਾ ਭਾਰਤੀ ਕਾਨੂੰਨ ਅਨੁਸਾਰ ਜੁਰਮ ਹੈ। ਨਿਸ਼ਾਨ ਸਿੰਘ ਤਾਂ ਬਾਲਗ ਹੈ, ਹੁਣ ਤੱਕ ਉਸ ਨੂੰ ਕਿਉਂ ਸਜਾ ਦੇਣ-ਦੁਆਉਣ ਦਾ ਪ੍ਰਬੰਧ ਨਹੀਂ ਕੀਤਾ ਗਿਆ?

ਪੰਜਾਬ ਪੁਲਿਸ ਦੀ ਬੇਸ਼ਰਮੀ ਦੀ ਹੱਦ ਹੈ ਕਿ ਉਹ ਨਾਬਾਲਗ ਲੜਕੀ ਨਾਲ ਕਿਸੇ ਧੱਕੜ ਅਤੇ ਹੰਕਾਰੇ ਹੋਏ ਬੰਦੇ ਵੱਲੋਂ ਗੁੰਡਾਗਰਦੀ ਨਾਲ ਜ਼ਬਰੀ ਵਿਆਹ ਕਰ ਲੈਣ 'ਤੇ ਕਹਿ ਰਹੀ ਹੈ ਕਿ ਸ਼ਰੁਤੀ ਨੇ ਵਿਆਹ ਆਪਣੀ ਮਰਜ਼ੀ ਨਾਲ ਕਰਾਇਆ ਹੈ ਅਤੇ ਉਹ ਮਾਪਿਆਂ ਨੂੰ ਮਿਲਣਾ ਨਹੀਂ ਚਾਹੁੰਦੀ। ਸ਼ਰੁਤੀ ਦੇ ਪਿਤਾ ਅਸ਼ਵਨੀ ਸਚਦੇਵਾ ਨੇ ਕਿਹਾ ਹੈ ਕਿ ਸਾਡੀ ਧੀ ਨਾਰੀ ਨਿਕੇਤਨ ਵਿਚ ਨਹੀਂ ਬਲਕਿ ਪੁਲਿਸ ਦੀ ਕੈਦ ਵਿਚ ਹੈ। ਨਾਰੀ ਨਿਕੇਤਨ ਤਾਂ ਉਸ ਨੂੰ ਸਿਰਫ ਕਮਰਾ ਅਤੇ ਖਾਣਾ ਦੇ ਰਿਹਾ ਹੈ। ਬਾਕੀ ਪੂਰਾ ਕੰਟਰੋਲ ਪੁਲਿਸ ਦਾ ਹੈ। ਇਹੀ ਨਹੀਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਹਰਚਰਨ ਬੈਂਸ ਵਲੋਂ ਚੰਡੀਗੜ੍ਹ ਵਿਚ ਪ੍ਰੈਸ ਕਾਨਫਰੰਸ ਵਿਚ ਇਹ ਕਹਿਣਾ ਕਿ ਨਾਰੀ ਨਿਕੇਤਨ ਵਿਚ ਸ਼ਰੁਤੀ ਨੇ ਉਨ੍ਹਾਂ ਨੂੰ ਮਿਲਣ ਤੋਂ ਇਨਕਾਰ ਕੀਤਾ, ਇਹ ਝੂਠ ਹੈ। ਉਨ੍ਹਾਂ ਕਿਹਾ ਕਿ ਸਿਰਫ ਇਕ ਮੈਂਬਰ ਨੂੰ ਹੀ ਸ਼ਰੁਤੀ ਨੂੰ ਮਿਲਣ ਦਿੱਤਾ ਗਿਆ ਅਤੇ ਜਲੰਧਰ ਪੁਲਿਸ ਦਾ ਅਧਿਕਾਰੀ ਰਵਿੰਦਰਪਾਲ ਸਿੰਘ ਹੀ ਉਸ ਦੀ ਪਤਨੀ ਨੂੰ ਸ਼ਰੁਤੀ ਨੂੰ ਮਿਲਾਉਣ ਲਈ ਲੈ ਕੇ ਗਿਆ ਸੀ। ਇਸ ਦੇ ਲਈ ਸਿਰਫ ਦੋ ਮਿੰਟ ਦਾ ਸਮਾਂ ਹੀ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਹਰਚਰਨ ਸਿੰਘ ਬਿਆਨਬਾਜ਼ੀ ਕਰਕੇ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਮੈਂ ਹਰਚਰਨ ਬੈਂਸ ਨੂੰ ਅਗਾਂਹਵਧੂ ਅਤੇ ਬਹੁਤ ਹੀ ਸਿਆਣਾ ਬੰਦਾ ਸਮਝਦੀ ਸੀ ਪਰ ਅਹੁਦੇ ਦਾ ਲਾਲਚ ਬੰਦੇ ਨੂੰ ਕਿਵੇਂ ਮਜਬੂਰ ਕਰ ਦਿੰਦਾ ਹੈ ਕਿ ਬੰਦਾ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਨਹੀਂ ਕਹਿ ਸਕਦਾ? ਕੀ ਇਸ ਤੋਂ ਇਹ ਵੀ ਪ੍ਰਤੀਤ ਨਹੀਂ ਹੁੰਦਾ ਕਿ ਨਿਸ਼ਾਨ ਸਿੰਘ ਦੇ ਚੀਫ ਮਨਿਸਟਰ ਦੇ ਆਲੇ-ਦੁਆਲੇ ਕਿਸੇ ਨਾ ਕਿਸੇ ਵੱਡੇ ਬੰਦੇ ਨਾਲ ਜ਼ਰੂਰ ਹੀ ਕੋਈ ਬਹੁਤ ਨੇੜਲੇ ਸਬੰਧ ਹੋਣਗੇ? ਨਹੀਂ ਤਾਂ ਹਰਚਰਨ ਬੈਂਸ ਵਰਗੇ ਸੁਲਝੇ ਹੋਏ ਬੰਦੇ ਦੀ ਅਜਿਹੇ ਬਿਆਨ ਦੇਣ ਦੀ ਕੀ ਮਜਬੂਰੀ ਸੀ? ਪੰਜਾਬ ਦੀਆਂ ਹਵਾਵਾਂ ਵਿਚ ਬੜੀ ਤਰ੍ਹਾਂ ਦੀਆਂ ਗੱਲਾਂ ਖਿਲਰ ਰਹੀਆਂ ਹਨ। ਅਫਵਾਹ ਤਾਂ ਇਹ ਵੀ ਹੈ ਕਿ ਪਿਛਲੀ ਪੰਜਾਬ ਸਰਕਾਰ ਵਿਚ ਭਾਜਪਾ ਪਾਰਟੀ ਦੀ ਮੰਤਰੀ ਰਹੀ ਬੀਬੀ ਨੇ ਜਦੋਂ ਨਿਸ਼ਾਨ ਸਿੰਘ ਦੀਆਂ ਕਿਸੇ ਬਹੁਤ ਵੱਡੇ ਮੰਤਰੀ ਤੋਂ ਵੀ ਉਪਰਲੇ ਅਹੁਦੇ 'ਤੇ ਸੁਸ਼ੋਭਤ ਬੰਦੇ ਦੇ ਸਕਿਉਰਟੀ ਗਾਰਡ ਵਜੋਂ ਵੀਡੀਓ ਕਲਿਪਿੰਗਜ਼ ਨਸ਼ਰ ਕੀਤੀਆਂ ਤਾਂ ਦੂਸਰੇ ਦਿਨ ਹੀ ਪੁਲਿਸ ਦਾ ਬਿਆਨ ਆ ਗਿਆ ਕਿ ਪੰਜਾਬ ਪੁਲਿਸ ਨੇ ਫੁਰਤੀ ਦਿਖਾਉਂਦੇ ਹੋਏ ਸ਼ਰੁਤੀ ਅਤੇ ਉਸ ਦੇ ਅਗਵਾਕਾਰ ਨੂੰ ਗੋਆ ਤੋਂ ਲੱਭ ਲਿਆ ਹੈ। ਕਈ ਵਾਰ ਮਨ ਵਿਚ ਸਵਾਲ ਉਠਦਾ ਹੈ ਕਿ ਪੰਜਾਬ ਪੁਲਿਸ ਅਮਰੀਕਾ ਜਾਂ ਕੈਨੇਡਾ ਦੀ ਪੁਲਿਸ ਵਰਗੀ ਕਿਉਂ ਨਹੀਂ ਹੈ? ਕਿਉਂ ਇਥੋਂ ਦੀ ਪੁਲਿਸ ਦੀ ਤਰ੍ਹਾਂ ਲੋਕਾਂ ਦੀ ਹਿਫਾਜ਼ਤ ਨਹੀਂ ਕਰਦੀ? ਕਿਉਂ ਇਹ ਹਮੇਸ਼ਾ ਗਲਤ ਅਤੇ ਗੁੰਡੇ ਬੰਦਿਆਂ ਨੂੰ ਬਚਾਉਣ 'ਤੇ ਲੱਗੀ ਰਹਿੰਦੀ ਹੈ? ਸਾਡਾ ਸਿਸਟਮ ਬਦਲਦਾ ਕਿਉਂ ਨਹੀਂ? ਅਮਰੀਕਾ ਅਤੇ ਕੈਨੇਡਾ ਵਿਚ ਕੋਈ ਹਥਿਆਰਬੰਦ ਇਨਕਲਾਬ ਨਹੀਂ ਆਇਆ, ਭਾਰਤ ਵਾਂਗ ਹੀ ਲੋਕ-ਰਾਜ ਹੈ ਫਿਰ ਕਿਉਂ ਇੱਥੋਂ ਦੇ ਮੰਤਰੀਆਂ ਦੀ ਤਰ੍ਹਾਂ ਭਾਰਤ ਦੇ ਮੰਤਰੀ ਅਤੇ ਪੁਲਿਸ ਗੁੰਡਿਆਂ ਦੀ ਹਿਫਾਜ਼ਤ ਕਰਨੀ ਨਹੀਂ ਛੱਡਦੇ? ਕਹਿਣ ਨੂੰ ਤਾਂ ਅਸੀਂ ਬਾਬੇ ਨਾਨਕ ਦੇ ਪੈਰੋਕਾਰ ਹਾਂ, ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਹਾਂ ਪਰ ਅਸੀਂ ਸਾਥ ਮਾਲਿਕ ਭਾਗੋਆਂ ਅਤੇ ਔਰੰਗਜੇਬਾਂ ਦਾ ਦੇ ਰਹੇ ਹਾਂ। ਜੋ ਕੁੱਝ ਅੱਜ ਪੰਜਾਬ ਵਿਚ ਹੋ ਰਿਹਾ ਹੈ, ਕੀ ਇਸ ਤੋਂ ਜਰਾ ਵੀ ਅਹਿਸਾਸ ਹੁੰਦਾ ਹੈ ਕਿ ਸਾਡੀ 'ਪੰਥਕ ਸਰਕਾਰ' ਦਾ ਲਾਣਾ ਗੁਰੂ ਨਾਨਕ ਨੂੰ ਆਪਣਾ ਗੁਰੂ ਮੰਨ ਕੇ ਉਸ ਦੀ ਕਿਸੇ ਸਿੱਖਿਆ 'ਤੇ ਅਮਲ ਕਰਦਾ ਹੋਵੇਗਾ?

# ਬਚਪਨ ਦੇ ਸੰਘਰਸ਼ ਵਾਲੇ ਦਿਨਾਂ ਨੂੰ ਯਾਦ ਕਰਦਿਆਂ

**ਕੀ ਮੈਂ ਝੂਠ ਬੋਲਿਐ...**



**ਸਵਰਨ ਸਿੰਘ ਟਹਿਣਾ**

*ਫੋਨ:91-98141-78883*

ਉਦੋਂ ਮੈਂ ਸੱਤਵੀਂ ਜਾਂ ਅੱਠਵੀਂ 'ਚ ਸਾਂ, ਜਦੋਂ ਅਹਿਸਾਸ ਹੋ ਗਿਆ ਸੀ ਕਿ ਮੇਰੇ ਹਿੱਸੇ ਖੇਡਣਾ-ਕੁੱਦਣਾ ਘੱਟ ਤੇ ਕੰਮ ਕਰਨਾ ਵੱਧ ਆਇਐ। ਬੜਾ ਦਿਲ ਕਰਦਾ ਸੀ ਕਿ ਬਾਕੀ ਨਿਆਣਿਆਂ ਵਾਂਗ ਨਵੀਆਂ-ਨਵੀਆਂ ਚੀਜ਼ਾਂ ਨਾਲ ਖੇਡਣ, ਮਨ ਪ੍ਰਚਾਉਣ ਤੇ ਨਵੇਂ-ਨਵੇਂ ਕੱਪੜੇ ਪਾਉਣ ਦਾ, ਪਰ ਇਹ ਚੀਜ਼ਾਂ ਦੂਰ ਦੀ ਕੌਡੀ ਸਮਾਨ ਸਨ। ਪਿਤਾ ਜੀ ਲਗਾਤਾਰ ਬਿਮਾਰ ਰਹਿੰਦੇ ਸਨ ਤੇ ਹਾਲਾਤ ਨੇ ਮੈਨੂੰ ਅੰਦਰੋਂ ਪੱਕਾ ਕਰ ਦਿੱਤਾ ਸੀ ਕਿ ਦੀਵਾਲੀ 'ਤੇ ਕਦੇ ਪਟਾਕੇ ਨਹੀਂ ਮੰਗਣੇ, ਕਦੇ ਖਰਚ ਕਰਾਉਣ ਵਾਲੀ ਗੱਲ ਨਹੀਂ ਕਰਨੀ ਤੇ ਪੜ੍ਹਨ ਦੇ ਨਾਲ-ਨਾਲ ਛੋਟਾ-ਮੋਟਾ ਕੰਮ ਜ਼ਰੂਰ ਕਰਨਾ ਏ।

ਪਰ ਮਾੜੀ ਕਿਸਮਤ, ਬੱਚਾ ਸਮਝ ਕੇ ਕੋਈ ਕੰਮ ਵੀ ਨਹੀਂ ਸੀ ਦਿੰਦਾ। ਆਖਰ ਸੋਚਿਆ ਕਿ ਹੋਰ ਕੁਝ ਨਾ ਸਹੀ, ਘਰ ਬੈਠਿਆਂ ਲਿਫ਼ਾਫ਼ੇ ਬਣਾ ਕੇ ਤਾਂ ਵੇਚ ਹੀ ਸਕਦਾ ਹਾਂ। ਫ਼ਰੀਦਕੋਟ ਲੱਗਦੀਆਂ ਰੇਹੜੀਆਂ ਤੋਂ ਪਤਾ ਕਰ ਆਇਆ ਕਿ ਕਿਹੜੇ ਸਾਈਜ਼ ਦੇ ਲਿਫ਼ਾਫ਼ੇ ਬਣਾਉਣੇ ਨੇ ਤੇ ਕਿੰਨੇ ਲਿਫ਼ਾਫ਼ਿਆਂ ਦਾ ਬੰਡਲ ਬਣਾਉਣੈ। ਗੁਆਂਢੀਆਂ ਦੇ ਘਰੋਂ ਅਖ਼ਬਾਰਾਂ ਦੀ ਰੱਦੀ ਮੰਗ ਲਿਆਂਦੀ ਤੇ ਆਟੇ ਦੀ ਲੇਵੀ ਬਣਾ ਕੇ ਲਿਫ਼ਾਫ਼ੇ ਬਣਾਉਣ ਲੱਗ ਗਿਆ। ਲਿਫ਼ਾਫ਼ੇ ਬਣਾ ਕੇ ਸੁਕਾ ਲਏ ਤੇ ਚਾਲੀ-ਚਾਲੀ ਦੇ ਤਿੰਨ ਬੰਡਲ ਬਣਾ ਲਏ। ਮੰਮੀ ਹੈਰਾਨ ਸੀ ਕਿ ਇਹ ਕਰੀ ਕੀ ਜਾ ਰਿਹੈ। ਸਾਈਕਲ ਚੁੱਕਿਆ ਤੇ ਫਾਟਕਾਂ ਕੋਲ ਲੱਗਦੀਆਂ ਰੇਹੜੀਆਂ ਵਾਲਿਆਂ ਨੂੰ ਜਾ ਦਿਖਾਏ। ਉਨ੍ਹਾਂ ਕਈ ਤਰ੍ਹਾਂ ਦੇ ਨੁਕਸ ਕੱਢੇ ਤੇ ਆਖਿਆ, 'ਇੱਕ ਰੁਪਏ ਅੱਸੀ ਪੈਸੇ ਦੇ ਸਕਦੇ ਹਾਂ ਇੱਕ ਬੰਡਲ ਦੇ।' ਮੈਨੂੰ ਇਹ ਸੌਦਾ ਵੀ ਮਾੜਾ ਨਾ ਲੱਗਾ ਕਿਉਂਕਿ ਕੁਝ ਤਾਂ ਘਰ ਆਵੇਗਾ। ਤਿੰਨ ਬੰਡਲਾਂ ਦੇ ਪੰਜ ਰੁਪਏ ਚਾਲੀ ਪੈਸੇ ਮਿਲੇ ਤਾਂ ਮੇਰੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਇਹ ਮੇਰੀ ਪਹਿਲੀ ਕਮਾਈ ਸੀ। ਘਰ ਆ ਕੇ ਦੱਸਿਆ ਤਾਂ ਮਾਂ ਦੇ ਚਿਹਰੇ ਤੋਂ ਕੁਝ ਨਾ ਪੜ੍ਹ ਸਕਿਆ। ਸ਼ਾਇਦ ਉਹ ਸੋਚ ਰਹੀ ਸੀ ਕਿ ਇਹਦੇ ਨਿੱਕੇ-ਨਿੱਕੇ ਹੱਥਾਂ ਨੂੰ ਕਿਹੜੇ-ਕਿਹੜੇ ਕੰਮ ਕਰਨੇ ਪੈ ਰਹੇ ਨੇ।

ਉਸ ਤੋਂ ਬਾਅਦ ਲਗਾਤਾਰ ਲਿਫ਼ਾਫ਼ੇ ਬਣਾਉਣੇ ਤੇ ਵੇਚਣੇ ਪੜ੍ਹਾਈ ਵਾਂਗ ਮੇਰੇ ਲਈ ਜ਼ਰੂਰੀ ਹੋ ਗਏ। ਮੈਂ ਹਰ ਤੀਜੇ ਦਿਨ ਲਿਫ਼ਾਫ਼ੇ ਸ਼ਹਿਰ ਲਿਜਾਂਦਾ ਤੇ ਦਸ ਰੁਪਏ ਦੇ ਵੇਚ ਦਿੰਦਾ। ਏਦਾਂ ਕਰਦਿਆਂ ਇੱਕ ਸੌ ਸੱਠ ਰੁਪਏ ਜਮ੍ਹਾਂ ਹੋ ਗਏ। ਕਿੰਨੇ ਪੈਸੇ ਲੱਗਦੇ ਸਨ ਉਦੋਂ ਇਹ। ਇਨ੍ਹਾਂ ਦੀ ਕਿਹੜੀ ਚੀਜ਼ ਲਵਾਂ, ਕਈ ਦਿਨ ਇਹੀ ਵਿਉਂਤਾਂ ਬਣਾਉਂਦਾ ਰਿਹਾ।

ਮਾਂ ਨੂੰ ਮੈਂ ਅਕਸਰ ਫੱਟੀ 'ਤੇ ਬੈਠ ਕੇ ਚੁੱਲ੍ਹੇ-ਚੌਂਕੇ ਦਾ ਕੰਮ ਕਰਦਿਆਂ ਦੇਖਦਾ ਸਾਂ, ਸੋ ਸ਼ਹਿਰ ਜਾ ਕੇ ਇੱਕ ਦਿਨ ਪੀੜ੍ਹੀ ਖਰੀਦ ਲਿਆਇਆ। ਮਾਂ ਦੀ ਖ਼ੁਸ਼ੀ ਦਾ ਟਿਕਾਣਾ ਨਾ ਰਿਹਾ ਕਿ ਮੇਰਾ ਪੁੱਤ ਹੁਣੇ ਤੋਂ ਘਰ ਦੀਆਂ ਜ਼ਿੰਮੇਵਾਰੀਆਂ ਦਾ ਖਿਆਲ ਰੱਖਣ ਲੱਗ ਗਿਐ। ਮਾਂ ਹਾਲੇ ਤੱਕ ਓਸ ਪੀੜ੍ਹੀ ਨੂੰ ਸੰਭਾਲ ਕੇ ਰੱਖਦੀ ਏ ਕਿ ਇਹ ਮੇਰੇ ਪੁੱਤ ਦੀ ਘਰ ਲਿਆਂਦੀ ਪਹਿਲੀ ਚੀਜ਼ ਹੈ। ਬਾਕੀ ਬਚੇ ਪੈਸਿਆਂ ਦਾ ਇੱਕ ਅਟੈਚੀ ਲਿਆ, ਜਿਸ ਵਿਚ ਥਾਂ-ਥਾਂ ਰੁਲਦੇ ਮੇਰੇ ਤੇ ਭੈਣ ਦੇ ਸਰਟੀਫਿਕੇਟ ਸੰਭਾਲ ਦਿੱਤੇ। ਉਸ ਅਟੈਚੀ ਨੂੰ ਦੇਖ ਮੈਂ ਅੱਜ ਵੀ ਭਾਵੁਕ ਹੋ ਜਾਂਦਾ ਹਾਂ ਕਿ ਕੇਹਾ ਜਜ਼ਬਾ ਉਠਿਆ ਸੀ ਬਾਲ ਉਮਰੇ, ਜ਼ਿੰਦਗੀ ਦੀਆਂ ਮਜਬੂਰੀਆਂ ਨੂੰ ਕਿੰਨੀ ਛੇਤੀ ਸਮਝਣਾ ਪੈ ਗਿਆ ਸੀ ਮੈਨੂੰ।

ਹੌਲੀ-ਹੌਲੀ ਮੇਰੀ ਰੁਚੀ ਹਾਣੀਆਂ ਨਾਲੋਂ ਘਟਦੀ ਗਈ। ਸਕੂਲੋਂ ਘਰ ਆ ਕੇ ਸਿੱਧਾ ਆਪਣੇ ਕੰਮ ਲੱਗ ਜਾਂਦਾ। ਤਿੰਨ ਵਜੇ ਸਕੂਲੋਂ ਆ ਕੇ ਅਸੀਂ ਦੋਹਾਂ ਭੈਣ-ਭਰਾਵਾਂ ਨੇ ਲੋਕਾਂ ਦੇ ਖੇਤਾਂ 'ਚੋਂ ਘਾਹ ਖੋਤਣ ਚਲੇ ਜਾਣਾ ਤੇ ਪੰਜ-ਛੇ ਵਜੇ ਤੱਕ ਪਸ਼ੂਆਂ ਲਈ ਘਾਹ ਦੀ ਪੰਡ ਲੈ ਆਉਣੀ। ਇੰਜ ਹੌਲੀ-ਹੌਲੀ ਕੰਮਾਂ ਦੀ ਜ਼ਿੰਮੇਵਾਰੀ ਵਧਦੀ ਗਈ ਤੇ ਬਚਪਨ ਦੇ ਚਾਅ ਛੁੱਟਦੇ ਗਏ।

ਉਦੋਂ ਮੈਂ ਦਸਵੀਂ ਕਲਾਸ 'ਚ ਸਾਂ, ਜਦੋਂ ਤੰਗੀ ਕਾਰਨ ਮੇਰੀ ਪੜ੍ਹਾਈ ਵਿਚਾਲੇ ਛੁਡਾਉਣ ਦੀਆਂ ਗੱਲਾਂ ਹੋਣ ਲੱਗੀਆਂ। ਭਾਵੇਂ ਮੇਰੀ ਪੜ੍ਹਾਈ ਛੁਡਾਉਣ ਦੇ ਹੱਕ 'ਚ ਕੋਈ ਨਹੀਂ ਸੀ, ਪਰ ਕਾਰਨ ਤਾਂ ਕਾਰਨ ਹੀ ਸਨ, ਜਿਨ੍ਹਾਂ ਨੂੰ ਬਦਲਣਾ ਔਖਾ ਸੀ। ਇੱਕ ਸੋਚ ਇਹ ਵੀ ਸੀ ਕਿ ਜੇ ਇਹ ਕਲਾਸ ਕਰ ਜਾਵਾਂ ਤਾਂ ਦਸਵੀਂ ਪਾਸ ਕਹਿਣ ਜੋਗਾ ਹੋ ਜਾਵਾਂਗਾ। ਪਰ ਕਿਤਾਬਾਂ ਤੇ ਗਾਈਡਾਂ ਦਾ ਖਰਚਾ ਕੌਣ ਕਰੇਗਾ? ਇਹ ਸਵਾਲ ਮੂੰਹ ਅੱਡੀ ਖੜ੍ਹਾ ਸੀ।

ਸਾਡੇ ਪਿੰਡ ਉਨ੍ਹੀਂ ਦਿਨੀਂ ਗਲੀਆਂ-ਨਾਲੀਆਂ ਪੱਕੀਆਂ ਕਰਨ ਲਈ ਸਰਕਾਰੀ ਗਰਾਂਟ ਆਈ ਸੀ। ਪੂਰਾ ਪਿੰਡ ਖ਼ੁਸ਼ ਸੀ ਕਿ ਸਰਕਾਰ ਪਿੰਡ ਬਾਰੇ ਸੋਚਣ ਲੱਗੀ ਹੈ। ਮਿਲਖਾ ਸਿੰਘ ਨਾਂ ਦਾ ਪਿੰਡ ਦਾ ਹੀ ਇੱਕ ਬੰਦਾ ਗਲੀਆਂ-ਨਾਲੀਆਂ ਦਾ ਠੇਕੇਦਾਰ ਸੀ, ਜੀਹਨੇ ਨਾਲ ਦੇ ਪਿੰਡਾਂ ਦੇ ਵੀ ਕਈ ਬੰਦੇ ਮਜ਼ਦੂਰੀ 'ਤੇ ਲਾਏ ਹੋਏ ਸਨ। ਉਨ੍ਹੀਂ ਦਿਨੀਂ ਮਜ਼ਦੂਰ ਦੀ ਦਿਹਾੜੀ ਚਾਲੀ ਰੁਪਏ ਪ੍ਰਤੀ ਦਿਨ ਸੀ। ਇੱਕ ਦਿਨ ਮੈਂ ਸਵੇਰੇ-ਸਵੇਰੇ ਠੇਕੇਦਾਰ ਦੇ ਘਰ ਪਹੁੰਚ ਗਿਆ ਤੇ ਹੱਥ ਜੋੜ ਬੇਨਤੀ ਕੀਤੀ ਕਿ ਉਹ ਮੈਨੂੰ ਕੰਮ 'ਤੇ ਰੱਖ ਲਵੇ। ਉਹਨੂੰ ਮੇਰੇ ਵੱਲ ਦੇਖ ਵੱਟ ਚੜ੍ਹ ਗਿਆ, 'ਜਾਹ-ਜਾਹ ਸਾਲਾ ਦਿਹਾੜੀ ਦਾ, ਇੱਕ ਇੱਟ ਨਹੀਂ ਚੁੱਕੀ ਜਾਣੀ ਤੈਥੋਂ...ਸਾਰਾ ਦਿਨ ਪਸ਼ੂਆਂ ਵਾਂਗ ਕੰਮ ਕਰਨਾ ਪੈਂਦੈ, ਚੰਗੇ ਭਲੇ ਬੰਦਿਆਂ ਦਾ ਆਥਣ ਤੱਕ ਦੀਵਾਲਾ ਨਿਕਲ ਜਾਂਦੈ, ਤੂੰ ਕਿਵੇਂ ਕਰ ਲਏਂਗਾ ਇਹ ਕੰਮ...ਭੱਜ ਜਾਹ।'

ਉਹਦੇ ਏਨਾ ਕਹਿਣ ਨਾਲ ਪੜ੍ਹਨ ਦੀ ਮੇਰੀ ਆਖਰੀ ਉਮੀਦ ਵੀ ਜਾਂਦੀ ਲੱਗੀ। ਅਗਲੇ ਦਿਨ ਮੈਂ ਫਿਰ ਉਹਦੇ ਘਰ ਚਲਾ ਗਿਆ। ਏਸ ਵਾਰ ਉਹਨੇ ਮੇਰੀ ਮਜਬੂਰੀ ਸਮਝ ਲਈ, ਪਰ ਨਾਲ ਹੀ ਕਹਿ ਦਿੱਤਾ, 'ਅੱਧੀ ਦਿਹਾੜੀ ਮਿਲੂ, ਤੂੰ ਹੈਗਾ ਵੀ ਤਾਂ ਬੱਚਾ ਜਿਹਾ ਈ ਏਂ।' ਅੱਧੀ ਦਿਹਾੜੀ ਮਤਲਬ ਵੀਹ ਰੁਪਏ, ਮੇਰੇ ਲਈ ਬਹੁਤ ਸਨ।

ਅਗਲੇ ਦਿਨ ਤੋਂ ਦਿਹਾੜੀ 'ਤੇ ਜਾਣਾ ਸ਼ੁਰੂ ਕਰ ਦਿੱਤਾ। ਮਜ਼ਦੂਰਾਂ 'ਚੋਂ ਸਭ ਨਾਲੋਂ ਛੋਟਾ ਮੈਂ ਹੀ ਸਾਂ। ਜਦੋਂ ਮੈਂ ਦੋ-ਤਿੰਨ ਇੱਟਾਂ ਇਕੱਠੀਆਂ ਚੁੱਕਣੀਆਂ ਤਾਂ ਬੁਰਾ ਹਾਲ ਹੋ ਜਾਣਾ। ਨਿੱਕੇ-ਨਿੱਕੇ ਹੱਥ ਪਹਿਲੇ ਦਿਨ ਹੀ ਛਿੱਲੇ ਗਏ। ਉਂਗਲਾਂ ਦੇ ਪੋਟਿਆਂ 'ਤੇ ਛਾਲੇ ਬਣ ਗਏ ਸਨ, ਜਿਨ੍ਹਾਂ 'ਚੋਂ ਪਾਣੀ ਜਿਹਾ ਰਿਸਣ ਲੱਗ ਗਿਆ। ਪਰ ਛਾਲਿਆਂ ਦੀ ਪੀੜ ਬਾਬਤ ਠੇਕੇਦਾਰ ਨੂੰ ਪਤਾ ਨਾ ਲੱਗ ਜਾਵੇ, ਮੇਰੀ ਕੋਸ਼ਿਸ਼ ਇਹੀ ਸੀ, ਨਹੀਂ ਤਾਂ ਉਹਨੇ ਅਗਲੇ ਦਿਨ ਮੈਨੂੰ ਕੰਮ 'ਤੇ ਨਾ ਆਉਣ ਲਈ ਆਖ ਦੇਣਾ ਸੀ। ਪਿੰਡ ਦੀ ਸੱਥ 'ਚ ਬੈਠੇ ਲੋਕ ਮੈਨੂੰ ਟਿੱਚਰਾਂ ਕਰਦੇ ਕਿ ਫ਼ਲਾਣਿਆਂ ਦੇ ਮੁੰਡੇ ਨੇ ਆਹ ਕੀ ਕੰਮ ਫੜ ਲਿਆ। ਮੈਂ ਪਰਦੇ ਜਹੇ ਨਾਲ ਰੋ ਲੈਂਦਾ।

ਨਾਲ ਦੇ ਪਿੰਡਾਂ ਵਾਲੇ ਮਜ਼ਦੂਰ ਮੇਰੇ ਨਾਲ ਹਮਦਰਦੀ ਰੱਖਦੇ ਸਨ ਕਿ ਨਿਆਣਾ ਹੈ, ਇਹਤੋਂ ਕੰਮ ਤਾਂ ਬਹੁਤਾ ਨਹੀਂ ਹੁੰਦਾ, ਇਹਨੂੰ ਹੌਸਲਾ ਦੇਈ ਰੱਖਣਾ ਏ। ਉਹ ਚੁਟਕਲੇ ਸੁਣਾ ਕੇ ਮੇਰਾ ਜੀਅ ਲਾਈ ਰੱਖਦੇ ਤੇ ਮੈਂ ਡਿੰਗਦਾ-ਢਹਿੰਦਾ ਕੰਮ 'ਤੇ ਲੱਗਾ ਰਹਿੰਦਾ।

ਠੇਕੇਦਾਰ ਥੋੜ੍ਹਾ ਕੱਬਾ ਸੀ, ਉਹ ਸਾਰੇ ਮਜ਼ਦੂਰਾਂ ਨੂੰ ਖ਼ੂਬ ਗਾਲ੍ਹਾਂ ਕੱਢਦਾ। 'ਸਾਲੇ ਆਥਣੇ ਛੇ ਵਜਦੇ ਨੂੰ ਪੈਸੇ ਮੰਗਣ ਲੱਗ ਜਾਣਗੇ, ਹੁਣ ਇਨ੍ਹਾਂ ਤੋਂ ਕੰਮ ਨਹੀਂ ਹੁੰਦਾ।' ਇੱਕ ਦਿਨ ਉਹਨੇ ਮੈਨੂੰ ਵੀ ਬਹੁਤ ਗਾਲ੍ਹਾਂ ਕੱਢੀਆਂ। ਕਾਰਨ ਸੀ ਕਿ ਇੱਟ ਮੇਰੇ ਹੱਥੋਂ ਛੁੱਟ ਪੈਰ 'ਤੇ ਡਿੱਗ ਪਈ ਸੀ। ਠੇਕੇਦਾਰ ਨੂੰ ਮੇਰੇ ਪੈਰ ਨਾਲੋਂ ਵੱਧ ਫ਼ਿਕਰ ਇੱਟ ਦਾ ਸੀ। ਮੈਂ ਰੋਂਦਾ ਰਿਹਾ ਤੇ ਜਦੋਂ ਪੀੜ ਥੋੜ੍ਹੀ ਘਟ ਗਈ ਤਾਂ ਫਿਰ ਰੇਤੇ 'ਚ ਸੀਮੈਂਟ ਰਲਾਉਣ ਲੱਗ ਗਿਆ।

ਚਾਰ ਦਿਨ ਲਗਾਤਾਰ ਮਜ਼ਦੂਰੀ ਕਰਦਾ ਰਿਹਾ ਤਾਂ ਘਰਦਿਆਂ ਮੈਨੂੰ ਪੜ੍ਹਨ ਲਈ ਕਹਿ ਕੇ ਕੰਮ ਤੋਂ ਹਟਾ ਲਿਆ। ਕੁੱਲ ਅੱਸੀ ਰੁਪਏ ਮਜ਼ਦੂਰੀ ਬਣੀ ਸੀ ਮੇਰੀ, ਪਰ ਠੇਕੇਦਾਰ ਜਾਣਦਾ ਸੀ ਕਿ ਇਹ ਨਿਆਣਾ ਏ, ਮੈਥੋਂ ਕਿਹੜਾ ਮੰਗ ਸਕਦੈ। ਉਹਨੇ ਸੱਠ ਹੀ ਦਿੱਤੇ, ਕਹਿੰਦਾ ਤੈਥੋਂ ਕੰਮ ਸਹੀ ਨਹੀਂ ਹੋਇਆ, ਵੀਹ ਨਹੀਂ ਮਿਲਣੇ।

ਮੇਰੇ ਬਹੁਤਾ ਕਹਿਣ 'ਤੇ ਉਹਨੇ ਅਗਲੇ ਹਫ਼ਤੇ ਵੀਹ ਰੁਪਏ ਦੇਣ ਦੀ ਗੱਲ ਕਹਿ ਛੱਡੀ। ਫੇਰ ਉਹਦਾ ਅਗਲਾ ਹਫ਼ਤਾ ਕਦੇ ਨਾ ਆਇਆ। ਜਿੰਨੀ ਵਾਰ ਮੰਗੇ, ਉਹ ਟਾਲਦਾ ਰਿਹਾ ਤੇ ਅਖੀਰ ਮੈਂ ਸਮਝ ਗਿਆ ਕਿ ਜਦੋਂ ਇਹਦਾ ਮਨ ਹੀ ਦੇਣ ਦਾ ਨਹੀਂ ਤਾਂ ਲੈ ਕਿਵੇਂ ਸਕਦਾ ਹਾਂ।

ਸੱਠਾਂ ਰੁਪਿਆਂ ਨਾਲ ਅੱਧੀਆਂ ਕੁ ਕਿਤਾਬਾਂ ਤੇ ਗਾਈਡਾਂ ਆ ਗਈਆਂ ਤੇ ਬਾਕੀ ਦੀਆਂ ਕਿਤਾਬਾਂ ਸਾਨੂੰ ਪੜ੍ਹਾਉਣ ਵਾਲੀਆਂ ਮਾਸਟਰਨੀਆਂ ਨੇ ਦੇ ਦਿੱਤੀਆਂ। ਮੇਰੀ ਫ਼ੀਸ ਵੀ ਤਾਂ ਉਹੀ ਭਰਦੀਆਂ ਸਨ ਤੇ ਕੋਟੀ-ਸਵੈਟਰ ਵੀ ਉਹੀ ਲੈ ਦਿੰਦੀਆਂ। ਮੈਂ ਦਸਵੀਂ ਕਰ ਲਈ।


ਅਗਲੀ ਪੜ੍ਹਾਈ ਵੀ ਜਾਰੀ ਰੱਖੀ, ਪਰ ਪੜ੍ਹਨ ਦੇ ਨਾਲ-ਨਾਲ ਕੰਮ ਦਾ ਸਾਥ ਹੋਰ ਗੂੜ੍ਹਾ ਹੁੰਦਾ ਗਿਆ। ਗਿਆਰਵੀਂ 'ਚੋਂ ਪੱਤਰਕਾਰੀ ਨਾਲ ਜੁੜ ਗਿਆ। ਫ਼ਰੀਦਕੋਟ ਤੋਂ ਉਨ੍ਹੀਂ ਦਿਨੀਂ ਹਫ਼ਤਾਵਾਰੀ ਅਖ਼ਬਾਰ 'ਪਾਰਦਰਸ਼ੀ' ਪ੍ਰਕਾਸ਼ਤ ਹੁੰਦਾ ਸੀ, ਉਨ੍ਹਾਂ ਮੈਨੂੰ ਅੱਧੇ ਦਿਨ ਦੇ ਕੰਮ 'ਤੇ ਰੱਖ ਲਿਆ। ਸਕੂਲੋਂ ਮੈਂ ਸਿੱਧਾ ਅਖ਼ਬਾਰ ਦੇ ਦਫ਼ਤਰ ਪਹੁੰਚ ਜਾਂਦਾ ਤੇ ਉਥੋਂ ਉਹ ਮੈਨੂੰ ਜਿੱਥੇ ਚਾਹੁੰਦੇ, ਉਹ ਲੈ ਜਾਂਦੇ। ਅਸੀਂ ਪਿੰਡਾਂ 'ਚੋਂ ਇਸ਼ਤਿਹਾਰ ਮੰਗਣ ਜਾਂਦੇ, ਲਿਖਾਰੀਆਂ ਤੋਂ ਲੇਖ ਲਿਖਵਾਉਂਦੇ, ਅਖ਼ਬਾਰ ਛਪਵਾਉਂਦੇ ਤੇ ਘਰੋ-ਘਰੀ ਜਾ ਕੇ ਵੰਡਦੇ।

ਜਿਵੇਂ-ਜਿਵੇਂ ਕਲਾਸਾਂ ਅੱਗੇ ਵਧਦੀਆਂ ਗਈਆਂ, ਤਿਵੇਂ-ਤਿਵੇਂ ਲਿਖਣ ਦੀ ਮੱਸ ਵਧਦੀ ਗਈ ਤੇ 'ਪਾਰਦਰਸ਼ੀ' ਤੋਂ ਹੁੰਦਾ-ਹੁੰਦਾ 'ਝਰੋਖਾ' ਤੇ ਫੇਰ ਹਫ਼ਤਾਵਾਰੀ 'ਸੁਜਾਤਾ' ਨਾਲ ਜੁੜ ਗਿਆ, ਜਿੱਥੇ ਮੈਂ ਓਨਾ ਚਿਰ ਕੰਮ ਕੀਤਾ, ਜਿੰਨਾ ਚਿਰ ਫ਼ਰੀਦਕੋਟ ਛੱਡ ਜਲੰਧਰ ਨਾ ਆ ਗਿਆ।

ਅੱਜ ਉਨ੍ਹਾਂ ਦਿਨਾਂ ਨੂੰ ਚੇਤੇ ਕਰਦਿਆਂ ਕਦੇ-ਕਦੇ ਮੈਨੂੰ ਅਧੂਰਾ ਛੁੱਟਿਆ ਬਚਪਨ ਯਾਦ ਆਉਣ ਲੱਗਦੈ ਤੇ ਕਦੇ ਪੜ੍ਹਾਈ ਵੱਲੋਂ ਵੰਡੇ ਗਏ ਧਿਆਨ ਦਾ। ਕਿਸੇ ਨੂੰ ਭਾਵੇਂ ਆਪਣਾ ਇਹੋ ਜਿਹਾ ਬਚਪਨ ਦੱਸਣ ਤੋਂ ਸ਼ਰਮ ਮਹਿਸੂਸ ਹੁੰਦੀ ਹੋਵੇ, ਪਰ ਮੈਨੂੰ ਅੱਜ ਖ਼ੁਸ਼ੀ ਹੁੰਦੀ ਹੈ ਕਿ ਕੰਮ ਕਰਨ ਦੀ ਆਦਤ ਮੈਨੂੰ ਉਸ ਉਮਰੇ ਪੈ ਗਈ, ਜਦੋਂ ਨਿਆਣਿਆਂ ਨੂੰ ਸਿਰਫ਼ ਖਿਡੌਣਿਆਂ ਦਾ ਫ਼ਿਕਰ ਹੁੰਦੈ। ਪਰ ਨਾਲ ਹੀ ਇਹ ਵੀ ਮਹਿਸੂਸ ਕਰਦਾ ਹਾਂ ਕਿ ਪੜ੍ਹਾਈ ਦੀ ਉਮਰੇ ਬੱਚੇ ਨੂੰ ਕੰਮ ਨਾਲ ਬਹੁਤਾ ਨਹੀਂ ਜੁੜਨ ਦੇਣਾ ਚਾਹੀਦਾ, ਖਾਸ ਕਰਕੇ ਦੁਕਾਨਾਂ ਜਾਂ ਹੋਰ ਥਾਈਂ, ਜਿੱਥੋਂ ਚਾਰ ਛਿੱਲੜ ਆਉਣੇ ਹੋਣ। ਕਿਉਂਕਿ ਜੀਹਦੇ ਕੋਲ ਵੀ ਕੰਮ ਕਰੀਦਾ, ਉਸ ਦਾ ਤੁਹਾਡੇ ਪੜ੍ਹਨ-ਲਿਖਣ ਜਾਂ ਹੋਰ ਮਜਬੂਰੀਆਂ ਨਾਲ ਕੋਈ ਸਬੰਧ ਨਹੀਂ ਹੁੰਦਾ।

ਅੱਜ ਇਹ ਵੀ ਸੋਚਦਾ ਹਾਂ ਕਿ ਗ਼ਰੀਬੀ ਸਭ ਤੋਂ ਵੱਡਾ ਸਰਾਪ ਹੈ ਤੇ ਕਰੋੜਾਂ ਮਾਪੇ ਅਜਿਹੇ ਹੋਣਗੇ, ਜਿਹੜੇ ਆਪਣੇ ਬੱਚਿਆਂ ਨੂੰ ਪੜ੍ਹਾ-ਲਿਖਾ ਕੇ ਬਹੁਤ ਅੱਗੇ ਲਿਜਾਣਾ ਚਾਹੁੰਦੇ ਨੇ, ਪਰ ਸੀਮਤ ਸਾਧਨ ਉਨ੍ਹਾਂ ਦੀ ਪੇਸ਼ ਨਹੀਂ ਜਾਣ ਦਿੰਦੇ। ਬਚਪਨ ਦੇ ਨੇੜਿਆਂ ਦੇ ਬਾਵਜੂਦ ਮੈਨੂੰ ਉਹ ਰੇਹੜੀਆਂ ਵਾਲੇ ਅੱਜ ਵੀ ਆਪਣੇ ਲੱਗਦੇ ਨੇ, ਜਿਨ੍ਹਾਂ ਕਦੇ ਮੇਰੇ ਲਿਫ਼ਾਫ਼ੇ ਖਰੀਦੇ ਸਨ। ਉਹ ਮੁਲਖ ਸਿਓਂ ਵੀ ਰਹਿ-ਰਹਿ ਕੇ ਯਾਦ ਆਉਂਦੈ, ਜਿਸ ਨੇ ਮੈਨੂੰ ਪਹਿਲਾ ਰੁਜ਼ਗਾਰ ਦਿੱਤਾ। 'ਚੰਗੇ-ਮੰਦੇ ਦਿਨ ਹਰੇਕ 'ਤੇ ਆਉਂਦੇ ਨੇ, ਇਨ੍ਹਾਂ ਤੋਂ ਘਬਰਾ ਕੇ ਕਦੇ ਡੋਲਣਾ ਨਹੀਂ ਚਾਹੀਦਾ', ਕਦੇ ਇਹ ਗੱਲਾਂ ਸਿਆਣੇ ਮੈਨੂੰ ਸਮਝਾਉਂਦੇ ਸਨ ਤੇ ਅੱਜ ਜਦੋਂ ਇਨ੍ਹਾਂ ਗੱਲਾਂ ਦੀ ਅਹਿਮੀਅਤ ਦਾ ਪਤਾ ਲੱਗ ਚੁੱਕੈ ਤਾਂ ਮੈਂ ਆਪਣੇ ਦੋਸਤਾਂ-ਮਿੱਤਰਾਂ ਨੂੰ ਅਕਸਰ ਸਮਝਾਉਂਦਾ ਰਹਿੰਦਾ ਹਾਂ।

# ਐਸ਼ਵਰਿਆ ਅਗਲੀ ਪਾਰੀ ਖੇਡਣ ਲਈ ਤਿਆਰ



ਬਚਨ ਪਰਿਵਾਰ ਦੀ ਨੂੰਹ ਐਸ਼ਵਰਿਆ ਰਾਏ ਬਚਨ ਇਕ ਵਾਰ ਫਿਰ ਦਰਸ਼ਕਾਂ ਨੂੰ ਆਪਣੇ ਰੂਪ ਤੇ ਅਦਾਕਾਰੀ ਨਾਲ ਰੂ-ਬਰੂ ਕਰਵਾਉਣ ਜਾ ਰਹੀ ਹੈ। ਇਸ ਦੇ ਲਈ ਉਸ ਨੇ ਇਕ ਵਾਰ ਫਿਰ ਆਪਣੇ ਨਿਰਦੇਸ਼ਕ ਮਣੀਰਤਨਮ ਨਾਲ ਜੋੜੀ ਬਣਾਈ ਹੈ। ਜਿਸ ਫ਼ਿਲਮ ਨਾਲ ਐਸ਼ਵਰਿਆ ਵੱਡੇ ਪਰਦੇ 'ਤੇ ਵਾਪਸੀ ਕਰੇਗੀ, ਉਹ ਡੇਫਨੇ ਡੂ ਮਾਰਿਅਰ ਦੇ ਪ੍ਰਸਿੱਧ ਨਾਵਲ 'ਰੈਬੇਕਾ' 'ਤੇ ਆਧਾਰਤ ਹੈ।

ਫਿਲਹਾਲ ਮਣੀ ਆਪਣੀ ਸਕ੍ਰਿਪਟ ਨੂੰ ਅੰਤਿਮ ਰੂਪ ਦੇਣ ਵਿਚ ਜੁਟੇ ਹਨ। ਇਹ ਨਾਵਲ ਇਕ ਨਵੀਂ ਦੁਲਹਨ ਦੀ ਕਹਾਣੀ ਹੈ ਜਿਸ ਦੀ ਤੁਲਨਾ ਉਸ ਦੀ ਪਹਿਲੀ ਮਰ ਚੁੱਕੀ ਪਤਨੀ ਨਾਲ ਕੀਤੀ ਜਾਂਦੀ ਹੈ। ਉਸ ਨੂੰ ਲੱਗਦਾ ਹੈ ਕਿ ਉਹ ਕਦੇ ਵੀ ਉਸ ਮ੍ਰਿਤਕ ਔਰਤ ਦੇ ਸਾਏ ਵਿਚ ਨਹੀਂ ਨਿਕਲ ਸਕੇਗੀ। ਪਿੱਛੋਂ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਉਸ ਦੇ ਪਤੀ ਨੂੰ ਆਪਣੀ ਪਹਿਲੀ ਪਤਨੀ ਨਾਲ ਪਿਆਰ ਹੀ ਨਹੀਂ ਸੀ। ਫ਼ਿਲਮ ਦੀ ਸ਼ੂਟਿੰਗ ਅਗਲੇ ਸਾਲ ਸ਼ੁਰੂ ਹੋਵੇਗੀ। ਜ਼ਿਕਰਯੋਗ ਹੈ ਕਿ ਹੁਣ ਤੱਕ ਐਸ਼ਵਰਿਆ ਮਣੀਰਤਨਮ ਦੀਆਂ ਕਈ ਫ਼ਿਲਮਾਂ ਕਰ ਚੁੱਕੀ ਹੈ। ਹੋਰ ਤਾਂ ਹੋਰ ਜਦੋਂ ਕਦੇ ਵੀ ਮਣੀਰਤਨਮ ਨੇ ਐਸ਼ਵਰਿਆ ਨੂੰ ਫ਼ਿਲਮ ਦੀ ਪੇਸ਼ਕਸ਼ ਕੀਤੀ ਤਾਂ ਉਹ ਉਸ ਨੂੰ ਠੁਕਰਾ ਨਾ ਸਕੀ। ਐਸ਼ਵਰਿਆ ਨੇ ਸਭ ਤੋਂ ਪਹਿਲਾਂ 1997 ਵਿਚ ਮਣੀ ਦੀ ਫ਼ਿਲਮ 'ਇਰੂਵਰ' ਵਿਚ ਕੰਮ ਕੀਤਾ ਸੀ। ਉਸ ਤੋਂ 10 ਸਾਲ ਬਾਅਦ ਐਸ਼ ਨੇ ਮਣੀ ਦੀ ਫ਼ਿਲਮ 'ਗੁਰੂ' ਵਿਚ ਕੰਮ ਕੀਤਾ ਸੀ। ਫਿਰ 2010 ਵਿਚ ਐਸ਼ਵਰਿਆ ਨੇ ਆਪਣੇ ਪਤੀ ਅਭਿਸ਼ੇਕ ਨਾਲ ਮਣੀ ਦੀ ਫ਼ਿਲਮ 'ਰਾਵਣ' ਵਿਚ ਵੀ ਕੰਮ ਕੀਤਾ ਸੀ। ਉਸ ਨੂੰ ਆਸ ਹੀ ਨਹੀਂ, ਯਕੀਨ ਹੈ ਕਿ ਉਸ ਦੀ ਇਹ ਪਾਰੀ ਵੀ ਸਫਲ ਰਹੇਗੀ।

# ਅਮੀਸ਼ਾ ਦੇ ਦਿਨ ਪਰਤੇ



ਅਮੀਸ਼ਾ ਪਟੇਲ ਦੀ ਬਾਰਾਂ ਸਾਲ ਪਹਿਲਾਂ ਰਿਤਿਕ ਰੌਸ਼ਨ ਨਾਲ 'ਕਹੋ ਨਾ ਪਿਆਰ ਹੈ' ਫ਼ਿਲਮ ਆਈ ਸੀ ਪਰ ਉਸ ਨੂੰ ਰਿਤਿਕ ਰੌਸ਼ਨ ਜਿੰਨਾ ਫਾਇਦਾ ਨਹੀਂ ਸੀ ਹੋਇਆ। ਰਿਤਿਕ ਨਿਰਮਾਤਾ ਨਿਰਦੇਸ਼ਕ ਰਾਕੇਸ਼ ਰੌਸ਼ਨ ਦਾ ਬੇਟਾ ਹੋਣ ਕਰਕੇ ਫਾਇਦਾ ਲੈ ਗਿਆ ਜਦੋਂਕਿ ਅਮੀਸ਼ਾ ਗ਼ੈਰ-ਫ਼ਿਲਮੀ ਪਰਿਵਾਰ ਵਿਚੋਂ ਹੋਣ ਕਰਕੇ ਕਾਫ਼ੀ ਪਿੱਛੇ ਰਹਿ ਗਈ। ਰਿਤਿਕ ਦੀ ਫ਼ਿਲਮ ਦੇ ਬਾਅਦ ਹੀ ਅਨਿਲ ਸ਼ਰਮਾ ਦੀ ਫ਼ਿਲਮ 'ਗ਼ਦਰ-ਏਕ ਪ੍ਰੇਮ ਕਥਾ' ਸੁਪਰ ਡੁਪਰ ਹਿੱਟ ਰਹੀ ਜਿਸ ਕਰਕੇ ਅਮੀਸ਼ਾ ਨੇ ਢੇਰ ਸਾਰੀਆਂ ਫ਼ਿਲਮਾਂ ਕੀਤੀਆਂ ਜਿਵੇਂ 'ਬਦਰੀ', 'ਯੇਹ ਜ਼ਿੰਦਗੀ ਕਾ ਸਫ਼ਰ', 'ਕ੍ਰਾਂਤੀ', 'ਕਯਾ ਯਹੀ ਪਿਆਰ ਹੈ', 'ਆਪ ਮੁਝੇ ਅੱਛੇ ਲਗਨੇ ਲਗੇ', 'ਹਮਰਾਜ਼', 'ਪਰਵਾਨਾ', 'ਸੁਨੋ ਸਸੁਰਜੀ', 'ਵਾਅਦਾ', ਐਲਾਨ', 'ਜ਼ਮੀਰ', 'ਮੰਗਲ ਪਾਂਡੇ', 'ਮੇਰੇ ਜੀਵਨ ਸਾਥੀ', 'ਤੀਸਰੀ ਆਂਖ', 'ਅਨਕਹੀ', 'ਆਪ ਕੀ ਖਾਤਰ', 'ਹਨੀਮੂਨ', 'ਟ੍ਰੈਵਲਜ਼ ਪ੍ਰਾ. ਲਿ.', 'ਹੇ ਬੇਬੀ', 'ਭੂਲ ਭੁਲੱਈਆ', 'ਓਮ ਸ਼ਾਂਤੀ ਓਮ', 'ਪਰਮਵੀਰ ਚੱਕਰ', 'ਚਤੁਰ ਸਿੰਘ ਟੂ ਸਟਾਰ' ਕੀਤੀਆਂ।

ਇਸ ਸਮੇਂ ਅਮੀਸ਼ਾ ਪਟੇਲ ਕੋਲ 12 ਫ਼ਿਲਮਾਂ ਹਨ ਜਿਨ੍ਹਾਂ ਵਿਚ 'ਰਨ ਭੋਲਾ ਰਨ', 'ਸ਼ਾਰਟ ਕੱਟ ਰੋਮੀਓ', 'ਰੇਸ-2', 'ਭਈਆ ਜੀ ਸੁਪਰਹਿੱਟ', 'ਸਿੰਘ ਸਾਹਿਬ ਦਾ ਗ੍ਰੇਟ','ਦੇਸੀ ਮੈਜਿਕ', 'ਪੈਰਾਡਾਇਸ ਸਟਰੀਟ' ਦੇ ਇਲਾਵਾ ਕਈ ਦੱਖਣ ਦੀਆਂ ਫ਼ਿਲਮਾਂ ਹਨ। ਅਮੀਸ਼ਾ ਹੁਣ ਸੱਚੀ ਸੀਰੀਅਸ ਹੋ ਕੇ ਆਪਣੇ ਕੈਰੀਅਰ 'ਤੇ ਧਿਆਨ ਦੇ ਰਹੀ ਹੈ। 37 ਸਾਲਾ ਅਮੀਸ਼ਾ ਪਟੇਲ ਚਾਹੁੰਦੀ ਹੈ ਕਿ ਉਹ ਹਰ ਸਮੇਂ ਫ਼ਿਲਮਾਂ ਵਿਚ ਬਿਜ਼ੀ ਰਹੇ। ਫ਼ਿਲਮਾਂ ਦੇ ਨਾਲ-ਨਾਲ ਉਹ ਸਮਾਜਿਕ ਸੰਸਥਾਵਾਂ ਨਾਲ ਵੀ ਜੁੜੀ ਹੋਈ ਹੈ ਜੋ ਸਮਾਜ ਭਲਾਈ ਦੇ ਕੰਮ ਕਰਦੀਆਂ ਹਨ ਪਰ ਉਹ ਇਸ ਪ੍ਰਚਾਰ ਤੋਂ ਕਾਫ਼ੀ ਦੂਰ ਹੀ ਰਹਿੰਦੀ ਹੈ।

# ਤੱਬੂ ਵੱਲੋਂ ਹਾਲੀਵੁੱਡ ਵਿਚ ਦਸਤਕ



ਪਿਛਲੇ ਕੁਝ ਸਮੇਂ ਤੋਂ ਸੁਨਹਿਰੀ ਪਰਦੇ ਤੋਂ ਲਾਪਤਾ ਤੱਬੂ ਹੁਣ ਛੇਤੀ ਹੀ ਹਾਲੀਵੁੱਡ ਫ਼ਿਲਮ 'ਲਾਈਫ ਆਫ ਪਾਈ' ਵਿਚ ਨਜ਼ਰ ਆਏਗੀ ਜਿਸ ਵਿਚ ਇਰਫਾਨ ਖਾਨ ਵੀ ਕੰਮ ਕਰ ਰਿਹਾ ਹੈ। ਬਿਨਾ ਸ਼ੱਕ ਪਿਛਲੇ ਕਾਫੀ ਸਮੇਂ ਤੋਂ ਤੱਬੂ ਦੇ ਕਿਰਦਾਰ ਵਿਚ ਇਕ ਠਹਿਰਾਅ ਰਿਹਾ ਹੋਵੇ ਪਰ ਉਹ ਆਪਣੇ ਕਰੀਅਰ ਤੇ ਪ੍ਰਾਪਤੀਆਂ ਤੋਂ ਕਾਫੀ ਖੁਸ਼ ਹੈ।ਬਤੌਰ ਅਦਾਕਾਰਾ ਉਸ ਨੂੰ ਕਮਰਸ਼ੀਅਲ ਤੇ ਆਰਟ ਦੋਹਾਂ ਫ਼ਿਲਮਾਂ ਵਿਚ ਸੰਤੁਲਨ ਕਾਇਮ ਰੱਖਣ ਦਾ ਮਾਣ ਹਾਸਲ ਹੈ।

ਉਂਜ ਤੱਬੂ ਨੂੰ ਵੀ ਬਾਲੀਵੁੱਡ ਦੀਆਂ ਮਸਾਲਾ ਫ਼ਿਲਮਾਂ ਘੱਟ ਮਿਲਣ ਦਾ ਅਫਸੋਸ ਹੈ। ਉਹ ਕਾਮੇਡੀ ਫ਼ਿਲਮਾਂ ਵੀ ਕਰਨਾ ਚਾਹੁੰਦੀ ਹੈ। ਆਪਣਾ 41ਵਾਂ ਜਨਮ ਦਿਨ ਮਨਾ ਚੁੱਕੀ ਤੱਬੂ ਦਾ ਕਹਿਣਾ ਹੈ ਕਿ ਕਦੇ ਅਦਾਕਾਰਾ ਬਣਨ ਬਾਰੇ ਨਹੀਂ ਸੋਚਿਆ ਸੀ। ਇਸ ਲਈ ਹਰ ਛੋਟੀ ਪ੍ਰਾਪਤੀ ਵੀ ਵੱਡੀ ਹੀ ਲੱਗਦੀ ਹੈ। ਇਹ ਉਸ ਲਈ ਲੰਬਾ ਸਫਰ ਰਿਹਾ ਹੈ। ਇਹ ਦੇਖਣਾ ਬੇਹੱਦ ਚੰਗਾ ਲੱਗਦੈ ਕਿ ਉਸ ਨੇ ਕੁਝ ਬਿਹਤਰ ਕੀਤਾ ਹੈ। ਹਿੰਦੀ ਦੇ ਨਾਲ-ਨਾਲ ਤੱਬੂ ਨੇ ਤੇਲਗੂ ਭਾਸ਼ਾ ਵਿਚ ਵੀ ਕਈ ਹਿੱਟ ਫ਼ਿਲਮਾਂ ਦਿੱਤੀਆਂ ਹਨ। ਉਸ ਦਾ ਕਹਿਣਾ ਹੈ ਕਿ ਬਾਲੀਵੁੱਡ ਤੇ ਤੇਲਗੂ ਫ਼ਿਲਮਾਂ ਵਿਚ ਸਮਾਂ ਚੰਗਾ ਰਿਹਾ ਹੈ ਤੇ ਇਹ ਇਕ ਦਿਲਚਸਪ ਸਫਰ ਰਿਹਾ ਹੈ। ਉਸ ਨੇ ਦੱਖਣ ਵਿਚ ਸਿਰਫ ਮਸਾਲਾ ਫ਼ਿਲਮਾਂ ਕੀਤੀਆਂ ਹਨ ਤੇ ਬਾਲੀਵੁੱਡ ਵਿਚ ਆਪਣੇ ਲਈ ਮਸਾਲਾ ਫ਼ਿਲਮਾਂ ਦੀ ਕਮੀ ਵਾਕਈ ਮਹਿਸੂਸ ਹੋ ਰਹੀ ਹੈ। ਉਸ ਨੂੰ ਬਾਲੀਵੁੱਡ ਦੇ ਗੀਤ ਤੇ ਨ੍ਰਿਤ ਵਾਲੀਆਂ ਫ਼ਿਲਮਾਂ ਪਸੰਦ ਹਨ।

# ਗੁਰੀਲਾ ਜੰਗ ਦੀ ਕਥਾ 'ਚੱਕਰਵਿਊ'

'ਆਰਕਸ਼ਣ' ਤੋਂ ਬਾਅਦ ਇਕ ਵਾਰ ਫਿਰ ਪ੍ਰਕਾਸ਼ ਝਾਅ ਨੇ ਲੋਕਾਈ ਨਾਲ ਜੁੜਿਆ ਮੁੱਦਾ ਚੁੱਕਿਆ ਹੈ। ਆਪਣੀ ਫਿਲਮ 'ਚੱਕਰਵਿਊ' ਵਿਚ ਪ੍ਰਕਾਸ਼ ਝਾਅ ਨੇ ਦੇਸ਼ ਦੇ ਦੋ-ਢਾਈ ਸੌ ਜ਼ਿਲ੍ਹਿਆਂ ਵਿਚ ਚੱਲ ਰਹੀ ਮਾਓਵਾਦੀ ਲਹਿਰ ਦੇ ਕਾਰਨਾਂ, ਮਾਓਵਾਦੀ ਗੁਰੀਲਿਆਂ ਦੀ ਯੁੱਧਨੀਤੀ ਤੇ ਆਦਿਵਾਸੀ ਲੋਕਾਂ ਦੀਆਂ ਅਣਗੌਲੇ ਕੀਤੇ ਜਾ ਰਹੇ ਜਿਉਣ ਹਾਲਾਤ ਨੂੰ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ।

ਫਿਲਮ ਦੀ ਸ਼ੁਰੂਆਤ ਗੋਬਿੰਦ ਸੂਰਿਆਵੰਸ਼ੀ ਦੀ ਗ੍ਰਿਫਤਾਰੀ ਤੋਂ ਹੁੰਦੀ ਹੈ ਜਿਸ ਦਾ ਰੋਲ ਓਮ ਪੁਰੀ ਵੱਲੋਂ ਨਿਭਾਇਆ ਗਿਆ ਹੈ। ਗੋਬਿੰਦ ਸੂਰਿਆਵੰਸ਼ੀ ਦਾ ਕਿਰਦਾਰ ਕੋਬਾੜ ਗਾਂਧੀ ਤੋਂ ਪ੍ਰਭਾਵਿਤ ਹੈ ਜਿਸ ਦੀ ਗ੍ਰਿਫਤਾਰੀ ਬਿਲਕੁਲ ਉਸੇ ਅੰਦਾਜ਼ ਵਿਚ ਹੁੰਦੀ ਹੈ ਜਿਸ ਤਰ੍ਹਾਂ ਰਾਹੁਲ ਪੰਡਿਤਾ ਨੇ ਆਪਣੀ ਕਿਤਾਬ 'ਹੈਲੋ ਬਸਤਰ' ਵਿਚ ਦਿਖਾਈ ਹੈ। ਫਿਲਮ ਬੜੀ ਤੇਜ਼ੀ ਨਾਲ ਚੱਲਦੀ ਹੈ ਤੇ ਬਹੁਤ ਸਾਰੀਆਂ ਘਟਨਾਵਾਂ ਨੂੰ ਤੋੜ ਮੋਰੜ ਕੇ ਪੇਸ਼ ਕੀਤਾ ਗਿਆ ਹੈ।

ਨੰਦੀ ਗ੍ਰਾਮ ਨੂੰ ਨੰਦੀਘਾਟ ਕਰ ਦਿੱਤਾ ਗਿਆ ਜਿੱਥੇ ਐਸ.ਪੀ. ਆਦਿਲ ਖਾਨ ਦਾ ਤਬਾਦਲਾ ਹੁੰਦਾ ਹੈ ਜਿਸ ਨੂੰ 'ਰਾਜਨ' (ਮਨੋਜ ਵਾਜਪਾਈ) ਨਾਂ ਦੇ ਮਾਓਵਾਦੀ ਕਮਾਂਡਰ ਨੂੰ ਫੜਨ



ਲਈ ਖਾਸ ਤੌਰ 'ਤੇ ਲਿਆਂਦਾ ਜਾਂਦਾ ਹੈ। ਐਸ.ਪੀ. ਖਾਨ ਆਦਿਵਾਸੀਆਂ ਦੇ ਜ਼ਖਮਾਂ 'ਤੇ ਮਰਹਮ ਲਾਉਣ ਦੀ ਕੋਸ਼ਿਸ਼ ਕਰਦਾ ਹੈ। ਲੋਕਾਂ ਨੂੰ ਸਰਕਾਰ ਦੀਆਂ ਸਫਾਈਆਂ ਦਿੰਦਾ ਹੈ ਪਰ ਦੂਜੇ ਪਾਸੇ ਮਾਓਵਾਦੀ ਕਮਾਂਡਰ 'ਰਾਜਨ' ਆਪਣੀਆਂ ਦਲੀਲਾਂ ਦੇ ਕੇ ਸਰਕਾਰ ਦੇ ਚਿਹਰੇ ਨੂੰ ਨੰਗਾ ਕਰਨ ਦੀ ਕੋਸ਼ਿਸ਼ ਵਿਚ ਲੱਗਾ ਰਹਿੰਦਾ ਹੈ।

ਸਰਕਾਰ ਜਿਸ ਤਰ੍ਹਾਂ ਆਦਿਵਾਸੀਆਂ ਦਾ ਉਜਾੜਾ ਕਰ ਰਹੀ ਹੈ ਤੇ ਜੰਗਲ-ਜ਼ਮੀਨ ਵਿਦੇਸ਼ੀ ਕੰਪਨੀਆਂ ਨੂੰ ਦੇ ਰਹੀ ਹੈ, ਇਹ ਸਭ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਨੇਤਾਵਾਂ ਵੱਲੋਂ ਆਦਿਵਾਸੀਆਂ ਦੀ ਪ੍ਰਵਾਹ ਕਰੇ ਬਿਨ੍ਹਾ 'ਮਹਾਨਤਾ' (ਵੇਦਾਂਤਾ) ਵਰਗੀਆਂ ਕੰਪਨੀਆਂ ਦੇ ਹਿੱਤਾਂ ਨੂੰ ਪੂਰਿਆ ਜਾਂਦਾ ਹੈ। ਰਣਬੀਰ ਸੈਨਾ ਵਰਗੇ ਸੰਗਠਨਾਂ ਨੂੰ ਕਿਸ ਤਰ੍ਹਾਂ ਜ਼ਮੀਨਾਂ ਖਾਲੀ ਕਰਾਉਣ ਲਈ ਵਰਤਿਆ ਜਾਂਦਾ ਹੈ, ਇਹ ਸਭ ਵੀ ਦਿਖਾਇਆ ਗਿਆ ਹੈ ਪਰ ਬਹੁਤ ਛੋਟੇ ਰੂਪ ਵਿਚ ਦਿਖਾਈਆਂ ਗਈਆਂ ਬਹੁਤ ਸਾਰੀਆਂ ਚੀਜ਼ਾਂ ਸਥਾਪਤ ਨਹੀਂ ਹੋ ਪਾਉਂਦੀਆਂ। ਲੋਕਾਂ ਦੇ ਦਰਦ ਨੂੰ ਘੱਟ ਬਿਆਨ ਕੀਤਾ ਗਿਆ ਹੈ। ਐਸ ਪੀ ਆਦਿਲ ਦਾ ਦੋਸਤ ਕਬੀਰ (ਅਭੈ ਦਿਉਲ) ਬੜੀ ਅਸਾਨੀ ਨਾਲ ਮਾਓਵਾਦੀਆਂ ਦੇ ਦਲ ਵਿਚ ਸ਼ਾਮਲ ਹੋ ਜਾਂਦਾ ਹੈ।

ਭਾਂਵੇ ਕਿ ਕਬੀਰ (ਅਭੈ ਦਿਓਲ) ਰਾਜਨ (ਮਨੋਜ ਵਾਜਪਾਈ) ਨੂੰ ਗ੍ਰਿਫਤਾਰ ਕਰਵਾਉਣ ਲਈ ਪੁਲਿਸ ਦਾ ਮੁਖਬਰ ਬਣ ਕੇ ਜਾਂਦਾ ਹੈ ਜਿਸ ਕਾਰਨ ਮਾਓਵਾਦੀਆਂ ਦਾ ਕਾਫੀ ਨੁਕਸਾਨ ਵੀ ਹੁੰਦਾ ਹੈ ਪਰ ਆਖਰ ਵਿਚ ਉਹ ਨਕਸਲਵਾਦੀਆਂ ਦੀ ਲੋਕ ਲਹਿਰ ਦਾ ਸਿਪਾਹੀ ਬਣ ਜਾਂਦਾ ਹੈ ਤੇ ਲਾਲ ਰੰਗ ਵਿਚ ਰੰਗ ਜਾਂਦਾ ਹੈ। ਉਹ ਨੇੜੇ ਤੋਂ ਉਨ੍ਹਾਂ ਦੀ ਲਹਿਰ ਨੂੰ ਦੇਖਦਾ ਹੈ, ਆਦਿਵਾਸੀਆਂ ਦੀਆਂ ਦੁੱਖ ਤਕਲੀਫਾਂ ਨੂੰ ਸਮਝਦਾ ਹੈ ਤਾਂ ਉਸ ਨੂੰ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਉਹ ਸੰਪੂਰਨ ਗੁਰੀਲਾ ਬਣ ਜਾਂਦਾ ਹੈ।

ਫਿਲਮ ਵਿਚ ਮਾਓਵਾਦੀ ਗੁਰੀਲਾ ਜੂਹੀ (ਅੰਜਲੀ ਪਾਟਿਲ) ਦਾ ਰੋਲ ਬੜਾ ਸ਼ਾਨਦਾਰ ਤੇ ਜੋਸ਼ੀਲਾ ਹੈ। 'ਜੂਹੀ' ਲਹਿਰ ਦੀ ਉਹ ਸਿਪਾਹੀ ਹੈ ਜੋ ਉਨ੍ਹਾਂ ਆਦਿਵਾਸੀ ਔਰਤਾਂ ਦੀ ਪ੍ਰਤੀਨਿਧਤਾ ਕਰਦੀ ਹੈ ਜੋ ਪੁਲਿਸ ਤੇ ਫੌਜ ਦੀਆਂ ਸਤਾਈਆਂ ਹੋਈਆਂ ਹਨ। ਆਜ਼ਾਦ ਭਾਰਤ ਵਿਚ ਗੁਲਾਮੀ ਦੀ ਜ਼ਿੰਦਗੀ ਜੀਅ ਰਹੀਆਂ ਹਨ। ਉਹ ਸਿਸਟਮ ਦੇ ਅੱਤਿਆਚਾਰ ਦਾ ਸ਼ਿਕਾਰ ਤਾਂ ਹੁੰਦੀ ਹੈ ਪਰ ਗੋਡੇ ਨਹੀਂ ਟੇਕਦੀ ਤੇ ਵਿਦਰੋਹ ਕਰਦੀ ਹੋਈ ਲਹਿਰ ਵਿਚ ਕੁੱਦ ਜਾਂਦੀ ਹੈ।

ਉਸ ਦੀ ਲੀਡਰਸ਼ਿਪ ਇਹ ਵੀ ਦਰਸਾਉਂਦੀ ਹੈ ਕਿ ਕੁੜੀਆਂ ਦੀ ਅਗਵਾਈ ਵਿਚ ਵੀ ਇਨਕਲਾਬ ਦੀ ਲੜਾਈ ਲੜੀ ਜਾ ਸਕਦੀ ਹੈ। ਪੁਲਿਸ ਦੀ ਐਨਕਾਊਂਟਰ ਕਰਨ ਦੀ ਚਾਹਤ ਤੇ ਤਸ਼ੱਦਦ ਨੂੰ ਬਾਖੂਬੀ ਪੇਸ਼ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਸਿਰਫ ਤਮਗਿਆਂ ਲਈ ਬੇਕਸੂਰ ਲੋਕਾਂ ਦਾ ਹੀ ਨਹੀਂ ਸਗੋਂ ਪੁਲਿਸ ਦਾ ਵੀ ਕਤਲੇਆਮ ਕਰਵਾ ਦਿੱਤਾ ਜਾਂਦਾ ਹੈ। ਭਾਂਵੇਂ ਕਿ ਫਿਲਮ ਮਾਓਵਾਦੀਆਂ ਦੀ ਲੜਾਈ ਦੇ ਹੱਕ ਵਿਚ ਹੀ ਭੁਗਤਦੀ ਹੈ ਪਰ ਇਹ ਸਵਾਲ ਵੀ ਉਠਾਉਂਦੀ ਹੈ ਕਿ ਜੋ ਲੋਕ ਸਿਰਫ 20 ਤੱਕ ਗਿਣਤੀ ਜਾਣਦੇ ਨੇ, 21 ਕੀ ਹੁੰਦਾ ਹੈ ਉਨ੍ਹਾਂ ਨੂੰ ਪਤਾ ਨਹੀਂ ਤਾਂ ਫਿਰ ਉਹ ਲੋਕ ਕਿਵੇਂ ਇਨਕਲਾਬ ਕਰ ਸਕਦੇ ਨੇ, ਕਿਵੇਂ ਸੱਤਾ ਪ੍ਰਵਿਰਤਨ ਕਰਨਗੇ?

**-ਅਵਤਾਰ ਸਿੰਘ**

# United Sports Club of California

33272 Palomino Common, Fremont, CA, USA 94555, Ph: 510-468-9381
Website: http://usportsca.org/

ਨਸ਼ੇ ਛਡੋ। **ਨਸ਼ਾ ਵਿਰੋਧੀ ਅਪੀਲ** ਕੋਹੜ ਵਢੋ।

ਉਠੋ ਬੱਬਰ ਸ਼ੇਰ ਪੰਜਾਬੀਓ, ਮਾਂ ਧਰਤੀ ਰਹੀ ਪੁਕਾਰ। ਬੰਨ ਬੰਨੋ ਹੁਣ ਜੋਰ ਦੀ, ਦਰਿਆ ਛੇਵਾਂ ਚੜ੍ਹਿਆ ਠਾਠਾਂ ਮਾਰ।
ਜੇ ਹੜ੍ਹ ਗਈ ਫਸਲ ਪੰਜਾਬ ਦੀ, ਤਾਹਨੇ ਮਾਰੂ ਮੁਹੰਮਦਾਂ ਦਾ ਕਿਰਦਾਰ। ਨਾ ਜਾਗੇ ਮਾਣ ਪੰਜਾਬ ਦੇ, ਤੇ ਰਹੀ ਸੁੱਤੀ ਸਰਕਾਰ।






ਗੈਰ ਕਾਨੂੰਨੀ ਵਿੱਕ ਰਹੇ ਨਸ਼ਿਆਂ ਕਾਰਨ 73% ਤੋਂ ਵੱਧ ਨਸ਼ਿਆਂ ਦੇ ਆਦੀ ਅਤੇ 25% ਤੋਂ ਵਧ ਨਿਪੁੰਸਕ -Dr. Harshinder Kaur
ਵਿਦੇਸ਼ੀ ਧਰਤੀ ਉਤੇ ਧੜਾ ਧੜ ਫਿਰ ਰਹੇ ਬਾਬਿਆਂ ਅਤੇ ਲੀਡਰਾ ਨੂੰ ਪੰਜਾਬ ਵਿਚ ਰਹਿ ਕੇ ਸਮਾਜਿਕ ਬੁਰਾਈਆਂ ਖਿਲਾਫ ਕੰਮ ਕਰਨ ਦੀ ਅਪੀਲ।
ਨਸ਼ਾ ਵਿਰੋਧੀ ਮੁਹਿੰਮ ਵਿਚ ਸ਼ਾਮਲ ਹੋਣ ਲਈ **Every Sunday 8:15pm-10:00pm CA Time (832-551-5038)**

ਅਮੋਲਕ ਸਿੰਘ ਗਾਖ਼ਲ (ਚੇਅਰਮੈਨ) ਬਲਵੀਰ ਸਿੰਘ ਭਾਟੀਆ (ਪ੍ਰਧਾਨ) ਗੁਰਦਾਵਰ ਸਿੰਘ ਮਹੇੜੂ ਜੁਗਰਾਜ ਸਿੰਘ ਸਹੋਤਾ

831-247-4637 510-677-6248 2gsmann@gmail.com 510-673-0825

Makhan S. Bains, Narinder S. Sahota, Palwinder S. Gakhal, Kuldip S. Mann
Iqbal S. Gakhal, Parmjit S. Sandhu, Dalvinder S. Padda, Sadhu S. Khalour

Radio Chardi Kala
Listen Live 24/7
www.radiock.com
Dial To Listen
832-551-5038

**www.punjabtimesusa.com**


**Promotes Healthy Enviornment**

ਮਾਂ-ਬਾਪ, ਸਮਾਜ ਸੇਵੀ ਸੰਸਥਾਵਾਂ, ਪ੍ਰਸ਼ਾਸਨ, ਖੇਡ ਪ੍ਰੋਮੋਟਰਾਂ ਅਤੇ ਰਾਜਨੀਤੀਵਾਨਾਂ ਨੂੰ ਨਸ਼ਿਆਂ ਖਿਲਾਫ ਡਟਣ ਦਾ ਹੋਕਾ

Ad sponsored by: Amolak Singh Gakhal, Iqbal Singh Gakhal, Palwinder Singh Gakhal (A&I Trucking Inc.)



WRONGFUL DEATH | AUTO | PEDESTRIAN | BICYCLE | DOG BITES | TRUCK ACCIDENTS




LAW OFFICES OF **MARK COHEN**

ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ

***"I take your accident personally"***

**Free initial consultation. No fee if no recovery.**

ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ

Please visit our web site for more information
**www. markcohenlaw.com** or call us at **510.792.4008**

ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"


YOUR SHOWS
ਤੁਹਾਡੀ ਇੱਛਾ ਅਨੁਸਾਰ
WATCH AMERICAN AND PUNJABI CHANNELS LIKE NEVER BEFORE WITH HOPPER
CATCH KINNA SOHNA TAINU RABB NE BANAYA ON GET PUNJABI WHILE RECORDING GURUMA ON JUS ONE AND PIERS MORGAN TONIGHT ON CNN. ALL AT THE SAME TIME.
SIGN UP TODAY AND RECEIVE
$75 AMERICAN EXPRESS REWARD CARD!
USE CODE: 02INTLDM1
HOME OF SOUTH ASIAN ENTERTAINMENT
PACKAGES STARTING FROM $24.99/MO
jus punjabi
PTC PUNJABI
JUS one
GET ਪੰਜਾਬੀ
gPunjab
MH ONE
CHANNEL SELECTION WILL VARY BY PACKAGE
+
GET Hopper
FREE
WHEN YOU SIGN UP FOR AMERICA'S TOP 120 OR HIGHER
Monthly DVR fee and receiver fees apply
AMERICA'S TOP 120
SIGN UP TODAY AND GET A $20 MONTHLY DISCOUNT, YOU PAY ONLY $24.99/MO. FOR 12 MONTHS
ENJOY TOP 120 CHANNELS, LIKE:
nick CNN food
REQUIRES 24 MONTH AGREEMENT
PICK EITHER PACKAGE OR BOTH!
1.888.242.2276
DISHPUNJABITV.COM
FACEBOOK.COM/DISHPUNJABITV
dish

ਹਿੰਦ ਵਾਸੀਓ ਰਖਣਾ ਯਾਦ ਸਾਨੂੰ, ਕਿਤੇ ਦਿਲਾਂ 'ਚੋ ਨਾ ਭੁਲਾ ਦੇਣਾ।
ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ, ਸਾਨੂੰ ਦੇਖ ਨਾ ਕਿਤੇ ਘਬਰਾ ਜਾਣਾ।

# ਗਦਰ ਪਾਰਟੀ ਦੇ ਮਹਾਨ ਸ਼ਹੀਦ ਸਰਦਾਰ ਕਰਤਾਰ ਸਿੰਘ ਸਰਾਭੇ ਦਾ ਸ਼ਹੀਦੀ ਦਿਨ

## 17 ਨਵੰਬਰ 2012, ਸਨਿਚਰਵਾਰ

***ਸਮਾਂ: ਦੁਪਹਿਰ 12:00 ਤੋਂ 3:00 ਵਜੇ ਤੱਕ***

## ਯੁਗਾਂਤਰ ਆਸ਼ਰਮ, ਸੈਨ ਫਰਾਂਸਿਸਕੋ

**(5 Wood Street, San Francisco, CA 94118 )**

ਭਾਰਤੀ ਆਜ਼ਾਦੀ ਦੇ ਮਹਾਨ ਪਰਵਾਨੇ ਸ਼ਹੀਦ ਕਰਤਾਰ ਸਿੰਘ ਸਰਾਭੇ ਦਾ ਸ਼ਹੀਦੀ ਦਿਹਾੜਾ 17 ਨਵੰਬਰ 2012 ਨੂੰ ਸਮੂਹ ਦੇਸ਼ ਪ੍ਰੇਮੀਆਂ ਦੇ ਸਹਿਯੋਗ ਨਾਲ ਯੁਗਾਂਤਰ ਆਸ਼ਰਮ, ਸੈਨ ਫਰਾਂਸਿਸਕੋ ਵਿਖੇ ਮਨਾਇਆ ਜਾ ਰਿਹਾ ਹੈ। ਆਪ ਸਮੂਹ ਦੇਸ਼ ਭਗਤਾਂ ਨੂੰ ਇਸ ਸਮਾਗਮ ਵਿਚ ਸ਼ਾਮਲ ਹੋ ਕੇ ਉਸ ਮਹਾਨ ਸ਼ਹੀਦ ਅਤੇ ਆਜ਼ਾਦੀ ਦੇ ਹੋਰ ਪਰਵਾਨਿਆਂ ਨੂੰ ਸ਼ਰਧਾ ਦੇ ਭੁੱਲ ਭੇਟ ਕਰਨ ਦਾ ਖੁੱਲ੍ਹਾ ਸੱਦਾ ਹੈ ਜੀ।



ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ
ਵਤਨ ਪੇ ਮਰ ਮਿਟਨੇ ਵਾਲੋਂ ਕਾ ਬਾਕੀ ਯਹੀ ਨਿਸ਼ਾਂ ਹੋਗਾ।

### ਪ੍ਰੋਗਰਾਮ

11:00: ਸਮੂਹ ਸੱਜਣਾਂ ਲਈ ਚਾਹ ਪਾਣੀ ਅਤੇ ਲੰਚ ਦਾ ਪ੍ਰਬੰਧ ਹੋਵੇਗਾ।
12:00: ਸ਼ਹੀਦ ਭਗਤ ਸਿੰਘ ਦੀ ਭਤੀਜੀ ਕਮਲਜੀਤ ਕੌਰ ਸ਼ਮਾ ਰੌਸ਼ਨ ਕਰਨਗੇ।
12:05: ਭਾਰਤੀ ਕੌਂਸਲ ਜਨਰਲ ਐਨ ਪਾਰਥਾਸਾਰਥੀ ਉਦਘਾਟਨੀ ਭਾਸ਼ਨ ਦੇਣਗੇ
12:10: ਕਵੀ ਦਰਬਾਰ-ਕਵੀ ਆਪਣੀਆਂ ਕਵਿਤਾਵਾਂ ਰਾਹੀਂ ਗਦਰੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨਗੇ। ਗੀਤਕਾਰ ਅਤੇ ਕਵੀਸ਼ਰ ਆਪਣਾ ਪ੍ਰੋਗਰਾਮ ਦੇਣਗੇ।
1:00: ਵੱਖ ਵੱਖ ਜਥੇਬੰਦੀਆਂ ਦੇ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ।
2:45: ਸਮਾਪਤੀ ਭਾਸ਼ਨ।

### ਸ਼ਾਮਲ ਜਥੇਬੰਦੀਆਂ

ਚਰਨ ਸਿੰਘ, ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ
ਸੁਰਿੰਦਰ ਸਿੰਘ ਬਦੇਸ਼ਾ (ਮੰਢਾਲੀ), ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ।
ਪੰਕਜ ਆਂਸਲ, ਇੰਡੋ ਅਮੈਰਿਕਨ ਦੇਸ਼ ਭਗਤ ਫਾਊਂਡੇਸ਼ਨ, ਬੇ-ਏਰੀਆ।
ਅਵਤਾਰ ਸਿੰਘ, ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ, ਬੇ-ਏਰੀਆ।
ਅਮਰੀਕ ਸਿੰਘ ਖੁੰਡਾਲੀਆ, ਇੰਡੀਅਨ ਐਜੂਕੇਸ਼ਨ ਐਂਡ ਰਿਲੀਫ ਫੰਡ।
ਮੱਖਣ ਸਿੰਘ ਬਾਸੀ, ਇੰਡੀਅਨ ਐਜੂਕੇਸ਼ਨ ਐਂਡ ਕਲਚਰਲ ਆਰਗੇਨਾਈਜੇਸ਼ਨ
ਲ਼ਲਿਤ ਮਾਥਰ, ਰਾਜਸਥਾਨ ਐਸੋਸੀਏਸ਼ਨ ਆਫ ਨਾਰਥ ਅਮਰੀਕਾ
ਨੀਰਜ ਬਖਸ਼ੀ, ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਅਮੈਰਿਕਨ ਐਸੋਸੀਏਸ਼ਨ
ਐਰੀਕਾ ਬੈਂਸ, ਪੰਜਾਬ ਕਲਚਰਲ ਐਸੋਸੀਏਸ਼ਨ, ਸਿੱਖ ਵਿਮਨ ਫਾਰ ਵਰਲਡ ਪੀਸ
ਅਮਰੀਕ ਸਿੰਘ, ਪੰਜਾਬ ਕਲਚਰਲ ਸੁਸਾਈਟੀ ਆਫ ਸੈਕਰਾਮੈਂਟੋ
ਦਲਵਿੰਦਰ ਸਿੰਘ ਧੂਤ, ਨਾਰਥ ਅਮੈਰਿਕਨ ਪੰਜਾਬੀ ਐਸੋਸੀਏਸ਼ਨ

*ਲੰਗਰ-ਪਾਣੀ: ਸਤਨਾਮ ਸਿੰਘ ਬੱਲ (ਸੈਨ ਫਰਾਂਸਿਸਕੋ) 510-677-2300*

## ਹੋਰ ਜਾਣਕਾਰੀ ਲਈ ਸੰਪਰਕ ਕਰੋ

ਸੈਕਰਾਮੈਂਟੋ ਏਰੀਆ: ਚਰਨ ਸਿੰਘ ਜੱਜ (916) 256-5367
ਬੇ-ਏਰੀਆ: ਲਬੀਰ ਸਿੰਘ ਜੌਹਲ (408) 592-4044
ਯੂਬਾ ਸਿਟੀ: ਮੱਖਣ ਸਿੰਘ (530) 415-1680
ਵਾਲੇਹੋ ਏਰੀਆ: ਦਿਲਬਾਗ ਸਿੰਘ (707) 712-2064
ਫਰਿਜ਼ਨੋ ਏਰੀਆ: ਸੁਰਿੰਦਰ ਸਿੰਘ ਬਦੇਸ਼ਾ (ਮੰਢਾਲੀ) (559) 473-9269
ਬੇਏਰੀਆ: ਅਵਤਾਰ ਸਿੰਘ ਤਾਰੀ 510-750-5152